ੴ

ਵਾਰ ਸ੍ਰੀ ਭਗਉਤੀ ਜੀ ਕੀ

(ਚੰਡੀ ਦੀ ਵਾਰ)

— ਟੀਕਾ ਕਾਰ —

ਡਾ: ਕਾਲਾ ਸਿੰਘ ਬੇਦੀ ਐਮ. ਏ., ਪੀ ਐਚ. ਡੀ.
ਰੀਟਾਇਰਡ ਪ੍ਰੋਫੈਸਰ, ਦਿੱਲੀ ਯੂਨੀਵਰਸਿਟੀ

—ਪ੍ਰਕਾਸ਼ਕ —

ਪੰਜਾਬੀ ਬੁਕ ਸਟੋਰ

1194, ਮੇਨ ਬਾਜ਼ਾਰ ਪਹਾੜ ਗੰਜ,
ਨਵੀਂ ਦਿੱਲੀ-55.

Namdhari Elibrary NamdhariElibrary@gmail.com

Namdhari Elibrary NamdhariElibrary@gmail.com

ੴ

ਵਾਰ ਸ੍ਰੀ ਭਗਉਤੀ ਜੀ ਕੀ

(ਚੰਡੀ ਦੀ ਵਾਰ)

— ਟੀਕਾ ਕਾਰ —

ਡਾ: ਕਾਲਾ ਸਿੰਘ ਬੇਦੀ ਐਮ. ਏ., ਪੀ. ਐਚ. ਡੀ.

ਰੀਟਾਇਰਡ ਪ੍ਰੋਫੈਸਰ, ਦਿੱਲੀ ਯੂਨੀਵਰਸਿਟੀ

—ਪ੍ਰਕਾਸ਼ਕ —

ਪੰਜਾਬੀ ਬੁਕ ਸਟੋਰ

1194, ਮੇਨ ਬਾਜ਼ਾਰ ਪਹਾੜ ਗੰਜ,

ਨਵੀਂ ਦਿੱਲੀ-55.

Namdhari Elibrary NamdhariElibrary@gmail.com

ਸਭ ਹੱਕ ਰਾਖਵੇਂ ਹਨ

ਪ੍ਰਕਾਸ਼ਕ :

ਪੰਜਾਬੀ ਬੁਕ ਸਟੋਰ

ਮੇਨ ਬਾਜ਼ਾਰ, ਪਹਾੜ ਗੰਜ

ਨਵੀਂ ਦਿੱਲੀ-55

ਕੀਮਤ :

ਜਿਲਦ ਸਾਦੀ 8 ਰੁਪਏ 50 ਪੈ.

,, ਵਧੀਆ 11 ਰੁਪਏ 00 ਪੈ.

ਲੇਖਕ :

ਡਾ: ਕਾਲਾ ਸਿੰਘ ਬੇਦੀ

1063, ਮੇਨ ਬਾਜ਼ਾਰ ਪਹਾੜ ਗੰਜ,

ਨਵੀਂ ਦਿੱਲੀ-110055

ਪ੍ਰਿੰਟਰ :

ਸੁੰਦਰ ਪ੍ਰਿੰਟਰਜ਼

ਪਹਾੜ ਗੰਜ ਨਵੀਂ ਦਿੱਲੀ-55

Namdhari Elibrary NamdhariElibrary@gmail.com

ਭੂਮਿਕਾ

ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀਆਂ ਪਰਿਸਥਿਤੀਆਂ ਨੂੰ ਐਕਸ-ਰੇ ਨਜ਼ਰਾਂ ਨਾਲ ਜਾਚਿਆ ਤੇ ਵੇਖਿਆ ਕਿ ਜ਼ੋਰ-ਜ਼ੁਲਮ ਆਪਣੀਆਂ ਸਿਖਰਾਂ ਉੱਪਰ ਪੁੱਜ ਗਿਆ ਸੀ। ਧਰਮ ਦੀ ਸਥਿਤੀ ਬਹੁਤ ਹੀ ਗੁੰਝਲਦਾਰ ਹੋ ਗਈ ਸੀ; ਪ੍ਰਮਾਤਮਾ ਦਾ ਸਰੂਪ ਅਨਿਸ਼ਚਿਤ ਜਿਹਾ ਬਣਾ ਦਿਤਾ ਗਿਆ ਸੀ। ਹਿੰਦੂ ਧਰਮ ਬਹੁਤ ਹੀ ਮਹਿੰਗਾ ਹੁੰਦਾ ਜਾ ਰਿਹਾ ਸੀ। ਸਦੀਆਂ ਦੀ ਗ਼ੁਲਾਮੀ ਕਾਰਨ ਜ਼ਾਤ-ਪਾਤ ਦਾ ਮਸਲਾ ਜਟਿੱਲ ਹੋ ਗਿਆ ਸੀ। ਸ਼ਖਸੀ ਹਕੂਮਤ ਨੇ ਸਖਤੀਆਂ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਹਿੰਦੂ-ਧਰਮ ਦੀ ਕਿਸ਼ਤੀ ਬਿਲਕੁਲ ਡਾਂਵਾ-ਡੋਲ ਤੇ ਡਗਮਗਾ ਰਹੀ ਸੀ। ਅਗਿਆਨ ਤੇ ਅਤਿਆਚਾਰ ਦੀਆਂ ਅਨ੍ਹੇਰੀਆਂ ਚੜ੍ਹ ਆਈਆਂ ਸਨ। ਜਹਾਲਤ ਦੀ ਅਨ੍ਹੇਰੀ ਰਾਤ ਛਾਈ ਹੋਈ ਸੀ। ਕਿਸ਼ਤੀ ਦੇ ਮਲਾਹ ਅਣਖ ਗੁਆ ਚੁਕੇ ਸਨ ਤੇ ਗ਼ਫਲਤ ਦੀ ਨੀਂਦ ਵਿਚ ਸੁੱਤੇ ਹੋਏ ਸਨ। ਗੁਰੂ ਜੀ ਨੇ ਦੂਰ-ਅੰਦੇਸ਼ੀ ਅਤੇ ਲੋਕ ਕਲਿਆਣ ਖਾਤਰ ਕੌਮ ਦੀ ਅਗਵਾਈ ਲਈ ਆਪਣੇ ਸਮੇਂ ਦੀ ਅਗਵਾਈ ਕੀਤੀ। ਰੂਹਾਨੀ ਸਿਧਾਂਤ ਕਾਇਮ ਕੀਤੇ। ਪ੍ਰਮਾਤਮਾ ਦਾ ਸਰੂਪ, ਆਪਣੇ ਅਨੁਭਵ ਦੇ ਆਧਾਰ ਉੱਪਰ ਨਿਸਚਿਤ ਕੀਤਾ। ਜ਼ਾਤ-ਪਾਤ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਚੂਰ ਚੂਰ ਕੀਤਾ, ਲੋਕ ਦਿਲਾਂ ਨੂੰ ਪਿਆਰ-ਜਜ਼ਬੇ ਰਾਹੀਂ ਨੂਰੋ ਨੂਰ ਕੀਤਾ। ਇਸਤ੍ਰੀ ਜ਼ਾਤੀ ਦੇ ਗੁਆਚੇ ਹਕਾਂ ਨੂੰ ਮੁੜ ਵਾਪਸ ਦਿਲਵਾਉਣ ਲਈ ਆਵਾਜ਼ ਬੁਲੰਦ ਕੀਤੀ। ਪ੍ਰਮਾਤਮਾ ਨੂੰ ਇਕ **ਮੂਲ ਸ਼ਕਤੀ** ਦੇ ਰੂਪ ਵਿਚ ਮੰਨਿਆ, ਜੋ ਅਲਖ, ਅਗੋਚਰ, ਅਰੂਪ, ਅਨਾਮੀ ਤੇ ਨਿਰੰਜਨ ਹੈ, ਰੂਪ, ਰੰਗ ਤੇ ਰੇਖ ਦੀਆਂ ਸੀਮਾਵਾਂ ਤੋਂ ਪਰੇ ਹੈ। ਜਗਤ ਦੀ ਵਿਗੜੀ ਹੋਈ ਦਸ਼ਾ ਨੂੰ ਦੇਖ ਕੇ ਸਤਿਗੁਰੂ ਨੇ ਇਸ ਵੱਡੇ ਕੰਮ ਨੂੰ ਇਕ ਜਾਮੇ ਵਿਚ ਪੂਰਾ ਨਾ ਹੁੰਦਿਆ ਦੇਖ ਕੇ **ਗੁਰੂ ਪਰੰਪਰਾ** ਦੀ ਲੀਹ ਤੋਰੀ। ਆਪ ਜੀ ਪਿਛੋਂ ਨੌ ਗੁਰੂ ਹੋਏ। ਹਰੇਕ ਗੁਰੂ ਨੇ ਆਪਣੇ ਪ੍ਰਚਾਰ ਤੇ ਸੁਧਾਰ ਦੀ ਨੀਂਹ ਗੁਰੂ ਜੀ ਦੇ ਰੂਹਾਨੀ ਸਿਧਾਂਤਾਂ ਉੱਪਰ ਰਖੀ, ਕੇਵਲ ਉਹਨਾਂ ਸਿਧਾਂਤਾਂ ਦੀ ਵਿਆਖਿਆ ਹੀ ਕੀਤੀ, ਆਂਤ੍ਰਕ ਸਿਧਾਂਤਾਂ ਵਿਚ ਵਾਲ ਬਰਾਬਰ ਵੀ ਫਰਕ ਨਹੀਂ ਆਇਆ। ਹਾਂ

Namdhari Elibrary NamdhariElibrary@gmail.com

ਸਿਖ ਧਰਮ ਦੇ ਬਾਹਰੀ ਪੱਖਾਂ ਵਿਚ ਦੂਜੇ ਗੁਰੂ ਸਾਹਿਬਾਨ ਨੇ ਜ਼ਰੂਰ ਤਬਦੀਲੀ ਲਿਆਂਦੀ, ਤਾਂਕਿ ਇਹ ਜਗਤ-ਧਰਮ ਸੰਸਾਰ ਵਿਚ ਵਧਦੀ ਸਭਿਤਾ ਦੇ ਨਾਲ ਚਲ ਸਕੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ **ਸ਼ਹਾਦਤ** ਦੇ ਕੇ ਜ਼ੁਲਮ ਨਾਲ ਟੱਕਰ ਲੈਣ ਦੀ ਜ਼ਬਰਦਸਤ ਪ੍ਰੇਰਣਾ ਦਿੱਤੀ। ਫਲ ਸਰੂਪ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ **ਮੀਰੀ** ਤੇ **ਪੀਰੀ** ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹੀਦੀ ਪ੍ਰਾਪਤ ਕਰਕੇ ਜਨਤਾ ਵਿਚ ਸਚ ਦੀ ਤਰਫੋਂ ਲੜਨ ਤੇ ਡਟ ਕੇ ਮੁਕਾਬਲਾ ਕਰਨ ਦਾ ਉਤਸਾਹ ਬਖਸ਼ਿਆ ਤੇ ਸੁਤੀ ਹੋਈ ਕੌਮ ਦੀ ਅਣਖ ਨੂੰ ਜਗਾ ਦਿਤਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਏ ਪੂਰਨਿਆਂ ਅਤੇ ਰੂਹਾਨੀ ਸਿਧਾਂਤਾਂ ਦਾ ਪੂਰਾ ਪੂਰਾ ਅਨੁਸਰਣ ਕੀਤਾ, ਅਤੇ ਆਪ ਜੀ ਦਾ ਦ੍ਰਿੜ ਵਿਸ਼ਵਾਸ ਪ੍ਰਮਾਤਮਾ ਦੀ ਏਕਤਾ ਵਿਚ ਸੀ। ਉਹਨਾਂ ਨੇ ਇਕ ਬੰਨੇ ਤੇ ਸਿਖ-ਧਰਮ ਦੇ ਬਾਹਰੀ ਪੱਖ ਦਾ ਡੂੰਘਾ ਅਧਿਐਨ ਕੀਤਾ। ਇਕ ਸਾਲ ਪੂਰਾ ਸੋਚਾਂ ਸੋਚਦੇ ਰਹੇ ਕਿ ਜਗਤ-ਧਰਮ (ਸਿਖ-ਮਤ) ਕਿਵੇਂ ਜ਼ੁਲਮ ਦਾ ਟਾਕਰਾ ਕਰ ਸਕਦਾ ਹੈ ?

ਇਸ ਦੇ ਬਾਹਰੀ ਪੱਖ ਵਿਚ ਕਿਸ ਤਬਦੀਲੀ ਦੀ ਜ਼ਰੂਰਤ ਹੈ ? ਇਹ ਸਭ ਕੁਝ ਸੋਚਣ ਵਿਚ ਗੁਰੂ ਜੀ ਨੂੰ ਇਕ ਸਾਲ ਲਗ ਗਿਆ। ਇਤਿਹਾਸਕਾਰ ਦੱਸਦੇ ਹਨ ਕਿ ਇਨ੍ਹਾਂ ਦਿਨਾਂ ਵਿਚ ਗੁਰੂ ਜੀ ਇਸ ਸੋਚ ਵਿਚ ਇਸ ਕਦਰ ਲੀਨ ਸਨ ਕਿ ਆਪਾ ਵੀ ਭੁਲ ਗਏ ਸਨ। ਇਸ ਹਾਲਤ ਨੂੰ ਦੇਖ ਕੇ ਸਿਖ ਤੇ ਹੋਰ ਸ਼ਰਧਾਲੂ ਹੈਰਾਨ ਸਨ ਕਿ ਗੁਰੂ ਜੀ ਨੇ ਇਹ ਕੀ ਹਾਲਤ ਬਣਾ ਲਈ ਹੈ ? ਸਾਹਿਬ ਕਲਗੀਧਰ ਆਪਣੇ ਕੰਮ ਵਿਚ ਸਲਗਨ ਰਹੇ ਤੇ ਅੰਤ ਇਕ ਬਹੁਤ ਹੀ ਵੱਡੇ ਨਿਸ਼ਕਰਸ਼ ਤੇ ਪੁਜੇ। ਸੰਨ ੧੬੯੯ ਈ: ਵਿਸਾਖੀ ਦੇ ਦਿਹਾੜੇ ਗੁਰੂ ਜੀ ਨੇ ਆਪਣੀ ਸੋਚ ਨੂੰ ਅਮਲੀ ਜਾਮਾ ਪਹਿਨ ਦਿਆ। ਉਸ ਦਿਨ ਆਪ ਜੀ ਨੇ ਅੰਮ੍ਰਿਤ ਸੰਚਣ ਦਾ ਨਿਰਾਲਾ, ਅਨੂਠਾ, ਬੇਮਿਸਾਲ, ਬੇਨਜ਼ੀਰ ਤੇ ਬੇਅਦੀਲ ਢੰਗ ਦਾ ਨਿਰਮਾਣ ਕੀਤਾ। **ਖ਼ਾਲਸਾ ਪੰਥ ਸਾਜਿਆ**। ਸੰਸਾਰ ਭਰ ਦੀ ਉੱਚੀ ਸੁੱਚੀ ਜਨ-ਤੰਤਰਤਾ ਦੀ ਭਾਵਨਾ ਦੀ ਨੀਂਹ ਰਖੀ। ਗੁਰੂ ਜੀ ਨੇ ਸਿਖਾਂ ਨੂੰ ਅੰਮ੍ਰਿਤ ਛਕਾਇਆ **ਪੰਜ ਪਿਆਰਿਆਂ** ਦਾ ਨਿਰਮਾਣ ਕੀਤਾ, ਪੰਜ ਕਕਾਰਾਂ ਦੀ ਸਥਾਪਨਾ ਕੀਤੀ। ਜ਼ੁਲਮ ਦੇ ਵਿਰੁਧ **ਤਲਵਾਰ** (ਸ਼ਕਤੀ) ਦੇ ਪ੍ਰਯੋਗ ਦੀ ਆਗਿਆ ਬਖਸ਼ੀ। ਧਾਰਮਿਕ, ਰੂਹਾਨੀ ਤੇ ਆਤ੍ਮਕ ਅਧਿਆਤਮਕ

Namdhari Elibrary NamdhariElibrary@gmail.com

ਅਸੂਲਾਂ, ਸਿਧਾਂਤਾਂ ਤੇ ਸੰਕਲਪਾਂ ਦੀ ਅਗਵਾਈ ਲਈ **ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ** **ਗੁਰੂ** ਥਾਪਿਆ। ਦੇਵੀਆਂ ਦੇਵਤਿਆਂ ਅਤੇ ਮੂਰਤੀ ਪੂਜਾ ਦਾ ਵਿਰੋਧ ਕੀਤਾ ਤੇ

ਜਗਤ-ਧਰਮ ਦੇ ਪੈਰੋਕਾਰਾਂ ਨੂੰ ਕੇਵਲ "ੴ" ਪ੍ਰਮਾਤਮਾ ਦੇ ਨਿਰਗੁਣ ਸਰੂਪ ਦੀ ਉਪਾਸ਼ਨਾ ਲਈ ਹੁਕਮ ਕੀਤਾ। ਆਪ ਜੀ ਦੇ ਇਹ ਵਿਚਾਰ ਉਨ੍ਹਾਂ ਦੀ ਬਾਣੀ ਵਿੱਚ ਸਪਸ਼ਟ ਹਨ। **ਮੂਰਤੀ ਪੂਜਾ** ਦੇ ਆਪ ਘੋਰ ਵਿਰੋਧੀ ਸਨ, ਇਸ ਲਈ ਨਹੀਂ ਕਿ ਹਿੰਦੂ ਇਸ ਦੇ ਪੁਜਾਰੀ ਸਨ ਬਲਕਿ ਇਸ ਲਈ ਕਿ ਇਹ ਪੂਜਾ ਅਸਲੀਅਤ ਤੋਂ ਬਹੁਤ ਦੂਰ ਹੈ ਅਤੇ ਇਸ ਦੇ ਸਿੱਟੇ ਬਹੁਤੇ ਹੀ ਭੈੜੇ ਨਿਕਲ ਚੁਕੇ ਸਨ ਤੇ ਅਗੇ ਵੀ ਇਹੋ ਸੰਭਾਵਨਾ ਸੀ। ਸੋ ਲੋਕਾਂ ਨੂੰ ਆਪਣੇ ਪੈਰਾਂ ਉੱਪਰ ਖੜੇ ਕਰਨ ਲਈ ਆਪ ਜੀ ਨੇ ਨਵੇਂ ਨਰੋਏ ਸਾਹਿਤ ਦੀ ਰਚਨਾ ਕੀਤੀ। ਇਕ ਬੰਨੇ ਤੇ ਦਸਾਂ ਗੁਰੂਆਂ ਦਾ ਨਿਜੀ ਅਮਲੀ ਜੀਵਨ ਲੋਕਾਂ ਲਈ ਚਾਨਣ ਮੁਨਾਰਾ ਸੀ ਤੇ ਦੂਜੇ ਬੰਨੇ ਉਹਨਾਂ ਦੀਆਂ ਸਾਹਿਤਕ ਰਚਨਾਵਾਂ ਸਨ, ਜੋ ਮਨੁੱਖ ਜਾਤੀ ਨੂੰ ਮਾਨਵਤਾ ਦੀ ਪ੍ਰੇਰਣਾ ਦੇ ਰਹੀਆਂ ਸਨ।

ਗੁਰੂ ਜੀ ਨੇ (ਕਲਗੀਧਰ) ਚੰਡੀ ਚਰਿਤਰ ਪਹਿਲਾ, ਤੇ ਚੰਡੀ ਚਰਿਤਰ ਦੂਜਾ ਲਿਖਿਆ ਤੇ ਇਹ ਦੋਹਵੇਂ ਰਚਨਾਵਾਂ ਉਨ੍ਹਾਂ ਦੀ ਮੌਲਕਤਾ ਦੇ ਨਾਲ ਨਾਲ ਮਾਰਕੰਡੇ ਪੁਰਾਣ ਦਾ ਅਨੁਵਾਦ ਵੀ ਸਨ। ਇਨ੍ਹਾਂ ਵਿਚ ਦੁਰਗਾ ਦੇ ਯੁੱਧਾਂ ਨੂੰ ਬੀਰ-ਰਸ ਭਰਪੂਰ ਕਾਵਿ ਭਾਸ਼ਾ ਵਿਚ ਪੇਸ਼ ਕੀਤਾ ਗਿਆ। ਕਾਵਿ ਭਾਸ਼ਾ ਉਸ ਸਮੇਂ ਦੇ ਰਿਵਾਜ ਅਨੁਸਾਰ ਬ੍ਰਿਜ-ਭਾਸ਼ਾ ਸੀ। ਚੰਡੀ ਚਰਿਤ੍ਰ ਦੋਹਵੇਂ ਹੀ ਬੀਰ-ਰਸ ਦੀਆਂ ਉਤਕ੍ਰਿਸਟ ਰਚਨਾਵਾਂ ਸਨ, ਪਰ ਇਹ ਆਮ ਪੱਧਰ ਦੇ ਲੋਕਾਂ ਲਈ ਜ਼ਿਆਦਾ ਉਪਯੋਗੀ ਨਹੀਂ ਸਨ. ਕੇਵਲ ਵਿਦਵਾਨ ਹੀ ਇਨ੍ਹਾਂ ਤੋਂ ਪੂਰਾ ਪੂਰਾ ਲਾਭ ਉਠਾ ਸਕਦੇ ਸਨ।

ਸੋ ਇਸ ਤੱਥ ਨੂੰ ਦ੍ਰਿਸ਼ਟੀ ਵਿਚ ਰਖਦਿਆਂ ਸਾਹਿਬ ਕਲਗੀਧਰ ਨੇ ਲੋਕ ਕਲਿਆਣ ਖ਼ਾਤਰ, ਹਿੰਦੂ-ਧਰਮ ਦੀ ਕਿਸ਼ਤੀ ਨੂੰ ਸੁਰਖਿਅਤ ਕਰਨ ਲਈ, ਮਾਨਵਤਾ ਨੂੰ ਬਚਾਉਣ ਲਈ, ਸ਼ਖਸੀ ਹਕੂਮਤ ਦੀ ਰਾਖਸ਼ੀ ਪਰਿਵਿਰਤੀ ਦਾ ਖਾਤਮਾ ਕਰਨ ਲਈ **"ਵਾਰ ਸ੍ਰੀ ਭਗਉਤੀ ਜੀ ਕੀ"** ਰਚੀ। ਇਸ ਵਾਰ ਦਾ ਪਲਾਟ ਤੇ ਮਾਰ-ਕੰਡੇ ਵਾਲਾ ਹੀ ਹੈ, ਪਰ ਇਸ ਵਿਚ ਗੁਰੂ ਜੀ ਦੀ ਮੌਲਕਤਾ ਹੈ, ਦੂਜਿਆਂ ਸ਼ਬਦਾਂ ਵਿੱਚ ਉਹਨਾਂ ਦਾ ਆਪਾ ਝਲਕ ਰਿਹਾ ਹੈ ਤੇ ਸਾਹਿਬ ਖ਼ੁਦ ਹੀ ਦੁਰਗਾ ਦੇ ਪਾਤਰ ਦੇ

Namdhari Elibrary NamdhariElibrary@gmail.com

ਰੂਪ ਵਿਚ ਦੁਸ਼ਮਣਾਂ ਦਾ ਸੰਘਾਰ ਕਰ ਰਹੇ ਹਨ । ਇਸ ਵਾਰ ਦੇ ਸ਼ੁਰੂ ਵਿਚ ਹੀ ਗੁਰੂ ਜੀ ਨੇ ਸਤਿਗੁਰੂ ਨਾਨਕ ਦੇਵ ਦੇ ਇਸ਼ਟ ਦੇਵ ਨਿਰਗੁਣ ਬ੍ਰਹਮ ਦੀ ਉਪਾਸਨਾ ਲਈ ਮੰਗਲਾ ਚਰਨ ਰਚਿਆ ਅਤੇ ਦੱਸਿਆ ਕਿ ਇਸ ਮੂਲ ਸ਼ਕਤੀ ਨੂੰ ਸਤਿਗੁਰੂ ਨਾਨਕ ਨੇ ਆਰਾਧਿਆ ਸੀ, ਤੇ ਬਾਕੀ ਗੁਰੂ ਸਾਹਿਬਾਨ ਵੀ ਇਸੇ ਨਿਰਗੁਣ ਬ੍ਰਹਮ ਦੇ ਉਪਾ-ਸ਼ਕ ਸਨ । ਸਾਹਿਬ ਕਲਗੀਧਰ ਵੀ ਇਸੇ ਮੂਲ ਸ਼ਕਤੀ ਪਾਸੋਂ ਇਸ ਗ੍ਰੰਥ ਦੇ ਪੂਰਾ ਹੋਣ ਦੀ ਸ਼ਕਤੀ ਮੰਗਦੇ ਹਨ, ਤੇ ਉਸੇ ਪ੍ਰਭੂ ਅਗੇ ਅਰਦਾਸ ਕਰਦੇ ਹਨ । ਏਥੇ ਕਿਤੇ ਦੇਵੀ ਦੀ ਪੂਜਾ ਬਾਰੇ ਨਹੀਂ ਕਿਹਾ ਗਿਆ । ਗੁਰੂ ਜੀ ਵਡੇ ਆਲਿਮ, ਵਿਦਵਾਨ ਤੇ ਦੂਰ ਅੰਦੇਸ਼ ਕਵੀ ਸਨ । ਉਨ੍ਹਾਂ ਨੇ ਦੇਖਿਆ ਕਿ "ਭਗਉਤੀ" ਸ਼ਬਦ ਪ੍ਰਤੀਕ ਦੇ ਤੌਰ ਤੇ ਵਰਤਿਆ ਗਿਆ ਹੈ, ਹਾਲਾਂ ਕਿ ਇਹ ਪ੍ਰਮਾਤਮਾ ਦਾ ਸੂਚਕ ਹੈ ਪਰ ਕਿਤੇ ਲੋਕ ਇਸ ਨੂੰ ਦੇਵੀ ਦਾ ਪ੍ਰਤੀਕ ਨਾ ਮੰਨ ਲੈਣ ਇਸ ਲਈ "ਭਗਉਤੀ" ਤੋਂ ਪਹਿਲੇ ਸ਼ਬਦ "ਪ੍ਰਿਥਮ" ਰਖਿਆ ਜਿਸ ਦੇ ਅਰਥ ਹਨ, ਪਹਿਲਾ ਜਾਂ ਪਹਿਲੀ । ਭਾਵ ਇਹ ਨਿਕਲਿਆ ਕਿ ਸ੍ਰੀ ਗੁਰੂ ਨਾਨਕ ਦੇਵ ਨੇ ਪਹਿਲੀ ਸ਼ਕਤੀ (ਮੂਲ ਸ਼ਕਤੀ—Supreme Power) ਨੂੰ ਧਿਆਇਆ ਸੀ ਤੇ ਉਸੇ ਸ਼ਕਤੀ ਨੂੰ ਧਿਆਉਣ ਲਈ ਕਲਗੀਧਰ ਨੇ ਬਲ ਦਿੱਤਾ । ਮੇਰੇ ਵਿਚਾਰ ਵਿਚ "ਪ੍ਰਿਥਮ" ਦੇ ਅਰਥ ਪਹਿਲੋਂ ਕਰਨਾ, ਵਿਆਕਰਣ ਅਨੁਸਾਰ ਗਲਤ ਹਨ ਕਿਉਂਕਿ ਜੇ "ਪਹਿਲੋਂ" ਇਸ ਦੇ ਅਰਥ ਲੈਣੇ ਹੁੰਦੇ ਤਦ "ਪ੍ਰਿਥਮੈ" ਕਿਹਾ ਜਾਂਦਾ । ਅਗੇ ਚਲ ਕੇ ਹਸਤ ਲਿਖਤ ਦਸਮ ਗ੍ਰੰਥ ਦੇ ਖਰੜੇ ਵਿਚ ਗੁਰੂ ਨਾਨਕ "**ਲਈਂ**" ਨਹੀਂ ਬਲਕਿ ਗੁਰੂ ਨਾਨਕ "**ਲਈ**" ਧਿਆਇ ਹੈ । ਸੋ ਵਾਕ ਦੀ ਬਣਤਰ ਇਹ ਦਸਦੀ ਹੈ ਕਿ ਸ੍ਰੀ ਗੁਰੂ ਨਾਨਕ ਨੇ ਕਿਸੇ ਦੇਵੀ ਨੂੰ ਨਹੀਂ ਬਲਕਿ ਨਿਰਗੁਣ ਬ੍ਰਹਮ ਜੋ ਮੂਲ ਸ਼ਕਤੀ ਹੈ ਉਸ ਨੂੰ ਧਿਆਇਆ । ਅਗੇ ਚਲ ਕੇ ਹੋਰ ਸਪਸ਼ਟ ਕਰ ਦਿਤਾ ਕਿ ਇਸ ਮੂਲ ਸ਼ਕਤੀ ਜਾਂ ਮੂਲ ਸੋਮੇ ਪਾਸੋਂ ਹੀ ਬਲ ਲੈ ਕੇ ਰਾਮ ਕ੍ਰਿਸ਼ਨ ਤੇ ਦੁਰਗਾ ਆਪਣਿਆਂ ਯੁੱਧਾਂ ਵਿਚ ਸਫਲ ਹੋਏ ਇਸੇ ਸ਼ਕਤੀ ਨੇ ਦੇਵੀ ਦੁਰਗਾ ਨੂੰ ਸਾਜਿਆ ਸੀ ਤੇ ਜਿਸ ਨੇ ਮੂਲ ਸ਼ਕਤੀ ਦੇ ਸਹਾਰੇ ਰਾਕਸ਼ਾਂ ਦਾ ਨਾਸ਼ ਕੀਤਾ । ਅੰਤ ਵਿਚ ਇਸ ਤੱਥ ਨੂੰ ਹੋਰ ਸਪਸ਼ਟ ਕਰ ਦਿਤਾ—

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ ॥

Namdhari Elibrary NamdhariElibrary@gmail.com

ਇਨ੍ਹਾਂ ਤੁਕਾਂ ਵਿਚ **ਦੁਰਗਾ** ਤੋਂ ਭਾਵ ਉਸ ਦੇਵੀ ਦਾ ਨਹੀਂ ਜੋ ਸੁੰਭ ਨਿਸੁੰਭ, ਮਹਿਖਾਸਰ ਆਦਿ ਦਾਨੂਆਂ ਨਾਲ ਲੜੀ ਸੀ। ਏਥੇ "ਦੁਰਗਾ" ਸ਼ਬਦ ਪ੍ਰਤੀਕ ਦੇ ਤੌਰ ਤੇ "**ਪ੍ਰਿਥਮ ਭਗਉਤੀ**" ਦੀ ਥਾਂ ਆਇਆ ਹੈ, ਜਿਸ ਦੇ ਅਰਥ ਰੱਹਸ ਵਾਦੀ ਢੰਗ ਨਾਲ–"ੴ" ਹਨ। ਜਿਸ ਦੀ ਉਪਾਸ਼ਨਾ ਲਈ ਇਸ ਵਾਰ ਵਿਚ ਜ਼ੋਰ ਦਿਤਾ ਗਿਆ ਹੈ। ਇਸ ਵਾਰ ਵਿਚ ਗੁਰੂ ਜੀ ਨੇ ਮਿਥਿਹਾਸ ਤੋਂ ਵੀ ਕੰਮ ਲਿਆ ਹੈ ਅਤੇ ਮਿਥਿਹਾਸ ਬਗ਼ੈਰ ਕਵੀ ਕੁਝ ਵੀ ਨਹੀਂ ਕਰ ਸਕਦਾ, ਉਸ ਦੀ ਕਵਿਤਾ ਨੀਰਸ ਰਹਿ ਜਾਂਦੀ ਹੈ। ਅਸੀਂ ਇਸ ਤੱਥ ਨਾਲ ਸਹਿਮਤ ਨਹੀਂ ਕਿ ਭਗਉਤੀ ਦੇ ਅਰਥ ਤਲਵਾਰ ਲਏ ਗਏ ਹਨ ਸ਼ੁਰੂ ਵਿਚ ਭਗਉਤੀ ਦੇ ਅਰਥ ਮੂਲ ਸ਼ਕਤੀ ਹਨ ਤੇ ਅੰਤ ਵਿਚ **ਦੁਰਗਾ** ਦੇ ਅਰਥ ਮੂਲ ਸ਼ਕਤੀ ਹਨ। ਇਸ ਵਾਰ ਵਿਚ ਇਕ ਸਥਲ ਤੇ "ਭਗਉਤੀ" ਦੇ ਅਰਥ "**ਤਲਵਾਰ**" ਲਏ ਗਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਤਲਵਾਰ ਦਾ ਲੋਹਾ, ਆਪਣੇ ਸਿਧਾਂਤਾਂ ਦੇ ਆਧਾਰ ਉਪਰ, ਤਿਆਰ ਕੀਤਾ ਸੀ ਤੇ ਸਾਹਿਬ ਕਲਗੀਧਰ ਨੇ ਇਸ ਲੋਹੇ ਦੀ ਤਲਵਾਰ ਦੇ ਸਿਧਾਂਤ ਉਪਰ ਖਾਲਸਾ ਪੰਥ ਸਾਜਿਆ ਸੀ ਜੋ ਅਮਨ ਅਮਾਨ ਦਾ ਰਖਵਾਲਾ ਹੈ। ਸੋ ਉਪਾਸ਼ਨਾ ਦਾ ਵਿਸ਼ਾ ਤਲਵਾਰ ਨੂੰ ਨਹੀਂ ਬਣਾਇਆ ਕਿਉਂਕਿ ਤਲਵਾਰ ਸਿਖ ਧਰਮ ਦਾ ਬਾਹਰੀ ਅੰਗ ਹੈ ਅਤੇ ਉਹ ਵੀ ਉਸ ਵੇਲੇ ਜਦ ਚਾਰੇ ਬੰਨਿਉਂ ਕੰਮ ਰਹਿ ਜਾਏ, ਤਦ ਜ਼ੁਲਮ ਦੀ ਟੱਕਰ ਲੈਣ ਨੂੰ ਤਲਵਾਰ ਫੜਨੀ ਚਾਹੀਦੀ ਹੈ ਅਤੇ ਉਹ ਵੀ ਧਰਮ ਯੁੱਧ ਲਈ ਮੁਲਕ ਦੀ ਸੇਵਾ ਲਈ ਕਿਸੇ ਦੀ ਜਾਨ ਬਚਾਉਣ ਲਈ, ਆਪਣੀ ਜ਼ਾਤ ਦੀ ਰਖਿਆ ਲਈ। ਆਪ ਜੀ ਨੇ ਇਸ ਮਹਾਂ ਵਾਕ ਵਿਚ ਜ਼ਰੂਰ ਭਗਉਤੀ ਦੇ ਅਰਥ ਤਲਵਾਰ ਲਏ ਹਨ—

ਲਈ **ਭਗਉਤੀ** ਦੁਰਗਸਾਹ ਵਰਜਾਗਨ ਭਾਰੀ ॥

ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਵਾਰ ਪੰਜਾਬੀ ਵਾਰ ਸਾਹਿਤ ਵਿਚ ਇਕ ਮੀਲ ਪੱਥਰ ਹੈ। ਇਕ ਬੰਨੇ ਇਹ ਨਿਰੰਕਾਰ ਦੀ ਉਪਾਸ਼ਨਾ ਦਾ ਸੰਦੇਸ਼ ਦਿੰਦੀ ਹੈ, ਦੂਜੇ ਬੰਨੇ ਇਹ ਸੁੱਤੀਆਂ ਅਣਖਾਂ ਨੂੰ ਟੁੰਬਦੀ ਹੈ, ਨਾਰੀ ਜਗਤ ਦੀ ਅਗਵਾਈ ਕਰਦੀ ਹੈ, ਮਨੁਖਾਂ ਵਿਚ ਪੈਰਾਂ ਤੇ ਖਲੋਣ ਦੀ ਪ੍ਰੇਰਣਾ ਦਿੰਦੀ ਹੈ।

ਉਪਰੋਕਤ ਵਿਚਾਰ ਪਿਛੋਂ ਅਸੀਂ ਇਸ ਸਿਟੇ ਉਪਰ ਪੁਜਦੇ ਹਾਂ ਕਿ ਗੁਰੂ ਜੀ ਕਿਸੇ ਦੇਵੀ ਦੇ ਉਪਾਸ਼ਕ ਨਹੀਂ ਸਨ ਤੇ ਨਾ ਹੀ ਆਪ ਦੇਵੀ ਦੀ ਉਪਾਸ਼ਨਾ ਉੱਪਰ

Namdhari Elibrary NamdhariElibrary@gmail.com

ਬਲ ਦੇ ਰਹੇ ਹਨ। ਵਾਸਤਵ ਵਿਚ "ਭਗਉਤੀ" ਸ਼ਬਦ ਤੋਂ ਇਹ ਭ੍ਰਾਂਤੀ ਪੈਦਾ ਹੋ ਜਾਂਦੀ ਹੈ। ਇਤਿਹਾਸ ਤੋਂ ਸਾਨੂੰ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਚ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਦਾ ਪ੍ਰਚਾਰ ਕੀਤਾ ਅਤੇ ਮੂਰਤੀ ਪੂਜਾ ਅਤੇ ਦੇਵੀ ਦੇਵਤਿਆਂ ਦੀ ਪੂਜਾ ਦਾ ਖੰਡਣ ਕੀਤਾ, ਉਸ ਵੇਲੇ ਦੇ ਪਹਾੜੀ ਹਿੰਦੂ ਰਾਜੇ ਗੁਰੂ ਸਾਹਿਬ ਦੇ ਵਿਰੁਧ ਹੋ ਗਏ ਉਹ ਲੋਕ ਦੇਵੀ ਦੇ ਉਪਾਸ਼ਕ ਸਨ। ਜਦ ਗੁਰੂ ਜੀ ਦਖਣ ਵਲ ਚਲ ਪਏ, ਤਦ ਪਿਛੋਂ ਉਹਨਾਂ ਨੇ ਗਲਤ ਪ੍ਰਚਾਰ ਘੜਨਾ ਸ਼ੁਰੂ ਕਰ ਦਿਤਾ ਅਤੇ ਇਹ ਵਿਚਾਰ ਫੈਲਾਉਣਾ ਸ਼ੁਰੂ ਕੀਤਾ ਕਿ ਕਲਗੀਧਰ ਨੇ ਦੇਵੀ ਜੀ ਦਾ ਹਵਨ ਕੀਤਾ ਸੀ। ਲੋਕ ਬੁਲ੍ਹਾਂ ਉਤੇ ਇਹ ਝੂਠਾ ਪ੍ਰਚਾਰ ਚਲਦਾ ਰਿਹਾ। ਲਗ-ਭਗ ਗੁਰੂ ਜੀ ਦੇ ਸਚਖੰਡ ਨਿਵਾਸ ਦੇ ਨਬੇਂ (੯੦) ਸਾਲ ਬਾਦ ਇਹ ਗਲ (ਰਵਾਇਤ) ਲਿਖਤ-ਬਧ ਹੋ ਗਈ, ਤੇ ਦੇਵੀ-ਭਗਤਾਂ ਨੇ ਗੁਰੂ ਜੀ ਨੂੰ ਦੇਵੀ ਦੇ ਉਪਾਸ਼ਕ ਸਿੱਧ ਕਰਨਾ ਸ਼ੁਰੂ ਕਰ ਦਿੱਤਾ। ਇਹ ਵਾਕਿਆ ਠੀਕ ਉਸ ਪ੍ਰਕਾਰ ਹੋਇਆ ਜਿਵੇਂ ਪ੍ਰਿਥਵੀ ਚੰਦ ਜੀ ਦੇ ਲੜਕੇ ਮਿਹਰਬਾਨ ਜੀ ਨੇ ਗੁਰਗਦੀ ਹਥਿਆਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਤਿੱਥੀ ਬਾਰੇ ਭੁਲੇਖਾ ਪਾ ਦਿਤਾ ਤੇ ਜ਼ਿਆਦੀਨ ਬਰਨੀ ਨੇ ਇਸ ਕੌਮੀ ਬਾਦਸ਼ਾਹ ਮੁਹਮਦ ਤੁਗਲਕ ਨੂੰ ਜ਼ਾਤੀ ਦੁਸ਼ਮਣੀ ਕਾਰਨ ਲਿਖਿਆ ਪੜ੍ਹਿਆ ਬੇਵਕੂਫ ਸਾਬਿਤ ਕਰ ਦਿਤਾ। ਵਾਸਤਵ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਹਵਨ ਨਹੀਂ ਕੀਤਾ ਅਤੇ ਨਾ ਹੀ ਕੋਈ ਦੇਵੀ ਉਪਾਸ਼ਨਾ ਕੀਤੀ ਹੈ। ਇਨ੍ਹਾਂ ਸਾਰੇ ਤੱਥਾਂ ਨੂੰ "**ਵਾਰ ਸ੍ਰੀ ਭਗਉਤੀ ਜੀ ਕੀ**" ਇਸ ਪੁਸਤਕ ਵਿਚ ਅਸਾਂ ਵਿਆਖਿਆ ਸਹਿਤ ਲਿਖਿਆ ਹੈ।

ਦਾਸ—ਕਾਲਾ ਸਿੰਘ ਬੇਦੀ

ਅਕਤੂਬਰ 13—1978 **ਰਤੋਂਜਲਾ ਨਿਵਾਸੀ (ਜ਼ਿਲਾ ਅੰਮ੍ਰਿਤਸਰ)**

Namdhari Elibrary NamdhariElibrary@gmail.com

ਚੰਡੀ—੩

ੴ ਵਾਹਿਗੁਰੂ ਜੀ ਕੀ ਫਤਹਿ ॥

ਸ੍ਰੀ [1]ਭਗਉਤੀ ਜੀ ਸਹਾਇ ॥

ਵਾਰ ਸ੍ਰੀ ਭਗਉਤੀ ਜੀ ਕੀ ॥ ਪਾਤਸ਼ਾਹੀ ॥ ੧੦ ॥

(੧)

1. [2]ਪ੍ਰਿਥਮ [3]ਭਗੌਤੀ ਸਿਮਰਿਕੈ ਗੁਰ ਨਾਨਕ ਲਈਂ ਧਿਆਇ ॥
2. ਫਿਰਿ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ ॥
3. ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿ ਰਾਇ ॥
4. ਸ੍ਰੀ ਹਰਿਕਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖ ਜਾਇ ॥
5. ਤੇਗ ਬਹਾਦਰ ਸਿਮਰਿਐ ਘਰ [4]ਨਉਨਿਧਿ ਆਵੈ ਧਾਇ ॥
6. ਸਭ ਥਾਈ ਹੋਇ ਸਹਾਇ ॥ ੧ ॥

ਮੰਗਲਾਚਰਣ ਅਰਦਾਸ—ਸਭ ਤੋਂ ਪਹਿਲੋਂ ਕਲਗੀਧਰ ਆਪਣੇ ਇਸ਼ਟ (ਨਿਰੰਕਾਰ) ਤੇ ਸਤਿਗੁਰੂ ਨਾਨਕ ਅਤੇ ਗੁਰ-ਗੱਦੀ ਦੇ ਬਾਕੀ ਗੁਰੂ (ਆਪਣੇ ਤੋਂ ਇਲਾਵਾ) ਸਾਹਿਬਾਨ ਦੀ ਅਰਾਧਨਾ ਕਰਦੇ ਹਨ, ਤਾ ਕਿ ਜਿਸ ਮਹਾਨ ਕਾਰਜ ਨੂੰ ਆਪ ਜੀ ਨੇ ਅਰੰਭਿਆ ਸੀ, ਉਸ ਵਿਚ ਸਫਲਤਾ ਪ੍ਰਾਪਤ ਹੋਵੇ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਤਿਗੁਰੂ ਨਾਨਕ ਦੇਵ ਦੇ ਮੂਲ ਸਿਧਾਂਤ ਅਨੁਸਾਰ ਪ੍ਰਮਾਤਮਾ, ਜੋ ਸਰਬ ਸ਼ਕਤੀਮਾਨ ਹੈ, ਦੀ ਅਰਾਧਨਾ ਕੀਤੀ ਹੈ।

---

1. ਅਸੀਮ ਅਤੇ ਅਨੰਤ ਰੂਪਾ-ਸ਼ਕਤੀ, ਈਸ਼ਵਰ, ਤਲਵਾਰ, Supreme Power। 2. ਪਹਿਲਾਂ। 3. ੧ ਓਂਕਾਰ, ਅਕਾਲ ਪੁਰਖ, ਪ੍ਰਭੂ-ਸੱਤਾ। 4. ਨੌਂ ਧਨ ਨੇ।

Namdhari Elibrary NamdhariElibrary@gmail.com

(੧)

1. ਪਹਿਲੋਂ ਮੈਂ ਅਨੰਤ ਅਤੇ ਅਸੀਮ ਸ਼ਕਤੀ (ਨਿਰੰਕਾਰ=੧ਓ) ਨੂੰ ਸਿਮਰਦਾ ਹਾਂ ਤੇ ਫੇਰ ਸ੍ਰੀ ਗੁਰੂ ਨਾਨਕ* ਦੇਵ ਜੀ ਨੂੰ ਅਰਾਧਦਾ ਹਾਂ।
2. ਇਸ ਪਿਛੋਂ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਅਮਰਦਾਸ ਜੀ ਤੇ ਰਾਮਦਾਸ ਜੀ ਨੂੰ ਯਾਦ ਕਰਦਾ ਹਾਂ, ਇਹ ਮੇਰੇ ਸਹਾਈ ਹੋਵਨ।
3. ਗੁਰੂ ਅਰਜਨ, ਹਰਿ ਗੋਬਿੰਦ ਸਾਹਿਬ ਅਤੇ ਸ੍ਰੀ ਹਰਿ ਰਾਇ ਜੀ ਦੀ (ਗੁਰੂ-ਗੱਦੀ ਦੇ ਵਾਰਸਾਂ) ਅਰਾਧਨਾਂ ਕਰਦਾ ਹਾਂ।
4. ਫੇਰ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਧਿਆਉਂਦਾ ਹਾਂ, ਜਿਨ੍ਹਾਂ ਦੇ ਦਰਸ਼ਨ ਕੀਤਿਆਂ ਸਭ ਦੁਖ-ਕਲੇਸ਼ ਦੂਰ ਹੋ ਜਾਂਦੇ ਹਨ।
5. ਸ੍ਰੀ ਗੁਰੂ ਤੇਗ ਬਹਾਦਰ ਨੂੰ ਸਿਮਰਦਾ ਹਾਂ, ਜਿਨ੍ਹਾਂ ਦੇ ਸਿਮਰਿਆਂ, ਯਾਦ ਕੀਤਿਆਂ, ਮਨੁਖ ਨੌਂ ਖਜ਼ਾਨਿਆਂ ਦੀ ਪ੍ਰਾਪਤੀ ਕਰ ਲੈਂਦਾ ਹੈ।
6. (ਮੇਰੀ ਅਰਦਾਸ ਹੈ) ਕਿ ਇਹ ਸਭ ਗੁਰੂ ਅਤੇ ਸਰਬ-ਸ਼ਕਤੀਮਾਨ ਪ੍ਰਭੂ ਮੇਰੀ ਸਹਾਇਤਾ ਕਰਨ (ਤਾਂਕਿ ਵਾਰ ਸ੍ਰੀ ਭਗਉਤੀ ਜੀ ਕੀ ਨਿਰਵਿਘਨ ਸੰਪੂਰਨ ਹੋਵੇ)।

---

*ਕਈ ਵਿਦਵਾਨ ਮੂਲ ਪਾਠ "ਲਈਂ" ਨੂੰ "ਲਈ" ਪੜ੍ਹਦੇ ਹਨ ਅਤੇ ਉਹਨਾਂ ਦੇ ਵਿਚਾਰ ਅਨੁਸਾਰ ਅਰਥ ਇਹ ਨਿਕਲਦੇ ਹਨ ਕਿ ਮੈਂ ਉਸ ਮੂਲਸ਼ਕਤੀ ਨੂੰ ਸਿਮਰਦਾ ਹਾਂ, ਜਿਸ ਨੂੰ ਸਤਿਗੁਰੂ ਨਾਨਕ ਦੇਵ ਨੇ ਧਿਆਇਆ ਸੀ—ਭਾਵ ਮੈਂ "੧ਓ" ਦਾ ਉਪਾਸ਼ਕ ਹਾਂ, ਜੋ ਵਿਸ਼ਵ ਵਿਆਪੀ ਆਤਮਾ ਹੈ। ਇਸ ਤਰ੍ਹਾਂ ਮੰਗਲਾ-ਚਰਣ ਦੇ ਅਰਥ ਇਹ ਹੋਏ ਕਿ ਮੈਂ (ਸ੍ਰੀ ਗੁਰੂ ਗੋਬਿੰਦ ਸਿੰਘ) ਉਸ ਮੂਲ ਸ਼ਕਤੀ ਦੀ ਆਰਾਧਨਾ ਕਰਦਾ ਹਾਂ, ਜਿਸ ਦਾ ਸਿਮਰਨ ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਅੰਗਦ ਤੇ ਬਾਕੀ ਗੁਰੂਆਂ ਨੇ ਕੀਤਾ ਹੈ।

Namdhari Elibrary NamdhariElibrary@gmail.com

(੨)

ਪਉੜੀ ;—

1. [1]ਖੰਡਾ ਪ੍ਰਿਥਮੈ ਸਾਜਿਕੈ ਜਿਨ ਸਭ [2]ਸੈਸਾਰੁ ਉਪਾਇਆ ॥
2. ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥
3. [3]ਸਿੰਧ ਪਰਬਤ [4]ਮੇਦਨੀ ਬਿਨੁ ਥੰਮ੍ਹਾਂ [5]ਗਗਨਿ [6]ਰਹਾਇਆ ॥
4. [7]ਸਿਰਜੇ [8]ਦਾਨੋ ਦੇਵਤੇ ਤਿਨ ਅੰਦਰਿ [9]ਬਾਦੁ ਰਚਾਇਆ ॥
5. ਤੈਹੀ [10]ਦੁਰਗਾ ਸਾਜਿਕੈ ਦੈਂਤਾਂ ਦਾ ਨਾਸੁ ਕਰਾਇਆ ॥
6. ਤੈਥੋਂ ਹੀ ਬਲੁ ਰਾਮ ਲੈ ਨਾਲਿ [11]ਬਾਣਾ ਦਹਸਿਰ [12]ਘਾਇਆ ॥
7. ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ* ਕੇਸੀ ਪਕੜਿ ਗਿਰਾਇਆ ॥
8. ਬਡੇ ਬਡੇ [13]ਮੁਨਿ ਦੇਵਤੇ ਕਈ ਜੁਗ ਤਿਨੀ [14]ਤਨੁ ਤਾਇਆ ॥
9. ਕਿਨੀ ਤੇਰਾ ਅੰਤੁ ਨ ਪਾਇਆ ॥ ੨ ॥

---

1. ਮਾਯਾ, ਯੋਗ ਮਾਯਾ, ਕੁਦਰਤ । 2. ਸੰਸਾਰ, ਦੁਨੀਆਂ । 3. ਸਮੁੰਦਰ, ਸਾਗਰ । 4 ਪ੍ਰਿਥਵੀ, ਜ਼ਮੀਨ, ਧਰਤੀ । 5. ਆਕਾਸ਼ । 6. ਰਖਿਆ । 7. ਪੈਦਾ ਕੀਤੇ । 8. ਦੈਂਤ ਰਾਖਸ਼ । 9. ਝਗੜਾ-ਰਗੜਾ, ਵਾਦ-ਵਿਵਾਦ । 10 ਦੇਵੀ, ਦੁਰਗਮ ਰਾਖਸ਼ ਨੂੰ ਮਾਰਨ ਵਾਲੀ ਦੇਵੀ, ਸ਼ਕਤੀ ਅਤੇ ਬੜੀਆਂ ਮੁਸ਼ਕਲਾਂ ਨਾਲ ਸਿਧ ਹੋਣ ਵਾਲੀ ਦੇਵੀ । 11. ਰਾਵਣ । 12. ਮਾਰਿਆ । 13. ਮੁਨੀ, ਰਿਸ਼ੀ । 14. ਤਪੱਸਿਆ ਕੀਤੀ ।

*ਕੰਸ ਮਥਰਾ ਦਾ ਜ਼ਾਲਮ ਤੇ ਅਤਿਆਚਾਰੀ ਰਾਜਾ ਸੀ, ਜਿਸ ਨੇ ਆਪਣੇ ਪਿਤਾ ਉਗ੍ਰਸੇਨ ਨੂੰ ਗੱਦੀ ਤੋਂ ਉਤਾਰਿਆ ਤੇ ਖ਼ੁਦ ਰਾਜਾ ਬਣ ਬੈਠਾ । ਇਹ ਰਾਜਾ ਸ੍ਰੀ ਕ੍ਰਿਸ਼ਨ ਦਾ "ਮਾਮਾ" ਸੀ ਤੇ ਉਹਨਾਂ ਦਾ ਕੱਟੜ ਸ਼ਤਰੂ ਸੀ । ਇਸ ਨੇ ਕ੍ਰਿਸ਼ਨ ਅਤੇ ਬਲਦੇਵ ਨੂੰ ਮਰਵਾਉਣ ਲਈ ਮਲ-ਯੁੱਧ ਕਰਨ ਲਈ ਦਰਬਾਰ ਵਿੱਚ ਬੁਲਾਇਆ ਤੇ ਚੰਡੂਰ ਅਤੇ ਮੁਸਟਕ ਪਹਿਲਵਾਨਾ ਦੇ ਹਥੋਂ ਮਰਵਾਉਣ ਦਾ ਹੁਕਮ ਦਿੱਤਾ, ਪਰ ਸ੍ਰੀ ਕ੍ਰਿਸ਼ਨ ਤੇ ਬਲਦੇਵ ਨੇ ਚੰਡੂਰ ਅਤੇ ਮੁਸਟਕ ਨੂੰ ਮਾਰ ਦਿੱਤਾ ਅਤੇ ਕੰਸ ਨੂੰ ਕੇਸਾਂ ਤੋਂ ਫੜ ਕੇ ਮੰਚ ਤੋਂ ਥਲੇ ਡੇਗ ਕੇ ਮਾਰ ਦਿੱਤਾ । "ਕੇਸੀ" ਤੋਂ ਭਾਵ ਕੇਸ ਹੋਇਆ—ਪਰ ਇਸ ਦੇ ਅਰਥ ਇਹ ਵੀ ਹੋ ਸਕਦੇ ਹਨ ਕਿ ਕ੍ਰਿਸ਼ਨ ਨੇ ਕੰਸ ਅਤੇ ਉਸ ਦੇ ਸਾਥੀ ਕੇਸ਼ੀ ਨੂੰ ਮਾਰ ਦਿਤਾ ।

(੨)

1. ਪ੍ਰਭੂ-ਸੱਤਾ (ਪ੍ਰਮਾਤਮਾ) ਨੇ ਪਹਿਲੋਂ ਮਾਯਾ (ਯੋਗ-ਮਾਯਾ) ਨੂੰ ਸਾਜਿਆ, ਤੇ ਫੇਰ ਆਪ ਹੀ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ।
2. ਇਸ ਮਹਾਂ*-ਸ਼ਕਤੀ ਨੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਸਾਜ ਕੇ ਇਸ ਸੰਸਾਰ ਨੂੰ ਜੋ ਕੁਦਰਤ ਦੀ ਖੇਡ ਹੈ, ਰਚਿਆ, ਬਣਾਇਆ ਤੇ ਸਵਾ-ਰਿਆ ਹੈ।
3. ਸਮੁੰਦਰ, ਪਹਾੜ, ਪ੍ਰਿਥਵੀ (ਧਰਤੀ) ਆਦਿ ਪੈਦਾ ਕੀਤੇ ਤੇ ਫੇਰ ਅਕਾਸ਼ ਦਾ ਤੰਬੂ ਬਗੈਰ ਥੰਮਾਂ (ਰੋਥਾ) ਤੋਂ ਖੜਾ ਕਰ ਦਿੱਤਾ।
4. ਉਸੇ ਮਹਾਂ ਸ਼ਕਤੀ ਨੇ ਇਕੋ ਹੀ ਸਮੇਂ ਵਿਚੋਂ ਰਾਖਸ਼ ਅਤੇ ਦੇਵਤੇ ਰਚੇ ਅਤੇ ਉਨ੍ਹਾਂ ਅੰਦਰ ਝਗੜਾ ਤੇ ਵਾਦ-ਵਿਵਾਦ ਪੈਦਾ ਕੀਤਾ।
5. ਹੇ ਪ੍ਰਭੂ-ਸੱਤਾ ! ਆਪ ਜੀ ਨੇ ਹੀ ਦੁਰਗਾ (ਦੇਵੀ) ਨੂੰ ਰਚ ਕੇ, ਉਸ ਪਾਸੋਂ ਦੈਂਤਾਂ (ਰਾਖਸ਼ਾਂ) ਦਾ ਨਾਸ਼ ਕਰਵਾਇਆ।
6. ਹੇ ਮਹਾਂ-ਸ਼ਕਤੀ ! ਤੈਥੋਂ ਹੀ ਸ੍ਰੀ ਰਾਮ ਚੰਦ੍ਰ ਜੀ ਨੇ ਬਲ (ਸ਼ਕਤੀ= ਤਾਕਤ) ਪ੍ਰਾਪਤ ਕਰਕੇ ਰਾਵਣ ਜਿਹੇ ਬਲਵਾਨ ਨੂੰ ਤੀਰਾਂ ਨਾਲ ਮਾਰ ਸੁੱਟਿਆ।
7. ਹੇ ਮਹਾਂ ਕਾਲ ! ਆਪ ਜੀ ਤੋਂ ਹੀ ਸ੍ਰੀ ਕ੍ਰਿਸ਼ਨ ਚੰਦ੍ਰ ਨੇ ਸ਼ਕਤੀ ਹਾਸਲ ਕਰਕੇ ਕੰਸ ਨੂੰ ਕੇਸਾਂ ਤੋਂ ਫੜ ਕੇ (ਮਥੁਰਾ ਵਿਚ) ਪਿਛਾੜ ਕੇ ਮਾਰ ਦਿਤਾ ਸੀ। ਜਾਂ ਕੰਸ ਅਤੇ ਕੇਸੀ ਦੈਂਤ ਨੂੰ ਖਤਮ ਕੀਤਾ ਸੀ।
8. ਹੇ ਨਿਰੰਕਾਰ ! ਤੇਰਾ ਅੰਤ ਪਾਉਣ ਲਈ ਵਡੇ-ਵਡੇ ਰਿਸ਼ੀਆਂ ਤੇ ਮੁਨੀਆਂ ਨੇ ਜੁਗਾਂ ਤਕ ਘੋਰ ਤਪੱਸਿਆ ਕੀਤੀ।
9. ਪਰ (ਇਨ੍ਹਾਂ ਸਭ ਰਿਸ਼ੀਆਂ ਤੇ ਦੇਵਤਿਆਂ ਵਿਚੋਂ) ਕਿਸੇ ਨੇ ਵੀ ਤੇਰਾ ਅੰਤ ਨਹੀਂ ਪਾਇਆ (ਕਿਉਂਕਿ ਤੂੰ ਬੇਅੰਤ ਹੈਂ)।

---

*ਇਹ ਵਾਕ "ਜਪੁਜੀ ਸਾਹਿਬ" ਦੀ ਇਸ ਪਉੜੀ ਦੀ ਪੁਸ਼ਟਤਾ ਕਰਦੇ ਹਨ—
"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥"

Namdhari Elibrary NamdhariElibrary@gmail.com

(੩)

1. ਸਾਧੁ [1]ਸਤਜੁਗ* ਬੀਤਿਆ [2]ਅਧਸੀਲੀ ਤ੍ਰੇਤਾ ਆਇਆ ॥
2. ਨੱਚੀ [3]ਕਲ ਸਰੋ ਸਰੀ ਕਲਿ [4]ਨਾਰਦ [5]ਡਉਰੂ ਵਾਇਆ ॥
3. ਅਭਿਮਾਨੁ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ [6]ਉਪਾਇਆ ॥
4. ਜੀਤ ਲਏ ਤਿਨ ਦੇਵਤੇ ਤਿਹ ਲੋਕੀ ਰਾਜੁ ਕਮਾਇਆ ॥
5. ਵੱਡਾ ਬੀਰੁ ਅਖਾਇਕੈ ਸਿਰ ਉਪਰ ਛਤ੍ਰ ਫਿਰਾਇਆ ॥
6. ਦਿੱਤਾ ਇੰਦ੍ਰ ਨਿਕਾਲਕੈ ਤਿਨ [7]ਗਿਰ [8]ਕੈਲਾਸੁ ਤਕਾਇਆ ॥
7. ਡਰਕੈ ਹੱਥੋਂ ਦਾਨਵੀ ਦਿਲ ਅੰਦਰਿ [9]ਤ੍ਰਾਸ ਵਧਾਇਆ ॥
8. ਪਾਸ ਦੁਰਗਾ ਦੇ ਇੰਦਰ ਆਇਆ ॥ ੩ ॥

---

1. ਸ਼ਾਂਤ ਸੁਭਾ ਸਤਿਜੁਗ । 2. ਰਜੋ ਤੇ ਸਤੋ ਗੁਣ ਦਾ ਮਿਲਗੋਭਾ । 3. ਲੜਾਈ, ਝਗੜਾ, ਕਲਾ, ਕਲੇਸ਼ । 4. ਨਾਰਦ ਮੁਨੀ । 5. ਡੋਰੂ ਵਜਾਇਆ, ਕਲਾ ਮਚਾ ਦਿਤੀ । 6. ਪੈਦਾ ਕੀਤਾ । 7. ਪਰਬਤ । 8. ਸਿਵਜੀ ਦਾ ਨਿਵਾਸ ਸਥਾਨ, ਕੈਲਾਸ਼ ਪਰਬਤ । 9. ਡਰ ।

*ਪੁਰਾਣਕ ਵਿਚਾਰ ਧਾਰਾ ਅਨੁਸਾਰ ਚਾਰ ਯੁਗ—ਸਤਿ ਯੁਗ, ਤ੍ਰੇਤਾ ਯੁਗ, ਦੁਆਪਰ ਯੁਗ ਤੇ ਕਲਯੁਗ ਹਨ । ਸਤਿਯੁਗ ਵਿਚ ਦੁਰਗਾ ਅਤੇ ਦਾਨਵਾਂ ਦਾ ਯੁੱਧ ਹੋਇਆ, ਤ੍ਰੇਤਾ ਵਿੱਚ ਰਾਮ ਤੇ ਰਾਵਣ ਦਾ ਯੁੱਧ ਹੋਇਆ ਅਤੇ ਦੁਆਪਰ ਯੁਗ ਵਿੱਚ ਸ੍ਰੀ ਕ੍ਰਿਸ਼ਨ ਨੇ ਕੰਸ ਨੂੰ ਮਾਰਿਆ ।

Namdhari Elibrary NamdhariElibrary@gmail.com

(੩)

1. ਸੰਤ ਸੁਭਾ (ਧਰਮਵਾਨ) ਸਤਜੁਗ (ਜਦ) ਬੀਤ ਗਿਆ, (ਤਦ) ਅਧ-ਧਰਨੀ (ਸਤੋ-ਰਜੋ ਗੁਣ ਸਹਿਤ) ਤਰੇਤਾ ਯੁਗ ਆ ਗਿਆ।

2. (ਅਵਿਦਿਆ) ਕਲ੍ਹਾ (ਇਸ ਸਮੇਂ) ਹਰ ਇਕ ਦੇ ਸਿਰ ਚੜ੍ਹ ਨੱਚ ਉਠੀ ਅਤੇ ਨਾਰਦ ਨੇ ਇਸ ਨਾਚ ਨੂੰ ਤੇਜ਼ ਕਰਨ ਲਈ ਝਫੱਲੀ ਵਜਾਈ।

3. ਦੇਵਤਿਆ ਦੇ ਹੰਕਾਰ ਨੂੰ ਚੂਰ-ਚੂਰ ਕਰਨ ਲਈ, (ਇਸ ਮਹਾਨ ਸ਼ਕਤੀ ਨੇ) ਮਹਿਖਾਸੁਰ ਅਤੇ ਸੁੰਭ ਆਦਿ ਮਹਾਂ ਬਲੀ ਦੈਂਤ ਪੈਦਾ ਕੀਤੇ।

4. ਮਹਿਖਾਸੁਰ ਨੇ ਤਿੰਨੇ ਲੋਕ (ਸੁਰਗ ਲੋਕ, ਮਾਤ ਲੋਕ, ਪਾਤਾਲ ਲੋਕ) ਜਿਤ ਲਏ ਅਤੇ ਦੇਵਤਿਆਂ ਨੂੰ ਹਰਾ ਕੇ ਆਪਣਾ ਰਾਜ ਕਾਇਮ ਕੀਤਾ।

5. ਲੋਕਾਂ ਪਾਸੋਂ ਇਕ ਬੀਰ ਸੂਰਮਾਂ ਅਖਵਾ ਕੇ, ਆਪਣੇ ਸਿਰ ਉਪਰ ਤਿੰਨਾਂ ਲੋਕਾਂ ਦਾ ਰਾਜਾ ਹੋਣ ਦੇ ਨਾਤੇ ਛਤ੍ਰ ਝੁਲਾਇਆ।

6. ਸੁਰਗਾਪੁਰੀ ਵਿਚੋਂ ਇੰਦਰ ਨੂੰ ਬਾਹਰ ਕੱਢ ਦਿੱਤਾ, ਜੋ ਡਰਦਾ ਹੋਇਆ ਕੈਲਾਸ ਪਰਬਤ ਦੀ ਓਟ ਵਿਚ ਆਇਆ।

7. ਦੈਂਤਾਂ ਦੇ ਹਥੋਂ ਇੰਦਰ ਬਹੁਤ ਹੀ ਡਰਿਆ ਅਤੇ ਉਸ ਦੇ ਚਿੱਤ ਵਿਚ ਰਾਖਸ਼ਾਂ ਦਾ ਭੈ ਛਾ ਗਿਆ।

8. (ਇਸ ਡਰ ਤੋਂ ਛੁਟਕਾਰਾ ਪਾਉਣ ਲਈ) ਇੰਦਰ* ਦੁਰਗਾ (ਸ਼ਕਤੀ = ਦੇਵੀ) ਦੀ ਸ਼ਰਣ ਵਿਚ ਆਇਆ।

---

*ਇਹ ਕਥਾ-ਵਸਤੂ ਮਾਰਕੰਡੇ ਪੁਰਾਣ ਵਿਚੋਂ ਲਈ ਗਈ ਹੈ।

Namdhari Elibrary NamdhariElibrary@gmail.com

(੭)

1. ਇਕ ਦਿਹਾੜੇ ਨਾਵਣ ਆਈ ਦੁਰਗਸਾਹ ॥
2. ਇੰਦ੍ਰ [1]ਬਿਰਥਾ ਸੁਣਾਈ ਆਪਣੇ ਹਾਲ ਦੀ ॥
3. ਛੀਨ ਲਈ [2]ਠੁਕਰਾਈ [3]ਸਾਤੇ [4]ਦਾਨਵੀ ॥
4. ਲੋਕੀ [5]ਤਿਹੀ ਫਿਰਾਈ [6]ਦੋਹੀ ਆਪਣੀ ॥
5. ਬੈਠੇ [7]ਵਾਇ [8]ਵਧਾਈ ਤੇ [9]ਅਮਰਾਵਤੀ ॥
6. ਦਿੱਤੇ [10]ਦੇਵ ਭਜਾਈ ਸਭਨਾਂ ਰਾਕਸਾਂ ॥
7. ਕਿਨੇ ਨ ਜਿੱਤਾ ਜਾਈ ਮਹੱਖੇ ਦੈਤ ਨੂੰ ॥
8. ਤੇਰੀ [11]ਸਾਮ ਤਕਾਈ ਦੇਵੀ ਦੁਰਗਸਾਹ ॥ ੭ ॥

---

1. ਦੁੱਖ, ਦਰਦ, ਮੁਸੀਬਤ, ਸਿਰ ਬੀਤੀ। 2. ਪਾਤਸ਼ਾਹੀ, ਹਕੂਮਤ। 3. ਸਾਰੇ। 4. ਰਾਖਸ਼ਾਂ ਨੇ। 5. ਤਿਨਾਂ ਲੋਕਾਂ ਵਿਚ, ਸੁਰਗ, ਮਾਤ ਲੋਕ ਤੇ ਪਾਤਾਲ। 6. ਢੰਡੋਰਾ। 7. ਵੈਰ, ਦੁਸ਼ਮਨੀ, ਵਸਾਏ। 8. ਮੁਬਾਰਕਬਾਦ। 9. ਸੁਰਗ ਲੋਕ, ਦੇਵ ਪੁਰੀ। 10. ਦੇਵਤੇ। 11. ਸ਼ਰਣ, ਪਨਾਹ, ਓਟ, ਆਸਰਾ।

Namdhari Elibrary NamdhariElibrary@gmail.com

(੪)

1. ਇਕ ਦਿਨ ਜਦ ਦੁਰਗਾ ਨਦੀ ਉਪਰ ਇਸ਼ਨਾਨ ਕਰਨ ਲਈ ਆਈ। (ਇੰਦਰ ਨੇ ਇਸ ਅਵਸਰ ਤੋਂ ਲਾਭ ਉਠਾ ਕੇ)।
2. ਦੁਰਗਸਾਹ ਅਗੇ ਇੰਦਰ ਨੇ ਆਪਣੀ ਸਿਰ ਬੀਤੀ ਮੁਸੀਬਤ ਨੂੰ ਖੋਲ੍ਹ ਕੇ ਦਸਿੱਆ।
3. ਹੇ ਮਾਤਾ ! ਰਾਖਸ਼ਾਂ ਸਾਥੋਂ (ਅਮਰਾਵਤੀ) ਦੀ ਹਕੂਮਤ (ਰਾਜ) ਖੋਹ ਲਈ ਹੈ।
4. ਤਿੰਨਾਂ ਲੋਕਾਂ (ਸਾਰੇ ਸੰਸਾਰ ਵਿਚ) ਵਿਚ ਆਪਣੀ ਦੁਹਾਈ ਫਿਰਾ ਦਿੱਤੀ ਹੈ, (ਆਪਣਾ ਰਾਜ ਸਾਰੇ ਸੰਸਾਰ ਵਿਚ ਸਥਾਪਤ ਕਰਾ ਲਿਆ ਹੈ।)
5. ਅਮਰਾਵਤੀ ਵਿਚ ਬੈਠੇ ਵਧਾਈ (ਮੁਬਾਰਕਬਾਦ) ਦੇ ਵਾਜੇ ਵਜਾ ਰਹੇ ਹਨ। (ਖੁਸ਼ੀਆਂ ਮਨਾ ਰਹੇ ਹਨ)।
6. ਇਨ੍ਹਾਂ ਸਭ ਰਾਖਸ਼ਾਂ ਨੇ (ਆਪਣੇ ਬਾਹੂ ਬਲ ਦੇ ਅਧਾਰ ਤੇ) ਦੇਵਤਿਆਂ ਨੂੰ ਰਣ-ਖੇਤਰ ਵਿਚੋਂ ਭਜਾ ਦਿਤਾ ਹੈ।
7. (ਸਾਰੇ ਦੇਵਤਿਆਂ ਨੇ ਪੂਰਾ-ਪੂਰਾ ਮੁਕਾਬਲਾ ਕੀਤਾ ਹੈ, ਪਰ) ਕੋਈ ਵੀ ਦੇਵਤਾ ਮਹਿਖਾਸੁਰ ਮਹਾਬਲੀ ਨੂੰ ਨਹੀਂ ਜਿੱਤ ਸਕਿਆ।
8. (ਨਿਰਾਸ਼ ਹੋ ਕੇ), ਹੇ ਦੁਰਗਸਾਹ ! ਅਸਾਂ ਤੇਰੀ ਸ਼ਰਣ (ਆਸਰਾ, ਓਟ) ਤਕੀ ਹੈ (ਸਾਨੂੰ ਆਪ ਦੀ ਮਦਦ ਦੀ ਲੋੜ ਹੈ)।

— o —

Namdhari Elibrary NamdhariElibrary@gmail.com

(੫)

1. ਦੁਰਗਾ ¹ਬੈਣ ਸੁਣੰਦੀ ਹੱਸੀ ²ਹੜਹੜਾਇ ॥
2. ਓਹੀ ³ਸੀਹ ਮੰਗਾਇਆ ਰਾਕਸ ⁴ਭੱਖਣਾ ॥
3. "ਚਿੰਤਾ ਕਰਹੁ ਨ ਕਾਈ" ਦੇਵਾ ਨੂੰ ਆਖਿਆ ॥
4. ⁵ਰੋਹ ਹੋਈ ⁶ਮਹਾ ਮਾਈ ਰਾਕਸਿ ਮਾਰਣੇ ॥ ੫ ॥

(੬)

ਦੋਹਰਾ :—

1. ਰਾਕਿਸ ਆਏ ¹ਰੋਹਲੇ ²ਖੇਤ ਭਿੜਨ ਕੇ ਚਾਇ ॥
2. ਲਿਸ਼ਕਨ ਤੇਗਾਂ ਬਰਛੀਆਂ ਸੂਰਜੁ ਨਦਰਿ³ ਨਾ ਪਾਇ ॥ ੬ ॥

(੭)

ਪਉੜੀ :—

1. ਦੁਹਾ ¹ਕੰਧਾਰਾ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ ॥
2. ਰਾਕਸਿ ਆਏ ਰੋਹਲੇ ਤਲਵਾਰੀ ²ਬਖਤਰ ਸੱਜੇ ॥
3. ਜੁਟੇ ³ਸਉਹੇ ਜੁਧ ਨੂੰ ਇਕ ਜਾਤ ਨਾ ਜਾਣਨ ਭੱਜੇ ॥
4. ਖੇਤ ਅੰਦਰਿ ਜੋਧੇ ਗੱਜੇ ॥ ੭ ॥

---

੫. 1. ਵੈਣ, ਕੀਰਨੇ, ਗੱਲਾਂ। 2. ਖਿੜ ਖਿੜਾ ਕੇ ਹੱਸ ਪਈ। 3. ਸ਼ੇਰ, ਸਿੰਘ। 4. ਰਾਖਸ਼ਾਂ ਨੂੰ ਖਾਣ ਵਾਲਾ। 5. ਗੁੱਸੇ ਹੋਈ, ਕ੍ਰੋਧ ਵਿਚ ਭਰ ਗਈ। 6. ਜਗਤ-ਮਾਤਾ, ਚੰਡੀ।

੬. 1. ਕ੍ਰੋਧ ਵਿਚ ਭਰਕੇ। 2. ਰਣ-ਭੂਮੀ। 3. ਨਜ਼ਰ, ਦ੍ਰਿਸ਼ਟੀ।

੭. 1. ਤਰਤੀਬ ਦਿਤੀਆਂ ਫੌਜਾਂ। 2. ਜ਼ਿਰਾ ਬਕਤਰ, ਲੋਹੇ ਦੀ ਜਾਲੀ ਦਾ ਕਵੱਚ। 3. ਸਾਮ੍ਹਣੇ।

Namdhari Elibrary NamdhariElibrary@gmail.com

(੫)

1. ਦੁਰਗਾ, ਇੰਦਰ ਦੇ ਹਾੜਿਆਂ (ਦੀਨ-ਬਚਨਾਂ) ਤੇ ਤਰਲਿਆਂ ਨੂੰ ਸੁਣ ਕੇ ਖਿੜ ਖਿੜਾ ਕੇ ਹੱਸ ਪਈ।
2. (ਦੁਰਗਾ ਨੇ ਰੋਹ ਵਿਚ ਆ ਕੇ) ਉਸ ਵੇਲੇ ਆਪਣਾ ਰਾਖਸ਼ਾਂ ਨੂੰ ਚੱਬ ਜਾਣ ਵਾਲਾ ਸ਼ੇਰ ਮੰਗਾਇਆ (ਜੋ ਕਈ ਵਾਰ ਪਹਿਲੋਂ ਵੀ ਰਾਖਸ਼ਾਂ ਨੂੰ ਖਾ ਚੁਕਾ ਸੀ)।
3. ਮਹਾਂ-ਮਾਈ ਨੇ ਸਾਰੇ ਦੇਵਤਿਆਂ ਨੂੰ ਹੌਸਲਾ ਦੇ ਕੇ ਆਖਿਆ—ਤੁਸੀਂ ਕੋਈ ਚਿੰਤਾ ਨਾ ਕਰੋ, (ਹੁਣ ਮੈਂ ਜਾਣਾ ਤੇ ਰਾਖਸ਼)।
4. (ਰਾਖਸ਼ਾਂ ਦੇ ਜ਼ੁਲਮ ਨੂੰ ਯਾਦ ਕਰਕੇ) ਦੁਰਗਾਸ਼ਾਹ, ਰਾਖਸ਼ਾਂ ਨੂੰ ਮਾਰਨ ਵਾਸਤੇ ਕ੍ਰੋਧ ਅਤੇ ਗੁਸੇ ਵਿਚ ਭਰ ਗਈ।

(੬)

1. ਕ੍ਰੋਧ-ਭਰਪੂਰ ਰਾਖਸ਼ ਰਣ-ਭੂਮੀ ਵਿਚ (ਜੰਗ ਕਰਨ ਲਈ) ਲੜਨ ਦੇ ਚਾ ਨਾਲ ਆ ਗਏ।
2. ਤਲਵਾਰਾਂ ਤੇ ਬਰਛੀਆਂ (ਧੁੱਪ ਵਿਚ) ਜ਼ਬਰਦਸਤ ਲਿਸਕਾਂ ਮਾਰ ਰਹੀਆਂ ਹਨ, ਜਿਨ੍ਹਾਂ ਦੀ ਚਮਕ ਵਿਚ ਸੂਰਜ ਵੀ ਨਜ਼ਰ ਨਹੀਂ ਆਉਂਦਾ।

(੭)

1. ਦੋਹਾਂ ਧਿਰਾਂ ਦੇ ਸੂਰਮਿਆਂ ਦੀਆਂ ਕਤਾਰਾਂ ਦਾ ਮੂੰਹ ਆਮੋ-ਸਾਹਮਣਾ ਹੋਇਆ, ਤਦ ਲੜਾਈ ਦੇ ਬਿਗਲ, ਢੋਲ, ਸੰਖ ਤੇ ਨਗਾਰੇ ਵਜ ਪਏ।
2. ਕਵੱਚ (ਜਿਰਾ-ਬਕਤਰ) ਪਹਿਨੇ ਹੋਏ, ਕ੍ਰੋਧ ਦੇ ਭਰੇ ਹੋਏ ਰਾਖਸ਼ ਰਣ-ਭੂਮੀ ਵਿਚ ਤਲਵਾਰਾਂ ਲੈ ਕੇ ਆ ਗਏ।
3. ਇਹ ਸੂਰਮੇ ਇਕ ਦੂਜੇ ਦੇ ਸਾਹਮਣੇ ਹੋ ਕੇ ਜੁੱਧ ਵਿਚ ਜੁਟ ਗਏ, ਜੋ ਕਿਸੇ ਹਾਲਤ ਵਿਚ ਵੀ ਪਿੱਠ ਨਹੀਂ ਦਿਖਾ ਸਕਦੇ ਸਨ।
4. ਰਣ-ਭੂਮੀ ਵਿਚ ਸੂਰਮੇ (ਸ਼ੇਰ ਵਾਂਗ) ਗੱਜੇ। (ਸ਼ੇਰ ਵਾਂਗ ਇਕ ਦੂਏ ਦਾ ਸ਼ਿਕਾਰ ਖੇਡ ਰਹੇ ਸਨ)।

— o —

Namdhari Elibrary NamdhariElibrary@gmail.com

(੮)

ਪਉੜੀ :—

1. ਜੰਗ [1]ਮੁਸਾਫਾ ਬੱਜਿਆ ਰਣ [2]ਘੁਰੇ ਨਗਾਰੇ [3]ਚਾਵਲੇ ॥
2. ਝੂਲਣ ਨੇਜੇ [4]ਬੈਰਕਾਂ [5]ਨੀਸਾਣ [6]ਲਸਨਿ [7]ਲਸਾਵਲੇ ॥
3. ਢੋਲ ਨਗਾਰੇ ਪਉਣ ਦੇ ਊਂਘਨ ਜਾਣ [8]ਜਟਾਵਲੇ ॥
4. ਦੁਰਗਾ ਦਾਨੋ ਡਹੇ ਰਣ [9]ਨਾਦ ਵੱਜਨ ਖੇਤ [10]ਭੀਹਾਵਲੇ ॥
5. ਬੀਰ ਪਰੋਤੇ ਬਰਛੀਏਂ [11]ਜਣੁ ਡਾਲਿ [12]ਚਮੁਟੇ ਆਵਲੇ ॥
6. ਇਕ ਵੱਢੇ [13]ਤੇਗੀ ਤੜਫੀਅਨ [14]ਮਦ [16]ਪੀਤੇ ਲੋਟਨਿ ਬਾਵਲੇ ॥
7. ਇਕਿ ਚੁਣ ੨ [16]ਝਾੜਉ ਕਢੀਅਨੁ ਰੇਤ ਵਿਚੋਂ ਸੁਇਨਾ [17]ਡਾਵਲੇ ॥
8. [18]ਗਦਾ [19]ਤ੍ਰਿਸੂਲਾਂ ਬਰਛੀਆਂ ਤੀਰ ਵਗਨ ਖਰੇ [20]ਉਤਾਵਲੇ ॥
9. ਜਣ [21]ਡੱਸੇ [22]ਭੁਜੰਗਮ [23]ਸਾਵਲੇ ॥ ਮਰ ਜਾਵਨ ਬੀਰ [24]ਰੁਹਾ-ਵਲੇ ॥ ੮ ॥

---

1. ਧੌਂਸਾ, ਦਸਤ ਪੰਜਾ ਲੈਣਾ, ਮੁਕਾਬਲਾ ਕਰਨ ਦਾ ਵਾਜਾ । 2. ਵੱਜੇ । 3. ਚਾ ਵਾਲੇ । 4. ਝੰਡੀਆਂ । 5. ਝੰਡਾ । 6. ਚਮਕਦੇ ਹਨ । 7. ਚਮਕਦਾਰ, ਲਿਸ਼ਕਣ ਵਾਲੇ । 8. ਜਟਾਂ ਵਾਲੇ, ਜਟਾ-ਜੂਟ । 9. ਅਵਾਜ਼, ਜੰਗੀ ਵਾਜੇ, ਧੁੱਪ ਦਾ ਘੰਟਾ, ਟੱਲ । 10. ਭਿਆਨਕ ਡਰਾਵਣੇ । 11. ਮਾਨੋ । 12. ਚਿਪਟੇ ਹੋਏ । 13 ਤਲਵਾਰਾਂ ਨਾਲ । 14. ਸ਼ਰਾਬ । 15. ਪਾਗਲ, ਨਸ਼ੇ ਵਿਚ ਚੂਰ, ਮਸਤ । 16. ਝ ੜੀਆਂ ਵਿਚੋਂ, ਛਿਪੇ ਹੋਏ ਸਥਾਨਾਂ ਵਿਚੋਂ । 17. ਨਿਆਰੀਆ । 18. ਗੁਰਜ । 19. ਤਿੰਨਾਂ ਨੋਕਾਂ ਵਾਲਾ ਨੇਜਾ, ਸ਼ਿਵਜੀ ਦਾ ਹਥਿਆਰ । 20. ਕਾਹਲੇ, ਤੇਜ਼ੀ ਨਾਲ । 21. ਡੱਸਦਾ ਹੈ । 22. ਨਾਗ, ਖੜੱਪਾ ਸੱਪ । 23. ਕਾਲਾ । 24. ਰੋਹ ਵਾਲੇ ।

Namdhari Elibrary NamdhariElibrary@gmail.com

(੮)

1. (ਪਹਿਲੋਂ) ਮੁਕਾਬਲਾ ਕਰਨ ਦਾ ਬਿਗਲ ਵਜਿਆ (ਪਿਛੋਂ) ਉਤਸ਼ਾਹ-ਜਨਕ ਨਗਾਰੇ ਵੱਜਣ ਲਗ ਪਏ।
2. ਨੇਜ਼ਿਆਂ ਉਪਰ ਬਧੀਆਂ ਝੰਡੀਆਂ ਝੂਲ ਰਹੀਆਂ ਸਨ ਅਤੇ ਧੁਜ (ਝੰਡੇ) ਵੀ ਬੜੀ ਸ਼ਾਨ ਨਾਲ ਚਮਕ ਰਹੇ ਸਨ।
3. ਢੋਲ ਅਤੇ ਨਗਾਰੇ ਇਸ ਪ੍ਰਕਾਰ ਦੀ ਘੁਮਕਾਰ (ਗੂੰਜ-ਅਵਾਜ਼) ਦਿੰਦੇ ਹਨ (ਕਿ ਜਿਸ ਨੂੰ ਸੁਣ) ਸੂਰਮੇ ਸ਼ੇਰ ਵਾਂਗ ਬੁੱਕਦੇ ਹਨ।
4. ਦੁਰਗ ਸ਼ਾਹ ਅਤੇ ਦੈਂਤ ਜੁੱਧ ਵਿਚ ਜੁਟ ਗਏ ਹਨ, ਰਣ-ਭੂਮੀ ਵਿਚ ਭਿਆਨਕ ਸ਼ੋਰ ਕਰਨ ਵਾਲੇ ਨਗਾਰੇ ਵੱਜ ਰਹੇ ਹਨ।
5. (ਦੁਰਗਾ) ਨੇ ਬਰਛੀ ਵਿਚ ਸੂਰਮਿਆਂ ਨੂੰ ਪਰੋ ਲਿਆ ਹੈ, ਜੋ ਇਉਂ ਨਜ਼ਰ ਆ ਰਹੇ ਹਨ ਮਾਨੋ ਟਾਹਣੀ ਨਾਲ ਆਉਲੇ ਚਿਪਕੇ ਹੋਏ ਹਨ।
6. ਇਕ ਤਲਵਾਰ ਦੇ ਫੱਟ ਨਾਲ ਵੱਢੇ ਹੋਏ ਰਣ ਅੰਦਰ ਇਉਂ ਤੜਫ ਰਹੇ ਹਨ, ਜਿਵੇਂ ਸ਼ਰਾਬੀ ਨਸ਼ੇ ਵਿਚ ਧਰਤੀ ਉਪਰ ਲੋਟ-ਪੋਟ ਹੋ ਰਹੇ ਹੋਣ।
7. (ਕੁਝ ਸਹਿਮੇ ਤੇ ਡਰੇ ਹੋਏ ਰਾਖਸ਼ਾਂ) ਨੂੰ ਦੇਵੀ ਨੇ ਖੂੰਜਿਆਂ ਤੇ ਝਾੜਾਂ ਵਿਚੋਂ ਚੁਣ ਚੁਣ ਕੇ ਇਉਂ ਕੱਢ ਲਿਆ ਹੈ, ਜਿਵੇਂ ਨਿਆਰੀਆ ਰੇਤ ਵਿਚੋਂ ਸੋਨੇ ਨੂੰ ਕੱਢ ਲੈਂਦਾ ਹੈ।
8. ਗੁਰਜ, ਤ੍ਰਿਸੂਲਾਂ, ਬਰਛੀਆਂ ਅਤੇ ਤੀਰ ਬੜੀ ਤੇਜ਼ੀ ਨਾਲ ਚਲ ਰਹੇ ਹਨ (ਮਾਨੋ ਹਥਿਆਰਾਂ ਦੀ ਬਰਖਾ ਹੋ ਰਹੀ ਹੈ)।
9. ਹਥਿਆਰਾਂ ਦੀ ਚੋਟ ਨਾਲ, ਕ੍ਰੋਧਵਾਨ ਸੂਰਮੇ ਇਉਂ ਮਰ ਰਹੇ ਹਨ, ਜਿਵੇਂ ਕਾਲੇ ਨਾਗ ਉਨ੍ਹਾਂ ਨੂੰ ਡੱਸ ਰਹੇ ਹਨ ਅਤੇ ਉਹ ਝੂੰਜੇ ਡਿਗ ਰਹੇ ਹਨ।

— ੦ —

Namdhari Elibrary NamdhariElibrary@gmail.com

(੯)

ਪਉੜੀ :—

1. ਦੇਖਨ [1]ਚੰਡ ਪ੍ਰਚੰਡ ਨੂੰ ਰਣ ਘੁਰੇ ਨਗਾਰੇ ॥
2. ਧਾਏ ਰਾਕਸ ਰੋਹਲੇ ਚਉਗਿਰਦੇ ਭਾਰੇ ॥
3. ਹੱਥੀਂ ਤੇਗਾਂ ਪਕੜਿਕੈ ਰਣ ਭਿੜੇ [2]ਕਰਾਰੇ ॥
4. ਕਦੇ ਨ ਨੱਠੇ ਜੁਧ ਤੇ ਜੋਧੇ [3]ਜੁਝਾਰੇ ॥
5. ਦਿਲ ਵਿਚ ਰੋਹ [4]ਬਢਾਇਕੈ ਮਾਰਿ ਮਾਰਿ ਪੁਕਾਰੇ ॥
6. ਮਾਰੇ ਚੰਡ ਪ੍ਰਚੰਡ ਨੈ ਬੀਰ ਖੇਤ ਉਤਾਰੇ ॥
7. ਮਾਰੇ ਜਾਪਨ ਬਿਜੁਲੀ ਸਿਰਭਾਰ ਮੁਨਾਰੇ ॥ ੯ ॥

(੯)

1. ਜੋਸ਼-ਭਰਪੂਰ ਚੰਡੀ ਦੇ ਤੇਜ ਨੂੰ ਦੇਖਦਿਆਂ ਹੀ ਰਣ ਵਿਚ ਧੌਂਸੇ, ਨਗਾਰੇ ਗੂੰਜ ਉਠੇ।
2. ਗੁੱਸੇ ਨਾਲ ਲਾਲ ਪੀਲੇ ਹੋਏ ਰਾਖਸ਼ ਚੌਹਾਂ ਬੰਨਿਆਂ ਤੋਂ ਦੁਰਗਾ ਵਲ ਭੱਜੇ ਆ ਰਹੇ ਹਨ।
3. ਹੱਥਾਂ ਵਿਚ ਤਲਵਾਰਾਂ ਲੈ ਕੇ ਬੜੀ ਸਖ਼ਤ ਲੜਾਈ ਲੜ ਰਹੇ ਹਨ।
4. ਉਹ ਐਸੇ ਲੜਾਕੂ ਜੋਧੇ ਹਨ, ਜੋ ਕਦੀਂ ਵੀ, ਕਿਸੇ ਹਾਲਤ ਵਿਚ ਜੁਧ ਤੋਂ ਮੂੰਹ ਮੋੜਨਾ ਨਹੀਂ ਜਾਣਦੇ।
5. ਦਿਲ ਵਿਚ ਕ੍ਰੋਧ ਵਧਾ ਕੇ, ਰਾਖਸ਼—ਮਾਰ ਲੈ, ਮਾਰ ਲੈ ਦੀ ਰਟ ਲਗਾ ਰਹੇ ਹਨ।
6. ਤੇਜਵਾਨ, ਦੁਰਗਾ ਨੇ, ਰਣ ਵਿਚ ਸੂਰਮਿਆਂ ਦੇ ਸੱਥਰ ਲਾਹ ਦਿੱਤੇ ਹਨ। (ਕਿਸਾਨ ਵਾਂਗ ਫਸਲ ਕੱਟ ਦਿੱਤੀ ਹੈ)।
7. (ਧਰਤੀ ਉਪਰ ਡਿੱਗੇ ਹੋਏ ਸੂਰਮੇ) ਇੰਜ ਜਾਪਦੇ ਹਨ, ਜਿਵੇਂ ਬਿਜਲੀ ਦੇ ਮਾਰੇ ਉਚੇ ਮੁਨਾਰੇ ਸਿਰ ਪਰਨੇ ਡਿਗ ਪਏ ਹੋਣ।

---

1. ਗੁਸੇ ਨਾਲ ਭਰੀ ਦੇਵੀ। 2. ਸਖ਼ਤ। 3. ਜੂਝਣ ਵਾਲੇ। 4. ਵਧਾ ਕੇ।

Namdhari Elibrary NamdhariElibrary@gmail.com

(੧੦)

ਪਉੜੀ :—

1. ਚੋਟ ਪਈ [1]ਦਮਾਮੇ ਦਲਾਂ ਮੁਕਾਬਲਾ ॥
2. ਦੇਵੀ [2]ਦਸਤ ਨਚਾਈ [3]ਸੀਹਣ [4]ਸਾਰ ਦੀ ॥
3. ਪੇਟ, [5]ਮਲੰਦੇ ਲਾਈ ਮਹਿਖੇ ਦੈਤ ਨੂੰ ॥
4. ਗੁਰਦੇ [6]ਆਂਦਾ ਖਾਈ ਨਾਲੇ [7]ਰੁਕੜੇ ॥
5. ਜੇਹੀ ਦਿਲ ਵਿਚ ਆਈ ਕਹੀ ਸੁਣਾਇਕੈ ॥
6. ਚੋਟੀ ਜਾਣੁ ਦਿਖਾਈ ਤਾਰੇ [8]ਧੂਮ ਕੇਤ ॥ ੧੦ ॥

(੧੦)

1. ਨਗਾਰੇ ਉਪਰ ਚੋਟ ਪਈ, ਤਦ ਫੌਜਾਂ ਮੁਕਾਬਲੇ ਲਈ ਡੱਟ ਗਈਆਂ ।
2. ਇਹ ਵੇਖ ਦੇਵੀ ਨੇ ਆਪਣੇ ਹੱਥ ਵਿਚ ਫੌਲਾਦੀ ਤਲਵਾਰ ਨੂੰ ਨਚਾਇਆ, (ਘੁੰਮਾਇਆ) ।
3. ਬਕਵਾਸੀ ਮਹਿਖਾਸੁਰ ਦੇ ਪੇਟ ਵਿਚ ਤਲਵਾਰ ਖੋਭ (ਘੋਂਪ) ਦਿਤੀ । (ਉਸ ਵੇਲੇ ਕ੍ਰੋਧ ਵਿਚ ਮਹਿਖਾਸੁਰ ਬਕਵਾਸ ਕਰ ਰਿਹਾ ਸੀ) ।
4. (ਤਲਵਾਰ ਇਤਨੇ ਜ਼ੋਰ ਦੀ ਲਗੀ) ਜੋ ਗੁਰਦੇ, ਆਂਦਰਾਂ ਅਤੇ ਪੱਸਲੀਆਂ ਨੂੰ ਖਾਂਦੀ ਅਤੇ ਤੋੜਦੀ (ਦੂਜੇ ਪਾਸੇ ਜਾ ਨਿਕਲੀ) ।
5. ਇਸ ਤਲਵਾਰ ਦੀ ਉਪਮਾ ਜਿਹੋ ਜਿਹੀ ਮੇਰੇ ਦਿਲ ਵਿਚ ਆਈ, ਉਸੇ ਤਰ੍ਹਾਂ ਮੈਂ ਕਹਿ ਕੇ ਸੁਣਾ ਦਿੱਤੀ ਹੈ ।
6. (ਇਹ ਤਲਵਾਰ ਨਹੀਂ ਸੀ, ਸਗੋਂ ਰਾਖਸ਼ਾਂ ਲਈ) ਮਾਨੋ ਬੋਦੀ ਵਾਲੇ ਤਾਰੇ ਨੇ ਚੋਟੀ ਦਿਖਾ ਦਿਤੀ ਹੈ (ਕਹਿਰ ਢਾ ਦਿਤਾ ਹੈ) ।

---

1. ਧੌਂਸਾ । 2. ਹੱਥ । 3. ਸ਼ੇਰਨੀ, ਤਲਵਾਰ । 4. ਲੋਹਾ, ਫੌਲਾਦ, ਅਸਪਾਤ । 5. ਬਕਵਾਸੀ, ਮਾੜੇ ਬਚਨ ਬੋਲਣ ਵਾਲਾ । 6. ਆਂਦਰਾਂ । 7. ਪੱਸਲੀਆਂ, ਬੱਖੀਆਂ । 8. ਬੋਦੀ ਵਾਲਾ ਸਿਤਾਰਾ, ਦੁਖਾਂ ਦਾ ਚਿਨ੍ਹ ।

Namdhari Elibrary NamdhariElibrary@gmail.com

(੧੧)

ਪਉੜੀ :—

1. ਚੋਟਾਂ ਪਵਨ ਨਗਾਰੇ [1]ਅਣੀਆਂ ਜੁਟੀਆਂ ॥
2. ਧੂਹ ਲਈਆਂ ਤਰਵਾਰੀ ਦੇਵਾ ਦਾਨਵੀ ॥
3. ਵਾਹਨ ਵਾਰੋ ਵਾਰੀ ਸੂਰੇ [2]ਸੰਘਰੇ ॥
4. ਵਗੈ ਰਤੁ [3]ਝੁਲਾਰੀ ਜਿਉ ਗੇਰੂ [4]ਬਸਤ੍ਰਾ* ॥
5. ਦੇਖਨ ਬੈਠ [5]ਅਟਾਰੀ ਨਾਰੀ ਰਾਕਸਾਂ ॥
6. ਪਾਈ [6]ਧੂਮ [7]ਸਵਾਰੀ [8]ਦੁਰਗਾ ਦਾਨਵੀ ॥ ੧੧ ॥

(੧੧)

1. ਧੌਂਸਿਆਂ ਉਪਰ ਚੋਟ ਪਈ ਜਿਸ ਨੂੰ ਸੁਣ, ਫੌਜਾਂ ਜੁੱਧ ਲਈ ਆਪਸ ਵਿਚ ਜੁਟ ਗਈਆਂ ।
2. ਦੇਵਤਿਆ ਅਤੇ ਦੈਂਤਾਂ ਨੇ (ਕੱਟ-ਵੱਢ ਲਈ) ਤਲਵਾਰਾਂ ਧੂਹ ਲਈਆਂ ਹਨ ।
3. ਰਣ-ਭੂਮੀ ਵਿਚ ਸੂਰਮੇ ਵਾਰੋ-ਵਾਰੀ ਜੰਗੀ ਹਥਿਆਰ ਚਲਾ ਰਹੇ ਹਨ ।
4. ਲਹੂ ਦੇ ਪ੍ਰਨਾਲੇ ਇੰਜ (ਰਾਖਸ਼ਾਂ ਦੇ ਸਰੀਰਾਂ ਵਿਚੋਂ) ਵਗ ਰਹੇ ਹਨ, ਮਾਨੋ ਪਹਾੜ ਉਪਰੋਂ ਗੇਰੂ ਰੰਗ ਦਾ ਪਾਣੀ ਡਿਗ ਰਿਹਾ ਹੈ ।
5. ਰਾਖਸ਼ਾਂ ਦੀਆਂ ਇਸਤ੍ਰੀਆਂ ਉਚੇ ਮਹਿਲਾਂ ਉਪਰ ਬੈਠੀਆਂ ਜੁਧ ਦੇਖ ਰਹੀਆਂ ਹਨ ।
6. 'ਰਣ-ਖੇਤ ਵਿਚ' ਦੁਰਗਾ ਅਤੇ ਦੈਂਤਾਂ ਦੀਆਂ ਸਵਾਰੀਆਂ (ਰਥ, ਘੋੜਿਆਂ ਆਦਿ) ਨੇ ਸ਼ੋਰ ਮਚਾਇਆ ਹੋਇਆ ਸੀ ।

---

1. ਫੌਜਾਂ, ਸੈਨਾਵਾਂ । 2. ਜੁਧ ਵਿਚ ਲੜਾਈ ਵਿਚ । 3. ਝਲਾਰਾਂ ਵਾਂਗ । 4. ਆਬ (ਜਲ) ਉਤ੍ਰਾ—ਉਤਰਿਆ ਪਾਣੀ ਡਿਗਿਆ । 5. ਮਹਿਲ, ਉਚਾ ਚੁਬਾਰਾ । 6. ਰੌਲਾ, ਸ਼ੋਰ । 7. ਬਾਹਣ, ਘੋੜੇ ਆਦਿ ਸਵਾਰੀਆਂ । 8. ਦੁਰਗਮ ਦੈਂਤਾਂ ਦੇ ਮਾਰਨ ਵਾਲੀ ਦੇਵੀ ।

*ਇਹ ਸ਼ਬਦ "ਗੇਰੂ ਬਸਤ੍ਰਾ" ਨਹੀਂ ਸਗੋਂ ਗੇਰੂ ਬਾਬਤ੍ਰਾ" ਹੈ ਗੇਰੂ=ਗੇਰੂ ਰੰਗ, ਬਾਬ=ਬ+ਅ ਵ =ਪਾਣੀ ਸਹਿਤ ਤ੍ਰ = ਉਤਰਿਆ—ਭਾਵ ਲਾਲ ਰੰਗ ਦਾ ਪਾਣੀ ਪਹਾੜ ਤੋਂ ਡਿਗ ਰਿਹਾ ਹੈ ।

Namdhari Elibrary NamdhariElibrary@gmail.com

(੧੨)

ਪਉੜੀ :—

1. ਲੱਖ ਨਗਾਰੇ ਵੱਜਨ ਆਮ੍ਹੋ ਸਾਮ੍ਹਣੇ ॥
2. ਰਾਕਸ ਰਣੋ ਨ ਭੱਜਨ ਰੋਹੇ ਰੋਹਲੇ ॥
3. ਸੀਹਾਂ ਵਾਙੂ ਗੱਜਨ ਸਭੇ ਸੂਰਮੇ ॥
4. ਤਣਿ [1]ਤਣਿ [2]ਕੈਬਰ ਛੱਡਣ ਦੁਰਗਾ ਸਾਮ੍ਹਣੇ ॥ ੧੨ ॥

(੧੨)

1. ਮੈਦਾਨ-ਏ-ਜੰਗ (ਰਣ-ਖੇਤਰ) ਵਿਚ ਲਖਾਂ ਹੀ ਨਗਾਰੇ ਵਜ ਰਹੇ ਹਨ।
2. ਰਾਖਸ਼ ਕ੍ਰੋਧ ਨਾਲ ਭਰੇ ਹੋਏ ਹਨ, ਰਣ ਵਿਚੋਂ (ਇੰਨੀ ਮਾਰ ਖਾ ਕੇ ਵੀ) ਭਜਦੇ ਨਹੀਂ ਹਨ।
3. ਸ਼ੇਰ-ਬਬਰ ਵਾਂਗ ਸੂਰਮੇ ਬੁਕ ਰਹੇ ਹਨ :
4. ਮਨੁਖਾਂ ਨੂੰ ਕੰਨਾਂ ਤਕ ਖਿੱਚ ਖਿੱਚ ਕੇ ਦੇਵੀ ਸਾਹਮਣੇ ਤੀਰ ਛਡ ਰਹੇ ਹਨ (ਦੁਰਗਾ ਨੂੰ ਤੀਰ ਮਾਰ ਰਹੇ ਹਨ)।

---

1. ਖਿੱਚ-ਖਿੱਚ ਕੇ। 2. ਤੀਰ।

Namdhari Elibrary NamdhariElibrary@gmail.com

ਪਉੜੀ :—

(੧੩)

1. [1]ਘੁਰੇ ਨਗਾਰੇ ਦੋਹਰੇ ਰਣ [2]ਸੰਗਲੀਆਲੇ ॥
2. [3]ਧੂੜਿ ਲਪੇਟੇ [4]ਧੂਹਰੇ ਸਿਰਦਾਰ [5]ਜਟਾਲੇ ॥
3. ਉਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ ॥
4. [6]ਧਾਏ ਦੇਵੀ ਸਾਹਮਣੇ ਬੀਰ [7]ਮੁਛਲੀਆਲੇ ॥
5. [8]ਸੁਰਪਤ ਜੇਹੇ ਲੜ ਹਟੇ ਬੀਰ ਟਲੇ ਨ ਟਾਲੇ ॥
6. ਗੱਜੇ ਦੁਰਗਾ ਘੇਰਿ ਕੈ ਜਣੁ [9]ਘਣੀਅਰ ਕਾਲੇ ॥ ੧੩ ॥

(੧੩)

1. ਰਣ-ਭੂਮੀ ਵਿਚ ਦੋਹਰੇ ਜ਼ੰਜੀਰਦਾਰ ਨਗਾਰੇ ਵੱਜੇ ।
2. ਜਟਾ-ਜੂਟ ਦੈਂਤ ਸਿਰਦਾਰ ਘਟੇ ਵਿਚ ਲੇਥੂ ਪੇਥੂ ਹੋ ਗਏ ਹਨ ।
3. ਇਨ੍ਹਾਂ ਦੈਂਤਾਂ ਦੀਆਂ ਨਾਸਾਂ ਉਖਲੀਆਂ ਵਾਂਗ ਅਤੇ ਮੂੰਹ ਆਲਿਆਂ ਵਰਗੇ ਹਨ (ਭਿਆਨਕ ਸ਼ਕਲਾਂ ਹਨ) ।
4. ਉਹ ਵਡੀਆਂ-ਵਡੀਆਂ ਮੁੱਛਾਂ ਵਾਲੇ ਸੂਰਮੇ ਦੇਵੀ ਦੇ ਰੂਬਰੂ ਭਜਦੇ ਹੋਏ ਆਏ ।
5. ਜਿਨ੍ਹਾਂ ਨਾਲ ਸੁਰਗ ਦੇ ਰਾਜੇ ਇੰਦਰ ਵਰਗੇ ਸੂਰਮੇ ਲੜ ਹਟੇ ਹਨ (ਹਾਰ ਖਾ ਗਏ ਹਨ) ਪਰ ਉਹ ਸੂਰਮੇ ਰਣ ਵਿਚੋਂ ਕਿਸੇ ਦੇ ਹਟਾਏ ਨਹੀਂ ਹਟ ਸਕੇ ।
6. ਦੁਰਗਾ ਨੂੰ ਚੌਹਾਂ ਬੰਨਿਆਂ ਤੋਂ ਘੇਰ ਕੇ ਇੰਜ ਗੱਜੇ ਜਿਵੇਂ ਕਾਲੇ ਬੱਦਲ ਗਜਦੇ ਹਨ (ਜਾਂ ਕਾਲਿਆਂ ਬੱਦਲਾਂ ਵਿਚ ਬਿਜਲੀ ਕੜਕਦੀ ਹੈ ।)

---

1. ਵਜੱਣ ਲਗੇ । 2. ਜ਼ੰਜੀਰਾਂ ਵਾਲੇ । 3. ਧੂਲ, ਮਿੱਟੀ । 4. ਧੂਲ ਵਿਚ ਭਰੇ । 5. ਜਟਾਂ ਵਾਲੇ, ਲੰਮੇ ਕੇਸਾਂ ਵਾਲੇ । 6. ਗਏ । 7. ਮੁੱਛਾਂ ਵਾਲੇ । 8. ਸੁਰਗ-ਪਤੀ, ਇੰਦਰ । 9. ਬੱਦਲ ।

Namdhari Elibrary NamdhariElibrary@gmail.com

(੧੪)

ਪਉੜੀ :—

1. ਚੋਟ ਪਈ [1]ਖਰਚਾਮੀ ਦਲਾਂ ਮੁਕਾਬਲਾ ॥
2. ਘੇਰ ਲਈ [2]ਵਰਿਆਮੀ ਦੁਰਗਾ ਆਇਕੈ ॥
3. ਰਾਕਸ ਵਡੇ [3]ਅਲਾਮੀ ਭੱਜ ਨ ਜਾਣਦੇ ॥
4. ਅੰਤ ਹੋਏ [4]ਸੁਰਗਾਮੀ ਮਾਰੇ ਦੇਵਤਾ ॥ ੧੪ ॥

(੧੪)

1. ਖੋਤੇ ਦੀ ਖੱਲ ਨਾਲ ਮੜ੍ਹੇ ਧੌਂਸਿਆਂ ਉਪਰ ਚੋਟ ਪਈ, ਦੋਵੇਂ ਫੌਜਾਂ ਮੁਕਾਬਲੇ ਲਈ ਜੁੱਟ ਪਈਆਂ।
2. ਸੂਰਮੇ ਦੈਂਤਾਂ ਨੇ ਦੁਰਗਾ ਨੂੰ ਆ ਘੇਰਿਆ।
3. ਇਹ ਜੰਗਜੂ ਰਾਖਸ਼ ਯੁਧ ਵਿਦਿਆ ਵਿਚ ਬੜੇ ਨਿਪੁੰਨ ਤੇ ਤਜਰਬੇਕਾਰ ਸਨ, ਰਣ ਵਿਚੋਂ ਭਜੱਣਾ ਤੇ ਜਾਣਦੇ ਹੀ ਨਹੀਂ ਸਨ।
4. (ਇਹ ਦੇਖ ਦੇਵੀ ਨੇ ਉਹ ਮਾਰ ਮਾਰੀ) ਕਿ ਦੇਵੀ ਦੇ ਮਾਰੇ ਹੋਏ ਰਾਖਸ਼ ਅੰਤ ਨੂੰ ਸੁਰਗਵਾਸੀ ਹੋ ਗਏ (ਮਾਰੇ ਗਏ)।

— o —

---

1. ਖੋਤੇ ਦੇ ਚੰਮ ਨਾਲ ਮੜ੍ਹਿਆ ਧੌਂਸਾ। 2. ਸੂਰਮਿਆਂ। 3. ਆਲਮ, ਵਿਦਵਾਨ, ਤਜਰਬੇਕਾਰ, ਹੁਸ਼ਿਆਰ, ਯੁਧ ਵਿਦਿਆ ਵਿਚ ਨਿਪੁੰਨ। 4. ਸੁਰਗ-ਵਾਸੀ ਹੋ ਗਏ, ਮਰ ਗਏ।

Namdhari Elibrary NamdhariElibrary@gmail.com

(੧੫)

ਪਉੜੀ :—

1. [1]ਅਗਣਤ ਘੁਰੇ ਨਗਾਰੇ ਦਲਾਂ ਭਿੜੰਦਿਆਂ ॥
2. ਪਾਏ [2]ਮਹਖਲ ਭਾਰੇ ਦੇਵਾਂ ਦਾਨਵਾਂ ॥
3. ਵਾਹਨ ਫੱਟ ਕਰਾਰੇ ਰਾਕਸਿ ਰੋਹਲੇ ॥
4. ਜਾਪਣ [3]ਤੇਗੀਆਰੇ ਮਿਆਨੋ ਧੂਹੀਆਂ ॥
5. ਜੋਧੇ ਵਡੇ ਮੁਨਾਰੇ ਜਾਪਨ ਖੇਤ ਵਿਚਿ ॥
6. ਦੇਵੀ ਆਪ ਸਵਾਰੇ [4]ਪੱਬ [5]ਜਵੇਹਣੇ ॥
7. ਕਦੇ ਨ ਆਖਨ ਹਾਰੇ ਧਾਵਨ ਸਾਮ੍ਹਣੇ ॥
8. ਦੁਰਗਾ ਸਭ [6]ਸੰਘਾਰੇ ਰਾਕਸਿ [7]ਖੜਗ ਲੈ ॥ ੧੫ ॥

(੧੫)

1. ਫ਼ੌਜਾਂ ਦੇ ਭੇੜ (ਮੁਕਾਬਲਾ ਕਰਦਿਆਂ) ਸਮੇਂ ਬੇਸ਼ੁਮਾਰ ਜੰਗੀ ਨਗਾਰੇ ਗੂੰਜ ਉਠੇ ।
2. ਦੇਵਤਿਆਂ ਅਤੇ ਦੈਂਤਾਂ ਵਿਚਕਾਰ ਝੋਟਿਆਂ ਦੇ ਘੋਲ ਵਰਗਾ ਯੁਧ ਮਚ ਗਿਆ ।
3. ਗੁਸੇ ਨਾਲ ਭਰੇ ਰਾਖਸ਼ ਕਰੜੀ-ਮਾਰ ਮਾਰ ਰਹੇ ਸਨ ।
4. ਮਿਆਨਾਂ ਵਿਚੋਂ ਸੂਤੀਆਂ ਹੋਈਆਂ ਸ਼ਮਸ਼ੀਰਾਂ, ਮਾਨੋ ਆਰੀਆਂ ਜਾਪਦੀਆਂ ਹਨ (ਸੂਰਮਿਆਂ ਦੇ ਮੌਛੇ ਪਾਉਣ ਲਈ) ।
5. ਰਣ-ਭੂਮੀ ਵਿਚ (ਡਿਗੇ ਹੋਏ ਤੇ ਲੜਦੇ ਹੋਏ) ਸੂਰਮੇ, ਉਚੇ ਤੇ ਬੁਲੰਦ (ਡਿਗੇ ਹੋਏ) ਮੁਨਾਰੇ ਜਾਪਦੇ ਸਨ ।
6. ਪਰਬਤ-ਕੱਦ ਰਾਖਸ਼ਾਂ ਨੂੰ ਦੇਵੀ (ਮਹਾਂ-ਮਾਈ) ਨੇ ਆਪਣੇ ਹਥੀਂ ਮਾਰਿਆ ਤੇ ਸਵਾਰਿਆ ।
7. ਦੇਵੀ ਦਾ ਮੁਕਾਬਲਾ ਉਨ੍ਹਾਂ ਰਾਖਸ਼ਾਂ ਨਾਲ ਹੋਇਆ ਜਿਨ੍ਹਾਂ ਨੇ ਕਦੇ ਵੀ ਆਪਣੀ ਹਾਰ ਨਹੀਂ ਮੰਨੀ ਸੀ। ਇਹ ਸੂਰਮੇ ਵਧ-ਵਧ ਕੇ ਦੇਵੀ ਸਾਹਮਣੇ ਆਉਂਦੇ ਹਨ ।
8. ਦੇਵੀ ਨੇ ਦੋ ਧਾਰੀ ਤਲਵਾਰ ਲੈ ਕੇ ਸਾਰੇ ਦੈਂਤਾਂ ਦੀ ਅਲਖ ਲਾਹ ਦਿਤੀ (ਮਾਰ ਸੁਟੇ) ।

---

1. ਬੇਸ਼ੁਮਾਰ । 2. ਝੋਟੇ ਵਰਗਾ ਯੁਧ, ਸ਼ੋਰ, ਅੜਾਟ, ਖਲਬਲੀ, ਝੋਟੇ ਦਾ ਭੇੜ । 3. ਆਰੀਆਂ ਵਰਗੀਆਂ ਤਲਵਾਰਾਂ । 4. ਪਰਬਤ, ਪਹਾੜ । 5. ਵਰਗੇ । 6. ਮਾਰ ਸੁਟੇ । 7. ਤਲਵਾਰ ।

Namdhari Elibrary NamdhariElibrary@gmail.com

(੧੬)

ਪਉੜੀ :—

1. [1]ਉਮਲ ਲਥੇ ਜੋਧੇ [2]ਮਾਰੂ ਬੱਜਿਆ ॥
2. ਬੱਦਲ ਜਿਉ ਮਹਿਖਾਸੁਰ ਰਣ ਵਿਚਿ ਗੱਜਿਆ ॥
3. ਇੰਦ੍ਰ ਜੇਹਾ ਜੋਧਾ ਮੈਥਉ ਭੱਜਿਆ ॥
4. ਕਉਣੁ ਵਿਚਾਰੀ ਦੁਰਗਾ ਜਿਨ ਰਣੁ [3]ਸਜਿਆ ॥ ੧੬ ॥

(੧੬)

1. ਜਦ ਜੰਗੀ ਨਗਾਰਾ ਵਜਿਆ, ਤਦ ਉਤਸ਼ਾਹ ਪੂਰਣ ਜੋਧੇ (ਰਣ-ਭੂਮੀ ਵਿਚ) ਲੜਨ ਲਈ ਆ ਉੱਤਰੇ ।
2. ਮਹਿਖਾਸੁਰ ਮਹਾਂਬਲੀ ਦੈਂਤ ਰਣ ਵਿਚ ਆ ਕੇ ਬੱਦਲ ਵਾਂਗ ਗੱਜਿਆ, (ਸ਼ੇਰ ਵਾਂਗ ਬੁਕਿਆ) ਅਤੇ ਕਿਹਾ :—
3. ਇੰਦਰ ਵਰਗਾ ਸੂਰਮਾ, ਮੇਰੇ ਮੁਕਾਬਲੇ ਵਿਚ ਠਹਿਰ ਨਹੀਂ ਸਕਿਆ (ਹਾਰ ਗਿਆ) ।
4. ਫੇਰ ਇਹ ਦੇਵੀ ਦੁਰਗਾ ਕੌਣ ਹੈ ? ਜਿਸ ਨੇ ਮੇਰੇ ਨਾਲ ਜੰਗ ਵਿਢਿਆ ਹੈ । (ਦੇਵੀ ਕਿਹੜੇ ਬਾਗ ਦੀ ਮੂਲੀ ਹੈ) ।

— o —

1. ਉੱਲਰ ਉੱਲਰ, ਉਤਸ਼ਾਹ ਭਰਪੂਰ । 2. ਜੰਗੀ ਨਗਾਰਾ । 3. ਰਣ ਸਜਾਇਆ, ਲੜਨ ਵਾਲੀ ।

Namdhari Elibrary NamdhariElibrary@gmail.com

(੧੭)

ਪਉੜੀ :—

1. ਢੱਜੇ (ਵੱਜੇ) ਢੋਲ ਨਗਾਰੇ ਦਲਾਂ ਮੁਕਾਬਲਾ ॥
2. ਤੀਰ ਫਿਰੈ [1]ਰੈਬਾਰੇ ਆਮ੍ਹੋ ਸਾਮ੍ਹਣੇ ॥
3. ਅਗਣਤ ਬੀਰ ਸੰਘਾਰੇ ਲਗਦੀ [2]ਕੈਬਰੀ ॥
4. ਡਿੱਗੇ ਜਾਣਿ ਮੁਨਾਰੇ ਮਾਰੇ [3]ਬਿਜੁਦੇ ॥
5. ਖੁਲੀ ਵਾਲੀਂ ਦੈਂਤ [4]ਅਹਾੜੇ ਸਭੇ ਸੂਰਮੇ ॥
6. ਸੁਤੇ ਜਾਣ ਜਟਾਲੇ ਭੰਗਾਂ ਖਾਇਕੈ ॥ ੧੭ ॥

(੧੭)

1. ਜੰਗੀ ਢੋਲ ਨਗਾਰੇ ਅਤੇ (ਬਿਗਲ) ਵੱਜੇ, ਤਦ ਫੌਜਾਂ ਦਾ ਮੁਕਾਬਲਾ ਸ਼ੁਰੂ ਹੋਇਆ।
2. ਤੀਰ ਆਮ੍ਹੋ ਸਾਹਮਣੇ ਇਉਂ ਫਿਰ ਰਹੇ ਹਨ, ਮਾਨੋ ਇਕ ਦੂਜੇ ਦੀ ਅਗਵਾਈ ਕਰ ਰਹੇ ਸਨ।
3. ਤੀਰਾਂ ਦੇ ਫੱਟਾਂ ਨਾਲ ਬੇਸ਼ੁਮਾਰ ਸੂਰਮੇ ਦਮ ਤੋੜ ਗਏ ਸਨ।
4. ਪਰਬਤ-ਕੱਦ ਸੂਰਮੇ ਰਣ ਵਿਚ ਡਿਗੇ ਇਉਂ ਜਾਪਦੇ ਹਨ, ਮਾਨੋਂ ਬਿਜਲੀ ਦੇ ਮਾਰੇ ਮੁਨਾਰੇ ਢੱਠੇ ਪਏ ਹਨ।
5. ਖੁਲ੍ਹਿਆਂ ਵਾਲਾਂ ਵਾਲੇ (ਬਦਸੂਰਤ) ਦੈਂਤ, ਸੂਰਮੇ ਭੌਂਦਿਆਂ ਵਾਂਗ ਅਰੜਾ ਰਹੇ ਸਨ, ਹਾ ! ਹਾ !! ਕਾਰ ਕਰ ਰਹੇ ਸਨ।
6. ਭੂਮੀ ਉਪਰ ਲੇਟੇ ਹੋਏ ਸੂਰਮੇ ਖੁਲ੍ਹੇ ਵਾਲੀਂ ਇਉਂ ਜਾਪਦੇ ਹਨ ਜਿਵੇਂ ਭੰਗ ਪੀ ਕੇ ਜਟਾਂ ਵਾਲੇ ਸਾਧੂ ਸੁਤੇ ਪਏ ਹੋਣ।

— o —

1. ਰਹਬਰੀ ਕਰਨ ਵਾਲੇ, ਰਾਹ ਦਿਖਾਉਣ ਵਾਲੇ, ਆਗੂ 2, ਤੀਰਾਂ ਨਾਲ। 3. ਬਿਜਲੀ, ਮੁਸੀਬਤ। 4. ਅੜ ਕੇ, ਹਾ ਹਾ ਕਾਰ ਕਰਦੇ ਸਨ।

Namdhari Elibrary NamdhariElibrary@gmail.com

(੧੮)

ਪਉੜੀ :—

1. ਦੁਹਾਂ ਕੰਧਾਰਾ ਮੁਹਿ ਜੁੜੇ ਨਾਲਿ [1]ਧਉਸਾ ਭਾਰੀ ॥
2. ਕੜਕ ਉਠਿਆ ਫਉਜ ਤੇ ਵਡਾ ਅਹੰਕਾਰੀ ॥
3. ਲੈ ਕੇ ਚਲਿਆ ਸੂਰਮੇ ਨਾਲਿ ਵਡੇ ਹਜਾਰੀ ॥
4. ਮਿਆਨੋ ਖੰਡਾ ਧੂਹਿਆ ਮਹਖਾਸੁਰ ਭਾਰੀ ॥
5. ਉਮਲ ਲੱਥੇ ਸੂਰਮੇ ਮਾਰ ਮਚੀ ਕਰਾਰੀ ॥
6. ਜਾਪੇ ਚੱਲੇ ਰੱਤ ਦੇ [2]ਸਲਲੇ [3]ਜਟਧਾਰੀ ॥ ੧੮ ॥

(੧੮)

1. ਯੁੱਧ ਕਰਨ ਲਈ ਦੋਹਾਂ ਫੌਜਾਂ ਦੀਆਂ ਕਤਾਰਾਂ ਦੇ ਮੂੰਹ ਜੁੜ ਗਏ, ਨਾਲ ਹੀ ਯੁੱਧ ਦੇ ਨਗਾਰੇ ਵਜ ਉਠੇ।
2. ਮਹਿਖਾਸੁਰ, ਮਹਾਂ ਹੰਕਾਰੀ ਦੈਂਤ ਇਸ ਵੇਲੇ ਫੌਜਾਂ ਉਪਰ ਬੱਦਲ ਵਾਂਗ ਗਜਿੱਆ ਤੇ ਬਿਜਲੀ ਵਾਂਗ ਕੜਕਿਆ।
3. ਆਪਣੇ ਨਾਲ ਹਜ਼ਾਰਾਂ ਦੀ ਸੰਖਿਆ ਵਿਚ ਬਲਵਾਨ ਸੂਰਮੇ ਲੈ ਕੇ ਲੜਾਈ ਲਈ ਚਲਿਆ।
4. ਹਮਲਾ ਕਰਨ ਲਈ ਮਹਿਖਾਸੁਰ ਨੇ ਮਿਆਨੋਂ ਭਾਰਾ ਖੰਡਾ ਧੂ ਲਿਆ (ਹਥ ਵਿਚ ਫੜ ਕੇ ਮਾਰਨ ਲਈ ਸੂਤ ਲਿਆ)।
5. ਉਤਸ਼ਾਹ ਭਰਪੂਰ ਸੂਰਮੇ ਰਣ ਖੇਤਰ ਵਿਚ ਉਤਰ ਆਏ ਫਲ ਸਰੂਪ ਸਖਤ ਲੜਾਈ (ਵੱਢ-ਕੱਟ) ਸ਼ੁਰੂ ਹੋਈ।
6. ਸੂਰਮਿਆਂ ਦੇ ਸਿਰ ਦੇ ਫੱਟਾਂ ਵਿਚੋਂ ਲਹੂ ਇੰਜ ਡਿਗ ਰਿਹਾ ਹੈ, ਜਿਵੇਂ ਸ਼ਿਵਜੀ ਦੇ ਸਿਰ ਵਿਚੋਂ ਗੰਗਾ ਦੀ ਧਾਰ ਡਿਗ ਰਹੀ ਹੋਵੇ—ਭਾਵ ਖੂਨ ਦੇ ਫੁਹਾਰੇ ਛੁਟੇ ਹੋਏ ਸਨ।

— o —

1. ਜੰਗੀ ਨਗਾਰਾ। 2. ਜਲ ਦਾ ਪ੍ਰਵਾਹ। 3. ਜਟਾ-ਧਾਰੀ, ਸ਼ਿਵਜੀ ਜਾਂ ਜਟਾਂ ਵਿਚੋਂ ਨਿਕਲੀ ਗੰਗਾ।

Namdhari Elibrary NamdhariElibrary@gmail.com

(੧੯)

ਪਉੜੀ :—

1. ਸੱਟ ਪਈ [1]ਜਮਧਾਣੀ ਦਲਾਂ ਮੁਕਾਬਲਾ ॥
2. ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ ॥
3. ਚੰਡੀ ਰਾਕਸਿ ਖਾਣੀ ਵਾਹੀ ਦੈਤ ਨੂੰ ॥
4. [2]ਕੋਪਰ [3]ਚੂਰ [4]ਚਵਾਣੀ ਲਥੀ [5]ਕਰਗ ਲੈ ॥
5. [6]ਪਾਖਰ [7]ਤੁਰਾ [8]ਪਲਾਣੀ ਰੜਕੀ ਧਰਤਿ ਜਾਇ ॥
6. ਲੈਂਦੀ [9]ਅਘਾ ਸਿਧਾਣੀ [10]ਸਿੰਗਾਂ [11]ਧਉਲਦਿਆਂ* ॥
7. [12]ਕੂਰਮ ਸਿਰ [13]ਲਹਿਲਾਣੀ ਦੁਸਮਨ ਮਾਰਕੈ ॥
8. ਵਢੇ [14]ਗਨ ਤਿਖਾਣੀ ਮੂਏ ਖੇਤ ਵਿਚ ॥
9. ਰਣ ਵਿਚ ਘੱਤੀ ਘਾਣੀ ਲੋਹੂ [15]ਮਿਝਦੀ ॥
10. ਚਾਰੇ ਜੁਗ ਕਹਾਣੀ ਚਲਗ ਤੇਗ ਦੀ ॥
11. [16]ਬਿਧਣ ਖੇਤ [17]ਵਿਹਾਣੀ [18]ਮਹਖੇ ਦੈਤ ਨੂੰ ॥ ੧੯ ॥

---

1. ਝੋਟੇ ਦੀ ਖਲ ਨਾਲ ਮੜ੍ਹੇ ਹੋਏ ਨਗਾਰੇ, ਜਾਂ ਜਮਪੁਰੀ। 2. ਖੋਪਰੀ, ਖੱਪਰ। 3. ਚੂਰ ਚੂਰ ਹੋਈ। 4. ਟਪਕਾਉਣ ਵਾਲੀ, ਵਗਾਉਣ ਵਾਲੀ। 5. ਪਿੰਜਰ। 6. ਕਾਠੀ। 7. ਘੋੜਾ। 8. ਤਾਰੂ। 9. ਅਗੇ, ਅਗਾਹਾਂ। 10. ਸਿੰਙ। 11. ਚਿੱਟਾ ਬਲਦ ਜਿਸ ਨੇ ਸਿੰਙਾਂ ਉਪਰ ਪ੍ਰਿਥਵੀ ਉਠਾਈ ਹੋਈ ਹੈ। 12. ਕਛੂਕੁੰਮਾ। 13. ਲਹਿਰਾਈ। 14. ਮੋਢੇ, ਡਕਰੇ। 15. ਚਰਬੀ। 16. ਦੁਖ ਦੀ ਘੜੀ। 17. ਵਿਹਾਈ, ਗੁਜ਼ਰੀ, ਬੀਤੀ। 18. ਝੋਟੇ ਦੇ ਸਿਰ ਵਾਲਾ ਦੈਂਤ।

* ਧਉਲ ਤੇ ਕਛੂ ਦਾ ਹਵਾਲਾ ਸਿਧਾਂਤ ਰੂਪ ਵਿੱਚ ਨਹੀਂ ਹੈ, ਸਗੋਂ ਇਹ ਹਵਾਲੇ ਅਤਿਸ਼ਕਤੀ ਅਲੰਕਾਰ ਵਜੋਂ ਆਏ ਹਨ।

Namdhari Elibrary NamdhariElibrary@gmail.com

(੧੯)

1. ਝੋਟੇ ਦੇ ਚੰਮ ਨਾਲ ਮੜ੍ਹੇ ਹੋਏ ਧੌਂਸਿਆਂ ਤੇ ਸੱਟ ਪਈ, ਤਦ ਦੋਹਾਂ ਧਿਰਾਂ ਦੀਆਂ ਫੌਜਾਂ ਮੁਕਾਬਲੇ ਲਈ ਝੱਟ ਚੜੀਆਂ।
2. ਦੁਰਗਾ ਨੇ ਵੀ (ਰੋਹ ਵਿਚ ਭਰ ਕੇ) ਮਿਆਨ ਵਿਚੋਂ ਤਲਵਾਰ ਖਿੱਚ ਕੇ ਸੂਤ ਲਈ।
3. ਦੁਰਗਾ ਨੇ ਤਲਵਾਰ (ਦੇਵੀ ਦਾ ਰੂਪਕ) ਮਹਿਖੇ ਦੈਂਤ ਉਪਰ ਪੂਰੀ ਤਾਕਤ ਨਾਲ ਚਲਾਈ (ਜੋ ਪਹਿਲੋਂ ਬਹੁਤ ਰਾਖਸ਼ ਮਾਰ ਚੁਕੀ ਸੀ)।
4. ਉਹ ਤਲਵਾਰ ਮਹਿਖੇ ਦੀ ਖੋਪੜੀ ਚੂਰ ਕਰਕੇ ਉਸ ਦੇ ਪਿੰਜਰ ਵਿਚ ਜਾਂ ਧੱਸੀ ਪਿੰਜਰ ਤੋਂ ਅਗੇ ਵਧ ਕੇ :—
5. ਕਾਠੀ, ਘੋੜੇ ਤੇ ਤਾਰੂ ਨੂੰ ਚੀਰਦੀ ਹੋਈ ਧਰਤੀ ਨਾਲ ਜਾ ਟਕਰਾਈ ਧਰਤੀ ਨੂੰ ਚੀਰਦੀ ਹੋਈ :—
6. ਅਗਾਂਹ ਵਧ ਕੇ ਧਰਤ ਨੂੰ ਚੁਕਣ ਵਾਲੇ ਬਲਦ ਦੇ ਸਿੰਙਾਂ ਨਾਲ ਜਾ ਰੜਕੀ।
7. ਦੁਸ਼ਮਣ ਨੂੰ ਚੂਰ ਕਰਦੀ ਅਤੇ ਜਾਨੋਂ ਮਾਰਦੀ ਹੋਈ ਤਲਵਾਰ ਸਿੰਙਾਂ ਤੋਂ ਅਗੇ ਵਧ ਕੇ ਕਛੂ ਕੁੰਮੇ ਦੇ ਸਿਰ ਉਪਰ ਜਾ ਲਗੀ।
8. ਮੋਏ ਹੋਏ ਦੈਂਤ (ਵਢੇ-ਕਟੇ ਹੋਏ ਦੈਂਤ) ਰਣ-ਭੂਮੀ ਵਿਚ ਪਏ ਹੋਏ ਇੰਜ ਜਾਪਦੇ ਸਨ, ਮਾਨੋਂ ਤਰਖਾਣ ਨੇ ਮੋਛੇ ਕਟ ਕੇ ਸੁਟੇ ਹੋਏ ਹੋਣ।
9. ਜੁਧ ਭੂਮੀ ਵਿਚ (ਸੂਰਮਿਆਂ ਦੇ) ਲਹੂ ਅਤੇ ਮਿੱਝ (ਚਰਬੀ) ਦੀ ਘਾਣੀ ਮਚੀ ਹੋਈ ਸੀ।
10. ਦੁਰਗਾ ਦੀ ਇਸ ਤਲਵਾਰ ਤੇ ਸੂਰਬੀਰਤਾ ਦੀ ਕਹਾਣੀ ਚੋਹਾਂ ਜੁਗਾਂ ਤਕ ਚਲਦੀ ਰਹੇਗੀ (ਰਹਿੰਦੀ ਦੁਨੀਆਂ ਤਕ)।
11. ਵਾਸਤਵ ਵਿਚ ਮਹਿਖੇ ਦੈਂਤ ਉਪਰ ਦੁਖ ਅਤੇ ਮੁਸੀਬਤ ਦੀ ਘੜੀ ਛਾਈ ਹੋਈ ਸੀ।

— ੦ —

Namdhari Elibrary NamdhariElibrary@gmail.com

(੨੦)

ਪਉੜੀ :—

1. ਇਤੀ ਮਹਖਾਸੁਰ ਦੈਤ ਮਾਰੇ ਦੁਰਗਾ ਆਇਆ ॥
2. ਚਉਦਹ ਲੋਕਾਂ ਰਾਣੀ [1]ਸਿੰਘੁ ਨਚਾਇਆ ॥
3. ਮਾਰੇ ਬੀਰ [2]ਜਟਾਣੀ ਦਲ ਵਿਚਿ ਅਗਲੇ ॥
4. ਮੰਗਣ ਨਾਹੀ ਪਾਣੀ ਦਲੀ [3]ਹੰਕਾਰਕੈ ॥
5. ਜਣ ਕਰੀ [4]ਸਮਾਇ [5]ਪਠਾਣੀ ਸੁਣਿਕੈ ਰਾਗ ਨੂੰ ॥
6. [6]ਰਤੂ ਦੇ [7]ਹੜਵਾਣੀ ਚਲੇ ਬੀਰ ਖੇਤ ॥
7. [8]ਪੀਤਾ ਫੁਲੁ [9]ਇਆਣੀ ਘੁਮਨ ਸੂਰਮੇ ॥ ੨੦ ॥

(੨੦)

1. ਮਹਿਖਾਸੁਰ ਦੇ ਖਤਮ ਹੁੰਦਿਆਂ ਹੋਰ ਦੈਂਤ ਅਗੋਂ ਵਧੇ ਜਿਨ੍ਹਾਂ ਨੂੰ ਦੁਰਗਾ ਨੇ ਮਾਰ ਸੁਟਿਆ।
2. ਚੌਦਾਂ ਲੋਕਾਂ ਦੀ ਮਹਾਰਾਣੀ, ਦੁਰਗਾ ਨੇ ਇਸ ਜਿਤ ਦੀ ਖੁਸ਼ੀ ਵਿਚ ਆਪਣਾ ਸ਼ੇਰ ਨਚਾਇਆ।
3. ਦੁਰਗਾ ਨੇ ਰਾਖਸ਼ੀ ਫੌਜ ਦੇ ਅਗ੍ਰ ਤੇ ਮੌਦੀ ਬੀਰ ਦੈਂਤ, ਜੋ ਲੰਮੀਆਂ ਜਟਾਂ ਵਾਲੇ ਸਨ ਮਾਰ ਦਿਤੇ।
4. ਦਲਾਂ ਨੂੰ ਲਲਕਾਰਦੇ ਹੋਏ, ਭਿੜਨ ਦੇ ਚਾ ਵਿਚ ਸੂਰਮੇ ਪਾਣੀ ਤਕ ਨਹੀਂ ਮੰਗਦੇ।
5. (ਸੂਰਮੇ ਜੁਧ ਲਈ ਇੰਜ ਮਸਤ ਹੋਏ ਦਿਖਾਈ ਦੇ ਰਹੇ ਸਨ), ਮਾਨੋ, ਪਠਾਣ ਰਾਗ (ਸੰਗੀਤ—ਸਮਾਅ) ਨੂੰ ਸੁਣ ਕੇ ਮਸਤ ਹੋਏ-ਹੋਏ ਹਨ (ਹਾਲੋਂ ਬੇਹਾਲ ਹੋ ਗਏ ਹਨ, ਵਜਦ ਹਾਸਲ ਕਰ ਲਿਆ ਹੈ)।
6. ਸੂਰਮਿਆਂ ਦੇ ਸਰੀਰਾਂ ਵਿਚੋਂ ਨਿਕਲ ਲਹੂ ਹੜ ਦੀ ਸ਼ਕਲ ਵਿਚ ਚਲ ਰਿਹਾ ਸੀ।
7. ਸੂਰਮੇ ਰਣ ਵਿਚ ਮਸਤ ਘੁੰਮਦੇ ਹੋਏ ਇੰਜ ਜਾਪਦੇ ਹਨ, ਜਿਵੇਂ ਕਿਸੇ ਇਆਣੇ ਨੇ ਪੋਸਤ ਪੀਤਾ ਹੋਵੇ।

---

1. ਸ਼ੇਰ। 2. ਜਟਾਂ ਵਾਲੇ। 3. ਹੰਕਾਰ ਵਸ। 4. ਮਸਤੀ, ਸਮਾਅ, ਰੂਹਾਨੀ ਗੀਤ। 5. ਪਠਾਣਾਂ ਨੇ। 6. ਲਹੂ। 7. ਹੜ, ਕਾਂਗ। 8. ਅਫੀਮ ਦਾ ਰਸ। 9. ਇਆਣਿਆਂ।

Namdhari Elibrary NamdhariElibrary@gmail.com

(੨੧)

ਪਉੜੀ :—

1. ਹੋਈ [1]ਅਲੋਪੁ [2]ਭਵਾਨੀ ਦੇਵਾਂ ਨੂੰ ਰਾਜ ਦੇ ॥
2. [3]ਈਸਰ ਦੀ [4]ਬਰਦਾਨੀ ਹੋਈ ਜਿੱਤ ਦਿਨ ॥
3. ਸੁੰਭ ਨਿਸੁੰਭ [5]ਗੁਮਾਨੀ ਜਨਮੇ ਸੂਰਮੇ ॥
4. ਇੰਦਰ ਦੀ [6]ਰਾਜਧਾਨੀ ਤੱਕੀ ਜਿੱਤਣੀ ॥ ੨੧ ॥

(੨੧)

1. ਦੇਵਤਿਆਂ ਨੂੰ (ਰਾਖਸ਼ਾਂ ਪਾਸੋਂ ਜਿਤ ਕੇ) ਰਾਜ ਦੇ ਕੇ ਆਪ ਦੁਰਗਾ ਅੰਤਰ ਧਿਆਨ (ਛਪ) ਹੋ ਗਈ।
2. ਜਿਸ ਦਿਨ ਈਸ਼ਵਰ ਦੇ ਦਿਤੇ ਵਰਦਾਨ ਦੀ ਘੜੀ ਆਈ।
3. ਉਸ ਦਿਨ ਹੰਕਾਰ ਨਾਲ ਭਰੇ ਹੋਏ ਸੁੰਭ ਤੇ ਨਿਸੰਭ ਨਾਂ ਦੇ ਦੋ ਹੋਰ ਰਾਖਸ਼ ਪੈਦਾ ਹੋ ਗਏ।
4. ਇਨ੍ਹਾਂ ਨੇ (ਸੁੰਭ ਤੇ ਨਿਸੁੰਭ) ਵੀ ਇੰਦਰ ਦੀ ਰਾਜਧਾਨੀ (ਅਮਰਾਵਤੀ) ਜਿਤਣ ਲਈ ਪੱਕਾ ਇਰਾਦਾ ਕਰ ਲਿਆ।

— o —

1. ਛੁਪ ਗਈ। 2. ਭਗਵਤੀ, ਦੁਰਗਾ, ਚੰਡੀ। 3. ਸ਼ਿਵਜੀ। 4. ਵਰਦਾਤੀ ਘੜੀ। 5. ਹੰਕਾਰੀ। 6. ਰਾਜਧਾਨੀ।

Namdhari Elibrary NamdhariElibrary@gmail.com

(੨੨)

ਪਉੜੀ :—

1. ਇੰਦ੍ਰ [1]ਪੁਰੀ ਤੇ ਧਾਵਣਾ ਵਡ ਜੋਧੀ ਮਤਾ ਪਕਾਇਆ ॥
2. [2]ਸੰਜ [3]ਪਟੇਲਾ ਪਾਖਰਾ ਭੇੜ ਸੰਦਾ ਸਾਜੁ ਬਣਾਇਆ ॥
3. ਜੰਮੇ [4]ਕਟਕ [5]ਅਛੂਹਣੀ ਅਸਮਾਨੁ ਗਰਦੀ ਛਾਇਆ ॥
4. ਰੋਹ ਸੁੰਭ ਨਿਸੁੰਭ ਸਿਧਾਇਆ ॥ ੨੨ ॥

(੨੨)

1. ਮਹਾਂ ਬਲੀ ਸੂਰਮਿਆਂ ਨੇ ਇੰਦਰਪੁਰੀ ਉਪਰ ਹੱਲਾ ਬੋਲਣ ਦਾ ਪੱਕਾ ਮਸ਼ਵਰਾ ਤੇ ਇਰਾਦਾ ਕਰ ਲਿਆ।
2. ਇਸ ਕਾਰਣ ਉਨ੍ਹਾਂ ਨੇ, ਖੋਦ (ਲੋਹੇ ਦਾ ਟੋਪ—ਜ਼ਿਰਾ ਬਕਤਰ ਆਦਿ), ਲੋਹੇ ਦੀਆਂ ਜਾਲੀਆਂ ਪਾਖਰ ਆਦਿ ਜੰਗ ਦਾ ਸਮਾਨ ਤਿਆਰ ਕਰਨਾ ਸ਼ੁਰੂ ਕਰ ਦਿਤਾ।
3. ਕਈ ਖੂਹਣੀਆਂ ਫੌਜਾਂ ਦੀਆਂ ਇਕਠੀਆਂ ਹੋ ਗਈਆਂ, ਜਿਨ੍ਹਾਂ ਦੇ ਪੈਰਾਂ ਨਾਲ ਉਡੇ ਹੋਏ ਘਟੇ ਨੇ ਅਸਮਾਨ ਨੂੰ ਢੱਕ ਲਿਆ।
4. ਕ੍ਰੋਧ ਵਿਚ ਭਰੇ ਹੋਏ ਸੁੰਭ ਨਿਸੁੰਭ, ਅਮਰਾਵਤੀ ਉਪਰ ਧਾਵਾ ਬੋਲਣ ਲਈ ਤੁਰ ਪਏ।

---

1. ਸੁਰਗ। 2. ਸੰਜੋ, ਖੋਦ। 3. ਮੂੰਹ ਢੱਕਣ ਦਾ ਪਰਦਾ, ਲੋਹੇ ਦੀ ਜਾਲੀ। 4. ਫੌਜ, ਸੈਨਾ। 5. ਫੌਜ ਦੀ ਗਿਣਤੀ, 21870 ਹਾਥੀ, 21870 ਰਥ, 65710 ਘੋੜੇ, 109350 ਪੈਦਲ, ਇਕ ਖੂਹਣੀ ਸੈਨਾਂ ਹੈ।

Namdhari Elibrary NamdhariElibrary@gmail.com

(੨੩)

ਪਉੜੀ :—

1. ਸੁੰਭ ਨਿਸੁੰਭ ਅਲਾਇਆ ਵਡਜੋਧੀ [1]ਸੰਘਰਵਾਏ ॥
2. ਰੋਹ ਦਿਖਾਲੀ ਦਿਤੀਆ ਵਰਿਆਮੀ ਤੁਰੇ ਨਚਾਏ ॥
3. ਘੁਰੇ ਦਮਾਮੇ ਦੋਹਰੇ ਜਮ [2]ਬਾਹਣ ਜਿਉ ਅਰੜਾਏ ॥
4. ਦੇਉ ਦਾਨੋ [3]ਲੁਝਣ ਆਏ ॥ ੨੩ ॥

(੨੩)

1. ਸੁੰਭ ਨਿਸੁੰਭ ਨੇ ਸ਼ਾਹੀ (ਫੁਰਮਾਨ—ਹੁਕਮ) ਦਿਤਾ, ਜਿਸ ਦੇ ਫਲ ਸਰੂਪ ਬਲਵਾਨ ਜੋਧਿਆਂ ਨੇ ਜੰਗ ਦੇ ਬਿਗਲ ਵਜਾਏ ।
2. ਬਿਗਲ ਦੀ ਆਵਾਜ਼ ਨੇ ਕ੍ਰੋਧ ਨੂੰ ਮੂਰਤੀਮਾਨ ਕਰ ਦਿਤਾ (ਸੂਰਮਿਆਂ ਨੂੰ ਗੁੱਸਾ ਚੜ੍ਹ ਗਿਆ), ਤੇ ਸੂਰਮਿਆਂ ਨੇ ਘੋੜੇ ਨਚਾਏ ।
3. ਦੋਹਰੇ ਧੌਂਸੇ ਇੰਜ ਗੂੰਜ ਉਠੇ, ਜਿਵੇਂ ਜਮਰਾਜ ਦਾ ਵਾਹਨ, ਝੋਟਾ ਅਰੜਾ ਉਠਿਆ ਹੋਵੇ ।
4. ਦੇਵਤੇ ਅਤੇ ਦੈਂਤ ਦੋਵੇਂ (ਰਣ ਭੂਮੀ ਵਿਚ) ਲੜਨ ਲਈ ਉਤਰ ਪਏ ।

1. ਜੰਗ ਦੇ ਵਾਜੇ ਵਜਾਏ । 2. ਝੋਟਾ । 3. ਜੂਝਣ ।

Namdhari Elibrary NamdhariElibrary@gmail.com

(੨੪)

ਪਉੜੀ :—

1. ਦਾਨੋ ਦੇਉ [1]ਅਨਾਗੀ [2]ਸੰਘੁਰ ਰਚਿਆ ॥
2. ਫੁਲ ਖਿੜੇ ਜਣ ਬਾਗੀਂ ਬਾਣੇ ਜੋਧਿਆਂ ॥
3. ਭੂਤਾਂ ਇਲਾਂ ਕਾਗੀਂ ਗੋਸਤ [3]ਭਖਿਆ ॥
4. ਹੁੰਮੜ [4]ਧੁੰਮੜ ਜਾਗੀ ਘੱਤੀ [5]ਸੂਰਿਆਂ ॥ ੨੪ ॥

(੨੪)

1. ਰਾਖਸ਼ਾਂ ਅਤੇ ਦੇਵਤਿਆਂ ਨੇ ਲਗਾਤਾਰ ਜੁਧ ਕਰਨਾ ਸ਼ੁਰੂ ਕਰ ਦਿਤਾ । (ਇਕ ਰਸ ਜੁਧ ਹੁੰਦਾ ਚਲਿਆ ਜਾ ਰਿਹਾ ਸੀ ।
2. ਜੋਧਿਆਂ ਦੀ ਰੰਗ ਬਰੰਗੀ ਵਰਦੀ ਕਾਰਨ ਰਣ ਵਿਚ ਇੰਜ ਜਾਪਦਾ ਸੀ ਜਿਵੇਂ ਬਾਗ਼ ਵਿਚ ਰੰਗ ਬਰੰਗੇ ਫੁਲ ਖਿੜੇ ਹੋਏ ਹੋਣ ।
3. ਭੂਤ ਇੱਲਾਂ ਅਤੇ ਕਾਂ ਆਦਿ ਮੁਰਦਿਆਂ ਦਾ ਗੋਸ਼ਤ (ਮਾਸ) ਖਾ ਰਹੇ ਸਨ ।
4. ਸੂਰਮਿਆਂ ਨੇ ਰਣ ਵਿਚ ਆਪੋ ਧਾਪੀ (ਉਧੜ ਧੁਮੀ) ਮਚਾਈ ਹੋਈ ਸੀ ।

---

1. ਲਗਾਤਾਰ । 2. ਜੁਧ । 3. ਖਾਧਾ । 4. ਰੌਲਾ-ਰਪਾ, ਸ਼ੋਰ-ਗੁਲ । 5. ਸੂਰਮਿਆਂ ।

Namdhari Elibrary NamdhariElibrary@gmail.com

(੨੫)

ਪਉੜੀ :—

1. ਸੱਟ ਪਈ ਨਗਾਰੇ ਦਲਾਂ ਮੁਕਾਬਲਾ ॥
2. ਦਿਤੇ ਦੇਉ ਭਜਾਈ ਮਿਲਿਕੈ ਰਾਕਸੀ ॥
3. ਲੋਕੀ ਤਿਹੀ ਫਿਰਾਈ ਦੋਹੀ ਆਪਣੀ ॥
4. ਦੁਰਗਾ ਦੀ [1]ਸਾਮ ਤਕਾਈ ਦੇਵਾਂ ਡਰਦਿਆਂ ॥
5. ਆਂਦੀ [2]ਚੰਡਿ ਚੜਾਈ ਉਤੇ ਰਾਕਸਾਂ ॥ ੨੫ ॥

(੨੫)

1. ਨਗਾਰੇ ਉਪਰ ਸੱਟ ਪਈ, ਦੋਹਾਂ ਫੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ (ਯੁਧ ਸ਼ੁਰੂ ਹੋ ਗਿਆ)।
2. ਰਾਖਸ਼ਾਂ ਨੇ (ਸੰਗਠਤ ਰੂਪ ਵਿਚ) ਮਿਲ ਕੇ ਦੇਵਤਿਆਂ ਨੂੰ ਯੁਧ-ਖੇਤਰ ਵਿਚੋਂ ਭਜਾ ਦਿਤਾ।
3. ਤਿੰਨਾਂ ਲੋਕਾਂ ਵਿਚ ਆਪਣੀ ਦੁਹਾਈ ਫਿਰਾ ਦਿਤੀ (ਤਿੰਨਾਂ ਲੋਕਾਂ ਵਿਚ ਆਪਣਾ ਰਾਜ ਸਥਾਪਤ ਕਰ ਲਿਆ)।
4. ਦੇਵਤਿਆਂ (ਰਾਖਸ਼ਾਂ ਤੋਂ) ਡਰਦਿਆਂ ਹੋਇਆਂ ਦੁਰਗਾ ਦੀ ਓਟ (ਸ਼ਰਣ) ਜਾ ਤੱਕੀ।
5. ਪ੍ਰਾਰਥਨਾ ਕਰਕੇ ਆਪਣੀ ਦੁਰਦਸ਼ਾ ਦਸ ਕੇ, ਦੇਵਤਿਆਂ ਨੇ ਚੰਡੀ ਨੂੰ ਦੈਂਤਾਂ ਉਤੇ ਚੜ੍ਹਾ ਲਿਆਂਦਾ।

---

1. ਸ਼ਰਣ, ਪਨਾਹ। 2. ਚੰਡੀ, ਦੇਵੀ, ਦੁਰਗਾ।

Namdhari Elibrary NamdhariElibrary@gmail.com

(੨੬)

ਪਉੜੀ :—

1. **ਆਈ ਫੇਰ [1]ਭਵਾਨੀ ਖਬਰੀ ਪਾਈਆ ॥**
2. **ਦੈਤ ਵਡੇ ਅਭਮਾਨੀ ਹੋਏ ਏਕਠੇ ॥**
3. **ਲੋਚਨ ਧੂਮ [2]ਗੁਮਾਨੀ ਰਾਇ ਬੁਲਾਇਆ ॥**
4. **ਜਗ ਵਿਚ ਵਡਾ ਦਾਨੋ ਆਪ ਕਹਾਇਆ ॥**
5. **ਸੱਟ ਪਈ [3]ਖਰਚਾਮੀ ਦੁਰਗਾ ਲਿਆਵਣੀ ॥ ੨੬ ॥**

(੨੬)

1. ਦੈਂਤਾਂ ਨੇ ਇਹ ਖ਼ਬਰ ਸੁਣ ਲਈ ਕਿ ਰਾਖਸ਼ਾਂ ਦੀ ਜਾਨੀ ਦੁਸ਼ਮਣ, ਦੁਰਗਾ ਉਨ੍ਹਾਂ ਨਾਲ ਫੇਰ ਲੜਨ ਨੂੰ ਆ ਗਈ ਹੈ ।
2. ਇਹ ਸੁਣ ਕੇ ਵਡੇ-ਵਡੇ ਅਭਿਮਾਨੀ ਦੈਂਤ ਸੰਗੀ (ਮਸ਼ਵਰੇ ਲਈ) ਇਕੱਠੇ ਹੋਏ । (ਜਾਂ ਯੁਧ ਕਰਨ ਲਈ ਆ ਜੁੜੇ) ।
3. ਮਹਾਰਾਜਾ ਸੁੰਭ ਨੇ ਅਭਿਮਾਨ-ਭਰੇ ਸਰਦਾਰ ਧੂਮਰ ਲੋਚਨ ਨੂੰ ਬੁਲਾ ਭੇਜਿਆ ।
4. ਜੋ ਸੰਸਾਰ ਵਿਚ ਆਪਣੇ ਆਪ ਨੂੰ ਮਹਾਂਬਲੀ ਦੈਂਤ ਕਹਾਉਂਦਾ ਸੀ । (ਉਸ ਨੇ ਦੁਰਗਾ ਨੂੰ ਬੰਨ੍ਹ ਲਿਆਉਣ ਦਾ ਬਚਨ ਦਿਤਾ) ।
5. ਬਸ ਫੇਰ ਕੀ ਸੀ ਦੁਰਗਾ ਨੂੰ ਬੰਨ੍ਹ ਕੇ ਲਿਆਉਣ ਲਈ ਧੌਂਸੇ ਉਪਰ ਸੱਟ ਪਈ (ਨਗਾਰਾ ਵਜਾਇਆ ਗਿਆ) ।

— o —

1. ਦੇਵੀ, ਭਗੌਤੀ । 2. ਹੰਕਾਰੀ, ਅਭਿਮਾਨੀ । 3. ਖੋਤੇ ਦੀ ਖੱਲ ਨਾਲ ਮੜ੍ਹਿਆ ਧੌਂਸਾ ।

Namdhari Elibrary NamdhariElibrary@gmail.com

(੨੭)

ਪਉੜੀ :—

1. ਕੜਕ ਉਠੀ ਰਣਚੰਡੀ ਫਉਜਾਂ ਦੇਖਕੇ ॥
2. ਧੂਹਿ ਮਿਆਨੋ ਖੰਡਾ ਹੋਈ ਸਾਹਮਣੇ ॥
3. ਸਭੇ ਬੀਰ [1]ਸੰਘਾਰੇ ਧੂਮਰਨੈਣ ਦੇ ॥
4. [2]ਜਣ ਲੈ ਕਟੇ ਆਰੇ ਦਰਖਤ [3]ਬਾਢੀਆਂ ॥ ੨੭ ॥

(੨੭)

1. ਰਣ ਭੂਮੀਂ ਵਿਚ ਦੈਂਤਾਂ ਨੂੰ ਆਉਂਦਿਆਂ ਵੇਖ ਕੇ ਦੁਰਗਾ ਬਿਜਲੀ ਵਾਂਗ ਕੜਕੀ ।
2. ਮਿਆਨ ਵਿਚੋਂ ਦੋ ਧਾਰੀ ਤਲਵਾਰ ਖਿੱਚ ਕੇ ਦੈਂਤਾਂ ਸਾਹਮਣੇ ਧਾਵਾ ਬੋਲਣ ਲਈ ਆਈ ।
3. ਪਲ ਵਿਚ ਧੂਮਰ ਲੋਚਣ ਦੇ ਸੂਰਮੇ ਮਾਰ ਸੁਟੇ ।
4. (ਸੂਰਮੇ ਰਣ ਵਿਚ ਡਿੱਗੇ ਹੋਏ ਇੰਜ ਜਾਪਦੇ ਸਨ) ਜਿਵੇਂ ਤਰਖਾਣਾਂ ਨੇ ਆਰੀਆਂ ਨਾਲ ਬਿਰਛ ਵੱਢ-ਵੱਢ ਕੇ ਸੁਟੇ ਹੋਣ ।

---

1. ਜਾਨੋਂ ਮਾਰ ਸੁਟੇ । 2. ਜਾਣੋਂ, ਮਾਨੋਂ । 3. ਤਰਖਾਣਾਂ ।

Namdhari Elibrary NamdhariElibrary@gmail.com

(੨੮)

ਪਉੜੀ :—

1. [1]ਚੋਬੀ [2]ਧਉਂਸ ਬਜਾਈ ਦਲਾਂ ਮੁਕਾਬਲਾ ॥
2. ਰੋਹ ਭਵਾਨੀ ਆਈ ਉਤੇ ਰਾਕਸਾਂ ॥
3. ਖੱਬੇ [3]ਦਸਤ ਨਚਾਈ [4]ਸੀਹਣ ਸਾਰਦੀ ॥
4. ਬਹੁਤਿਆਂ ਦੇ ਤਨ ਲਾਈ ਕੀਤੀ ਰੰਗੁਲੀ ॥
5. ਭਾਈਆਂ ਮਾਰਨ ਭਾਈ ਦੁਰਗਾ ਜਾਣਿਕੈ ॥
6. ਰੋਹ ਹੋਇ ਚਲਾਈ ਰਾਕਸਿ [5]ਰਾਇ ਨੂੰ ।
7. ਜਮ ਪੁਰ ਦੀਆ ਪਠਾਈ ਲੋਚਨ ਧੂਮ ਨੂੰ ॥
8. ਜਾਪੇ ਦਿੱਤੀ [6]ਸਾਈ ਮਾਰਨ ਸੁੰਭ ਦੀ ॥ ੨੮ ॥

(੨੮)

1. ਨਗਾਰਚੀ ਨੇ ਧੌਂਸੇ ਨੂੰ ਵਜਾਇਆ, ਤਦ ਸੈਨਾਵਾਂ ਦਾ ਯੁਧ ਮਚ ਗਿਆ ।
2. ਦੁਰਗਾ ਵੀ ਕ੍ਰੋਧਵਾਨ ਹੋ ਕੇ ਰਾਖਸਾਂ ਉਪਰ ਚੜ੍ਹ ਆਈ ।
3. ਦੁਰਗਾ ਨੇ ਖਬੇ ਹਥ ਵਿਚ ਫੌਲਾਦੀ ਤਲਵਾਰ ਲੈ ਕੇ ਉਸਨੂੰ ਘੁਮਾਇਆ ।
4. ਬਹੁਤ ਸਾਰੇ ਰਾਖਸ਼ਾਂ ਦੇ ਸ਼ਰੀਰ ਨੂੰ ਉਸ ਤਲਵਾਰ ਨਾਲ ਵੱਢ ਰੰਗੁਲੀ (ਲਹੂ ਲੁਹਾਨ) ਕਰ ਲਈ ।
5. ਜੰਗ ਵਿਚ ਜ਼ਬਰਦਸਤ ਭਾਜੜ ਤੇ ਖਿਲਬਿਲੀ ਮਚ ਗਈ, ਜਿਸ ਦੇ ਕਾਰਣ ਰਾਖਸ਼ ਘਬਰਾ ਗਏ ਅਤੇ ਆਪਣੇ ਭਰਾਵਾਂ ਨੂੰ ਦੁਰਗਾ ਸਮਝ ਕੇ ਇਕ ਦੂਜੇ ਨੂੰ ਮਾਰਨ ਲਗ ਪਏ ।
6. ਗੁੱਸੇ ਵਿਚ ਭਰ ਕੇ ਦੇਵੀ ਨੇ ਦੈਂਤਾਂ ਦੇ ਸਰਦਾਰ ਉਪਰ ਤਲਵਾਰ ਦਾ ਵਾਰ ਕੀਤਾ । ਫਲ ਸਰੂਪ :—
7. ਧੂਮਰ ਲੋਚਨ (ਮਹਾਂ ਹੰਕਾਰੀ) ਨੂੰ ਜਮ ਪੁਰੀ ਵਲ ਤੋਰ ਦਿਤਾ (ਮਾਰ ਸੁਟਿਆ) ।
8. (ਧੂਮਰ ਲੋਚਨ ਦੀ ਮੌਤ) ਮਾਨੋ ਦੁਰਗਾ ਨੇ ਸੁੰਭ ਰਾਜੇ ਨੂੰ ਮਾਰਨ ਦੀ ਸਾਈ [ਪੇਸ਼ਗੀ] ਦਿਤੀ ਹੈ ।

---

1. ਨਗਾਰਚੀ । 2. ਨਗਾਰਾ । 3. ਖਬੇ ਹਥ ਵਿਚ । 4. ਫੌਲਾਦ ਦੀ ਬਣੀ ਤਲਵਾਰ । 5. ਸੈਨਾਪਤੀ । 6. ਪੇਸ਼ਗੀ. Advance money. ਬਿਆਨਾ, ਕਿਸੇ ਸੌਦੇ ਨੂੰ ਪਕਾ ਕਰਨ ਲਈ ਪਹਿਲੋਂ ਹੀ ਦਿਤੀ ਰਕਮ ।

Namdhari Elibrary NamdhariElibrary@gmail.com

(੨੯)

ਪਉੜੀ :—

1. [1]ਭੰਨੇ ਦੈਂਤ ਪੁਕਾਰੇ ਰਾਜੇ ਸੁੰਭ [2]ਥੈ ॥
2. ਲੋਚਨ ਧੂਮ ਸੰਘਾਰੇ ਸਣੇ ਸਿਪਾਹੀਆਂ ॥
3. ਚੁਣਿ ਚੁਣਿ ਜੋਧੇ ਮਾਰੇ ਅੰਦਰ [3]ਖੇਤ ਦੈ ॥
4. ਜਾਪਨ [4]ਅੰਬਰ ਤਾਰੇ ਡਿਗਨਿ ਸੂਰਮੇ ॥
5. ਗਿਰ ਪਰਬੱਤ ਭਾਰੇ ਮਾਰੇ [5]ਬਿੱਜੁ ਦੇ ॥
6. ਦੈਂਤਾ ਦੇ ਦਲ ਹਾਰੇ [6]ਦਹਸਤ ਖਾਇਕੈ ॥
7. ਬਚੇ ਸੁ [7]ਮਾਰੇ ਮਾਰੇ ਰਹਦੇ ਰਾਇ ਥੈ ॥ ੨੯ ॥

---

1. ਭਜੇ-ਨੱਠੇ । 2. ਪਾਸ । 3. ਰਣ-ਭੂਮੀ, ਮੈਦਾਨ-ਏ-ਜੰਗ । 4. ਆਕਾਸ਼, ਅਸਮਾਨ । 5. ਬਿਜਲੀ । 6. ਡਰ, ਖ਼ੌਫ, ਭੈ । 7. ਮਾਰ ਸੁਟੇ, ਮਾੜੇ ਕਮਜ਼ੋਰ ।

Namdhari Elibrary NamdhariElibrary@gmail.com

(੨੯)

1. ਰਣ ਵਿਚੋਂ ਮਾਰ ਖਾ ਕੇ ਭੱਜੇ ਹੋਏ ਦੈਂਤ ਸੁੰਭ ਰਾਜੇ ਪਾਸ ਪੁਜੇ ਅਤੇ ਤ੍ਰਾਹ ਤ੍ਰਾਹ ਕਰਦਿਆਂ ਅਰਜ਼ ਕੀਤੀ :—
2. ਹੇ ਮਹਾਰਾਜ ! ਦੁਰਗਾ ਨੇ ਤੇ ਸਿਪਾਹੀਆਂ ਸਹਿਤ ਧੂਮਰ ਲੋਚਨ ਨੂੰ ਪਾਰ ਬੁਲਾ ਦਿਤਾ ਹੈ (ਮਾਰ ਸੁਟਿਆ ਹੈ)।
3. ਦੇਵੀ ਨੇ ਰਣ-ਭੂਮੀਂ ਵਿਚ ਚੁਣ ਚੁਣ ਕੇ ਮਹਾਂ ਬਲੀ ਦੈਂਤਾਂ ਨੂੰ ਖਤਮ ਕਰ ਦਿਤਾ।
4. ਸੂਰਮੇ ਯੁਧ ਵਿਚ ਇੰਜ ਡਿਗਦੇ ਜਾਪਦੇ ਹਨ, ਜਿਵੇਂ ਅਸਮਾਨ ਤੋਂ ਤਾਰੇ ਟੁੱਟ ਰਹੇ ਹੋਣ (ਸਹਾਬਸਾਕਬ)।
5. ਜਾਂ ਰਾਖਸ਼ ਡਿਗੇ ਹੋਏ ਇੰਜ ਪ੍ਰਤੀਤ ਹੁੰਦੇ ਹਨ, ਜਿਵੇਂ ਬਿਜਲੀ ਦੇ ਮਾਰੇ ਪਹਾੜ ਡਿਗ ਪਏ ਹੋਣ।
6. ਦੇਵੀ ਤੋਂ ਡਰ ਖਾ ਕੇ ਦੈਂਤਾਂ ਦੀਆਂ ਫੌਜਾਂ ਹਾਰ ਗਈਆਂ ਹਨ (ਹਥਿਆਰ ਸੁਟ ਦਿਤੇ ਹਨ)।
7. ਹੇ ਰਾਜਨ ! ਦੇਵੀ ਨੇ ਸਭ ਨੂੰ ਮਾਰ ਸੁਟਿਆ ਹੈ, ਪਰ ਜੋ ਮਾੜੇ-ਮਾੜੇ ਬਚੇ ਵੀ ਹਨ ਸੋ ਆਪ ਜੀ ਦੇ ਪਾਸ ਰਹਿ ਗਏ ਹਨ ਜਾਂ ਜੋ ਦੇਵੀ ਨੂੰ ਮਾਰਨ ਗਏ ਉਹ ਮਾਰੇ ਗਏ ਤੇ ਜਿਹੜੇ ਆਪ ਜੀ ਦੇ ਪਾਸ ਬਚ ਗਏ ਹਨ ਉਹ ਵੀ ਮਾਰੇ ਹੋਏ ਜਾਣੋ।

— o —

Namdhari Elibrary NamdhariElibrary@gmail.com

(੩੦)

ਪਉੜੀ :—

1. [1]ਰੋਹ ਹੋਇ ਬੁਲਾਏ ਰਾਕਸਿ [2]ਰਾਇ ਨੇ ॥
2. ਬੈਠੇ [3]ਮਤਾ ਪਕਾਈ ਦੁਰਗਾ ਲਿਆਵਣੀ ॥
3. ਚੰਡ ਅਰੁ ਮੁੰਡ ਪਠਾਏ ਬਹੁਤਾ [4]ਕਟਕੁ ਦੈ ॥
4. ਜਾਪੇ [5]ਛੱਪਰ ਛਾਏ ਬਣੀਆ [6]ਕੇਜਮਾ ॥
5. ਜੇਤੇ ਰਾਇ ਬੁਲਾਇ ਚਲੇ ਜੁਧ ਨੋ ॥
6. ਜਣ ਜਮ ਪੁਰ ਪਕੜ ਚਲਾਏ ਸਭੇ ਮਾਰਨੇ ॥ ੩੦ ॥

(੩੦)

1. (ਇਹ ਸੁਣ) ਦੈਂਤ ਰਾਜ ਸੁੰਭ ਨੇ ਗੁਸੇ ਹੋ ਕੇ ਬਾਕੀ ਰਾਖਸ਼ ਸੱਦ ਭੇਜੇ।
2. ਸਭ ਨੇ ਮਿਲ ਕੇ ਪੱਕੀ ਸਲਾਹ ਕੀਤੀ ਕਿ ਦੁਰਗਾ ਨੂੰ ਜੀਉਂਦਿਆਂ ਹੀ ਬੰਨ੍ਹ ਕੇ ਲਿਆਉਣਾ ਹੈ।
3. ਚੰਡ ਅਤੇ ਮੁੰਡ ਦੋ ਸੂਰਮੇ ਸਰਦਾਰਾਂ ਨੂੰ ਇਕ ਬਹੁਤ ਵਡੀ ਫ਼ੌਜ ਦੇ ਕੇ ਭੇਜਿਆ।
4. ਸੂਰਮਿਆਂ ਦੀਆਂ ਸੂਤੀਆਂ ਹੋਈਆਂ ਤਲਵਾਰਾਂ ਆਪਸ ਵਿਚ ਜੁੜ ਕੇ ਛਪਰ ਵਾਂਗ ਛਾ ਗਈਆਂ ਸਨ। (ਬੇਸ਼ੁਮਾਰ ਤਲਵਾਰਾਂ ਸਨ)।
5. ਜਿੰਨੇ ਦੈਂਤ ਸੁੰਭ ਨੇ ਬੁਲਾਏ ਸਨ, ਉਹ ਸਾਰੇ ਯੁਧ ਕਰਨ ਲਈ ਚਲ ਪਏ।
6. ਸਾਹਿਬ ਦਸਦੇ ਹਨ ਕਿ ਉਹ ਰਾਖਸ਼ ਯੁੱਧ ਨੂੰ ਕੀ ਚਲੇ ਉਹਨਾਂ ਨੂੰ ਤੇ ਮਾਨੋ ਜਮ ਪੁਰੀ ਵਲ ਤੋਰ ਦਿਤਾ ਹੈ ਕਿਉਂਕਿ ਦੁਰਗਾ ਨੇ ਉਹਨਾ ਨੂੰ ਮਾਰ ਦੇਣਾ ਹੈ।

---

1. ਗੁਸੇ ਹੋ ਕੇ। 2. ਸਰਦਾਰ (ਸੁੰਭ)। 3. ਸਲਾਹ ਕੀਤੀ। 4. ਫੌਜ। 5. ਛੱਪਰ ਬਣ ਗਏ, ਛੱਪਰ ਵਾਂਗ ਸਿਰਾਂ ਉਪਰ ਛਾ ਗਈਆਂ। 6. ਤਲਵਾਰਾਂ।

Namdhari Elibrary NamdhariElibrary@gmail.com

(੩੧)

ਪਉੜੀ :—

1. ਢੋਲ ਨਗਾਰੇ [1]ਵਾਏ ਦਲਾਂ ਮੁਕਾਬਲਾ ॥
2. ਰੋਹ [2]ਰੁਹੇਲੇ ਆਏ ਉਤੇ ਰਾਕਸਾਂ ॥
3. ਸਭਨੀ [3]ਤੁਰੇ ਨਚਾਏ ਬਰਛੇ ਪਕੜਿ ਕੈ ॥
4. ਬਹੁਤੇ ਮਾਰ ਗਿਰਾਏ ਅੰਦਰ ਖੇਤ ਦੈ ॥
5. ਤੀਰੀ [4]ਛਹਬਰ ਲਾਈ ਲਈ [5]ਬੁਠੀ ਦੇਵਤਾ ॥ ੩੧ ॥

(੩੧)

1. ਨਗਾਰਚੀਆਂ ਨੇ ਜੰਗੀ ਢੋਲ ਅਤੇ ਨਗਾਰੇ ਵਜਾਏ, ਜਿਸ ਨੂੰ ਸੁਣ ਕੇ ਫੋਜਾਂ ਦਾ ਮੁਠ-ਭੇੜ ਹੋ ਗਿਆ।
2. ਗੁਸੇ ਦੇ ਭਰੇ ਹੋਏ ਰਾਖਸ਼ਾਂ ਦੇ ਝੁੰਡ ਕ੍ਰੋਧ ਨਾਲ ਲਾਲ ਪੀਲੇ ਹੋ ਗਏ।
3. ਹਥਾਂ ਵਿਚ ਬਰਛੀਆਂ (ਨੇਜ਼ੇ) ਫੜ ਕੇ ਦੈਂਤਾਂ ਨੇ ਆਪਣੇ ਘੋੜੇ ਨਚਾਏ।
4. ਦੁਰਗਾ ਨੇ ਬਹੁਤ ਸਾਰੇ ਰਾਖਸ਼ਾਂ ਨੂੰ ਮਾਰ ਕੇ ਯੁੱਧ ਭੂਮੀ ਵਿਚ ਡੇਗ ਦਿਤਾ।

— o —

---

1. ਵਜਾਏ। 2. ਗੁਸੇ ਦੇ ਭਰੇ ਹੋਏ। 3. ਘੋੜੇ। 4. ਮੀਂਹ, ਝੜੀ, ਬੁਛਾੜ; 5. ਵੁਠੀ, ਵਰ੍ਹੀ, ਵਰਸੀ।

Namdhari Elibrary NamdhariElibrary@gmail.com

(੩੨)

ਪਉੜੀ ;—

1. [1]ਭੇਰੀ ਸੰਖ ਵਜਾਏ [2]ਸੰਘਰਿ ਰਚਿਆ ॥
2. ਤਣਿ ਤਣਿ ਤੀਰ ਚਲਾਏ ਦੁਰਗਾ [3]ਧਨੁਖ ਲੈ ॥
3. ਜਿਨੀ ਦਸਤ ਉਠਾਏ ਰਹੇ ਨ ਜੀਵਦੇ ॥
4. ਚੰਡ ਅਰੁ ਮੁੰਡ ਖਪਾਏ ਦੋਨੋ [4]ਦੇਵਤਾ ॥ ੩੨ ॥

(ਭਾਵ)

1. ਵਜੰਤਰੀਆਂ ਨੇ ਸ਼ਹਿਨਾਈਆਂ, ਸੰਖ ਆਦਿ ਵਜਾਏ ਤਾਂ ਯੁੱਧ ਸ਼ੁਰੂ ਹੋ ਗਿਆ।
2. ਦੁਰਗਾ ਨੇ ਹਥ ਵਿਚ ਧਨੁਖ ਫੜਿਆ ਤੇ ਕੰਨਾਂ ਤਕ ਖਿੱਚ-ਖਿੱਚ ਕੇ ਤੀਰ (ਦੁਸ਼ਮਨ ਉਪਰ) ਛਡੇ।
3. ਜਿਨ੍ਹਾਂ ਨੇ ਦੇਵੀ ਉਪਰ ਹਥ ਉਠਾਇਆ (ਮੁਕਾਬਲਾ ਕੀਤਾ) ਉਹ ਬਚ ਨਹੀਂ ਸਕੇ (ਮਾਰੇ ਗਏ)।
4. ਇਨ੍ਹਾਂ ਫੌਜਾਂ ਦੇ ਨਾਲ ਹੀ ਚੰਡ ਅਤੇ ਮੁੰਡ ਦੋਹਾਂ ਹੰਕਾਰੀ ਰਾਖਸ਼ਾਂ ਨੂੰ ਦੇਵੀ ਨੇ ਪਾਰ ਬੁਲਾਇਆ (ਨਸ਼ਟ ਕਰ ਦਿਤੇ)।

— o —

1. ਸ਼ਹਿਨਾਈ। 2. ਲੜਾਈ, ਯੁੱਧ। 3. ਕਮਾਨ। 4. ਦੇਵੀ।

Namdhari Elibrary NamdhariElibrary@gmail.com

(੩੩)

ਪਉੜੀ :—

1. [1]ਸੁੰਭ ਨਿਸੁੰਭ [2]ਰਿਸਾਏ ਮਾਰੇ ਦੈਤ ਸੁਣ ॥
2. ਜੋਧੇ ਸਭ ਬੁਲਾਏ ਆਪਣੇ [3]ਮਜਲਸੀ ॥
3. ਜਿਨੀ ਦੇਉ ਭਜਾਏ ਇੰਦ੍ਰ [4]ਜੇਹਵੇ ॥
4. ਤੇਈ ਮਾਰ ਗਿਰਾਏ ਪਲ ਵਿਚ ਦੇਵਤਾ ॥
5. ਓਨੀ [5]ਦਸਤੀ ਦਸਤਿ ਵਜਾਏ ਤਿਨਾ ਚਿਤ ਕਰਿ ॥
6. ਫਿਰ ਸ੍ਰਣਵਤ ਬੀਜ ਚਲਾਏ ਬੀੜੇ ਰਾਇ ਦੇ ॥
7. [6]ਸੰਜ [7]ਪਟੇਲਾ ਪਾਏ [8]ਚਿਲਕਤ ਟੋਪੀਆਂ ॥
8. ਲੂਝਣ ਨੋ [9]ਅਰੜਾਏ ਰਾਕਸ ਰੋਹਲੇ ॥
9. ਕਦੇ ਨ ਕਿਨੇ ਹਟਾਏ ਜੁਧ ਮਚਾਇਕੈ ॥
10. ਮਿਲ ਤੇਈ ਦਾਨੋ ਆਏ ਹੁਣ ਸੰਘਰਿ ਦੇਖਣਾ ॥ ੩੩ ॥

---

1. ਗੁਸੇ ਹੋਏ । 2. ਸਲਾਹਕਾਰ । 3. ਦੌੜਗੇ । 4. ਅਫਸੋਸ ਨਾਲ ਹਥ ਮਲੇ, ਰੰਜ ਕੀਤਾ । 5. ਸੰਜੋ । 6. ਮੂੰਹ ਢਕਣ ਵਾਲੀ ਲੋਹੇ ਦੀ ਜਾਲੀ । 7. ਚਮਕਦਾਰ । 8. ਡਕਾਰੇ, ਅੜਿੰਗੇ, ਸਾਨ੍ਹ ਵਾਂਗ ਬੜ੍ਹਕ ਮਾਰੀ ।

Namdhari Elibrary NamdhariElibrary@gmail.com

(੩੩)

1. ਚੰਡ, ਮੁੰਡੇ ਤੇ ਬਾਕੀ ਦੈਂਤਾਂ ਦੀ ਮੌਤ ਸੁਣ ਕੇ ਸੁੰਭ ਨਿਸੁੰਭ ਗੁੱਸੇ ਨਾਲ ਭਰ ਗਏ ।

2. ਫੇਰ ਆਪਣੇ ਜੰਗੀ ਸਲਾਹਕਾਰ ਯੋਧੇ ਬੁਲਾ ਭੇਜੇ (ਅਤੇ ਉਹਨਾਂ ਨੂੰ ਦਸਿਆ ਕਿ ਮੈਂ ਪਹਿਲੋਂ ਲੜਾਈ ਲਈ ਯੋਧੇ ਭੇਜੇ ਸਨ ।

3. ਇਹ ਯੋਧੇ ਇਤਨੇ ਵਡੇ ਸੂਰਮੇ ਸਨ ਜਿਨ੍ਹਾਂ ਨੇ ਇੰਦਰ ਜਿਹੇ ਦੇਵਤਿਆਂ ਨੂੰ ਹਰਾ ਦਿਤਾ ਸੀ ।

4. ਪਰ ਇਹ ਵੀ ਜਦ ਦੁਰਗਾ ਸਾਹਮਣੇ ਗਏ, ਤਦ ਦੇਵੀ (ਮਹਾਂ ਮਾਈ) ਨੇ ਪਲ ਵਿਚ ਮਿਟੀ ਵਿਚ ਮਿਲਾ ਦਿਤੇ ।

5. ਸਲਾਹਕਾਰਾਂ ਨੇ ਜਦ ਇਸ ਘਟਨਾ ਨੂੰ ਸੁਣਿਆ ਤਦ ਚੰਡ ਤੇ ਮੁੰਡ ਨੂੰ ਯਾਦ ਕਰਕੇ ਹੈਰਾਨ ਰਹਿ ਗਏ (ਅਫਸੋਸ ਨਾਲ ਹਥਾਂ ਉਪਰ ਹਥ ਮਾਰੇ) ਅਫਸੋਸ ਨਾਲ ਹਥ ਮਲੇ ।

6. (ਸਭ ਦੀ ਸਲਾਹ ਨਾਲ) ਸੁੰਭ ਨੇ ਹੁਣ ਸ੍ਰਣਵਤ ਬੀਜ (ਰਕਤ ਬੀਜ) ਨੂੰ ਪਾਨ ਦਾ ਬੀੜਾ ਦੇ ਕੇ ਰਣ-ਭੂਮੀ ਵਲ ਭੇਜਿਆ ।

7. ਉਸ ਨੇ ਜਿਰਾਬਕਤਰ, ਲੋਹੇ ਦਾ ਟੋਪ, ਲੋਹੇ ਦੀ ਜਾਲੀ ਆਦਿ ਜੋ ਬੜੇ ਚਮਕੀਲੇ ਸਨ, ਪਹਿਨੇ ।

8. ਕਰੋਧ ਨਾਲ ਭਰੇ ਹੋਏ ਰਾਖਸ਼ (ਸਾਨ੍ਹਾਂ ਵਾਂਗ) ਯੁੱਧ ਕਰਨ ਲਈ ਡਕਾਰ ਰਹੇ ਸਨ, (ਬੜ੍ਹਕਾਂ ਮਾਰ ਰਹੇ ਸਨ) ।

9. ਇਹ ਉਹ ਯੋਧੇ ਸਨ, ਕਿ ਜਦ ਇਨ੍ਹਾਂ ਨੇ ਯੁੱਧ ਮਚਾਇਆ ਕੋਈ ਰਣ ਵਿਚੋਂ ਇਨ੍ਹਾਂ ਨੂੰ ਨਹੀਂ ਭਜਾ ਸਕਿਆ ।

10. ਇਹ ਮਹਾਂ ਬਲੀ ਦੈਂਤ ਯੁੱਧ ਕਰਨ ਲਈ ਆਏ । ਸਾਹਿਬ ਕਹਿੰਦੇ ਹਨ ਕਿ ਹੁਣ ਇਨ੍ਹਾਂ ਦਾ ਜ਼ਰਾ ਯੁੱਧ ਦੇਖਣਾ, ਭਾਵ ਇਨ੍ਹਾਂ ਦੀ ਕੀ ਗਤੀ ਹੁੰਦੀ ਹੈ ।

— o —

Namdhari Elibrary NamdhariElibrary@gmail.com

(੨੪)

ਪਉੜੀ :—

1. ਦੈਤੀ [1]ਡੰਡ ਉਭਾਰੀ ਨੇੜੇ ਆਇਕੈ ॥
2. ਸਿੰਘ ਕਰੀ ਅਸਵਾਰੀ ਦੁਰਗਾ [2]ਸੋਰ ਸੁਣ ॥
3. ਖਬੈ ਦਸਤ ਉਭਾਰੀ ਗਦਾ ਫਿਰਾਇਕੈ ॥
4. ਸੈਨਾ ਸਭ [3]ਸੰਘਾਰੀ ਸ੍ਰਣਵਤ ਬੀਜ ਦੀ ॥
5. ਜਣ [4]ਮਦ ਖਾਇ [5]ਮਦਾਰੀ ਘੂਮਨ ਸੂਰਮੇ ॥
6. [6]ਅਗਣਤ ਪਾਉ ਪਸਾਰੀ ਰੁਲੇ [7]ਅਹਾੜ ਵਿਚਿ ॥
7. ਜਾਪੇ ਖੇਡ ਖਿਡਾਰੀ ਸੁਤੇ [8]ਫਾਗ ਨੂੰ ॥ ੨੪ ॥

(੨੪)

1. ਰਣ-ਭੂਮੀ ਅਤੇ ਦੇਵੀ ਦੇ ਨੇੜੇ ਆ ਕੇ ਦੈਂਤਾਂ ਨੇ ਘੋਰ ਸ਼ੋਰ ਮਚਾਉਣਾ ਸ਼ੁਰੂ ਕਰ ਦਿਤਾ :
2. ਇਸ ਸ਼ੋਰ ਤੇ ਲਲਕਾਰ ਨੂੰ ਸੁਣ ਕੇ ਦੁਰਗਾ ਨੇ ਸ਼ੇਰ ਦੀ ਸਵਾਰੀ ਕੀਤੀ ।
3. ਖਬੇ ਹੱਥ ਵਿਚ ਗੁਰਜ (ਗਦਾ) ਲੈ ਕੇ ਮਾਰਨ ਵਾਸਤੇ ਘੁਮਾਇਆ ।
4. ਸ੍ਰਣਵਤ ਬੀਜ ਦੀ ਸਾਰੀ ਸੈਨਾਂ ਦੁਰਗਾ ਨੇ ਮਾਰ ਦਿੱਤੀ ।
5. ਯੁਧ ਭੂਮੀ ਵਿਚ ਸੂਰਮੇ ਲੇਟੇ ਹੋਏ ਇੰਜ ਜਾਪਦੇ ਹਨ, ਜਿਵੇਂ ਸ਼ਰਾਬੀ ਸ਼ਰਾਬ ਦੇ ਨਸ਼ੇ ਵਿਚ ਮਸਤ ਹੋ ਲੋਟ ਪੋਟ ਹੋ ਰਹੇ ਹੋਣ ।
6. ਬੇਸ਼ੁਮਾਰ ਸੂਰਮੇ ਪੈਰ ਪਸਾਰ ਕੇ ਰਣ-ਭੂਮੀ ਵਿਚ ਰੁਲ ਰਹੇ ਸਨ ਜਾਂ ਰਣ ਵਿਚ ਡਿਗ ਕੇ ਪੈਰ ਪਸਾਰੇ ਹੋਏ ਸੂਰਮੇ ਰੁਲ ਰਹੇ ਸਨ :
7. ਖੇਡ ਕੇ ਥਕ ਟੁਟ ਕੇ ਸੌਂ ਗਏ ਹਨ ।

---

1. ਰੌਲਾ, ਸ਼ੋਰ । 2. ਸ਼ੋਰ, ਰੌਲਾ । 3. ਮਾਰ ਸੁਟੀ । 4. ਸ਼ਰਾਬ, ਨਸ਼ਾ । 5. ਸ਼ਰਾਬੀ, ਅਮਲੀ । 6. ਬੇਸ਼ੁਮਾਰ । 7. ਜੋ ਹਾੜਿਆ ਨਾ ਜਾ ਸਕੇ, ਹਾਹਾਕਾਰ, ਰਣ–ਭੂਮੀ, 8. ਫੱਗਣ, ਹੋਲੀ ਖੇਡ ਕੇ ਫੱਗਣ ਵਿਚ ਸੁਤੇ ।

Namdhari Elibrary NamdhariElibrary@gmail.com

(੩੫)

ਪਉੜੀ :—

1. ਸ੍ਰਣਵਤ ਬੀਜ [1]ਹਕਾਰੇ ਰਹਿੰਦੇ ਸੂਰਮੇ ॥
2. ਜੋਧੇ ਜੇਡੁ ਮੁਨਾਰੇ ਦਿਸਨ ਖੇਤ ਵਿਚਿ ॥
3. ਸਭਨੀ ਦਸਤ ਉਭਾਰੇ ਤੇਗਾਂ ਧੂਹਿਕੈ ॥
4. ਮਾਰੋ ਮਾਰ ਪੁਕਾਰੇ ਆਏ ਸਾਮ੍ਹਣੇ ॥
5. ਸੰਜਾ ਤੇ [2]ਠਣਿਕਾਰੇ ਤੇਗੀਂ ਉਭਰੇ ॥
6. [3]ਘਾੜ ਘੜਨਿ [4]ਠਠਿਆਰੇ ਜਾਣਿ ਬਣਾਇਕੈ ॥ ੩੫ ॥

(੩੫)

1. ਸ੍ਰਣਵਤ ਬੀਜ ਨੇ ਬਚੇ-ਖੁਚੇ, ਰਹਿੰਦੇ ਖੂੰਹਦੇ ਸਾਰੇ ਸੂਰਮੇ ਬੁਲਾ ਲਏ।
2. ਇਹ ਸੂਰਮੇ ਰਣ-ਭੂਮੀ ਵਿਚ ਵਡੇ-ਵਡੇ ਮੁਨਾਰਿਆਂ ਵਾਂਗ ਜਾਪਦੇ ਹਨ (ਦਿਸਦੇ ਹਨ)।
3. ਉਨਾਂ ਸਭਨਾਂ ਤਲਵਾਰਾਂ ਸੂਤ ਕੇ ਹੱਥਾਂ ਨੂੰ ਵਾਰ ਕਰਨ ਲਈ ਉਲਾਰਿਆ ਹੈ।
4. ਮਾਰੋ-ਮਾਰ ਪੁਕਾਰਦੇ ਹੋਏ ਰਾਖਸ ਦੁਰਗਾ ਦੇ ਸਾਹਮਣੇ ਆਏ।
5. ਸੁਤੀਆਂ ਤੇ ਉਭਾਰੀਆਂ ਹੋਈਆਂ ਤਲਵਾਰਾਂ ਸੰਜੋਆਂ ਉਤੇ ਵੱਜ ਕੇ ਇੰਜ ਦਾ ਠਣਕਾਰ ਪੈਦਾ ਕਰਦੀਆਂ ਹਨ।
6. ਮਾਨੋਂ ਠਠਿਆਰ ਬਰਤਨਾਂ ਦੀ ਘਾੜਤ ਘੜ ਰਹੇ ਹਨ।

— o —

1. ਬੁਲਾਏ । 2. ਟੰਕਾਰੇ, ਵਜਾਕੇ । ਘਾੜਤ, ਭਾਂਡੇ । 4. ਭਾਂਡੇ ਘੜਨ-ਵਾਲੇ ।

Namdhari Elibrary NamdhariElibrary@gmail.com

(੩੬)

ਪਉੜੀ :—

1. ਸੱਟ ਪਈ [1]ਜਮਧਾਣੀ ਦਲਾਂ ਮੁਕਾਬਲਾ ॥
2. [2]ਧੂਮਰ [3]ਚਰਕਸਤਾਣੀ ਦਲ ਵਿਚ ਘੱਤੀਓ ॥
3. ਸਣੇ ਤੁਰਾ ਪਲਾਣੀ ਡਿੱਗਨ ਸੂਰਮੇ ॥
4. ਉਠਿ ਉਠਿ ਮੰਗਨਿ ਪਾਣੀ ਘਾਇਲ [4]ਘੂਮਦੇ ॥
5. ਏਵਡੁ ਮਾਰਿ [5]ਵਿਹਾਣੀ ਉਪਰ ਰਾਕਸਾਂ ॥
6. [6]ਬਿਜਲ ਜਿਉ [7]ਝਰਲਾਣੀ ਉਠੀ ਦੇਵਤਾ ॥ ੩੬ ॥

(੩੬)

1. ਜਦ ਧੌਂਸਿਆਂ ਉਪਰ ਚੋਟ ਪਈ, ਤਦ ਯੋਧਿਆਂ ਦਾ ਮੁਕਾਬਲਾ (ਭੇੜ) ਹੋਇਆ।
2. ਫੌਜਾਂ ਵਿਚ ਦੁਰਗਾ ਨੇ ਭਾਜੜ ਪਾ ਦਿਤੀ, (ਦੁਰਗਾ ਨੇ ਉਹ ਮਾਰ ਮਾਰੀ ਕਿ ਰਾਖਸ਼ ਏਧਰ ਉਧਰ ਭਜੇ ਫਿਰਦੇ ਸਨ)।
3. ਸੂਰਮੇ ਘੋੜਿਆਂ ਅਤੇ ਕਾਠੀਆਂ ਸਮੇਤ ਧਰਤੀ ਉਪਰ ਡਿਗ ਰਹੇ ਸਨ।
4. ਜ਼ਖਮੀ ਯੋਧੇ ਚਕਰ ਖਾ-ਖਾ ਉਠਦੇ ਸਨ, ਤੇ ਪਾਣੀ ਮੰਗਦੇ ਸਨ।
5. ਰਾਖਸ਼ਾਂ ਉਪਰ ਉਹ ਕਰੜੀ ਮਾਰ ਪਈ ਜੋ ਕਹੀ ਨਹੀਂ ਜਾ ਸਕਦੀ।
6. ਦੂਜੇ ਬੰਨੇ ਦੇਵੀ ਬਿਜਲੀ ਵਾਂਗ (ਮਾਰਨ ਲਈ) ਕੜਕੀ।

– o –

1. ਝੋਟੇ ਦੇ ਚੰਮ ਨਾਲ ਮੜ੍ਹਿਆ ਨਗਾਰਾ। 2. ਉਪਤਧੁਮੀ, ਘਣਘੋਰ। 3. ਭਾਜੜ ਪਾ ਦਿਤੀ। 4. ਘੁਮਦੇ ਫਿਰਦੇ। 5. ਬੀਤੀ, ਪਈ। 6. ਬਿਜਲੀ। 7. ਕੜਕੀ, ਬਿਜਲੀ ਵਾਂਗ ਕੜਕੀ।

Namdhari Elibrary NamdhariElibrary@gmail.com

(੩੭)

ਪਉੜੀ :—

1. [1]ਚੋਬੀ ਧਉਸ ਉਭਾਰੀ ਦਲਾਂ ਮੁਕਾਬਲਾ ॥
2. ਸਭੋ ਸੈਨਾ ਮਾਰੀ ਪਲ ਵਿਚ [2]ਦਾਨਵੀ ॥
3. ਦੁਰਗਾ ਦਾਨੋ ਮਾਰੇ ਰੋਹ ਬਢਾਇਕੈ ॥
4. ਸਿਰਿ ਵਿਚ ਤੇਗ ਵਗਾਈ ਸ੍ਰੂਣਵਤ ਬੀਜ ਦੇ ॥ ੩੭ ॥

(੩੭)

1. ਨਗਾਰਚੀ ਨੇ ਨਗਾਰੇ ਨੂੰ ਸੱਟ ਮਾਰ ਕੇ ਗੁੰਜਾਇਆ, ਤਦ (ਨਗਾਰੇ ਦੀ ਅਵਾਜ਼ ਸੁਣ) ਫੌਜਾਂ ਵਿਚ ਮੁਕਾਬਲਾ ਹੋਣਾ ਸ਼ੁਰੂ ਹੋ ਗਿਆ।
2. ਦੁਰਗਾ ਨੇ ਪਲ ਵਿਚ ਦੈਂਤਾਂ ਦੀ ਫ਼ੌਜ ਮਾਰ ਖਪਾਈ।
3. ਦੁਰਗਾ ਨੇ ਕ੍ਰੋਧ ਵਧਾ ਕੇ ਦਾਨੂਆਂ ਨੂੰ ਮਾਰ ਸੁਟਿਆ (ਖਤਮ ਕਰ ਦਿਤੇ)।
4. ਤਦ ਅਗੇ ਵਧ ਕੇ ਸ੍ਰੂਣਵਤ ਬੀਜ ਦੇ ਸਿਰ ਵਿਚ ਤਲਵਾਰ ਦਾ ਵਾਰ ਕੀਤਾ।

— ੦ —

1. ਨਗਾਰਚੀ। 2. ਦੈਂਤਾਂ ਦੀ।

Namdhari Elibrary NamdhariElibrary@gmail.com

(੩੮)

ਪਉੜੀ :—

1. ਅਗਣਤ ਦਾਨੋ ਭਾਰੇ ਹੋਏ [1]ਲੋਹੂਆ ॥
2. ਜੋਧੇ ਜੇਡ ਮੁਨਾਰੇ ਅੰਦਰਿ ਖੇਤ ਦੈ ॥
3. ਦੁਰਗਾ ਨੋ ਲਲਕਾਰੇ ਆਵਨ ਸਾਮ੍ਹਣੇ ॥
4. ਦੁਰਗਾ ਸਭ [2]ਸੰਘਾਰੇ ਰਾਕਸ ਆਂਵਦੇ ॥
5. [3]ਰਤੂ ਦੇ ਪਰਨਾਲੇ ਤਿਨ ਤੇ ਭੁਇ ਪਏ ॥
6. ਉਠੇ [4]ਕਾਰਣਿਆਰੇ ਰਾਕਸ [5]ਹੜਹੜਾਇ ॥ ੩੮ ॥

(੩੮)

1. ਸ੍ਰੋਣਵਤ ਬੀਜ ਦੇ ਧਰਤੀ ਉਪਰ ਡਿਗੇ ਹੋਏ ਲਹੂ ਦੀਆਂ ਬੂੰਦਾਂ ਤੋਂ ਅਨੇਕਾਂ ਭਾਰੇ-ਭਾਰੇ ਯੋਧੇ ਪੈਦਾ ਹੋ ਗਏ।
2. ਇਹ ਲਹੂ ਤੋਂ ਪੈਦਾ ਹੋਏ ਯੋਧੇ ਰਣ ਵਿਚ ਉਚੇ ਮੁਨਾਰਿਆਂ ਵਾਂਗ ਸਨ।
3. ਰਾਖਸ਼ ਲਲਕਾਰਦੇ ਹੋਏ ਦੁਰਗਾ ਦੇ ਸਾਹਮਣੇ ਆਉਂਦੇ ਸਨ।
4. ਦੁਰਗਾ ਨੇ ਆਪਣੇ ਸਨਮੁਖ ਆਉਂਦੇ ਹੋਏ ਸਾਰੇ ਦੈਂਤਾਂ ਨੂੰ ਮਾਰ ਦਿਤਾ।
5. ਉਨ੍ਹਾਂ ਰਾਖਸ਼ਾਂ ਦੇ ਸਰੀਰ ਵਿਚੋਂ ਲਹੂ ਦੇ ਪਰਨਾਲੇ ਧਰਤੀ ਉਪਰ ਡਿਗੇ।
6. ਉਸ ਲਹੂ ਵਿਚੋਂ ਹੋਰ ਯੁਧ ਕਰਨ ਵਾਲੇ ਰਾਖਸ਼ ਹੱਸਦੇ-ਹੱਸਦੇ ਪੈਦਾ ਹੋ ਗਏ।

— o —

---

1. ਲਹੂ ਲੁਹਾਨ। 2. ਮਾਰ ਸੁਟੇ। 3. ਲਹੂ, ਖੂਨ। 4. ਜੰਗ ਕਰਨ ਵਾਲੇ ਯੋਧੇ, ਜੰਗਜੂ। 5. ਖਿੜ ਖਿੜਾ ਕੇ ਹੱਸੇ।

Namdhari Elibrary NamdhariElibrary@gmail.com

(੩੯)

ਪਉੜੀ :–

1. [1]ਧਗਾ [2]ਸੰਗਲੀਆਲੀ ਸੰਘਰ [3]ਵਾਇਆ ॥
2. ਬਰਛੀ [4]ਬੰਬਲੀਆਲੀ ਸੂਰੇ [5]ਸੰਘਰੇ ॥
3. ਭੇੜਿ ਮਚਿਆ [6]ਬੀਰਾਲੀ ਦੁਰਗਾ ਦਾਨਵੀਂ ॥
4. ਮਾਰ ਮਚੀ [7]ਮੁਹਰਾਲੀ ਅੰਦਰਿ ਖੇਤਦੈ ॥
5. ਜਣ [8]ਨਟ ਲਥੇ ਛਾਲੀ ਢੋਲਿ ਬਜਾਇਕੈ ॥
6. ਲੋਹੂ [9]ਫਾਥੀ [10]ਜਾਲੀ [11]ਲੋਥੀ [12]ਜਮਧੜੀ ॥
7. [13]ਘਣ ਵਿਚਿ ਜਿਉ [14]ਛੰਛਾਲੀ ਤੇਗਾਂ ਹਸੀਆਂ ॥
8. [15]ਘੁਮਰ ਆਰਿ [16]ਸਿਆਲੀ ਬਣੀਆਂ [17]ਕੇਜਮਾਂ ॥ ੩੯ ॥

---

1. ਧਉਂਸੇ, ਨਗਾਰੇ । 2. ਜ਼ੰਜੀਰਦਾਰ, ਸੰਗਲ ਵਾਲੇ । 3. ਵਜਾਇਆ । 4. ਚਮਕਦਾਰ, ਚਮਕੀਲੀ । 5. ਲੜਾਈ ਵਿਚ । 6. ਬੀਰਾਂ ਦੀ ਕਤਾਰ, ਯੋਧਿਆਂ ਦੀ ਕਤਾਰ । 7. ਬਹੁਤ ਚੰਗੀ ਵਡੀ, ਮੋਹਰਲੀ ਅਗੇ ਦੀਆਂ ਫੌਜਾਂ ਵਿਚ । 8. ਬਾਜ਼ੀਗਰ । 9. ਫਸੀ ਹੋਈ । 10. ਜਾਲ ਵਿਚ, ਫਸੀ ਮਛੀ ਵਾਂਗ । 11. ਲੋਥਾ ਵਿਚ+ਰੋਹੂ ਮੱਛੀ=ਲਾਲ ਰੰਗ ਦੀ ਮਛੀ 'ਰ' ਅਖਰ ਨੂੰ 'ਲ' ਵਿਚ ਬਦਲਿਆ ਹੈ । 12. ਜਮ ਦੀ ਦਾੜ੍ਹ, ਕਟਾਰ । 13. ਬੱਦਲ । 14. ਬਿਜਲੀ । 15. ਘੁਮਣ ਵਾਲੀ, ਧੁੰਦ । 16. ਸਿਆਲ ਦੀ ਸਰਦੀ ਦੀ । 17. ਤਲਵਾਰਾਂ ।

Namdhari Elibrary NamdhariElibrary@gmail.com

(੩੯)

1. (ਚੰਜੀਰਦਾਰ) ਸੰਗਤਾਂ ਵਾਲੇ ਧੌਂਸੇ ਤੇ ਜੰਗੀ ਬਿਗਲ ਵਜ ਪਏ ।
2. ਝੰਡੀਦਾਰ ਬਰਛੀਆਂ ਹੱਥਾਂ ਵਿਚ ਲੈ ਕੇ ਸੂਰਮੇ ਯੁੱਧ ਵਿਚ ਜੁਟ ਗਏ ।
3. ਦੁਰਗਾ ਅਤੇ ਦੈਂਤਾਂ ਵਿਚਕਾਰ ਬੀਰਤਾ-ਭਰਪੂਰ ਭੇੜ ਮਚ ਗਿਆ ।
4. ਰਣ-ਭੂਮੀ ਵਿਚ ਕਰੜੀ ਤੇ ਸਖ਼ਤ ਮਾਰ ਮਚ ਉਠੀ (ਘਮਸਾਣ ਯੁਧ) ।
5. ਸੂਰਮੇ ਉਭਰ ਉਭਰ ਕੇ ਇੰਜ ਵਾਰ ਕਰ ਰਹੇ ਸਨ, ਮਾਨੋ ਬਾਜੀਗਰ ਢੋਲ ਵਜਾ ਕੇ ਛਾਲਾਂ ਮਾਰ ਰਹੇ ਹੋਣ ।
6. ਯੋਧਿਆਂ ਦੇ ਸਰੀਰ ਵਿਚ ਖੁਭੀ ਹੋਈ ਕਟਾਰ ਇੰਜ ਜਾਪਦੀ ਸੀ ਜਿਵੇਂ ਲਾਲ ਰੰਗ ਦੀ ਮੱਛੀ ਜਾਲ ਵਿਚ ਫਸੀ ਹੋਵੇ ।
7. ਤਲਵਾਰਾਂ ਇੰਜ ਚਮਕ ਰਹੀਆਂ ਸਨ ਜਿਵੇਂ ਕਾਲੇ ਬੱਦਲਾਂ ਵਿਚ ਬਿਜਲੀ ਚਮਕਦੀ ਹੈ (ਤਲਵਾਰਾਂ ਹਸ ਰਹੀਆਂ ਦਸੀਆਂ ਹਨ) ।
8. ਤਲਵਾਰਾਂ ਇਸ ਤਰ੍ਹਾਂ ਛਾਈਆਂ ਹੋਈਆਂ ਸਨ, ਜਿਵੇਂ ਸਿਆਲ ਵਿਚ ਧੁੰਦ ਚਾਰ ਚੁਫੇਰੇ ਛਾ ਜਾਂਦੀ ਹੈ ।

— o —

Namdhari Elibrary NamdhariElibrary@gmail.com

(੪੦)

ਪਉੜੀ :-

1. [1]ਧੱਗਾ [2]ਸੂਲਿ ਬਜਾਈਆਂ ਦਲਾਂ ਮੁਕਾਬਲਾ ॥
2. ਧੂਹਿ ਮਿਆਨੋ ਲਈਆਂ [3]ਜੁਆਨੀ [4]ਸੂਰਮੀ ॥
3. ਸ੍ਰਣਵਤ ਬੀਜ [5]ਬਧਾਈਆਂ ਅਗਣਤ ਸੂਰਤਾਂ ॥
4. ਦੁਰਗਾ [6]ਸਉਹੇਂ ਆਈਆਂ ਰੋਹ ਬਢਾਇਕੈ ॥
5. ਸਭਨੀ ਆਣ ਵਗਾਈਆਂ ਤੇਗਾਂ ਧੂਹਿਕੈ ॥
6. ਦੁਰਗਾ ਸਭ ਬਚਾਈਆਂ ਢਾਲ ਸੰਭਾਲਕੈ ॥
7. ਦੇਵੀ ਆਪ ਚਲਾਈਆਂ ਤਕਿ ਤਕਿ ਦਾਨਵੀ ॥
8. ਲੋਹੂ ਨਾਲਿ ਡੁਬਾਈਆਂ ਤੇਗਾਂ ਨੰਗੀਆਂ ॥
9. [7]ਸਾਰਸੁਤੀ ਜਣ ਨਾਈਆਂ ਮਿਲਕੈ ਦੇਵੀਆਂ ॥
10. ਸਭੇ ਮਾਰ ਗਿਰਾਈਆਂ ਅੰਦਰਿ ਖੇਤ ਦੈ ॥
11. [8]ਤਿਦੂੰ ਫੇਰਿ ਸਵਾਈਆਂ ਹੋਈਆਂ ਸੂਰਤਾਂ ॥ ੪੦ ॥

---

1. ਧਉਂਸੇ । 2. ਡੱਗਾ । 3. ਜੁਆਨਾ । 4. ਸੂਰਮਿਆਂ । 5. ਵਧਾਈਆਂ ।
6. ਸਾਹਮਣੇ । 7. ਸਰਸਵਤੀ ਨਦੀ । 8. ਮੁੜ ਕੇ, ਤਦ ਉਸ ਵੇਲੇ ।

Namdhari Elibrary NamdhariElibrary@gmail.com

(੪੦)

1. ਤਰਗਾ ਮਾਰ ਕੇ ਜੰਗੀ ਧੌਂਸੇ ਵਜਾਏ ਫ਼ੌਜਾ ਦਾ ਮੁਠ-ਭੇੜ ਸ਼ੁਰੂ ਹੋਇਆ।
2. ਕਰੜੂ ਸੂਰਮਿਆਂ ਨੇ ਮਿਆਨਾਂ ਵਿਚੋਂ ਤਲਵਾਰਾਂ ਸੂਤ ਲਈਆਂ।
3. ਸ੍ਰਣਵਤ ਬੀਜ ਨੇ ਆਪਣੀਆਂ ਬੇਸ਼ੁਮਾਰ ਸ਼ਕਲਾਂ ਵਧਾ ਲਈਆਂ, (ਭੋਂ ਉਪਰ ਡਿਗੀਆਂ ਲਹੂ-ਬੂੰਦਾਂ, ਰਕਤ ਬੀਜ ਦੀ ਸ਼ਕਲ ਵਿਚ ਰਾਖਸ਼ ਬਣ ਗਈਆਂ)।
4. ਉਹ ਸ੍ਰਣਵਤ ਬੀਜ ਦੀਆ ਸਾਰੀਆਂ ਸ਼ਕਲਾਂ ਗੁੱਸਾ ਵਧਾ ਕੇ ਦੁਰਗਾ ਸਾਹਮਣੇ ਆਈਆਂ।
5. ਸਭਨਾਂ ਸੂਰਤਾਂ ਨੇ ਤਲਵਾਰਾਂ ਧੂਹ ਕੇ ਦੇਵੀ ਉਤੇ ਚਲਾ ਦਿਤੀਆਂ।
6. ਦੁਰਗਾ ਨੇ ਢਾਲ ਸੰਭਾਲੀ ਅਤੇ ਆਪਣਾ ਸ਼ਰੀਰ ਸਾਰੀਆਂ ਤਲਵਾਰਾ ਦੇ ਵਾਰ ਤੋਂ ਬਚਾਇਆ।
7. ਫੇਰ ਦੇਵੀ ਨੇ ਰਾਖਸ਼ਾਂ ਦੀਆਂ ਸੂਰਤਾਂ ਉਪਰ ਆਪ ਤੱਕ ਤੱਕ ਕੇ ਤਲਵਾਰ ਦੇ ਵਾਰ ਕੀਤੇ।
8. ਦੁਰਗਾ ਨੇ ਆਪਣੀਆਂ ਨੰਗੀਆਂ ਤਲਵਾਰਾਂ ਦੈਂਤਾਂ ਦੇ ਲਹੂ ਨਾਲ ਭਿਉਂ ਲਈਆਂ।
9. ਉਹ ਲਹੂ-ਡੁਬੀਆਂ ਤਲਵਾਰਾਂ ਇੰਜ ਜਾਪਦੀਆਂ ਸਨ, ਜਿਵੇਂ ਦੇਵੀਆਂ ਇਕਠੀਆਂ ਹੋ ਕੇ ਸਰਸਵਤੀ ਨਦੀ ਵਿਚ ਨ੍ਹਾਤੀਆਂ ਹਨ।
10. ਦੁਰਗਾ ਨੇ ਤਲਵਾਰਾਂ ਨਾਲ ਸ੍ਰਣਵਤ ਬੀਜ ਦੀਆਂ ਸਾਰੀਆ ਸ਼ਕਲਾਂ ਰਣ-ਭੂਮੀ ਵਿਚ ਤੋੜ ਲਈਆਂ।
11. ਪਰ ਇਹ ਸ਼ਕਲਾਂ ਪਹਿਲੋਂ ਨਾਲੋਂ ਵੀ ਸਵਾਈਆਂ ਹੋ ਗਈਆਂ (ਲਹੂ ਦੀਆਂ ਸਾਰੀਆਂ ਬੂੰਦਾਂ ਰਾਖਸ਼ ਬਣ ਗਈਆਂ)।

— o —

Namdhari Elibrary NamdhariElibrary@gmail.com

(੪੧)

ਪਉੜੀ :—

1. [1]ਸੂਰੀ [2]ਸੰਘਰਿ ਰਚਿਆ ਢੋਲ ਸੰਖ ਨਗਾਰੇ ਵਾਇਕੈ ॥
2. ਚੰਡ [*]ਚਿਤਾਰੀ ਕਾਲਕਾ ਮਨ [3]ਬਹੁਲਾ [4]ਰੋਸ ਬਢਾਇਕੈ ॥
3. ਨਿਕਲੀ ਮੱਥਾ ਫੋੜਿਕੈ ਜਨ ਫਤੇ [5]ਨੀਸਾਣ ਬਜਾਇਕੈ ॥
4. ਜਾਗ ਸੁ ਜੰਮੀ ਜੁਧ ਨੂ [6]ਜਰਵਾਣਾ ਜਣ ਮਰੜਾਇਕੈ ॥
5. ਦਲ ਵਿਚਿ ਘੇਰਾ ਘਤਿਆ ਜਨ ਸੀਂਹ ਤੁਰਿਆ [7]ਗਣਣਾਇਕੈ ॥
6. ਆਪ [8]ਵਿਸੂਲਾ ਹੋਇਆ ਤਿਹੁ ਲੋਕਾਂ ਤੇ [9]ਖੁਨਸਾਇਕੈ ॥
7. ਰੋਹ ਸਿਧਾਈਆਂ [10]ਚਕ੍ਰਪਾਨ ਕਰ ਨੰਦਾ ਖੜਗ ਉਠਾਇਕੈ ॥
8. ਅਗੇ ਰਾਕਸ ਬੈਠੇ ਰੋਹਲੇ ਤੀਰੀ ਤੇਗੀ [11]ਛਹਬਰ ਲਾਇਕੈ ॥
9. ਪਕੜ ਪਛਾੜੇ ਰਾਕਸਾਂ ਦਲ ਦੈਂਤਾਂ ਅੰਦਰਿ ਜਾਇਕੈ ॥
10. ਬਹੁ ਕੇਸੀ ਪਕੜਿ ਪਛਾੜਿਅਨਿ ਤਿਨ ਅੰਦਰਿ [12]ਧੂਮ ਰਚਾਇਕੈ ॥
11. ਬਡੇ ਬਡੇ ਚੁਣ ਸੂਰਮੇ ਗਹਿ ਕੋਟੀ ਦਏ ਚਲਾਇਕੈ ॥
12. ਰਣ ਕਾਲੀ ਗੁਸਾ ਖਾਇਕੈ ॥ ੪੧ ॥

---

1. ਸੂਰਮਿਆਂ । 2. ਲੜਾਈ, ਯੁਧ । *ਚੇਤੇ ਕੀਤਾ । 3. ਬਹੁਤਾ । 4. ਗੁਸਾ, ਕ੍ਰੋਧ । 5. ਨਿਸ਼ਾਨ, ਝੰਡਾ । 6. ਸੂਰਮਾ, ਝੱਟਾ, ਬੀਰ ਭੱਦਰ । 7. ਅੜਿੰਗ ਕੇ, ਸਿਵਜੀ ਤੋਂ । 8. ਬੁਕ ਕੇ । 9. ਵਿਸ ਵਾਲਾ ਕਹਿਰਵਾਨ, ਦੁਖਦਾਈ । 10. ਕਹਿਰਵਾਨ ਹੋ ਕੇ, । 11. ਚਕੱਰ । 12. ਮੀਂਹ ਝੜੀ ।

Namdhari Elibrary NamdhariElibrary@gmail.com

(੪੧)

1. ਸੂਰਮਿਆਂ ਨੇ ਢੋਲ ਨਗਾਰੇ ਤੇ ਸੰਖ ਵਜਾ ਕੇ ਘੋਰ ਸੰਗ੍ਰਾਮ ਅਰੰਭਿਆ।
2. ਦੁਰਗਾ ਨੇ ਮਨ ਵਿਚ ਬਹੁਤ ਹੀ ਗੁੱਸਾ ਖਾ ਕੇ ਕਾਲੀ ਦੇਵੀ ਨੂੰ ਯਾਦ ਕੀਤਾ (ਭਾਵ ਕਾਲੀ ਦੇਵੀ ਨੂੰ ਬੁਲਾਇਆ)।
3. ਯਾਦ ਕਰਦਿਆਂ ਹੀ ਕਾਲੀ ਦੁਰਗਾ ਦੇ ਮੱਥੇ ਨੂੰ ਫੋੜ ਕੇ ਨਿਕਲ ਆਈ, ਮਾਨੋ ਕਾਲੀ ਨੇ ਜਿੱਤ ਦਾ ਨਗਾਰਾ ਵਜਾ ਦਿਤਾ।
4. ਸੰਸਾਰ ਵਿਚ ਕਾਲੀ ਖਾਸ ਕਰਕੇ ਯੁੱਧ ਲਈ ਇੰਜ ਹੀ ਜੰਮੀ ਹੈ, ਜਿਵੇਂ ਬੀਰ ਭਦਰ ਡਕਾਰਦਾ ਹੋਇਆ ਸ਼ਿਵਜੀ* ਤੋਂ ਪ੍ਰਗਟਿਆ ਸੀ।
5. ਰਣ ਵਿਚ ਕਾਲੀ ਦੇਵੀ ਨੇ ਸੂਰਮਿਆਂ ਨੂੰ ਘੇਰ ਲਿਆ, ਮਾਨੋ ਕਾਲੀ ਇਕ ਸ਼ੇਰ ਹੈ ਜੋ ਭਬਕ ਕੇ ਸ਼ਿਕਾਰ ਲਈ ਆ ਰਹੀ ਹੈ।
6. ਐਸਾ ਪ੍ਰਤੀਤ ਹੁੰਦਾ ਸੀ ਕਿ ਭਗਵਾਨ ਤਿੰਨਾਂ ਲੋਕਾਂ ਤੇ ਕਹਿਰਵਾਨ ਹੋ ਕੇ ਗੁੱਸੇ ਨਾਲ ਭਰ ਗਿਆ ਹੈ।
7. ਨੰਦਾ (ਦੁਰਗਾ), ਇਕ ਹੱਥ ਵਿਚ ਖੜਗ ਫੜ ਕੇ ਅਤੇ ਦੂਜੇ ਵਿਚ ਚਕਰ ਲੈ ਕੇ ਕ੍ਰੋਧਵਾਨ ਹੋ ਕੇ ਹਲਾ ਕਰਨ ਲਈ ਤੁਰ ਪਈ।
8. ਅਗੋਂ ਦੈਂਤ ਵੀ ਰੋਹ ਦੇ ਭਰੇ ਬੈਠੇ ਹੋਏ ਸਨ, ਦੇਵੀ ਨੂੰ ਵੇਖਦਿਆਂ ਹੀ ਉਨ੍ਹਾਂ ਨੇ ਤੀਰਾਂ ਤੇ ਤਲਵਾਰਾਂ ਦੀ ਝੜੀ ਲਾ ਦਿਤੀ।
9. ਦੈਂਤਾਂ ਦੀ ਫ਼ੌਜ ਵਿਚ ਧਸ ਕੇ ਦੁਰਗਾ ਨੇ ਰਾਖਸ਼ਾਂ ਨੂੰ ਫੜ ਫੜ ਕੇ ਭੁੰਞੇ ਉਪਰ ਪਟਕਾ ਮਾਰਿਆ।

---

* ਜਦ ਸ਼ਿਵਜੀ ਨੂੰ ਪਤਾ ਚਲਿਆ ਕਿ ਸਤੀ ਦੇ ਪਿਤਾ ਪ੍ਰਜਾਪਤੀ ਦੇ ਦਰਬਾਰ ਵਿਚ ਸਤੀ ਦਾ ਅਪਮਾਨ ਹੋਇਆ ਹੈ ਤੇ ਉਹ ਮਰ ਗਈ ਹੈ ਤਦ ਆਪਣੀ ਜਟਾਂ ਤੋਂ ਬੀਰ ਭੱਦਰ ਸ਼ਿਵਜੀ ਨੇ ਪੈਦਾ ਕੀਤਾ, ਜਿਸ ਨੇ ਪ੍ਰਜਾਪਤੀ ਦੇ ਦਰਬਾਰ ਨੂੰ ਤਹਸ ਨਹਸ ਕਰ ਦਿੱਤਾ ਅਤੇ ਪ੍ਰਜਾਪਤੀ ਦਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ।

Namdhari Elibrary NamdhariElibrary@gmail.com

10. ਦੈਂਤ-ਦਲ ਵਿਚ ਖਿਲਬਿਲੀ ਤੇ ਭਾਜੜ ਮਚਾ ਕੇ ਦੁਰਗਾ ਨੇ ਬਹੁਤੇ ਰਾਖਸ਼ਾਂ ਨੂੰ ਕੇਸਾਂ ਤੋਂ ਫੜ ਕੇ ਪਟਕਾ ਦਿਤਾ।
11. ਰਾਖਸ਼ਾਂ ਦੇ ਵੱਡੇ-ਵੱਡੇ ਸੂਰਮਿਆਂ ਨੂੰ ਦੇਵੀ ਨੇ ਚੁਣ ਕੇ ਧਨੁਖ ਦੀ *ਕੋਟੀ ਵਿਚੋਂ ਤੀਰ ਛੱਡ-ਛੱਡ ਕੇ ਮਾਰ ਦਿਤਾ।
12. ਕਾਲੀ ਨੇ ਯੁੱਧ ਭੂਮੀ ਵਿਚ ਉਪਰੋਕਤ ਖੇਡ ਗੁੱਸਾ ਖਾ ਕੇ ਕੀਤੀ।

(੪੨)

ਪਉੜੀ :—

1. ਦੁਹਾ [1]ਕੰਧਾਰਾ ਮੁਹਿ ਜੁੜੇ [2]ਅਣੀਆਰਾਂ ਚੋਈਆਂ ॥
2. ਧੂਹਿ ਕਿਰਪਾਣਾਂ ਤਿਖੀਆਂ ਨਾਲ ਲੋਹੂ ਧੋਈਆਂ ॥
3. [3]ਹੂਰਾਂ ਸ੍ਰਣਵਤ ਬੀਜ ਨੋ ਘਤਿ ਘੇਰਿ ਖਲੋਈਆਂ ॥
4. ਲਾੜਾ ਦੇਖਣ [4]ਲਾੜੀਆਂ ਚਉਗਿਰਦੇ ਹੋਈਆਂ ॥ ੪੨ ॥

(੪੨)

1. ਦੋਹਾਂ ਦਲਾਂ ਦੀਆਂ ਕਤਾਰਾਂ ਦਾ ਮੂੰਹ ਭੇੜ ਹੋਇਆ ਤੇ ਨੇਜ਼ਿਆਂ ਦੀਆਂ ਤਿਖੀਆਂ ਨੋਕਾਂ ਵਿਚੋਂ ਲਹੂ ਚੋ ਉਠਿਆ।
2. ਸੂਰਮਿਆਂ ਨੇ ਮਿਆਨੋਂ ਕਢ ਕੇ ਤਲਵਾਰਾਂ ਸੂਤੀਆਂ ਅਤੇ ਉਹਨਾਂ ਨੂੰ ਖੂਨ ਨਾਲ ਧੋਤਾ (ਲਹੂ ਵਿਚ ਲਥ ਪਥ ਕਰ ਦਿਤਾ)।
3. ਇਹ ਸੁਰਖ ਰੰਗ ਦੀਆਂ ਤਲਵਾਰਾਂ ਮਾਨੋਂ ਸਵਰਗ ਦੀਆਂ ਅਪਛੱਰਾਂ ਹਨ, ਜਿਨ੍ਹਾਂ ਸ੍ਰਣਵਤ ਬੀਜ ਨੂੰ ਘੇਰ ਲਿਆ ਹੈ।
4. ਜਾਂ ਇਹ ਤਲਵਾਰਾਂ, ਸੂਹੇ ਕਪੜੇ ਪਹਿਨੇ ਮੁਟਿਆਰਾਂ ਹਨ ਜੋ ਕਿਸੇ ਲਾੜੇ ਨੂੰ ਦੇਖਣ ਲਈ ਘੇਰਾ ਘਤ ਕੇ ਖੜੋ ਗਈਆਂ ਹਨ।

---

1. ਫ਼ੌਜ ਦੀਆ ਦੋਵੇਂ ਕਤਾਰਾਂ। 2. ਤਿਖੀਆਂ ਨੋਕਾਂ, ਜੋ ਆਰੀ ਵਾਂਗ ਹਨ ਜਾਂ ਨੇਜ਼ਿਆਂ ਦੀਆਂ ਤਿਖੀਆਂ ਨੋਕਾ ਵਿਚੋਂ ਲਹੂ ਚੋਇਆ। 3. ਪਰੀਆਂ, ਤਲਵਾਰਾਂ ਨੂੰ ਪਰੀਆਂ ਕਿਹਾ ਹੈ। 4. ਸਾਲੀਆਂ।

Namdhari Elibrary NamdhariElibrary@gmail.com

(੪੩)

ਪਉੜੀ :—

1. ਚੋਬੀ ਧਉਸਾਂ ਪਾਈਆਂ ਦਲਾਂ ਮੁਕਾਬਲਾ ॥
2. ਦਸਤੀ ਧੂਹ ਨਚਾਈਆਂ ਤੇਗਾਂ ਨੰਗੀਆਂ ॥
3. ਸੂਰਿਆਂ ਦੇ ਤਨ ਲਾਈਆਂ ਗੋਸ਼ਤ [1]ਗਿਧੀਆਂ ॥
4. [2]ਬਿੱਧਣ ਰਾਤੀ ਆਈਆਂ ਮਰਦਾਂ ਘੋੜਿਆਂ ॥
5. [3]ਜੋਗਣੀਆਂ ਮਿਲਿ ਧਾਈਆਂ ਲੋਹੂ ਭੱਖਣਾ ॥
6. ਫਉਜਾਂ ਮਾਰ ਹਟਾਈਆਂ ਦੇਵਾਂ ਦਾਨਵਾਂ ॥
7. ਭਜਦੀ ਕਥਾ ਸੁਣਾਈਆਂ ਰਾਜੇ ਸੁੰਭ ਥੈ ॥
8. ਭੂਈਂ ਨ ਪਉਣੇ ਪਾਈਆਂ ਬੂੰਦਾਂ ਰਕਤ ਦੀਆਂ ॥
9. ਕਾਲੀ ਖੇਤ ਖਪਾਈਆਂ ਸਭੇ ਸੂਰਤਾਂ ॥
10. ਬਹੁਤੀ ਸਾਰੀ ਬਿਹਾਈਆਂ ਘੜੀਆਂ ਕਾਲਕੀਆਂ ॥
11. ਜਾਣ ਨ ਜਾਏ ਮਾਈਆਂ ਜੂਝੇ ਸੂਰਮੇ ॥ ੪੪ ॥

---

1. ਗਿਧੀਆਂ, ਜਿਨ੍ਹਾਂ ਨੂੰ ਗੋਸ਼ਤ (ਮਾਸ) ਖਾਣ ਦੀ ਆਦਤ ਸੀ। 2. ਦੁਖ ਦੀ ਘੜੀ। 2. ਖੂਨ ਪੀਣ ਵਾਲੀਆਂ ਜਿਨ੍ਹਾਂ ਦੀ ਸੰਖਿਆ 65 ਦਸੀ ਜਾਂਦੀ ਹੈ, ਇਥੇ ਤਲਵਾਰਾਂ ਤੋਂ ਭਾਵ ਹੈ।

Namdhari Elibrary NamdhariElibrary@gmail.com

(੪੩)

1. ਨਗਾਰਚੀ ਨੇ ਧੌਂਸੇ ਨੂੰ ਵਜਾਇਆ ਤਾਂ ਫ਼ੌਜਾਂ ਦਾ ਮੁਕਾਬਲਾ ਸ਼ੁਰੂ ਹੋਇਆ।
2. ਸੂਰਮਿਆਂ ਨੇ ਤਲਵਾਰਾਂ ਸੂਤ ਕੇ ਹੱਥਾਂ ਵਿਚ ਫੜੀਆਂ ਅਤੇ ਵਾਰ ਕਰਨ ਲਈ ਘੁਮਾਈਆਂ (ਨਚਾਈਆਂ)।
3. ਮਾਸ ਖਾਣ ਦੀਆਂ ਗਿਝੀਆਂ ਤਲਵਾਰਾਂ ਨੂੰ (ਦੇਵੀ ਨੇ) ਸੂਰਮਿਆਂ ਦੇ ਸਰੀਰਾਂ ਉਪਰ ਲਾ ਦਿਤਾ (ਖੋਭ ਦਿਤੀਆਂ)।
4. ਦੇਵੀ ਦਾ ਇਹ ਵਾਰ ਕੀ ਸੀ ਮਾਨੋ ਮਰਦਾਂ ਅਤੇ ਘੋੜਿਆਂ ਉਪਰ ਦੁਖ ਤੇ ਮੁਸੀਬਤ ਦੀ ਰਾਤ ਛਾ ਗਈ।
5. ਜੋਗਣੀਆਂ ਇਕਠੀਆਂ ਹੋ ਕੇ ਰਕਤ ਬੀਜ (ਸ੍ਰਣਵਤ ਬੀਜ) ਦਾ ਲਹੂ ਪੀਣ ਲਈ ਭਜੀਆਂ ਆ ਰਹੀਆਂ ਹਨ।
6. ਦੁਰਗਾ ਨੇ ਕਰਾਰੀ ਮਾਰ ਮਾਰ ਕੇ ਦੈਂਤਾਂ ਦੀਆਂ ਫ਼ੌਜਾਂ ਦਾ ਮੂੰਹ ਮੋੜ ਦਿਤਾ ਹੈ। (ਪਿਛੇ ਹਟਾ ਦਿਤੀਆਂ ਹਨ)।
7. ਫ਼ੌਜਾਂ ਦੀ ਭਾਜ ਦੀ ਕਹਾਣੀ ਰਾਜੇ ਸੁੰਭ ਨੂੰ ਰਾਖਸ਼ਾਂ ਨੇ ਜਾ ਸੁਣਾਈ।
8. ਉਨ੍ਹਾਂ ਦਸਿਆ ਕਿ ਰਕਤ ਬੀਜ ਦੇ ਲਹੂ ਦੀਆਂ ਬੂੰਦਾਂ ਭੂਮੀ ਉਪਰ ਡਿਗਣ ਨਹੀਂ ਦਿਤੀਆਂ ਗਈਆਂ।
9. ਰਕਤ ਬੀਜ ਦੀਆਂ ਸਾਰੀਆਂ ਸ਼ਕਲਾਂ, ਹੇ ਰਾਜਨ ! ਕਾਲੀ ਨੇ ਨਸ਼ਟ ਕਰ ਦਿਤੀਆਂ ਹਨ।
10. ਹੇ ਰਾਜਾ ! ਬਹੁਤ ਸਾਰੇ ਰਾਖਸ਼ਾਂ ਦੇ ਸਿਰ ਤੇ ਮੌਤ ਦੀਆਂ ਘੜੀਆਂ ਬੀਤ ਚੁਕੀਆਂ ਹਨ।
11. ਸੂਰਮੇ ਦੇਵੀ ਨਾਲ ਜੂਝ ਕੇ ਇੰਜ ਮਰ ਗਏ ਹਨ, ਜਾਣੋ ਉਨ੍ਹਾਂ ਨੂੰ ਮਾਵਾਂ ਨੇ ਜਣਿਆ ਹੀ ਨਹੀਂ (ਮਰ ਮਿਟ ਗਏ ਹਨ, ਨਾਂ ਨਿਸ਼ਾਨ ਉਡ ਗਿਆ ਹੈ)।

— o —

Namdhari Elibrary NamdhariElibrary@gmail.com

(੪੪)

ਪਉੜੀ : —

1. ਸੁੰਭ ਨੇ [1]ਕਰਹਾਲੀ ਸੁਣਰਤ ਬੀਜਦੀ ॥
2. ਰਣ ਵਿਚ ਕਿਨੇ ਨ [2]ਝਾਲੀ ਦੁਰਗਾ ਆਂਵਦੀ ॥
3. ਬਹੁਤੇ ਬੀਰ ਜਟਾਲੀ ਉਠੇ ਆਖਕੈ ॥
4. ਚੋਟਾ ਪਾਨ [3]ਤਬਾਲੀ ਜਾਸਨ ਜੁਧ ਨੂੰ ॥
5. ਥਰ ਥਰ ਪ੍ਰਿਥਮੀ ਹਾਲੀ ਦਲ ਚੜੰਦਿਆਂ ॥
6. [4]ਨਾਉ ਜਿਵੇਂ ਹੈ [5]ਹਾਲੀ ਡੋਲੀ [6]ਸਹ ਦਰੀਆਉ ਵਿਚਿ ॥
7. ਧੂੜਿ ਉਤਾਹਾਂ [7]ਘਾਲੀ ਛੜੀ [8]ਤੁਰੰਗਮਾਂ ॥
8. ਜਾਣਿ ਪੁਕਾਰੂ ਚਾਲੀ ਧਰਤੀ ਇੰਦ੍ਰ ਥੈ ॥ ੪੪ ॥

---

1. ਬੁਰੀ ਖਬਰ । 2. ਝਲੀ । 3. ਤਬਲਿਆਂ ਉਤੇ, ਨਗਾਰਿਆਂ ਉਪਰ, ਤਬਲਚੀ । 4. ਬੇੜੀ, ਨਾਉਕਾ । 5. ਹਿਲੀ, ਡੋਲੀ । 6. ਡੂੰਘੇ ਦਰਿਆ ਵਿਚ । 7. ਘਲੀ । 8. ਘੋੜੇ ।

Namdhari Elibrary NamdhariElibrary@gmail.com

(੪੪)

1. ਸੁੰਭ ਨੇ ਸ੍ਰਣਵਤ ਬੀਜ ਦੀ ਸਿਰ ਬੀਤੀ ਭੈੜੀ ਸੋ (ਬੁਰੀ ਖ਼ਬਰ) ਸੁਣੀ ਅਤੇ ਇਹ ਵੀ ਉਸ ਨੂੰ ਪਤਾ ਚਲਿਆ ਕਿ :—
2. ਰਣ ਵਿਚ ਦੁਰਗਾ ਦੇ ਹਲੇ ਨੂੰ ਕੋਈ ਰਾਖਸ਼ ਨਹੀਂ ਰੋਕ ਸਕਿਆ ਜਾਂ ਝੱਲ ਨਹੀਂ ਸਕਿਆ।
3. ਇਹ ਸੁਣ ਗੁੱਸਾ ਖਾ ਕੇ ਉਸ ਵੇਲੇ ਜਟਾ ਧਾਰੀ ਸੂਰਬੀਰ ਰਾਖਸ਼ ਉਠੇ ਤੇ ਉਹਨਾਂ ਆਖਿਆ :—
4. ਤਬਲਚੀਓ ! ਧੌਂਸਿਆਂ ਉਪਰ ਚੋਟਾਂ ਮਾਰੋ, ਅਸੀਂ ਹੁਣੇ ਯੁੱਧ ਨੂੰ ਜਾਵਾਂਗੇ।
5. ਰਾਖਸ਼ਾਂ ਦੇ ਦਲਾਂ ਨੇ ਜਿਸ ਵੇਲੇ ਚੜ੍ਹਾਈ ਕੀਤੀ, ਧਰਤੀ ਥਰ-ਥਰ ਕੰਬ ਉਠੀ।
6. ਪ੍ਰਿਥਵੀ ਇੰਜ ਕੰਬੀ ਜਿਵੇਂ ਦਰਿਆ ਦੀ ਵਿਚਕਾਰਲੀ ਧਾਰ ਵਿਚ ਕਿਸ਼ਤੀ ਡਗਮਗਾ ਰਹੀ ਹੋਵੇ। (ਸ਼ਹੁ ਦਰਿਆ ਵਿਚ) ਭਾਵ ਜਿਵੇਂ ਡੂੰਘੇ ਦਰਿਆ ਵਿਚ ਘੁਮਣਘੇਰੀ ਵਿਚ ਫਸ ਕੇ ਬੇੜੀ ਡੋਲਣ ਲੱਗ ਜਾਂਦੀ ਹੈ।
7. ਘੋੜਿਆਂ ਦੇ ਸੁੰਮਾਂ ਨਾਲ ਛੜਿਆ ਤੇ ਛੰਡਿਆ ਹੋਇਆ ਘਟਾ (ਧੂੜ) ਉਤਾਹਾਂ ਅਕਾਸ਼ ਵਲ ਉਡ ਚਲਿਆ ਹੈ।
8. ਇਹ ਧੂੜ ਮਾਨੋ ਇੰਦਰ ਪਾਸ ਪੁਕਾਰ ਕਰਨ ਲਈ ਚਲੀ ਜਾ ਰਹੀ ਹੈ।

— o —

Namdhari Elibrary NamdhariElibrary@gmail.com

(੪੫)

ਪਉੜੀ :—

1. [1]ਆਹਰਿ [2]ਮਿਲਿਆ ਆਹਰੀਆਂ ਸੈਣ ਸੂਰਿਆਂ ਸਾਜੀ ॥
2. ਚੱਲੇ ਸਉਹੇ ਦੁਰਗਸਾਹ ਜਣ [3]ਕਾਬੈ [4]ਹਾਜੀ ॥
3. ਤੀਰੀ ਤੇਗੀ ਜਮਧੜੀ ਰਣਵੰਡੀ ਭਾਜੀ ॥
4. ਇਕ ਘਾਇਲ ਘੂਮਨ ਸੂਰਮੇ ਜਣ [5]ਮਕਤਬ [6]ਕਾਜੀ ॥
5. ਇਕ ਬੀਰ ਪਰੋਤੇ ਬਰਛੀਏ ਝੁਕ ਪਉਨ [7]ਨਿਵਾਜੀ ॥
6. ਇਕ ਦੁਰਗਾ ਸਉਹੇ [8]ਖੁਨਸਕੈ ਖੁਨਸਾਇਨ [9]ਤਾਜੀ ॥
7. ਇਕ ਧਾਵਨ ਦੁਰਗਾ ਸਾਮ੍ਹਣੇ ਜਿਉ [10]ਭੁਖਿਆਏ [11]ਪਾਜੀ ॥
8. ਕਦੇ ਨ ਰੱਜੇ [12]ਜੁਧ ਤੇ ਰਜ ਹੋਏ ਰਾਜੀ ॥ ੪੫ ॥

---

1. ਉਦਮ, ਕੰਮ, ਪੁਰਸ਼ਾਰਥ । 2. ਉਦਮੀਆਂ, ਪੁਰਸ਼ਾਰਥੀਆਂ, ਕਾਮਿਆਂ । 3. ਮਕੇ ਅੰਦਰ, ਪਵਿਤਰ ਸਥਾਨ । 4. ਮਕੇ ਦੇ ਯਾਤਰੂ । 5. ਪਾਠਸ਼ਾਲਾ । 6. ਮੁਲਾ, ਪੜ੍ਹਾਉਣ ਵਾਲਾ । 7. ਨਿਮਾਜ਼ੀ । 8. ਗੁਸੇ ਹੋ ਕੇ । 9. ਘੋੜੇ । 10. ਭੁੱਖੇ । 11. ਲਾਲਚੀ, ਨਿਕੰਮੇ । 12. ਯੁੱਧ ।

Namdhari Elibrary NamdhariElibrary@gmail.com

(੪੫)

1. ਉਦਮੀਆਂ (ਜੰਗਜੂ=ਯੋਧਿਆਂ) ਨੂੰ ਉਦਮ (ਯੁੱਧ ਦਾ ਉਤਸ਼ਾਹ) ਮਿਲ ਗਿਆ, ਇਸ ਲਈ ਇਨ੍ਹਾਂ ਸੂਰਮਿਆ ਨੇ ਸੈਨਾਂ ਸਜਾ ਲਈ ।
2. ਦੁਰਗਾ ਸਾਹਮਣੇ (ਮੁਕਾਬਲਾ ਕਰਨ ਲਈ, ਟੋਲਿਆਂ ਦੀ ਸ਼ਕਲ ਵਿਚ) ਦੌੜ ਚਲੇ, ਜਿਵੇਂ ਹਾਜੀ ਲੋਕ ਕਾਅਬੇ ਵਲ ਚਲੇ ਜਾ ਰਹੇ ਹੋਣ ।
3. ਸੂਰਮਿਆਂ ਨੇ ਤੀਰਾਂ ਤਲਵਾਰਾਂ ਤੇ ਕਟਾਰਾਂ ਦੀ ਯੁੱਧ-ਖੇਤਰ ਵਿਚ ਭਾਜੀ ਵੰਡੀ ।
4. ਇਕ ਜ਼ਖਮੀ ਹੋਏ ਯੋਧੇ ਇੰਜ ਝੂਲਦੇ ਫਿਰਦੇ ਹਨ, ਜਿਵੇਂ ਮਦਰਸੇ (ਪਾਠਸ਼ਾਲਾ) ਵਿਚ ਕਾਜ਼ੀ ਕੁਰਾਨ ਪੜ੍ਹਦਾ ਤੇ ਬਚਿਆਂ ਨੂੰ ਪੜ੍ਹਾਉਂਦਾ ਝੂਮਦਾ ਫਿਰਦਾ ਹੈ, (ਸਿਰ ਹਿਲਾਉਂਦਾ ਹੈ) ।
5. ਇਕ ਸੂਰਮੇ (ਦੇਵੀ ਦੇ) ਬਰਛੇ ਵਿਚ ਪਰੋਤੇ ਹੋਏ ਇੰਜ ਝੁਕ ਗਏ ਹਨ, ਜਿਵੇਂ ਨਮਾਜ਼ੀ ਨਮਾਜ਼ ਪੜ੍ਹਨ ਲਈ ਝੁਕੇ ਹੋਣ ।
6. ਇਕ ਕ੍ਰੋਧ ਨਾਲ ਭਰਪੂਰ ਘੋੜਿਆਂ ਨੂੰ ਚਮਕਾਉਂਦੇ ਦੁਰਗਾ ਦੇ ਸਾਹਮਣੇ (ਲੜਨ ਲਈ) ਆਉਂਦੇ ਹਨ ।
7. ਇਕ ਦੁਰਗਾ ਸਾਹਮਣੇ ਇਸ ਤਰ੍ਹਾਂ ਆਉਂਦੇ ਹਨ, ਜਿਵੇਂ ਭੁਖੇ ਪਾਜੀ, (ਖੁਰਾਕ ਨੂੰ ਦੇਖ) ਖਾਣ ਵਲ ਭਜਦੇ ਹਨ ।
੮. ਜਿਹੜੇ ਸੂਰਮੇ ਜੰਗ ਵਿਚ ਲੜਾਈ ਕਰਦੇ ਕਦੇ ਰੱਜਦੇ ਨਹੀਂ ਸਨ ਅੱਜ (ਦੁਰਗਾ ਦੀ ਮਾਰ ਨਾਲ) ਉਹ ਰੱਜ ਕੇ ਰਾਜ਼ੀ ਹੋਂਦੇ ਹਨ ।

— o —

Namdhari Elibrary NamdhariElibrary@gmail.com

(੪੯)

ਪਉੜੀ :—

1. ਵੱਜੇ [1]ਸੰਗਲੀਆਲੇ [2]ਸੰਘਰ [3]ਡੋਹਰੇ ॥
2. ਡਹੇ ਜੁ ਖੇਤ ਜਟਾਲੇ [4]ਹਾਠਾਂ ਜੋੜਿਕੈ ॥
3. ਨੇਜੇ [5]ਬੰਬਲੀਆਲੇ ਦਿਸਨ [6]ਓਰੜੇ ॥
4. ਚਲੇ ਜਾਣ ਜਟਾਲੇ ਨਾਵਣ ਗੰਗ ਨੂੰ ॥ ੪੯ ॥

(੫੯)

1. ਜ਼ੰਜੀਰਦ ਰ (ਸੰਗਲਾਂ ਵਾਲੇ) ਦੋਹਰੇ ਧੌਂਸੇ (ਰਣ ਵਿਚ) ਵਜੇ ਤੇ ਗੜਗਜ ਪਾਈ।
2. ਜਟਾਂ ਵਾਲੇ ਸੂਰਮੇ ਰਣ-ਭੂਮੀ ਵਿਚ ਕਤਾਰਾਂ ਜੋੜ ਕੇ ਯੁੱਧ ਵਿਚ ਜੂਝ ਗਏ (ਜੁਟ ਗਏ)।
3. ਝੁਮਣਾਂ ਤੇ ਝੰਡੀਆਂ ਵਾਲੇ ਨੇਜ਼ੇ ਉਲਰੇ ਹੋਏ (ਝੁਕੇ ਹੋਏ ਦਿਸਦੇ ਹਨ।
4. ਇਹ ਲੰਮੀਆਂ ਜਟਾਂ ਵਾਲੇ ਰਾਖਸ਼ ਸੂਰਮੇ ਚੰਡੀ ਸਾਹਮਣੇ ਜਾਂਦੇ ਇੰਜ ਲਗਦੇ ਸਨ, ਜਿਵੇਂ ਜਟਾਧਾਰੀ ਸਾਧੂ ਗੰਗਾ ਅਸ਼ਨਾਨ ਲਈ ਜਾ ਰਹੇ ਹੋਣ।

---

1. ਜ਼ੰਜੀਰਦਾਰ। 2. ਧਉਂਸੇ। 3. ਦੋਹਰੇ। 4. ਕਤਾਰਾਂ। 5. ਝੁਮਣ ਵਾਲੇ, ਚਮਕੀਲੇ। 6. ਉਲਰੇ ਹੋਏ, ਝੁਕੇ ਹੋਏ।

\

Namdhari Elibrary NamdhariElibrary@gmail.com

(੪੭)

ਪਉੜੀ :—

1. ਦੁਰਗਾ ਅਤੇ ਦਾਨਵੀ [1]ਸੂਲ ਹੋਈਆ [2]ਕੰਗਾਂ ॥
2. ਵਾਛੜ ਘੱਤੀ ਸੂਰਿਆਂ ਵਿਚ [3]ਖਤੰਗਾਂ ॥
3 ਧੂਹਿ ਕ੍ਰਿਪਾਣਾ ਤਿੱਖੀਆਂ [4]ਬਢ ਲਾਹਿਨ ਅੰਗਾਂ ॥
4. ਪਹਲਾ ਦਲਾਂ ਮਿਲੰਦਿਆਂ ਭੇੜ ਪਇਆ [5]ਨਿਹੰਗਾਂ ॥ ੪੭ ॥

(੪੭)

1. ਦੁਰਗਾ ਅਤੇ ਦੈਂਤਾਂ ਦੇ ਦਲਾਂ ਦਾ ਮੇਲ ਹੋਣ ਤੇ ਹਥਿਆਰਬੰਦ ਸੂਰਮਿਆਂ ਨੂੰ (ਲੜਾਈ) ਦਾ ਫ਼ਿਕਰ ਪਿਆ।
2. ਸੂਰਮਿਆਂ ਨੇ ਰਣ-ਖੇਤ ਵਿਚ ਖਤੰਗਾਂ (ਤੀਰਾਂ) ਦੀ ਛਹਬਰ (ਝੜੀ=ਵਾਛੜ) ਲਾ ਦਿਤੀ (ਮੀਂਹ ਵਰਸਾ ਦਿਤਾ)।
3. ਤਿਖੀਆਂ ਸ਼ਮਸ਼ੀਰਾਂ (ਤਲਵਾਰਾਂ) ਸੂਤ ਕੇ (ਖਿਚ ਕੇ), ਸੂਰਮੇ ਦੁਸ਼ਮਨਾਂ ਦੇ ਅੰਗਾਂ ਨੂੰ ਵੱਢ ਕੇ ਲਾਹ ਰਹੇ ਹਨ।
4. ਦੋਹਾਂ ਦਲਾਂ ਦੇ ਮੂੰਹ ਜੁੜਦਿਆਂ ਹੀ ਤਲਵਾਰਾਂ ਵਾਲੇ ਸੂਰਮਿਆਂ ਦਾ ਭੇੜ ਮਚ ਗਿਆ (ਲੜਾਈ ਹੋਣ ਲਗ ਪਈ)।

---

1. ਦੁਖ, ਦਰਦ, ਫ਼ਿਕਰ। 2. ਹਥਿਆਰਬੰਦ ਫੌਜ, ਸੰਜੋਆਂ ਵਾਲੇ ਸੂਰਮੇ। 3. ਤੀਰ। 4. ਵੱਢਣਾ। 5. ਮਗਰਮਛ ਵਰਗੇ ਸੂਰਮੇ, ਜੋਧੇ ਤਲਵਾਰਾਂ ਵਾਲੇ।

Namdhari Elibrary NamdhariElibrary@gmail.com

(੪੮)

ਪਉੜੀ :–

1. [1]ਉਰਲ ਫਉਜਾਂ ਆਈਆਂ ਬੀਰ ਚਕੇ [2]ਕੰਧਾਰੀ ॥
2. [3]ਸੜਕ ਮਿਆਨੋ ਕਢੀਆਂ ਤਿਖੀਆਂ ਤਰਵਾਰੀ ॥
3. ਕੜਕ ਉਠੇ ਰਣ ਮਚਿਆ ਵਡੇ ਹੰਕਾਰੀ ॥
4. ਸਿਰ ਧੜ ਬਾਹਾਂ ਗਨ ਲੇ ਫੁਲ ਜੇਹੇ ਬਾੜੀ ॥
5. ਜਾਪੇ ਕਟੇ ਬਾਢੀਆਂ ਰੁਖ ਚੰਦਨਿ ਆਰੀ ॥ ੪੮ ॥

(੪੮)

1. ਉਮਲ-ਉਮਲ ਕੇ ਫੌਜਾਂ ਆਈਆਂ ਤੇ ਸੂਰਮੇ ਕਤਾਰਾਂ ਬੰਨ੍ਹ ਕੇ ਧਾਵਾ ਬੋਲਣ ਲਈ ਚੜ੍ਹ ਪਏ ।
2. ਯੋਧਿਆਂ ਨੇ ਤਿਖੀਆਂ ਤਲਵਾਰਾਂ, ਸੜਕ-ਸੜਕ ਕਰਦੀਆਂ ਮਿਆਨਾਂ ਵਿਚੋਂ ਕਢ ਲਈਆਂ (ਧੂਹ ਲਈਆਂ) ।
3. ਜੰਗ ਦੇ ਮਚਦਿਆਂ ਹੀ, ਹੰਕਾਰੀ ਸੂਰਮੇ ਬਿਜਲੀ ਵਾਂਗ ਕੜਕ ਉਠੇ ।
4. ਸਿਰ, ਧੜ ਅਤੇ ਬਾਹਾਂ ਦੇ ਮੋਛੇ (ਟੁਕੜੇ. ਲਹੂ ਵਿਚ ਰੰਗੇ ਹੋਏ) ਰਣ ਵਿਚ ਪਏ ਹੋਏ ਇੰਜ ਜਾਪਦੇ ਹਨ, ਜਿਵੇਂ ਚਮਨ ਵਿਚ (ਫੁਲਵਾੜੀ ਵਿਚ) ਰੰਗ ਬਰੰਗੇ ਫੁਲ ਪਏ ਹੋਣ ।
5. ਜਾਂ ਉਹ ਟੁੱਟੇ ਇੰਜ ਜਾਪਦੇ ਸਨ, ਮਾਨੋ ਤਰਖਾਣਾਂ ਨੇ ਚੰਦਨ ਦੇ ਰੁਖ ਆਰੀ ਨਾਲ ਮੋਛੇ ਪਾ ਕੇ ਸੁਟ ਦਿਤੇ ਹਨ ।

---

1. ਉਲਰਕੇ । 2. ਫੌਜਾਂ ਦੀਆਂ ਕਤਾਰਾਂ । 3. ਸਰ ਸਰ ਦੀ ਅਵਾਜ਼ ।

Namdhari Elibrary NamdhariElibrary@gmail.com

(੪੯)

ਪਉੜੀ :—

1. ਦੁਹਾਂ ਕੰਧਾਰਾਂ ਮੁਹਿ ਜੁੜੇ ਜਾ ਸੱਟ ਪਈ [1]ਖਰਵਾਰ ਕਉ ॥
2. ਤਕ ਤਕ ਕੈਬਰਿ ਦੁਰਗਸ਼ਾਹ ਤਕ ਮਾਰੇ ਭਲੇ [2]ਜੁਝਾਰ ਕਉ ॥
3. ਪੈਦਲ ਮਾਰੇ ਹਾਥੀਆਂ ਸੰਗ ਰਥ ਗਿਰੇ ਅਸਵਾਰ ਕਉ ॥
4. ਸੋਹਨ ਸੰਜਾ [3]ਬਾਗੜਾ ਜਣੁ ਲਗੇ ਫੁਲ ਅਨਾਰ ਕਉ ॥
5. ਗੁਸੇ ਆਈ ਕਾਲਕਾ ਹਥਿ ਸੱਜੇ ਲੈ ਤਲਵਾਰ ਕਉ ॥
6. [4]ਏਦੂ ਪਾਰਉ [5]ਓਤ ਪਾਰ ਹਰਿਨਾਕਸਿ ਕਈ ਹਜਾਰ ਕਉ ॥
7. ਜਿਣ ਇੱਕ ਰਹੀ ਕੰਧਾਰ ਕਉ ॥
8 [6]ਸਦ [7]ਰਹਮਤ ਤੇਰੇ ਵਾਰ ਕਉ ॥ ੪੯ ॥

(੪੯)

1. ਜਦ ਖੋਤੇ ਦੇ ਚੰਮ ਨਾਲ ਮੜ੍ਹੇ ਹੋਏ ਧੌਂਸਿਆਂ ਤੇ ਸੱਟ ਪਈ, ਤਦ ਮੁਕਾਬਲੇ ਲਈ ਦੋਹਾਂ ਦਲਾਂ ਦੇ ਮੂੰਹ ਜੁੜ ਗਏ ।
2. ਦੁਰਗਸ਼ਾਹ ਨੇ ਨਿਸ਼ਾਨਾ ਬੰਨ੍ਹ ਕੇ ਵੱਡੇ-ਵੱਡੇ ਸੂਰਮਿਆਂ ਨੂੰ ਤੀਰ ਮਾਰੇ । (ਤਕ ਤਕ ਕੇ ਤੀਰ ਮਾਰੇ) ।
3. ਦੁਰਗਾ ਨੇ ਪੈਦਲ ਸਿਪਾਹੀ ਮਾਰੇ, ਹਾਥੀਆਂ ਸਹਿਤ ਰਥ ਅਤੇ ਹਾਥੀ ਤੇ ਰਥ ਸਵਾਰਾਂ ਨੂੰ ਵੀ ਡੇਗ ਦਿਤਾ ।
4. ਸੂਰਮਿਆਂ ਦੇ ਸੰਜੋਆਂ ਤੇ ਲਟਕੇ ਫੁਮਣ ਇੰਜ ਜਾਪਦੇ ਹਨ, ਜਿਵੇਂ ਅਨਾਰ ਨੂੰ ਲਾਲ-ਲਾਲ ਫੁਲ ਲਗੇ ਹੋਏ ਹੋਣ ।
5. ਕਾਲਕਾ (ਦੇਵੀ) ਕ੍ਰੋਧ ਵਿਚ ਭਰ ਗਈ ਅਤੇ ਉਸ ਨੇ ਸੱਜੇ ਹੱਥ ਵਿਚ ਤਲਵਾਰ ਫੜ ਲਈ ।
6. ਇਸ ਤਰਫੋਂ ਲੈ ਕੇ ਉਸ ਬੰਨੇ ਤਕ ਦੇਵੀ ਹਰਨਾਕਸ਼ ਵਰਗੇ ਹਜ਼ਾਰਾਂ ਦੈਂਤਾਂ ਨੂੰ ਮਾਰਦੀ ਨਿਕਲ ਗਈ ।
7. ਦੈਂਤਾਂ ਦੀ ਇਤਨੀ ਵਡੀ ਫੌਜ ਨੂੰ ਇਕ-ਇਕੱਲੀ ਦੇਵੀ ਜਿੱਤ ਰਹੀ ਹੈ ।
8. ਹੇ ਦੁਰਗਾ ! ਹੇ ਮਹਾਂ ਮਾਈ, ਤੇਰੇ ਇੰਜ ਵਾਰ ਕਰਨ ਤੇ ਸੈਂਕੜੇ ਸ਼ਾਬਾਸ਼ ਹਨ (ਪਰਮਾਤਮਾ ਦੀ ਅਪਾਰ ਕਿਰਪਾ ਹੋਵੇ) ।

---

1. ਖੋਤੇ ਦੇ ਚੰਮ ਨਾਲ ਮੜ੍ਹਿਆ ਧੌਂਸਾ । 2. ਯੋਧੇ । 3. ਤੀਰ ਦਾ ਪਿਛਲਾ ਹਿਸਾ, ਜਿਹੜਾ ਫੁਲ ਵਾਂਗ ਹੁੰਦਾ ਹੈ । 4. ਏਸ । 5. ਓਸ, ਉਸ ।

Namdhari Elibrary NamdhariElibrary@gmail.com

(੫੦)

ਪਉੜੀ :—

1. ਦੁਹਾਂ ਕੰਧਾਰਾ ਮੁਹਿ ਜੁੜੇ ਸੱਟ ਪਈ [1]ਜਮਧਾਣ ਕੱਉ ॥
2. ਤਦ [2]ਖਿੰਗ ਨਸੁੰਭ ਨਚਾਇਆ ਡਾਲ ਉਪਰਿ [3]ਬਰਗਸਤਾਣ ਕੌਉ ॥
3. ਫੜੀ [4]ਬਿਲੰਦ ਮਗਾਇਉਸ [5]ਫੁਰਮਾਇਸ ਕਰਿ ਮੁਲਤਾਨ ਕੌਉ ॥
4. ਗੁਸੇ ਆਈ ਸਾਮ੍ਹਣੇ ਰਣ ਅੰਦਰਿ ਘਤਣ ਘਾਣ ਕਉ ॥
5. ਅਗੇ ਤੇਗ ਵਗਾਈ ਦੁਰਗਸਾਹ ਬਢ ਸੁੰਭਨ ਬਹੀ ਪਲਾਣ ਕੌਉ ॥
6. ਰੜਕੀ ਜਾਇਕੈ ਧਰਤ ਕੌਉ ਬਢ ਪਾਖਰ ਬਢ [6]ਕਿਕਾਣ ਕੌਉ ॥
7. ਬੀਰ ਪਲਾਣੋ ਗਿੱਰਿਆ ਕਰਿ ਸਿਜਦਾ ਸੁਭ [7]ਸੁਜਾਣ ਕੌਉ ॥
8. ਸਾਬਾਸ਼ [8]ਸਲੋਣੇ [9]ਖਾਨ ਕੌਉ ॥
9. ਸਦ ਸਾਬਾਸ ਤੇਰੇ [10]ਤਾਣ ਕੌਉ ॥
10. ਤਾਰੀਫਾਂ ਪਾਨ ਚਬਾਨ ਕੌਉ ॥
11. ਸਦ ਰਹਮਤ [11]ਕੈਫਾਂ ਖਾਨ ਕੌਉ ॥
12. ਸਦ ਰਹਿਮਤ [12]ਤੁਰੇ ਨਚਾਣ ਕੌਉ ॥ ੫੦ ॥

---

1. ਝੋਟੇ ਦੇ ਚਮੜੇ ਨਾਲ ਮੜਿਆ ਨਗਾਰਾ । 2. ਨਕਰਾ ਘੋੜਾ । 3. ਘੋੜੇ ਲਈ ਲੋਹੇ ਦਾ ਬਣਿਆ ਜਾਲੀਦਾਰ ਝੁੱਲ । 4. ਵਡੀ । 5. ਹੁਕਮ । 6. ਘੋੜਾ । 7. ਅਛਾ, ਭਲਾ । 8. ਸੁੰਦਰ । 9. ਸਰਦਾਰ, ਸੈਨਾਪਤੀ ਸ਼ਾਹ । 10. ਸ਼ਕਤੀ, ਜ਼ੋਰ, ਬਲ । 11. ਨਸ਼ਾ, ਸ਼ਰਾਬ ॥ 12. ਘੋੜਾ ।

Namdhari Elibrary NamdhariElibrary@gmail.com

(੫੦)

1. ਝੋਟੇ ਦੇ ਚੰਮ ਨਾਲ ਮੜ੍ਹੇ ਹੋਏ ਨਗਾਰੇ ਉਪਰ ਡਗਾ ਵੱਜਿਆ ਤਾਂ ਦੁਹਾਂ ਪਾਸਿਆਂ ਦੀਆਂ ਫੌਜਾਂ ਦਾ ਮੂੰਹ ਜੁੜ ਗਿਆ।
2. ਤਦ ਨਿਸੁੰਭ ਨੇ ਨੁਕਰੇ ਘੋੜੇ ਉਤੇ ਲੋਹੇ ਦਾ ਪਾਖਰ ਪਾ ਕੇ ਉਸ ਨੂੰ ਚਮਕਾਇਆ ਤੇ ਨਚਾਇਆ।
3. ਤਦ ਉਸ ਨੇ ਵਡੀ ਕਮਾਨ ਹੱਥ ਵਿਚ ਫੜੀ, ਜੋ ਫੁਰਮਾਇਸ਼ ਕਰਕੇ ਮੁਲਤਾਨ ਤੋਂ ਮੰਗਵਾਈ ਸੀ।
4. ਇਹ ਦੇਖ ਦੇਵੀ ਗੁੱਸੇ ਵਿਚ ਭਰ ਕੇ ਨਿਸੁੰਭ ਦੇ ਸਾਹਮਣੇ ਘਮਸਾਣ ਦੀ ਲੜਾਈ ਮਚਾਉਣ ਲਈ ਆਈ।
5. ਦੁਰਗਾ ਨੇ ਸਾਹਮਣਿਉਂ ਅਗੇ ਵਧ ਕੇ ਇੰਜ ਤਲਵਾਰ ਚਲਾਈ ਜੋ ਨਿਸੁੰਭ ਨੂੰ ਵਢ ਕੇ ਪਲਾਣ ਤੋਂ ਵੀ ਪਾਰ ਨਿਕਲ ਗਈ।
6. ਪਲਾਣ ਤੇ ਘੋੜੇ ਨੂੰ ਵੱਢ ਕੇ ਤਲਵਾਰ ਧਰਤੀ ਨਾਲ ਜਾ ਰੜਕੀ।
7. ਸੂਰਮਾ (ਨਿਸੁੰਭ) ਘੋੜੇ ਦੀ ਕਾਠੀ ਤੋਂ ਇੰਜ ਉਲਰ ਕੇ ਡਿਗਿਆ ਜਿਵੇਂ ਸੁੰਭ ਨੂੰ ਸਲਾਮ ਕਰਦਾ ਹੈ।
8. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਵਲੋਂ ਇਸ ਯੁਧ ਤੇ ਨਿਸੁੰਭ ਨੂੰ ਕਹਿੰਦੇ ਹਨ ਕਿ ਇਸ ਸੁੰਦਰ ਖਾਨ ਦੀ ਬਹਾਦਰੀ ਨੂੰ ਸ਼ਾਬਾਸ਼।
9. ਹੇ ਬਹਾਦਰ ਤੇਰੀ ਸ਼ਕਤੀ ਨੂੰ ਸੈਂਕੜੇ ਸ਼ਾਬਾਸ਼।
10. ਅਤੇ ਤੇਰੇ ਪਾਨ ਚਬਾਉਣ ਨੂੰ ਸ਼ਾਬਾਸ਼ (ਲੜਾਈ ਕਰਨ ਦੀ ਬਹੁਤ ਹੀ ਤਾਰੀਫ, ਤੇਰੀ ਲੜਾਈ ਕਾਬਲੇ ਤਾਰੀਫ ਹੈ)।
11. ਤੇਰੇ ਨਸ਼ੇ ਪੀਣ ਤੇ ਵੀ ਸੈਂਕੜੇ ਸ਼ਾਬਾਸ਼।
12. ਘੋੜੇ ਦੇ ਨਚਾਉਣ ਤੇ ਵੀ ਸੈਂਕੜੇ ਸ਼ਾਬਾਸ਼, (ਤੇਰੀ ਹਰ ਚੀਜ਼ ਤਾਰੀਫ ਦੇ ਕਾਬਲ ਹੈ)।

— o —

Namdhari Elibrary NamdhariElibrary@gmail.com

(੫੧)

ਪਉੜੀ :—

1. ਦੁਰਗਾ ਅਤੇ ਦਾਨਵੀ ਗਾਹ ਸੰਘਰਿ ਖੱਥੇ ॥
2. [1]ਓਰੜ ਉਠੇ ਸੂਰਮੇ ਆ ਡਾਹੇ ਮੱਥੇ ॥
3. ਕੱਟ [2]ਤੁਫੰਗੀ ਕੈਬਰੀ ਦਲ ਗਾਹਿ [3]ਨਿਕੱਥੇ ॥
4. ਦੇਖਨਿ ਜੰਗ [4]ਫਰੇਸ਼ਤੇ ਅਸਮਾਨੋਂ ਲੱਥੇ ॥ ੫੧ ॥

(੫੧)

1. ਹੁਣ ਮੈਂ ਦੁਰਗਾ ਅਤੇ ਦੈਂਤਾਂ ਦੇ ਯੁਧ ਵਿਚ ਜੂਝਣ ਨੂੰ ਕਥਦਾ ਹਾਂ (ਕਲਗੀਧਰ ਖੁਦ ਇਕ ਕਵੀ ਦੀ ਹੈਸੀਅਤ ਵਿਚ)।
2. ਯੁੱਧ ਲਈ ਸੂਰਮੇਂ ਉੱਲਰ ਪਏ ਅਤੇ ਉਨ੍ਹਾਂ ਨੇ ਲੜਨ ਲਈ ਮੱਥੇ ਡਾਹ ਦਿੱਤੇ (ਯੁੱਧ ਵਿਚ ਜੁਟ ਗਏ)।
3. ਸੂਰਮਿਆਂ ਨੇ ਤੀਰਾਂ ਨਾਲ ਬੰਦੂਕਾਂ ਨੂੰ ਕਟ ਕੇ ਦਲ (ਫ਼ੌਜ) ਗਾਹ ਮਾਰਿਆ ਅਤੇ ਅਗੇ ਨਿਕਲ ਗਏ।
4. ਯੁੱਧ ਇਤਨਾ ਸਖ਼ਤ ਸੀ ਕਿ ਜਿਸ ਨੂੰ ਦੇਖਣ ਲਈ ਅਸਮਾਨ ਤੋਂ ਫਰਿਸ਼ਤੇ ਉੱਤਰ ਆਏ।

---

1. ਉਲਰ ਕੇ । 2. ਬੰਦੂਕਾਂ ਨਾਲ । 3. ਨਿਕਲੇ ਹਨ । 4. ਦੇਵਤੇ ।

Namdhari Elibrary NamdhariElibrary@gmail.com

(੫੨)

ਪਉੜੀ :—

1. ਦੁਹਾ ਕੰਧਾਰਾ ਮੁਹ ਜੁੜੇ ਦਲ ਘੁਰੇ ਨਗਾਰੇ ॥
2. ਓਰੜ ਆਏ ਸੂਰਮੇ ਸਿਰਦਾਰ [1]ਰਣਿਆਰੇ ॥
3. ਲੈਕੇ ਤੇਗਾਂ ਬਰਛੀਆਂ ਹਥਿਆਰ ਉਭਾਰੇ ॥
4. ਟੋਪ ਪਟੇਲਾ ਪਾਖਰਾਂ ਗਲਿ ਸੰਜ ਸਵਾਰੇ ॥
5. ਲੈਕੇ ਬਰਛੀ ਦੁਰਗਸਾਹ ਬਹੁ ਦਾਨਵ ਮਾਰੇ ॥
6. ਚੜੇ ਰਥੀ [2]ਗਜ ਘੋੜਿਈਂ ਮਾਰ ਭੁਇ ਤੇ ਡਾਰੇ ॥
7. ਜਾਣੁ ਹਲਵਾਈ ਸੀਖ ਨਾਲ ਵਿਨ੍ਹ ਵੜੇ ਉਤਾਰੇ ॥ ੫੨ ॥

(੫੨)

1. ਜਦ ਨਗਾਰੇ ਗੂੰਜ ਉਠੇ ਤਦ ਦੋਵੇਂ ਫ਼ੌਜਾਂ ਮੁਕਾਬਲੇ ਵਿਚ ਜੁੱਟ ਗਈਆਂ ।
2. ਰਣ-ਬਾਂਕਰੇ ਸਰਦਾਰ ਤੇ ਹਰ ਸੂਰਮੇ ਲੜਾਈ ਕਰਨ ਲਈ ਉਲਰ ਪਏ ਅਤੇ—
3. ਜਿਨ੍ਹਾਂ ਨੇ ਤਲਵਾਰਾਂ ਤੇ ਬਰਛੀਆਂ ਫੜ ਕੇ ਹਥਿਆਰਾਂ ਨੂੰ ਉਲਾਰਿਆ ਤੇ ਉਪਰ ਉਠਾਇਆ ।
4. ਸਿਰ ਉੱਪਰ ਟੋਪ (ਖ਼ੋਦ), ਮੂੰਹ ਉਪਰ ਲੋਹੇ ਦੀ ਜਾਲੀ, ਘੋੜਿਆਂ ਉੱਪਰ ਕਾਠੀ ਤੇ ਗਲ ਵਿਚ ਜਿਰਾਬਕਤਰ ਪਹਿਨੀ ।
5. ਇਹ ਵੇਖ ਦੁਰਗਸ਼ਾਹ ਨੇ ਬਰਛੀ ਫੜ ਕੇ ਬਹੁਤ ਸਾਰੇ ਰਾਖਸ਼ ਮਾਰ ਦਿੱਤੇ ।
6. ਰਥਾਂ ਤੇ ਹਾਥੀਆਂ ਘੋੜਿਆਂ ਤੇ ਚੜ੍ਹੇ ਹੋਏ ਸਵਾਰਾਂ ਨੂੰ ਮਾਰ ਮਾਰ ਕੇ ਧਰਤੀ ਉਪਰ ਡੇਗ ਦਿੱਤਾ ।
7. ਬਰਛੀ ਨਾਲ ਵਿੰਨ੍ਹੇ ਹੋਏ ਸੂਰਮੇ ਇੰਜ ਜਾਪਦੇ ਸਨ, ਜਿਵੇਂ ਹਲਵਾਈ ਨੇ ਸੀਖ ਨਾਲ ਵੜੇ ਵਿੰਨ੍ਹੇ ਹੋਣ ।

---

1. ਰਣ ਕਰਨ ਵਾਲੇ ਯੋਧੇ । 2. ਹਾਥੀ ।

Namdhari Elibrary NamdhariElibrary@gmail.com

(੫੩)

ਪਉੜੀ :—

1. ਦੁਹਾ ਕੰਧਾਰਾ ਮੁਹਿ ਜੁੜੇ ਨਾਲ ਧਉਸਾ ਭਾਰੀ ॥
2. ਲਈ ਭਗਉਤੀ* ਦੁਰਗਸਾਹ [1]ਵਰਜਾਗਨ ਭਾਰੀ ॥
3. ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ ॥
4. ਸੁੰਭ ਪਲਾਣੋ ਡਿਗਿਆ ਉਪਮਾ ਬੀਚਾਰੀ ॥
5. ਡੁਬ ਰਤੂ ਨਾਲਹੁ ਨਿਕਲੀ ਬਰਛੀ ਦੁਧਾਰੀ ॥
6. ਜਾਣ [2]ਰਜਾਦੀ ਉਤਰੀ [3]ਪੈਨ੍ਹ [4]ਸੂਹੀ [5]ਸਾਰੀ ॥ ੫੩ ॥

(੫੩)

1. ਭਾਰੀ ਧੌਂਸਾ ਵਜਿਆ, ਤਦ ਦੋਹਾਂ ਫੌਜਾਂ ਦਾ ਮੁਠ ਭੇੜ ਹੋਇਆ ।
2. ਦੁਰਗਸ਼ਾਹ ਨੇ ਪ੍ਰਜਵਲਤ (ਅੱਗ ਵਾਂਗ ਦਗ ਦਗ ਕਰਦੀ) ਤਲਵਾਰ ਹੱਥ ਵਿਚ ਲਈ ।
3. ਰਾਜੇ ਸੁੰਭ ਨੂੰ ਤਲਵਾਰ (ਸ਼ਕਤੀ=ਬਰਛੀ) ਮਾਰੀ, ਜਿਸ ਨੇ ਉਸ ਦਾ ਲਹੂ ਪੀ ਲਿਆ ।
4. ਸੱਟ ਖਾ ਕੇ ਸੁੰਭ ਕਾਠੀ ਤੋਂ ਡਿਗ ਪਿਆ, ਮੈਂ (ਕਲਗੀਧਰ) ਉਸ ਲਈ ਉਪਮਾ ਇਹ ਵਿਚਾਰੀ ਹੈ ਕਿ—
5. ਜੋ ਤਲਵਾਰ (ਸ਼ਕਤੀ) ਲਹੂ ਵਿਚ ਡੁੱਬੀ ਹੋਈ, (ਲਿਬੜੀ ਹੋਈ) ਜਦ ਬਾਹਰ ਨਿਕਲੀ ।
6. ਤਦ ਉਹ ਇੰਜ ਪਰਤੀਤ ਹੁੰਦੀ ਸੀ ਕਿ ਜਿਵੇਂ ਕੋਈ ਰਾਜਕੁਮਾਰੀ ਸੂਹੀ (ਲਾਲ) ਸਾੜ੍ਹੀ ਪਹਿਨ ਕੇ ਉੱਤਰੀ ਹੋਵੇ ।

---

1. ਪ੍ਰਜਵਲਤ । 2. ਰਾਜਜ਼ਾਦੀ, ਰਾਜਕੁਮਾਰੀ । 3. ਪਹਿਨ ਕੇ । 4. ਲਾਲ । 5. ਸਾੜ੍ਹੀ ।

* ਜੋ ਵਿਦਵਾਨ ਸ਼ੁਰੂ ਵਿਚ ਆਏ ਸ਼ਬਦ "ਭਗੌਤੀ" ਦੇ ਅਰਥ ਤਲਵਾਰ ਕਰਦੇ ਹਨ, ਸਾਡੇ ਨਜ਼ਰੀਏ ਅਨੁਸਾਰ ਉਹ ਇਨਸਾਫ਼ ਨਹੀਂ ਕਰਦੇ, ਵਾਸਤਵ ਵਿਚ ਏਥੇ 'ਭਗਉਤੀ' ਦੇ ਅਰਥ ਤਲਵਾਰ ਹੈ ਤੇ ਮੁੱਢਲੇ ਸ਼ਬਦ ਦੇ ਅਰਥ **"ਮੂਲ-ਸ਼ਕਤੀ"** ਹੈ ।

Namdhari Elibrary NamdhariElibrary@gmail.com

(੫੪)

ਪਉੜੀ .—

1. ਦੁਰਗਾ ਅਤੇ ਦਾਨਵੀ ਭੇੜ ਪਇਆ [1]ਸਬਾਹੀਂ ॥
2. ਸਸਤ੍ਰ [2]ਪਜੂਤੇ ਦੁਰਗਸਾਹ [3]ਗਹ ਸਭਨੀ ਬਾਹੀਂ ॥
3. ਸੁੰਭ ਨਿਸੁੰਭ ਸੰਘਾਰਿਆ [4]ਵਥ ਜੇਹੇ ਸਾਹੀਂ ॥
4. ਫਉਜਾਂ ਰਾਕਸਿਆਰੀਆਂ ਦੇਖ ਰੋਵਨਿ ਧਾਹੀਂ ॥
5. ਮੁਹਿ [5]ਕੁੜੂਚੇ ਘਾਹ ਦੇ ਛੱਡ ਘੋੜੇ ਰਾਹੀਂ ॥
6. ਭਜਦੇ ਹੋਏ ਮਾਰੀਅਨ ਮੁੜ ਝਾਕਨ ਨਾਹੀਂ ॥ ੫੪ ॥

(੫੪)

1. ਸਵੇਰ ਤੋਂ ਹੀ ਦੈਂਤਾਂ ਤੇ ਦੁਰਗਾ ਦਾ ਭੇੜ ਮਚ ਗਿਆ।
2. ਦੁਰਗਸ਼ਾਹ ਨੇ ਮਜ਼ਬੂਤੀ ਨਾਲ ਸਾਰੀਆਂ ਬਾਹਾਂ ਨਾਲ ਅਸਤਰ-ਸ਼ਸਤਰ ਫੜ ਲਏ।
3. ਜੋ ਸੁੰਭ ਨਿਸੁੰਭ ਸਾਰੇ ਪਦਾਰਥਾਂ ਦੇ ਪਾਤਸ਼ਾਹ ਸਨ, ਉਨ੍ਹਾਂ ਨੂੰ ਦੁਰਗਾ ਨੇ ਮਾਰ ਦਿੱਤਾ।
4. ਇਹ ਦੇਖ ਰਾਖਸ਼ਾਂ ਦੀਆਂ ਫ਼ੌਜਾਂ ਧਾਹਾਂ ਮਾਰ ਉਠੀਆਂ।
5. ਸਿਪਾਹੀ ਮੂੰਹ ਵਿਚ ਘਾਹ ਦੇ ਕੜੂਚੇ (ਗੁਛੀਆਂ) ਫੜ ਕੇ ਤੇ ਰਾਹ ਵਿਚ ਹੀ ਘੋੜੇ ਛੱਡ ਕੇ ਭੱਜ ਉਠੇ।
6. ਉਹ ਭੱਜਦੇ ਹੋਏ ਪਿਛੇ ਮੁੜ ਕੇ ਨਹੀਂ ਦੇਖਦੇ ਸਨ, ਪਰ ਦੇਵੀ ਨੇ ਬਹੁਤ ਸਾਰੇ ਭੱਜਦਿਆਂ ਹੋਇਆਂ ਨੂੰ ਮਾਰ ਦਿੱਤਾ।

---

1. ਸੁਬਹ, ਸਵੇਰੇ। 2. ਪਕੜੇ। 3. ਮਜ਼ਬੂਤ ਕਰਕੇ। 4. ਵਸਤੂ, ਸਾਮਾਨ। 5. ਕੂਚਾ, ਪੂਲਾ।

Namdhari Elibrary NamdhariElibrary@gmail.com

(੫੫)

ਪਉੜੀ :—

1. ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ ॥
2. ਇੰਦ੍ਰ ਸੱਦ ਬੁਲਾਇਆ ਰਾਜ [1]ਅਭਖੇਖ ਨੋ ॥
3. ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੇ ॥
4. ਚਉਦਹ ਲੋਕਾਂ ਛਾਇਆ ਜਸੁ ਜਗਮਾਤ ਦਾ ॥
5. ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥
6. 'ਫੇਰ ਨ ਜੂਨੀ ਆਇਆ ਜਿਨ ਇਹ ਗਾਇਆ' ॥ ੫੫ ॥

---

1. ਰਾਜ ਤਿਲਕ, ਅਭਿਸ਼ੇਖ।

• ਗੁਰੂ ਸਾਹਿਬ ਦਾ ਕਥਨ ਇਹ ਸੰਕੇਤ ਕਰਦਾ ਜਾਪਦਾ ਹੈ ਕਿ ਜੋ ਕੋਈ ਦੁਰਗਾ ਦਾ ਪਾਠ ਪੜ੍ਹੇਗਾ, ਉਸ ਨੂੰ ਇਕ ਤੇ ਦੁਰਗਾ ਨੂੰ ਸਾਜਣ ਵਾਲੀ ਸ਼ਕਤੀ (ਪਰਮਾਤਮਾ) ਦੀ ਯਾਦ ਆ ਜਾਵੇਗੀ ਤੇ ਦੂਜੇ ਉਹ ਵੀ ਦੁਰਗਾ ਦੀ ਬੀਰਤਾ ਤੋਂ ਉਤਸ਼ਾਹ ਲੈ ਕੇ ਜ਼ੁਲਮ ਦਾ ਟਾਕਰਾ ਕਰਦਿਆਂ ਬੀਰ-ਗਤੀ ਨੂੰ ਪ੍ਰਾਪਤ ਕਰੇਗਾ, ਇੰਜ ਉਸ ਦਾ ਆਵਾਗਵਨ ਕਟਿਆ ਜਾਵੇਗਾ। ਇਸ ਦੇ ਨਾਲ ਹੀ ਇਹ ਤਥ ਸਾਹਮਣੇ ਪੇਸ਼ ਹੁੰਦਾ ਹੈ ਕਿ ਗੁਰੂ ਜੀ ਦੁਰਗਾ ਨੂੰ ਮੂਲ ਸ਼ਕਤੀ ਪਰਮਾਤਮਾ ਲਈ ਹੀ ਵਰਤਦੇ ਹਨ, ਕਿਉਂਕਿ ਇਸ ਵਾਰ ਦਾ ਨਾਂ ਹੀ "ਸ੍ਰੀ ਵਾਰ ਭਗਉਤੀ ਜੀ ਕੀ ਹੈ" ਇਸ ਦਾ ਭਾਵ ਇਹ ਹੋਇਆ ਕਿ ਗੁਰੂ ਜੀ ਤਦ ਹੀ ਸਤਿਗੁਰੂ ਨੇ ਨਾਨਕ ਦੇਵ ਦੇ ਆਤ੍ਰਕ ਸਿਧਾਂਤ ਅਨੁਸਾਰ ਦੁਰਗਾ ਦੇ ਪਾਠ ਨੂੰ ਮੁਕਤੀ ਦਾ ਦਾਤਾ ਜਾਂ ਸਾਧਨ ਮੰਨਿਆ ਹੈ ਜਦ ਕਿ ਉਨ੍ਹਾਂ ਨੇ ਦੁਰਗਾ ਤੋਂ ਭਾਵ ਪਰਮਾਤਮਾ—

ਭਗਉਤੀ=ਮੂਲ ਸ਼ਕਤੀ=੧ ੴ ਤੋਂ ਹੀ ਲਿਆ ਹੈ, ਵਰਨਾ ਉਹ ਇਹ ਕਦੀ ਵੀ ਨਾ ਕਹਿੰਦੇ। ਸੋ ਦੁਰਗਾ ਪਰਮਾਤਮਾ ਦਾ ਸੂਚਕ ਸ਼ਬਦ ਹੈ ਦੇਵੀ ਦਾ ਸੂਚਕ ਨਹੀਂ ਤੇ ਨਾਂ ਹੀ ਇਹ ਤਲਵਾਰ ਦਾ ਸੂਚਕ ਹੈ।

Namdhari Elibrary NamdhariElibrary@gmail.com

(੫੫)

1. ਦੁਰਗਸਾਹ ਨੇ ਸੁੰਭ ਨਿਸੁੰਭ ਨੂੰ ਜਮਪੁਰੀ ਨੂੰ ਭੇਜ ਦਿੱਤਾ।
2. ਤਦ ਦੇਵੀ ਨੇ ਇੰਦਰ ਨੂੰ ਰਾਜ-ਤਿਲਕ ਦੇਣ ਲਈ ਬੁਲਾ ਭੇਜਿਆ।
3. ਰਾਜੇ ਇੰਦਰ ਨੂੰ ਅਮਰਾਵਤੀ ਦਾ ਰਾਜ ਦੇ ਕੇ ਉਸ ਦੇ ਸਿਰ ਉੱਪਰ ਛਤਰ ਫਿਰਵਾ ਦਿੱਤਾ।
4. ਇੰਜ ਕਰਨ ਨਾਲ ਚੌਦਾਂ ਲੋਕਾਂ ਵਿਚ ਮਹਾਂ ਮਾਈ (ਦੁਰਗਸਾਹ) ਦਾ ਜਸ ਫੈਲ ਗਿਆ।
5. ਇਹ* ਸਭੇ ਪਉੜੀਆਂ ਦੁਰਗਾ ਦਾ ਪਾਠ ਅਸਾਂ ਬਣਾਇਆ ਹੈ, (ਇਨ੍ਹਾਂ ਪਉੜੀਆਂ ਵਿਚ ਦੁਰਗਾ ਦਾ ਜਸ ਗਾਇਆ ਗਿਆ ਹੈ)।
6. ਜਿਸ ਨੇ ਵੀ ਇਸ ਜਸ ਨੂੰ ਗਾਇਆ ਹੈ ਉਹ ਮੁੜ ਜੂਨ ਵਿਚ ਨਹੀਂ ਆਇਆ ਭਾਵ ਮੁਕਤ ਹੋ ਗਿਆ। (ਪੰਜਵੀਂ ਛੇਵੀਂ ਤੁਕ ਚੰਡੀ ਮਹਾਤਮ ਦੇ ਅਨੁਵਾਦ ਰੂਪ ਵਿਚ ਹੈ)।

---

* ਇਸ ਸਤਰ ਤੋਂ ਇਹ ਭਾਵ ਲੈਣਾ ਕਿ ਗੁਰੂ ਸਾਹਿਬ ਦੁਰਗਾ ਜਾਂ ਦੇਵੀ ਦੀ ਉਪਾਸ਼ਨਾ ਦਾ ਸੰਕੇਤ ਕਰਦੇ ਹਨ—ਸਾਡੀ ਜਾਚੇ ਇਹ ਬਿਲਕੁਲ ਗਲਤ ਹੈ, ਸਗੋਂ ਗੁਰੂ ਦੇਵ (੧੯) ਦੀ ਉਪਾਸ਼ਨਾ ਉੱਪਰ ਬਲ ਦਿੰਦੇ ਹਨ।

Namdhari Elibrary NamdhariElibrary@gmail.com

੧

ਸ੍ਰੀ ਗੁਰੂ ਗੋਬਿੰਦ ਸਿੰਘ ਜੀ

(ਸਤਿਗੁਰੂ–ਸੰਤ ਸਿਪਾਹੀ)

ਸਿਖ ਕੌਮ ਦੇ ਦਸਵੇਂ ਪਾਤਸ਼ਾਹ, ਅਗਿਆਨ ਅੰਧਕਾਰ ਦੇ ਵਿਨਾਸ਼ਕ, ਕਰਮ ਯੋਗੀ, ਸੁਤੰਤਰਤਾ ਤੇ ਮਾਨਵਤਾ ਦੇ ਪੁਜਾਰੀ, ਦਾਸਤਾ ਤੇ ਜ਼ੁਲਮ ਦੇ ਕਟੜ ਵਿਰੋਧੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਗੁਰੂ ਤੇਗ ਬਹਾਦਰ ਸਾਹਿਬ ਦੇ ਘਰ ਮਾਤਾ ਗੁਜਰੀ ਦੀ ਪਵਿੱਤਰ ਕੁੱਖ ਤੋਂ ਪਟਨਾ ਸ਼ਹਿਰ ਵਿਖੇ ਪੋਹ ਸੁਦੀ 7 (23 ਪੋਹ) ਛਨਿੱਛਰਵਾਰ ਸੰਮਤ 1723 (22 ਦਸੰਬਰ ਸੰਨ 1666 ਈ: ਨੂੰ ਹੋਇਆ। ਬਾਲ-ਗੁਰੂ ਦਾ ਨਾਂ ਗੋਬਿੰਦ ਰਾਏ ਰਖਿਆ ਗਿਆ। ਆਪ ਜੀ ਦੀ ਬਾਲ-ਅਵਸਥਾ ਪਟਨੇ ਵਿਚ ਹੀ ਬਤੀਤ ਹੋਈ। ਬੜੇ ਧਿਆਨ, ਜਤਨ ਤੇ ਸਾਵਧਾਨੀ ਨਾਲ ਉਨ੍ਹਾਂ ਦੀ ਸਿੱਖਿਆ-ਦਿਖਿਆ ਸ਼ੁਰੂ ਕੀਤੀ ਗਈ। ਪੰਜ ਸਾਲ ਦੀ ਅਵਸਥਾ ਵਿਚ ਹੀ ਮਾਤਾ ਗੁਜਰੀ ਨੇ ਉਨ੍ਹਾਂ ਨੂੰ ਖੁਦ ਗੁਰਮੁਖੀ ਲਿਖਣੀ ਸਿਖਾਈ[1]। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਨ੍ਹਾਂ ਨੂੰ ਸ਼ਸਤ੍ਰ ਤੇ ਸ਼ਾਸਤ੍ਰ ਦੋਹਾਂ ਦੀ ਸਿਖਿਆ ਦਿਲਵਾਈ। ਆਪ ਜੀ ਨੇ ਪਟਨੇ ਵਿਚ ਨਿਵਾਸ ਸਮੇਂ ਬਾਲ-ਅਵਸਥਾ ਵਿਚ ਹੀ ਕੁਛ-ਕੁਛ ਬਿਹਾਰੀ ਤੇ ਬੰਗਾਲੀ ਵੀ ਸਿਖ ਲਈ।

---

1. ਵੇਖੋ : History of the Panjab by K. S. Narang and H. R. Gupta :—

Bajar Singh, a Rajput was appointed to teach him riding and Military exercises. Pir Mohammad was asked to teach him Persian, and Bhai Gurbakhsh Singh undertook to teach him Gurmukhi.

Namdhari Elibrary NamdhariElibrary@gmail.com

ਬਾਲਪਨ ਵਿਚ ਹੀ ਉਨ੍ਹਾਂ ਵਿਚ ਅਲੌਕਿਕਤਾ, ਸ਼ਸਤ੍ਰ ਤੇ ਸ਼ਾਸਤ੍ਰ ਵਿਦਿਆ ਦਾ ਪਰੇਮ ਦਿਖਾਈ ਦੇਣ ਲਗ ਪਿਆ [1]ਸੀ। ਆਪਣੇ ਬਾਲ-ਸਾਥੀਆਂ ਨੂੰ ਸੈਨਾ (ਫੌਜੀ-ਸਿਪਾਹੀ) ਬਣਾ ਕੇ, ਤੇ ਖ਼ੁਦ ਸੈਨਾਪਤੀ (ਸਿਪਾਹ-ਸਾਲਾਰ ਬਣ ਕੇ ਉਨ੍ਹਾਂ ਨੂੰ ਯੁਧ (ਜੰਗ) ਕਰਨਾ ਸਿਖਾਉਂਦੇ ਸਨ। ਚੜ੍ਹਾਈ, ਦੁਸ਼ਮਨ-ਹਲੇ ਦੀ ਰੋਕ, ਸ਼ਤਰੂ ਦੇ ਦੰਦ ਖਟੇ ਕਰਨ ਦੀਆਂ ਵਿਧੀਆਂ ਦੀਆਂ ਵਿਉਂਤਾਂ, ਇਕ ਤਜਰਬੇਕਾਰ ਸੈਨਾਪਤੀ (ਮਾਰਸ਼ਲ) ਵਾਂਗ ਸਮਝਾਉਂਦੇ ਸਨ। ਸਵੈਮਾਣ, ਅਣਖ ਤੇ ਆਜ਼ਾਦੀ ਦਾ ਜਜ਼ਬਾ ਆਪ ਜੀ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਇਕ ਦਿਨ ਬਾਲ-ਗੁਰੂ, ਸ੍ਰੀ ਕ੍ਰਿਸ਼ਨ ਵਾਂਗ, ਆਪਣੇ ਕੁਝ ਬਾਲਕ-ਸਾਥੀਆਂ ਨਾਲ ਵਿਚਿਤ੍ਰ ਖੇਡਾਂ ਖੇਡ ਰਹੇ ਸਨ ਕਿ ਉਸ ਸਮੇਂ ਪਟਨੇ ਦੇ ਨਵਾਬ ਸਾਹਿਬ ਦੀ ਸਵਾਰੀ ਉਸ ਤਰਫੋਂ ਨਿਕਲੀ। ਚੋਬਦਾਰ ਨੇ ਬੜੀ ਸ਼ੌਂਕ ਨਾਲ ਆਖਿਆ : "ਬਚਿਓ ! ਨਵਾਬ ਸਾਹਿਬ ਏਧਰ ਆ ਰਹੇ ਹਨ, ਸਤਕਾਰ ਲਈ ਖੜੇ ਹੋ ਜਾਵੋ ਸਲਾਮ ਕਰੋ ਅਤੇ ਸਿਜਦੇ ਵਿਚ ਸਿਰ ਝੁਕਾ ਦਿਓ।" ਇਹ ਸੁਣ ਬਾਲ-ਗੁਰੂ ਦੀ ਅਣਖ ਨੂੰ ਧੱਕਾ ਲਗਿਆ ਤੇ ਆਪ ਜੀ ਨੇ, ਇਕ ਸਰਦਾਰ ਦੀ ਹੈਸੀਅਤ ਵਿਚ, ਬਾਲਕਾਂ ਨੂੰ ਹੁਕਮ ਦਿਤਾ : ਬੀਰ ਸਿਪਾਹੀਓ ! ਬਿਲਕੁਲ ਖੜੇ ਨਹੀਂ ਹੋਣਾ, ਸਲਾਮ ਨਹੀਂ ਕਰਨਾ, ਸਿਰ ਨਹੀਂ ਝੁਕਾਉਣਾ, ਸਿਰ ਤੇ ਕੇਵਲ ਅਕਾਲ[2] ਪੁਰਖ ਸਾਹਮਣੇ ਝੁਕਣ ਲਈ ਹੈ।"

ਇਹ ਸੀ ਆਪ ਜੀ ਦੀ ਨਿਡਰਤਾ ਤੇ ਨਿਰਭੈਤਾ, ਜਿਹੜੀ ਅਗੇ ਚਲ ਕੇ ਵਿਚਿਤ੍ਰ ਰੰਗ ਲਿਆਈ, ਇਸ ਸੰਤ ਸਿਪਾਹੀ ਨੇ ਮੁਗ਼ਲ-ਸਾਮਰਾਜ ਦੀ ਰੀੜ੍ਹ ਦੀ ਹੱਡੀ ਚੂਰ-ਚੂਰ ਕਰ ਦਿਤੀ।

---

1. ਵੇਖੋ : History of the Panjab by K. S. Narang and H. R. Gupta :—

He played with the toys which were imitations of bows, arrows and other arms. Hir favourite games were Sham-fights,

2. ਵੇਖੋ ਬਚਿਤ੍ਰ ਨਾਟਕ : ਨਮਸਕਾਰ ਸ੍ਰੀ ਖੜਗ ਕਉ ਕਰੋ ਸੁ ਹਿਤੁ ਚਿਤੁ ਲਾਇਆ ॥

Namdhari Elibrary NamdhariElibrary@gmail.com

ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਪਿਆਰੇ ਬਾਲ-ਗੁਰੂ ਨੂੰ ਛੇਤੀ ਹੀ [1]ਅਨੰਦਪੁਰ ਸਾਹਿਬ ਵਿਚ ਬੁਲਾ ਲਿਆ। ਉਸ ਵੇਲੇ ਦੀ ਹਕੂਮਤ ਦਾ ਪਿਆਲਾ, ਤਅੱਸਬ ਅਤੇ ਜ਼ੁਲਮ ਦੀ ਸ਼ਰਾਬ ਨਾਲ ਨਕ-ਨਕ ਭਰ ਚੁਕਿਆ ਸੀ। ਇਸਲਾਮ ਦਾ ਇਸ ਵਿਚ ਕੋਈ ਦੋਸ਼ ਨਹੀਂ ਸੀ, ਹਾਂ ਸ਼ਖ਼ਸੀ ਹਕੂਮਤ ਦੇ ਨਸ਼ੇ ਨੇ ਸ਼ਾਸਕ ਵਰਗ ਨੂੰ ਅੰਨ੍ਹਾ ਕੀਤਾ ਹੋਇਆ ਸੀ, ਜਿਸ ਦੇ ਸ਼ਖ਼ਸੀ ਜ਼ੁਲਮ ਦਾ ਸ਼ਿਕਾਰ, ਬਾਦਸ਼ਾਹੀ ਰਿਸ਼ਤੇਦਾਰ, ਸ਼ੀਆ ਮੁਸਲਮਾਨ ਤੇ ਹਿੰਦੂ ਬਣ ਚੁਕੇ ਸਨ। ਮਜ਼ਹਬੀ ਜਨੂਨ ਸਿਖਰ ਤੇ ਪੁਜ ਗਿਆ ਸੀ।

ਔਰੰਗਜ਼ੇਬ ਨੇ ਜਿਸ ਵੇਲੇ ਕਸ਼ਮੀਰੀ ਪੰਡਤਾਂ ਨੂੰ ਮੁਸਲਮਾਨ ਬਣਾਉਣਾ ਚਾਹਿਆ, ਤਦ ਧਰਮ-ਰਖਿਆ ਲਈ ਉਹ ਸਭ ਮਿਲ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਣ ਵਿਚ ਆਏ ਅਤੇ ਉਨ੍ਹਾਂ ਨੂੰ ਦੁਖ-ਭਰੀ ਤੇ ਕਰੁਣਾਮਈ ਕਹਾਣੀ ਸੁਣਾਈ। ਉਨ੍ਹਾਂ ਦੇ ਦਰਦ ਤੇ ਮਾਨਸਿਕ ਪੀੜ ਨੂੰ ਸੁਣ ਕੇ ਗੁਰੂ ਜੀ ਦਾ ਚਿਤ, ਤਰਸ, ਰਹਿਮ ਅਤੇ ਦਇਆ ਨਾਲ ਭਰ ਆਇਆ ਅਤੇ ਫਲ ਸਰੂਪ ਇਸ ਦੁਰਦਸ਼ਾ ਨੂੰ ਸੁਣ ਕੇ ਆਪ ਮੌਨ, ਉਦਾਸ ਤੇ ਦੁਖੀ ਹੋ ਗਏ। ਉਸ ਸਮੇਂ ਨੌਂ ਸਾਲ ਦੇ ਬਾਲ-ਗੁਰੂ ਬਾਹਰੋਂ ਖੇਡਦੇ-ਖੇਡਦੇ ਦਰਬਾਰ ਵਿਚ ਆ ਹਾਜ਼ਰ ਹੋਏ। ਪਿਤਾ ਨੂੰ ਉਦਾਸ

---

1. ਅਨੰਦਪੁਰ :—ਦੇਖੋ ਮਹਾਨ ਕੋਸ਼ ਕਰਤਾ ਭਾਈ ਕਾਹਨ ਸਿੰਘ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਸਤਲੁਜ ਦੇ ਕੰਢੇ ਨੈਣਾ ਦੇਵੀ ਦੇ ਪਹਾੜ ਪਾਸ ਮਾਖੋਵਾਲ ਪਿੰਡ ਦੀ ਧਰਤੀ ਖਰੀਦ ਕੇ ਸੰਮਤ 1723 ਵਿਚ ਇਹ ਨਗਰ ਆਬਾਦ ਕੀਤਾ, ਦਸ਼ਮੇਸ਼ ਨੇ ਇਸ ਨਗਰ ਨੂੰ ਵਡੀ ਰੌਣਕ ਬਖਸ਼ੀ। ਇਹ ਨਗਰ 'ਖਾਲਸੇ ਦੀ ਵਾਸੀ' ਨਾਂ ਨਾਲ ਵੀ ਪ੍ਰਸਿਧ ਹੈ, ਜਿਸ ਦਾ ਮਤਲਬ ਇਹ ਹੈ ਕਿ ਇਹ ਗੁਰੂ ਪਿਤਾ ਦਾ ਨਿਵਾਸ ਸਥਾਨ ਹੈ, ਉਹੋ ਉਸ ਦੀ ਸੰਤਾਨ ਰੂਪ ਖਾਲਸੇ ਦਾ ਜਨਮ ਸਥਾਨ ਹੈ।

ਸੰਮਤ 1746 ਵਿਚ ਕਲਗੀਧਰ ਨੇ ਇਸ ਨਗਰ ਦੀ ਰਖਿਆ ਲਈ ਪੰਜ ਕਿਲੇ ਤਿਆਰ ਕਰਾਏ :—

(ੳ) ਅਨੰਦਗੜ੍ਹ, (ਅ) ਲੋਹਗੜ੍ਹ, (ੲ) ਫਤ੍ਹੇਗੜ੍ਹ, (ਸ) ਕੇਸਗੜ੍ਹ, (ਹ) ਹੋਲਗੜ੍ਹ।

Namdhari Elibrary NamdhariElibrary@gmail.com

ਦੇਖ ਕੇ, ਗੋਬਿੰਦ ਰਾਇ ਉਨ੍ਹਾਂ ਦੇ ਪਾਸ ਆਏ ਤੇ ਭੋਲੇ ਜਿਹੇ ਮੂੰਹ ਨਾਲ ਪਿਤਾ ਤੋਂ ਉਨ੍ਹਾਂ ਦੀ ਉਦਾਸੀ ਦਾ ਕਾਰਨ ਪੁੱਛਿਆ। ਪਿਤਾ ਨੇ ਪਿਆਰ-ਭਰੇ ਸ਼ਬਦਾਂ ਨਾਲ ਦਸਿਆ "ਕਸ਼ਮੀਰੀ ਪੰਡਤਾਂ ਉਪਰ ਇਸ ਸਮੇਂ ਘੋਰ ਸੰਕਟ ਦਾ ਪਹਾੜ ਟੁਟ ਪਿਆ ਹੈ। ਔਰੰਗਜ਼ੇਬ, ਮਜ਼ਹਬੀ ਜਨੂਨ ਹੇਠ, ਉਨ੍ਹਾਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਹੈ"। ਬਾਲ-ਗੁਰੂ ਨੇ ਬੜੇ ਠਰੰਮੇ ਨਾਲ ਪੁੱਛਿਆ "ਪਿਤਾ ਜੀ ! ਇਸ ਤੋਂ ਬਚਣ ਦਾ ਵੀ ਕੋਈ ਉਪਾ ਹੈ"। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਉਤਰ ਦਿਤਾ "ਹੇ ਪੁਤਰ ! ਔਰੰਗਜ਼ੇਬ ਦੀ ਲੱਟ-ਲੱਟ ਬਲਦੀ, ਪ੍ਰਚੰਡ ਧਰਮ ਦੀ ਦਵੇਸ਼ ਅੱਗ ਵਿਚ ਕਿਸੇ ਮਹਾਨ ਧਰਮਾਤਮਾ ਦੀ ਆਹੂਤੀ ਹੀ ਇਸ ਤੋਂ ਬਚਣ ਦਾ ਠੀਕ ਉਪਾ ਹੈ।"

ਪਿਤਾ ਦੇ ਮੁਖਾਰਬਿੰਦ ਤੋਂ ਇਹ ਸੁਣ ਗੋਬਿੰਦ ਰਾਇ ਝੱਟ ਬੋਲ ਉਠੇ "ਪਿਤਾ ਜੀ ! ਇਸ ਭਾਰਤ ਵਰਸ਼ ਵਿਚ, ਆਪ ਜੀ ਤੋਂ ਵਧ ਕੇ ਕੌਣ ਧਰਮਾਤਮਾ ਹੈ, ਇਸ ਲਈ ਤੁਸੀਂ ਆਪ ਹੀ ਰਾਜ-ਕ੍ਰੋਧ ਤੇ ਦਵੈਸ਼ ਅਗਨੀ ਦੀ ਆਹੂਤੀ ਬਣੋ। ਇਹ ਬਾਲ-ਬਚਨ ਸੁਣ ਸ੍ਰੀ ਗੁਰੂ ਤੇਗ਼ ਬਹਾਦਰ ਖੁਸ਼ੀ ਨਾਲ ਗਦ-ਗਦ ਹੋ ਉਠੇ ਅਤੇ ਇਸ ਬਾਂਕੇ ਬਾਲ-ਵੀਰ ਸਿਪਾਹੀ ਦਾ ਮੱਥਾ ਚੁੰਮ ਲਿਆ ਅਤੇ ਮਨ ਹੀ ਮਨ ਵਿਚ ਸਮਝ ਲਿਆ ਕਿ ਮੇਰਾ ਹੋਣਹਾਰ ਪੁੱਤਰ, ਮੇਰੇ ਸਰੀਰ ਦੇ ਨਾ ਰਹਿਣ ਤੇ ਗੁਰੂ-ਨਾਨਕ-ਗੱਦੀ ਦੀ ਜ਼ਿਮੇਦਾਰੀ ਦਾ ਭਾਰ ਸੋਹਣੇ ਢੰਗ ਨਾਲ ਸੰਭਾਲਣ ਦੇ ਯੋਗ ਹੈ।

ਸੰਨ 1675 ਈ: ਵਿਚ ਗੁਰੂ ਤੇਗ਼ [1]ਬਹਾਦਰ, ਹਿੰਦੂ ਧਰਮ ਦੀ ਰਖਿਆ ਅਤੇ ਗੁਰੂ ਘਰ ਦੀ ਮਰਯਾਦਾ ਦੀ ਹਿਫਾਜ਼ਤ ਲਈ, ਹਸਦੇ-ਹਸਦੇ ਖਿੜੇ ਮੱਥੇ, ਕੌਮ ਤੇ ਦੇਸ਼ ਖਾਤਰ ਸ਼ਹੀਦ ਹੋ ਗਏ। ਆਪ ਜੀ ਦੀ ਸ਼ਹਾਦਤ ਨਾਲ ਕੌਮ ਤੇ ਦੇਸ਼ ਕੰਬ ਉਠਿਆ ਤੇ ਕੌਮ ਦੀ ਸੁਤੀ ਹੋਈ ਅਣਖ ਨੂੰ ਇਕ ਹਲੂਣਾ ਆਇਆ, ਜਿਸ ਦੇ ਫਲ ਸਰੂਪ ਨਵੇਂ ਸਮਾਜ ਦੇ ਨਿਰਮਾਣ ਦਾ ਬੀਜ ਬੀਜਿਆ ਗਿਆ। ਸ੍ਰੀ ਗੁਰੂ ਗੋਬਿੰਦ ਸਿਘ ਜੀ ਉਪਰ, ਇਸ ਛੋਟੀ ਜਿਹੀ ਬਾਲ-ਉਮਰੇ, ਗੁਰ-ਗੱਦੀ ਦੀ ਜ਼ਿਮੇਦਾਰੀ ਦਾ ਭਾਰ ਆ ਪਿਆ।

---

1. ਦੇਖੋ ਬਚਿੱਤ੍ਰ ਨਾਟਕ :—ਤਿਲਕ ਜੰਞੂ ਰਾਖਾ ਪ੍ਰਭ ਤਾਕਾ ।
ਕੀਨੋ ਬਡੋ ਕਲੂ ਮਹਿ ਸਾਕਾ ।

Namdhari Elibrary NamdhariElibrary@gmail.com

ਸ਼ਸਤ੍ਰ ਤੇ ਸ਼ਾਸਤ੍ਰ ਵਿਦਿਆ ਦਾ ਉਨ੍ਹਾਂ ਨੂੰ ਮੁੱਢ ਤੋਂ ਹੀ ਅਗਾਧ ਪ੍ਰੇਮ ਸੀ, ਇਸ ਲਈ ਆਪ ਜੀ ਨੇ ਥੋੜੇ ਹੀ ਸਮੇਂ ਵਿਚ ਦੋਹਾਂ ਵਿਦਿਆਵਾਂ ਵਿਚ ਨਿਪੁੰਨਤਾ ਪ੍ਰਾਪਤ ਕਰ ਲਈ ਸੀ। ਪਿਤਾ ਜੀ ਦੀ ਸ਼ਹਾਦਤ ਮਗਰੋਂ ਸ਼ਕਤੀ ਸੰਗਠਨ ਲਈ ਆਪ ਨੇ ਹਿਮਾਲੇ ਪ੍ਰਬਤ ਦੀ ਸ਼ਰਣ ਲਈ ਅਤੇ ਉਥੇ ਪਹਾੜਾਂ ਵਿਚ ਆਪਣਾ ਨਿਵਾਸ ਸਥਾਨ ਬਣਾਇਆ ਤੇ ਵੀਹ ਵਰ੍ਹਿਆਂ ਤਕ ਇਕਾਂਤਕ ਸਾਧਨਾਂ ਦੇ ਫਲ ਸਰੂਪ ਅਨੇਕ ਹੇਠ ਲਿਖੇ ਮਹੱਤਵ ਪੂਰਣ ਫਲ ਨਿਕਲੇ।

1. ਸਤਗੁਰੂ ਨੇ ਇਸ ਸਮੇਂ, ਫਾਰਸੀ, ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਬ੍ਰਿਜ ਭਾਸ਼ਾ, ਤੇ ਪੰਜਾਬੀ ਦੇ ਇਤਿਹਾਸਕ ਅਤੇ ਪੌਰਾਣਿਕ ਗ੍ਰੰਥਾਂ ਦਾ ਵਿਸ਼ਾਲ ਅਧਿਐਨ ਕਰ ਲਿਆ ਅਤੇ ਇਨ੍ਹਾਂ ਵਿਦਿਆਵਾਂ ਦੇ ਉਤਕ੍ਰਿਸ਼ਟ ਪੰਡਿਤ ਬਣ ਗਏ।

2. ਹਿੰਦੀ ਕਵੀਆਂ ਰਾਹੀਂ ਉਨ੍ਹਾਂ ਨੇ ਬ੍ਰਿਜ ਭਾਸ਼ਾ (ਹਿੰਦੀ ਅਤੇ ਪੰਜਾਬੀ ਵਿਚ ਪਹਿਲੀ ਵਾਰ ਅਧਿਆਤਮਕ ਰਸ ਨੂੰ ਬੀਰ ਰਸ ਵਿਚ ਸਮੋ ਕੇ ਇਕ ਅਨੂਠੀ ਪ੍ਰਕਾਰ ਦੇ ਅਣਖ-ਜਗਾਊ ਸਾਹਿਤ ਦਾ ਨਿਰਮਾਣ ਕਰਵਾਇਆ ਤੇ ਖੁੱਦ ਵੀ ਬੀਰ-ਰਸ ਭਰਪੂਰ ਕਾਵਿ ਰਚਨਾ ਕੀਤੀ।

3. ਘੁੜ-ਸਵਾਰੀ, ਤੀਰ ਅੰਦਾਜ਼ੀ ਤੇ ਹੋਰ ਸ਼ਸਤ੍ਰ ਵਿਦਿਆ ਵਿਚ ਅਸਾਧਾਰਣ ਨਿਪੁੰਨਤਾ ਪ੍ਰਾਪਤ ਕਰ ਲਈ।

4. ਯੁੱਧ-ਰਹਿਸ ਉਪਰ ਕਾਬੂ ਪਾਇਆ ਅਤੇ ਜੀਵਨ ਨੂੰ ਕੌਮ-ਸੇਵਾ ਵਿਚ ਬਤੀਤ ਕਰਨ ਦਾ ਡੂੰਘਾ ਤਜਰਬਾ ਹਾਸਲ ਕੀਤਾ।

5. ਹਿੰਦੂ ਜਾਤੀ ਦੀ ਸਮਿਅਕ ਦੁਰਦਸ਼ਾ ਨੂੰ ਦੇਖ ਕੇ ਇਹ ਅਨੁਭਵ ਕੀਤਾ ਕਿ ਪ੍ਰਮਾਤਮਾ ਨੇ ਮੈਨੂੰ, [1]ਦੇਸ਼ ਜਾਤੀ, ਧਰਮ ਅਤੇ ਜ਼ੁਲਮ ਦਾ ਟਾਕਰਾ ਤੇ ਉਥਾਨ

---

1. ਬਚਿੱਤ੍ਰ ਨਾਟਕ :—(ੳ) ਮੈਂ ਆਪਨਾ ਸੁਤ ਤੋਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ॥
ਜਾਹ ਤਹਾਂ ਤੈ ਧਰਮੁ ਚਲਾਇਆ।
ਕਬੁਧਿ ਕਰਨ ਤੇ ਲੋਕ ਹਟਾਇਆ॥

Namdhari Elibrary NamdhariElibrary@gmail.com

ਕਰਨ ਲਈ ਸੰਸਾਰ ਵਿਚ ਭੇਜਿਆ ਹੈ ਅਤੇ ਆਉਣ ਵਾਲਿਆਂ ਸਮਿਆਂ ਲਈ ਆਪਣਾ ਕਾਰਜ ਪੂਰੀ ਸ਼ਕਤੀ ਨਾਲ ਸ਼ੁਰੂ ਕਰ ਦਿਤਾ।

ਅਨੰਗ ਪਾਲ ਮਗਰੋਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਇਕ ਤਜਰਬੇਕਾਰ ਆਗੂ ਸਨ, ਜਿਹੜੇ ਰਾਜਨੀਤੀ ਅਤੇ ਕੌਮ ਦੀ ਏਕਤਾ ਬਾਰੇ ਅਗਵਾਈ ਕਰ ਸਕਦੇ ਸਨ। ਆਪ ਨੇ ਆਪਣੀ ਤੀਖਣ ਸੂਝ-ਬੂਝ ਨਾਲ ਸਮਝ ਲਿਆ ਸੀ ਕਿ ਹਿੰਦੂਆਂ ਵਿਚ, ਭਗਤੀ ਲਹਿਰ ਦੇ ਫਲ ਸਰੂਪ, ਪੁਰਾਣੇ ਸਾਹਿਤ ਤੇ ਰਿਵਾਇਤਾਂ ਦੇ ਸਿਟੇ ਵਜੋਂ, ਧਰਮ ਤੇ ਹੈ, ਪਰ ਉਨ੍ਹਾਂ ਵਿਚੋਂ ਰਾਜਨੀਤਕ ਜਾਗ੍ਰਤੀ ਖੰਭ ਲਾ ਕੇ ਉਡ ਗਈ ਹੈ ਅਤੇ ਹਿੰਦੂਆਂ ਦਾ ਜਾਤੀ-ਭੇਦ ਅਤੇ ਅਵਿਦਿਆ ਰਾਸ਼ਟਰੀ-ਏਕਤਾ ਦੇ ਮਾਰਗ ਵਿਚ ਇਕ ਬਹੁਤ ਵਡੀ ਰੁਕ ਵਟ ਹੈ।

ਇਹੋ ਕਾਰਨ ਹੈ ਕਿ ਆਪ ਜੀ ਦਾ ਦਰਬਾਰ ਮਹਾਨ ਵਿਦਵਾਨਾਂ, ਕਵੀਆਂ ਅਤੇ ਸਾਹਿਤਕਾਰਾਂ ਨਾਲ ਸਦਾ ਭਰਪੂਰ ਰਹਿੰਦਾ ਸੀ। ਦੂਰ-ਦੂਰ ਤੋਂ ਕਵੀ ਆਕੇ ਆਪ ਜੀ ਦੀ ਦੇਖ-ਰੇਖ ਵਿਚ ਅਤੇ ਸੇਵਾ ਵਿਚ ਹਾਜ਼ਰ ਰਹਿੰਦੇ ਸਨ ਅਤੇ ਗੁਰੂ ਜੀ ਪਾਸੋਂ ਯੋਗ ਸਨਮਾਨ, ਆਦਰ ਤੇ ਸਤਿਕਾਰ, ਜਿਸ ਦੇ ਉਹ ਅਧਿਕਾਰੀ ਸਨ, ਪਾਉਂਦੇ ਸਨ। ਮਹਾਨ ਕਵੀਆਂ ਦੀ ਕੁਲ ²ਸੰਖਿਆ ਬਵੰਜਾ (52) ਦਸੀ ਜਾਂਦੀ ਹੈ।

(ਅ) ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ॥
... ...
ਧਰਮ ਚਲਾਵਨ, ਸੰਤ ਉਬਾਰਨ।
ਦੁਸਟ ਸਭਨ ਕੋ ਮੂਲ ਉਪਾਰਨ॥

2. ਦੇਖੋ ਮਹਾਨ ਕੋਸ਼, ਕਰਤਾ ਭਾਈ ਕਾਹਨ ਸਿੰਘ . ...

1. ਉਦੇਰਾਯ 2. ਅਣੀਰਾਯ 3. ਅਮ੍ਰਿਤ ਰਾਯ 4. ਅਲੂ 5. ਆਸਾ ਸਿੰਘ 6. ਆਲਿਮ 7. ਈਸ਼੍ਵਰ ਦਾਸ 8. ਸੁਖਦੇਵ 9. ਸੁਖਾ ਸਿੰਘ 10. ਸੁਖੀਆ 11, ਸੁਦਾਮਾ 12. ਸੈਨਾਪਤੀ 13. ਸ਼ਯਾਮ 1-. ਹੀਰ 15. ਹੁਸੈਨ ਅਲੀ 16. ਹੰਸ ਰਾਮ 17. ਕੱਲੂ 18. ਕੁਵਰੇਸ਼ 19. ਖਾਨ੍ਹ ਚੰਦ 20. ਗੁਣੀਆ 21. ਗੁਰਦਾਸ।

Namdhari Elibrary NamdhariElibrary@gmail.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਜ਼ੁਲਮ ਤੇ ਅਤਿਆਚਾਰ ਦੇ ਮਿਧੇ ਅਤੇ ਨਤਾਣੇ ਭਾਰਤ ਦੇ ਮੁਰਦਾ ਪੁਰਖਾਂ ਨੂੰ ਜੀਵਨ ਦਾਨ ਤੇ ਅਣਖ-ਜਾਗ੍ਰਤੀ ਬਖਸ਼ਣ ਲਈ ! ਵਿਸਾਖ ਸੰਮਤ 1756 (1699 ਈ:) ਨੂੰ ਕੇਸ ਗੜ੍ਹ ਦੇ ਦੀਵਾਨ ਵਿਚ ਅੰਮ੍ਰਿਤ ਦਾਨ ਦਿਤਾ। ਅੰਮ੍ਰਿਤ-ਧਾਰੀਆਂ ਨੂੰ 'ਖਾਲਸਾ' ਦਾ ਖਿਤਾਬ ਬਖਸ਼ਿਆ। ਦੇਸ਼ਵਾਸੀਆਂ ਉਪਰ ਅਤਿਆਚਾਰ ਅਤੇ ਜ਼ੁਲਮ ਹੁੰਦਾ ਦੇਖ ਕੇ ਅਤੇ ਭੋਲੀ ਜਨਤਾ ਨੂੰ ਕੁਰੀਤੀਆਂ ਤੇ ਭ੍ਰਮ-ਜਾਲਾਂ ਵਿਚ ਫਸਿਆ ਦੇਖ ਕੇ, ਸਤਿਗੁਰੂ ਨਾਨਕ ਦੇਵ ਦੇ ਪ੍ਰਗਟ ਕੀਤੇ ਨਿਰਗੁਣ ਭਗਤੀ ਮਾਰਗ ਅਤੇ ਮਾਨਵਤਾ ਉਪਰ ਅਧਾਰਤ ਧਰਮ ਦਾ ਵਡੇ ਉਤਸ਼ਾਹ, ਪੁਰਸ਼ਾਰਥ ਅਤੇ ਅਸੀਮ ਯਤਨਾਂ ਨਾਲ, ਪ੍ਰਚਾਰ ਕਰਨਾ ਅਰੰਭਿਆ, ਜਿਸ ਨੂੰ ਦੇਖ ਕੇ ਹਿੰਦੂ ਪਹਾੜੀ ਰਾਜੇ ਅਤੇ ਸਮੇਂ ਦੇ ਹਾਕਿਮ, ਕਲਗੀਧਰ ਦੇ ਸਿਧਾਂਤਾਂ ਨੂੰ ਸਮਝੇ ਬਿਨਾ ਅਕਾਰਣ ਹੀ ਉਨ੍ਹਾਂ ਦੇ ਜਾਨੀ ਦੁਸ਼ਮਣ ਬਣ ਗਏ, ਜਿਸ ਦੇ ਫਲ ਸਰੂਪ ਸਵੈ ਰਖਿਆ ਲਈ ਆਪ ਜੀ ਨੂੰ ਸ਼ਮਸ਼ੀਰ ਫੜਨੀ ਪਈ :—

ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ।
ਹਲਾਲ ਅਸਤ ਬੁਰਦਨ, ਬਸ਼ਮਸ਼ੀਰ ਦਸਤ॥

ਗੁਰੂ ਨਾਨਕ ਦੇਵ ਪਿਛੋਂ ਗੁਰ-ਗੱਦੀ ਨੂੰ ਮਾਣ ਬਖਸ਼ਣ ਵਾਲੇ ਸਾਰੇ ਗੁਰੂਆਂ ਨੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਮੂਲ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਅਮਲੀ ਜਾਮਾ ਪਹਿਨਾਇਆ ਅਤੇ ਖੁਦ ਬੜੀ ਸ਼ਰਧਾ ਅਤੇ ਸਤਕਾਰ ਨਾਲ, ਪੂਰੇ ਵਿਸ਼ਵਾਸ ਨਾਲ, ਉਨ੍ਹਾਂ ਦਾ ਪਾਲਣ ਕਰਦੇ ਰਹੇ, ਪਰ ਬਾਹਰੀ ਅਸੂਲਾਂ ਵਿਚ ਸਮੇਂ ਦੀ ਲੋੜ ਅਨੁਸਾਰ ਪਰਿਵਰਤਨ ਵੀ ਕਰਦੇ ਰਹੇ। ਇਨ੍ਹਾਂ ਪਰਿਵਰਤਨਾਂ ਦੇ ਸਦਕੇ ਕੌਮ ਵਿਚ,

---

22. ਗੋਪਾਲ 23. ਚੰਦਨ 24. ਚੰਦਾ 25. ਜਮਾਲ 26. ਟਹਿਕਨ 27. ਧਰਮ ਸਿੰਘ 28. ਧੰਨਾ ਸਿੰਘ 29. ਧਯਾਨ ਸਿੰਘ 30. ਨਾਨ 31. ਨਿਸ਼ਚਲ ਦਾਸ 32. ਨਿਹਾਲ ਚੰਦ 33. ਨੰਦ ਸਿੰਘ 34. ਨੰਦ ਲਾਲ 35. ਪਿੰਡੀ ਦਾਸ 36. ਬਲੂ 37. ਬਿਧੀ ਚੰਦ 38. ਬੁਲੰਦ 39. ਬ੍ਰਿਖ 40. ਬ੍ਰਿਜ ਲਾਲ 41. ਮਥੁਰਾ 42. ਮਦਨ ਸਿੰਘ 43. ਮਦਨ ਗਿਰਿ 44. ਮੱਲੂ 45. ਮਾਨਦਾਸ 46. ਮਾਲਾ ਸਿੰਘ 47. ਮੰਗਲ 48. ਰਾਮ 49. ਰਾਵਲ 50. ਰੋਸ਼ਨ ਸਿੰਘ 51. ਲੱਖਾ।

Namdhari Elibrary NamdhariElibrary@gmail.com

ਏਕਤਾ, ਸੰਗਠਨ, ਦੇਸ਼ ਪਿਆਰ, ਜ਼ੁਲਮ ਦੇ ਟਾਕਰੇ ਦੀ ਅਪਾਰ ਸ਼ਕਤੀ ਆਦਿ ਦਾ ਸੰਚਾਰ ਹੁੰਦਾ ਰਿਹਾ।

ਇਹੋ ਕਾਰਨ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਵਾਰਾ 'ਖਾਲਸਾ' ਪੰਥ ਦਾ ਨਿਰਮਾਣ, ਸਤਿਗੁਰੂ ਦੇ ਉਤਸ਼ਾਹ ਪੂਰਣ ਜੀਵਨ ਦੀ ਇਕ ਬਹੁਤ ਵਡੀ ਕਾਮਯਾਬੀ ਅਤੇ ਮਹਤਵਪੂਰਣ ਸਫਲਤਾ ਹੈ, ਜੋ ਰਹਿੰਦੀ ਦੁਨੀਆਂ ਤਕ ਕੌਮ ਨੂੰ ਜ਼ੁਲਮ ਦੇ ਟਾਕਰੇ ਲਈ ਸ਼ੇਰ ਵਾਂਗ ਉਤਸ਼ਾਹ ਪੂਰਣ ਰਖੇਗੀ। ਆਪ ਜੀ ਨੇ ਇਸ ਮਹਾਨ ਕਾਰਜ ਲਈ 1699 ਈ: ਵਿਚ ਅਨੰਦਪੁਰ ਦੇ ਕੇਸਗੜ੍ਹ ਨਾਮੀ ਪਵਿਤਰ ਸਥਾਨ ਵਿਚ ਇਕ ਅਦੁੱਤੀ ਦੀਵਾਨ ਵਿਸਾਖੀ ਵਾਲੇ ਦਿਨ ਸਜਾਇਆ ਅਤੇ ਇਕ ਕਰੜੇ ਇਮਤਿਹਾਨ ਪਿਛੋਂ—ਦਇਆ ਰਾਮ, ਧਰਮ ਦਾਸ, ਮੁਹਕਮ ਚੰਦ, ਹਿੰਮਤ, ਸਾਹਿਬ, ਇਨ੍ਹਾਂ ਪੰਜ ਸਿਖਾਂ ਨੂੰ ਅੰਮ੍ਰਿਤ ਛਕਾ ਕੇ "ਸਿੰਘ-ਸ਼ੇਰ" ਬਣਾਇਆ ਤੇ ਪੰਜ ਪਿਆਰੇ ਦਾ ਖਿਤਾਬ ਬਖਸ਼ਿਆ। ਖੁਦ ਉਨ੍ਹਾਂ ਪਾਸੋਂ ਅੰਮ੍ਰਿਤ ਛਕ ਕੇ ਦੀਖਿਆ ਪ੍ਰਾਪਤ ਕਰਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ ਅਤੇ ਸੰਸਾਰ ਸਾਹਮਣੇ ਇਕ ਲੋਕਤੰਤ੍ਰੀ ਭਾਵਨਾ ਨੂੰ ਪੇਸ਼ ਕੀਤਾ ਜਿਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚੋਂ ਮਿਲਣੀ ਮੁਸ਼ਕਲ ਹੈ। ਆਪ ਜੀ ਨੇ ਇਸ ਸ਼ੁਭ ਅਵਸਰ ਉਤੇ ਬੜੇ ਫਖਰ ਅਤੇ ਸਵੈਮਾਣ ਨਾਲ ਗਦ-ਗਦ ਹੋ ਕੇ ਕਿਹਾ ਕਿ ਇਨ੍ਹਾਂ ਪੰਜ ਸਿਖਾਂ ਵਿਚ ਇਕ ਇਕ ਸਿਖ ਐਸਾ ਹੈ ਜਿਸ ਨੂੰ ਮੈਂ ਸਵਾ ਲਖ ਨਾਲ [1]ਲੜਾ ਸਕਦਾ ਹਾਂ। ਗੁਰੂ ਜੀ ਦਾ ਇਹ ਮੰਤ੍ਰ ਜੋ ਮਨੋਵਿਗਿਆਨ ਉਪਰ ਅਧਾਰਤ ਸੀ, ਕੌਮ ਲਈ ਸੰਜੀਵਨੀ ਬੂਟੀ ਦਾ ਰੂਪ ਧਾਰਨ ਕਰ ਗਿਆ। ਆਪ ਜੀ ਨੇ 'ਖਾਲਸਾ ਪੰਥ' ਨੂੰ ਬਾਹਰੀ ਦ੍ਰਿਸ਼ਟੀ ਕੋਣ ਤੋਂ ਸ਼ਕਤੀ-ਸ਼ਾਲੀ ਅਤੇ ਮਜ਼ਬੂਤ ਬਣਾਉਣ ਖਾਤਰ, ਕੁਝ ਮਹਤਵ ਪੂਰਣ ਨਿਯਮ ਪੇਸ਼ ਕੀਤੇ :

1. ਸਾਰੇ ਸਿਖ ਸਮਾਨ ਹਨ, ਇਕ ਹੀ ਮਾਤਾ ਪਿਤਾ ਦੇ ਪੁਤਰ ਹਨ, ਉਨ੍ਹਾਂ

---

1. ਸਵਾ ਲਾਖ ਸੇ ਏਕ ਲੜਾਊਂ। ਤਬ ਗੋਬਿੰਦ ਸਿੰਘ ਨਾਮ ਧਰਾਊਂ।

ਆਪਣੇ ਇਸ ਇਰਾਦੇ ਵਿਚ ਗੁਰੂ ਦੇਵ ਕਾਮਯਾਬ ਹੋਏ। ਚਮਕੌਰ ਦੀ ਲੜਾਈ ਵਿਚ, ਸਾਹਿਬਜ਼ਾਦਿਆਂ ਨੇ ਹਜ਼ਾਰਾਂ ਮੁਗਲਾਂ ਦਾ ਟਾਕਰਾ ਕਰਦਿਆਂ ਸ਼ਹੀਦੀ ਪਾਈ ਤੇ ਮੁਗਲਾਂ ਫੌਜ ਦੇ ਦੰਦ ਖਟੇ ਕੀਤੇ।

Namdhari Elibrary NamdhariElibrary@gmail.com

ਦੀ ਜ਼ਾਤ ਇਕ ਹੀ ਹੈ, ਉਹ ਸਿੰਘ ਹਨ, ਹਰ ਇਕ ਦੇ ਨਾਂ ਪਿਛੇ ਸਿੰਘ ਸ਼ਬਦ ਦਾ ਹੋਣਾ ਅਤਿ ਜ਼ਰੂਰੀ ਹੈ।

2. ਸਾਰੇ ਸਿਖ ਇਕ ਰੰਗ ਤੇ ਢੰਗ ਨਾਲ ਮੁਲਾਕਾਤ ਸਮੇਂ 'ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ' ਕਹਿ ਕੇ ਇਕ ਦੂਜੇ ਨੂੰ ਨਮਸਕਾਰ ਕਰਨ।

3. 'ਗੁਰੂ ਗ੍ਰੰਥ ਸਾਹਿਬ' ਨੂੰ ਹੀ ਸਾਡੇ ਪਿਛੋਂ ਗੁਰੂ ਮੰਨਿਆ ਜਾਵੇ, ਇਸ ਪਵਿਤਰ ਗ੍ਰੰਥ ਤੋਂ ਇਲਾਵਾ ਹੋਰ ਕਿਸੇ ਦੀ ਪੂਜਾ ਨਾ ਕੀਤੀ ਜਾਵੇ।

4. 'ਅੰਮ੍ਰਿਤਸਰ' ਨੂੰ ਹੀ ਕੇਵਲ ਗੁਰੂ-ਧਾਮ ਜਾਂ ਸਿਖ ਤੀਰਥ ਦਾ ਦਰਜਾ ਦਿਤਾ ਜਾਵੇ।

5. ਸਿਰ ਉਪਰ ਦਸਤਾਰ ਦਾ ਸਜਾਉਣਾ ਜ਼ਰੂਰੀ ਹੈ।

6. ਹਰ ਸਿੰਘ ਲਈ ਤੰਮਾਕੂ ਦਾ ਸੇਵਨ ਮਨ੍ਹਾ ਹੈ।

7. ਹਰੇਕ "ਸਿੰਘ" —ਕੇਸ, ਕੰਘਾ, ਕ੍ਰਿਪਾਨ, ਕੜਾ ਤੇ ਕਛਾ—ਧਾਰਨ ਕਰੇ।

8. ਜਦ ਦੋ ਸਿੰਘ ਆਪਸ ਵਿਚ ਦਸਤਪੰਜਾ ਲੈਣ ਤਦ 'ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹ' ਕਹਿਣਾ ਲਾਜ਼ਮੀ ਹੈ।

9. ਅੰਮ੍ਰਿਤ ਵੇਲੇ ਹਰੇਕ ਸਿਖ ਦਾ ਫਰਜ਼ ਹੈ ਕਿ ਉਹ '**ਜਪੁਜੀ ਸਾਹਿਬ**' ਦਾ ਪਾਠ ਕਰੇ।

10. ਕ੍ਰਿਤ ਕਰਨਾ, ਵੰਡ ਛਕਣਾ, ਨਾਮ ਜਪਣਾ ਹਰ ਸਿਖ ਦੇ ਜੀਵਨ ਦਾ ਅੰਗ ਹੈ।

11. ਪ੍ਰਤਿਤੀਆ ਨੂੰ ਮਾਤਾ ਅਤੇ ਭੈਣ ਸਮਝਣਾ ਹਰੇਕ ਸਿੰਘ ਦਾ ਉਤਮ ਧਰਮ ਹੈ।

12. ਦੀਨ-ਦੁਖੀਆਂ ਦੀ ਸਹਾਇਤਾ ਕਰਨਾ ਅਤਿ ਜ਼ਰੂਰੀ ਹੈ।

13. ਜ਼ੁਲਮ ਨੂੰ ਸਹਿਣਾ, ਕੌਮ ਦੇਸ਼ ਤੇ ਆਪਣੇ ਲਈ ਜ਼ੁਲਮ ਹੈ।

14. ਕਹਿਣੀ, ਕਥਨੀ ਅਤੇ ਕਰਨੀ ਵਿਚ ਇਕ ਰੰਗ ਹੋਣਾ ਚਾਹੀਦਾ ਹੈ।

15. ਅਨੰਦਪੁਰ ਸਾਹਿਬ ਸਿਖਾਂ ਦਾ ਜਨਮ ਸਥਾਨ ਹੈ।

Namdhari Elibrary NamdhariElibrary@gmail.com

16. ਸਚ, ਰਵਾਦਾਰੀ ਅਤੇ ਹਮਦਰਦੀ ਦਾ ਜਜ਼ਬਾ ਆਪਣੇ ਵਿਚ ਪੈਦਾ ਕਰਨਾ ਸਿਖ ਦਾ ਉੱਤਮ ਧਰਮ ਹੈ।

ਅੰਦਰੂਨੀ ਤੌਰ ਤੇ ਸਿੰਘਾਂ ਨੂੰ ਦ੍ਰਿੜ ਤੇ ਪਕੇ ਕਰਨ ਲਈ ਆਪ ਜੀ ਨੇ ਐਲਾਨ ਕੀਤਾ (ਘੋਸ਼ਤ ਕੀਤਾ)—ਹਰ ਇਕ ਸਿੰਘ ਉਪਰ ਪਰਮਾਤਮਾ ਦੀ ਛਤ੍ਰ ਛਾਇਆ ਹੈ, ਜਿਥੇ ਵੀ ਸੰਗਤ ਇਕੱਠੀ ਹੋਵੇਗੀ ਉਥੇ ਪਰਮਾਤਮਾ ਤੇ ਗੁਰੂ ਅੰਗ-ਸੰਗ ਤੇ ਹਾਜ਼ਰ ਨਾਜ਼ਰ ਰਹਿਣਗੇ। ਹਰ ਇਕ ਸਿੰਘ ਫਤਹਿ ਪ੍ਰਾਪਤ ਕਰਨ ਲਈ ਹੀ ਉਤਪਨ ਹੋਇਆ ਹੈ ਅਤੇ ਉਨ੍ਹਾਂ ਦਾ ਨਾਹਰਾ ਹੈ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ।" ਬੀਰ ਰਸੀ ਸਾਹਿਤ ਦਾ ਅਧਿਐਨ ਕਰਨਾ ਹਰੇਕ ਸਿੰਘ ਦਾ ਫਰਜ਼ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ, ਭੰਗਾਣੀ, ਗੁਲੇਰ, ਆਨੰਦਪੁਰ, ਚਮਕੌਰ ਤੇ ਮੁਕਤਸਰ ਆਦਿ ਦੀਆਂ ਸਖਤ ਲੜਾਈਆਂ, ਬਹਾਦਰੀ, ਦਲੇਰੀ ਅਤੇ ਅਸੀਮ ਸਾਹਸ ਨਾਲ ਲੜੀਆਂ। ਸਤਿਗੁਰੂ ਨੇ ਸਿਖਾਂ ਦੇ ਸਿਧਾਂਤਕ ਅਤੇ ਵਿਹਾਰਕ ਰੂਪ ਦਾ ਆਦਰਸ਼-ਉਦਾਹਰਣ ਭਾਰਤ ਵਾਸੀਆਂ ਦੇ ਸਨਮੁਖ ਪੇਸ਼ ਕੀਤਾ ਅਤੇ ਆਪ ਜੀਵਨ ਭਰ ਅਤਿਆਚਾਰ, ਬੇਇਨਸਾਫੀ, ਪਸ਼ੂਤਾ ਅਤੇ ਜ਼ੁਲਮ ਦਾ ਟਾਕਰਾ, ਦੇਸ਼ ਤੇ ਮਾਨਵਤਾ ਦੀ ਰਖਿਆ ਲਈ ਕਰਦੇ ਰਹੇ। ਆਪ ਜੀ ਨੇ ਆਪਣੇ ਚਾਰ ਸਾਹਿਬ-ਜ਼ਾਦਿਆਂ—ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਾਰ ਸਿੰਘ ਤੇ ਫਤਹਿ ਸਿੰਘ—ਨੂੰ ਕੌਮ ਤੇ ਦੇਸ਼ ਦੀ ਰਖਿਆ ਲਈ, ਖਿੜੇ ਮਥੇ, ਮੂੰਹ ਉਪਰ ਭਖਦੀਆਂ ਲਾਲੀਆਂ ਨਾਲ ਕੁਰਬਾਨ ਕਰ ਦਿਤਾ ਅਤੇ ਉਨ੍ਹਾਂ ਦੇ ਸਚਖੰਡ ਜਾਣ ਪਿਛੋਂ ਦਮਦਮੇ ਸਾਹਿਬ ਦੇ ਦੀਵਾਨ ਵਿਚ ਕਿਹਾ "ਸਾਰੇ ਸਿੰਘ ਮੇਰੇ ਪੁਤਰ ਹਨ ਅਤੇ ਮੈਂ ਆਪਣੇ ਚਾਰ ਪੁਤਰਾਂ ਨੂੰ ਇਸ ਲਈ ਦੇਸ਼ ਉਪਰ ਵਾਰਿਆ ਹੈ ਤਾਂਕਿ ਮੇਰੇ ਹਜਾਰਾਂ ਪੁਤਰ ਅਨੰਦ ਪੂਰਵਕ, ਸੁਖਮਈ ਜੀਵਨ ਬਤੀਤ ਕਰ ਸਕਣ।"

ਆਪ ਜੀ ਦਾ ਨਾਂ ਧਰਮ-ਆਗੂਆਂ ਤੇ ਧਰਮ ਸੁਧਾਰਕਾਂ ਵਿਚ ਬਹੁਤ ਹੀ ਉੱਚਾ ਹੈ, ਪਰ ਰਾਸ਼ਟਰ ਨਿਰਮਾਤਾ ਦੇ ਰੂਪ ਵਿਚ ਵੀ ਆਪ ਜੀ ਦਾ ਪਵਿਤਰ ਨਾਮ ਬਹੁਤ ਬੁਲੰਦ ਹੈ। ਆਪ ਜੀ ਨੇ ਗੀਤਾ ਦੇ ਗਿਆਨ ਨੂੰ, ਜੋ ਉਨ੍ਹਾਂ ਕਰਤਿਆਂ ਸਮਿਆਂ ਵਿਚ ਬੇਜਾਨ ਹੋ ਚੁਕਿਆ ਸੀ, ਮੁੜ ਸੁਰਜੀਤ ਕੀਤਾ ਅਤੇ ਇਸ ਨੂੰ ਅਮਲੀ ਜਾਮਾ ਪਹਿਨਾ ਕੇ, ਲੋਕ ਅਤੇ ਪ੍ਰਲੋਕ, , ਵਿਹਾਰ ਤੇ ਸਿਧਾਂਤ ਵਿਚ ਅਪੂਰਵ ਤੇ

Namdhari Elibrary NamdhariElibrary@gmail.com

ਬੇਮਿਸਾਲ ਮੇਲ ਪੈਦਾ ਕੀਤਾ। ਆਪ ਜੀ ਦਾ ਜੀਵਨ, ਸੰਘਰਸ਼ਮਈ, ਤਿਆਗਮਈ, ਸੇਵਾ-ਭਾਵਨਾ ਤੇ ਸੂਰਬੀਰਤਾ ਨਾਲ ਭਰਪੂਰ ਸੀ। ਸਤਿਗੁਰੂ ਆਪਣੀ ਕਥਨੀ ਅਤੇ ਕਰਨੀ ਦੇ ਆਧਾਰ ਉਪਰ ਪੂਰਣ ਤੇ ਨਿਸ਼ਕਾਮ ਕਰਮਯੋਗੀ ਸਨ।

ਸੰਮਤ 1761 ਵਿਚ ਮੁਸਲਮਾਨਾਂ ਦੀ ਸੈਨਾਂ ਨੇ ਝੂਠੀਆਂ ਕਸਮਾਂ ਖਾ ਕੇ ਆਪ ਜੀ ਤੋਂ, ਮਾਤਾ ਗੁਜਰੀ ਅਤੇ ਕੁਝ ਸਿਖਾਂ ਦੀ ਅਰਦਾਸ ਦੇ ਪ੍ਰਭਾਵ ਹੇਠ, ਅਨੰਦਪੁਰ ਖਾਲੀ ਕਰਵਾ ਲਿਆ। ਜਦ ਗੁਰੂ ਦੇਵ ਕਿਲੇ ਤੋਂ ਬਾਹਰ ਆਏ, ਤਦ ਮੁਗ਼ਲ ਫ਼ੌਜਾਂ ਨੇ ਤੁਰੰਤ ਗੁਰੂ ਜੀ ਤੇ ਹਲਾ ਬੋਲ ਦਿਤਾ, ਜਿਸ ਕਾਰਨ ਦਸਮੇਸ਼ ਜੀ ਦਾ ਭਾਰੀ ਜਾਨੀ, ਮਾਲੀ ਅਤੇ ਸਾਹਿਤਕ ਨੁਕਸਾਨ ਹੋਇਆ ਅਤੇ 52 ਕਵੀਆਂ ਦੀ ਵਰ੍ਹਿਆਂ ਦੀ ਕਮਾਈ ਤੇ ਘਾਲਣਾ ਨੂੰ, ਵਿਦਿਆ ਵੈਰੀਆਂ ਨੇ ਮਿਸਰ ਦੇ ਕੁਤਬਖਾਨੇ ਵਾਂਗ ਘੜੀਆਂ ਵਿਚ ਮਿਟੀ ਮਿਲਾ ਦਿਤੀ।

ਆਪ ਜੀ ਵੱਡੀ ਬੀਰਤਾ ਅਤੇ ਧੀਰਜ ਨਾਲ ਸ਼ਾਹੀ ਫ਼ੌਜ ਦਾ ਡਟ ਕੇ ਮੁਕਾਬਲਾ ਕਰਦੇ ਰਹੇ ਅਤੇ ਸ਼ਤਰੂ ਪਾਸੋਂ ਬਚ ਕੇ, ਚਮਕੌਰ ਵਿਚ ਬਚਿਆਂ ਨੂੰ ਦੇਸ਼ ਸੁਤੰਤਰਤਾ ਦੇ ਹਵਨ ਕੁੰਡ ਵਿਚ ਬਲੀਦਾਨ ਦੇ ਕੇ, ਲਖਾਂ ਔਕੜਾਂ ਦਾ ਟਾਕਰਾ ਕਰਦੇ ਹੋਏ ਜੰਗਲ ਦੀ ਬੰਜਰ ਭੂਮੀ ਵਿਚ ਜਾ ਪਹੁੰਚੇ। ਉਸ ਥਾਂ ਆਪਣੇ ਅਲੌਕਿਕ ਤੇ ਅਮਲੀ ਪ੍ਰਭਾਵ ਨਾਲ ਕੂਤ ਦੇਸ਼ (ਮਾਲਵਾ) ਦੇ ਜੰਗਲ ਨੂੰ ਮੰਗਲ ਰੂਪ ਮਾਲਵਾ ਬਣਾ ਦਿਤਾ। ਅਨੰਤ ਜੀਵਾਂ ਨੂੰ ਬੀਰਤਾ ਦਾ ਪਾਠ ਪੜ੍ਹਾ ਕੇ, ਆਤਮ ਗਿਆਨ ਅਤੇ ਕੁਰਬਾਨੀ ਦੇ ਉਚ ਭਾਵ ਦਾ ਸੰਚਾਰ ਕੀਤਾ। ਮਾਤਾ ਜੀਤੋ ਅਤੇ ਸੁੰਦਰੀ ਜੀ ਤੋਂ ਉਤਪਨ ਹੋਏ, ਪਿਤਾ ਤੇ ਪਿਤਾਮਾ ਤੁਲ ਚੋਹਾਂ ਸਪੁਤ੍ਰਾਂ ਨੇ ਵੀ ਆਪਣੇ ਲਹੂ ਨੂੰ ਜਲ ਦੀ ਥਾਂ, ਗੁਰੂ ਜੀ ਤੋਂ ਲਾਏ ਹੋਏ ਬੂਟੇ ਨੂੰ, ਸਿੰਞ ਕੇ, ਸੁਕਣ ਸੜਨ ਦੀ ਦਸ਼ਾ ਤੋਂ ਸਦਾ ਲਈ ਪ੍ਰਫੁਲਤ ਅਤੇ ਹਰਿਆ ਭਰਿਆ ਕਰ ਦਿਤਾ।

ਦਖਣ ਭਾਰਤ ਦੇ ਨਦੇੜ (ਹੈਦਰਾਬਾਦ), ਗੁਦਾਵਰੀ ਨਦੀ ਦੇ ਕਿਨਾਰੇ, (ਜਦ ਕਿ ਇਕ ਪਠਾਣ ਨੇ ਉਨ੍ਹਾਂ ਉਪਰ ਇਕ ਕਾਤਲਾਨਾ ਹਮਲਾ ਕੀਤਾ, ਜ਼ਖਮਾਂ ਦੀ ਮਰਹਮ ਪੱਟੀ ਕੀਤੀ ਗਈ ਅਤੇ ਆਪ ਸਵਾਸਥ ਪ੍ਰਾਪਤ ਕਰਨ ਵਾਲੇ ਹੀ ਸਨ, ਕਿ ਇਕ ਧਨੁਖ ਉਪਰ ਤੀਰ ਚੜ੍ਹਾਉਣ ਕਾਰਨ ਉਨ੍ਹਾਂ ਦੇ ਜ਼ਖਮਾਂ ਦੇ ਟਾਂਕੇ ਟੁਟ ਗਏ), ਸੰਮਤ 1765 (7 ਅਕਤੂਬਰ ਸੰਨ 1708 ਈ:) ਵਿਚ ਗੁਰੂ ਗ੍ਰੰਥ ਅਤੇ ਪੰਥ ਨੂੰ

Namdhari Elibrary NamdhariElibrary@gmail.com

ਗੁਰਤਾ ਦੇ ਕੇ ਅਦੁੱਤੀ ਪੇਸ਼ਵਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੋਤੀ ਜੋਤ ਸਮਾ ਗਏ। ਆਪ ਜੀ ਨੇ 32 ਵਰ੍ਹੇ 10 ਮਹੀਨੇ 26 ਦਿਨ ਗੁਰਤਾ ਕੀਤੀ ਅਤੇ ਕੁਲ ਅਵਸਥਾ 42 ਵਰ੍ਹੇ 9 ਮਹੀਨੇ ਅਤੇ 15 ਦਿਨ ਭੋਗੀ।

ਦਸ਼ਮੇਸ਼ ਇਕ ਮਹਾਨ ਆਗੂ :—

ਵਿਦਵਾਨ ਤੇ ਖੋਜੀ ਇਸ ਸਿੱਟੇ ਉਤੇ ਪੁੱਜੇ ਹਨ ਕਿ ਇਸ ਭਾਰਤ ਦੇਸ਼ ਵਿਚ ਲਖਾਂ ਧਰਮ-ਪ੍ਰਚਾਰਕ ਤੇ ਹਜ਼ਾਰਾਂ ਦੇਸ਼ ਰਖਿਅਕ ਸੈਨਾਪਤੀ, ਰਾਜੇ, ਮਹਾਰਾਜੇ, ਰਿਸ਼ੀ ਮੁਨੀ ਸਾਧੂ ਸੰਤ ਹੋ ਗੁਜ਼ਰੇ ਹਨ, ਪਰ **ਕਲਗੀਧਰ** ਦਾ ਸਾਨੀ (ਬਰਾਬਰ) ਕੋਈ ਨਹੀਂ ਹੋਇਆ, ਜਿਸ ਨੇ ਧਰਮ, ਕੌਮ ਤੇ ਦੇਸ਼ ਰਖਿਆ ਨਿਮਿਤ ਆਪਣਾ ਸਭ ਕੁਝ ਬਲੀ ਦੇ ਹਵਨ ਕੁੰਡ ਵਿਚ ਸਵਾਹਾ ਕਰ ਦਿਤਾ ਹੋਵੇ ਅਤੇ ਅੰਤ ਆਪਣੇ ਪ੍ਰਾਣ ਵੀ ਭਾਰਤ ਮਾਤਾ ਦੇ ਚਰਨਾਂ ਵਿਚ ਅਰਪਣ ਕਰ ਦਿਤੇ ਹੋਣ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਧਾਰਮਕ ਆਗੂ ਹੋਣ ਦੇ ਨਾਲ ਬੀਰ ਤੇ ਤਜਰਬੇਕਾਰ ਸੈਨਾਪਤੀ ਅਤੇ ਉਚ ਕੋਟੀ ਦੇ ਸ਼ਾਹਿਤਕਾਰ ਅਤੇ ਪ੍ਰਤਿੱਭਾਸ਼ਾਲੀ ਮਹਾਨ ਕਵੀ ਵੀ ਸਨ। ਪੂਰਣ ਸੰਤ ਹੋਣ ਦੇ ਨਾਤੇ ਜਿਥੇ ਆਪ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਂਤਾਂ ਦਾ ਪੂਰੀ ਤਰ੍ਹਾਂ ਪਾਲਣ ਕੀਤਾ ਅਤੇ ਇਨ੍ਹਾਂ ਸਿਧਾਂਤਾਂ ਰਾਹੀਂ ਜਨਤਾ ਵਿਚ ਆਤਮਿਕ ਬਲ ਦਾ ਸੰਚਾਰ ਕੀਤਾ ਤੇ ਧਰਮ ਵਿਚ ਆਈਆਂ ਕੁਰੀਤੀਆਂ ਤੇ ਅਡੰਬਰਾਂ ਦੇ ਜਾਲਾਂ ਨੂੰ ਤੋੜਿਆ ਉਥੇ ਨਾਲ-ਨਾਲ ਹੀ ਬੀਰ-ਰਸ ਵੀ ਜਨ-ਹਿਰਦੇ ਵਿਚ ਠੀਕ ਤੇ ਮੁਨਾਸਬ ਤਰੀਕੇ ਨਾਲ ਭਰ ਕੇ ਜ਼ੁਲਮ ਤੇ ਅਤਿਆਚਾਰ ਦੇ ਵਿਰੁਧ ਬਿਫਰੇ ਸ਼ੇਰ ਵਾਂਗ ਛਾਤੀ ਤਾਣ ਕੇ ਟਾਕਰਾ ਕਰਨ ਦਾ ਉਤਸ਼ਾਹ ਵੀ ਰੋਮ ਰੋਮ ਵਿਚ ਕੁਟ ਕੁਟ ਕੇ ਭਰ ਦਿਤਾ। ਉਸ ਵੇਲੇ ਔਰੰਗਜ਼ੇਬ ਦੀ ਨੀਤੀ (ਹਿਕਮਤ-ਏ-ਅਮਲੀ) ਅਕਬਰ ਮਹਾਨ ਦੀ ਨੀਤੀ ਨਾਲੋਂ ਵਖ ਹੋ ਕੇ ਤਅੱਸਬ ਤੇ ਸ਼ਖਸੀ ਹਕੂਮਤ ਦੇ ਨਸ਼ੇ ਦੀਆਂ ਸਿਖਰਾਂ ਉਪਰ ਪਹੁੰਚ ਚੁਕੀ ਸੀ। ਉਸ ਕਰੜੇ ਸਮੇਂ ਵਿਚ ਭਾਰਤ ਦੀ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਅਵਸਥਾ ਬਿਲਕੁਲ ਡਾਵਾਂਡੋਲ ਹੋ ਚੁਕੀ ਸੀ, ਉਸ ਵੇਲੇ ਜਨ-ਸਮੂਹ ਨੂੰ ਮਾਨਸਿਕ, ਬੋਧਿਕ, ਦਾਰਸ਼ਨਿਕ ਅਤੇ ਸ਼ਰੀਰਕ ਤੌਰ ਤੇ ਹਥਿਆਰ ਬੰਦ ਅਤੇ ਸੰਗਠਿਤ ਹੋਣ ਦੀ ਬਹੁਤ ਲੋੜ ਸੀ। ਇਸ ਲੋੜ ਨੂੰ ਦਸ਼ਮੇਸ਼ ਦੇ ਰਚੇ ਹੋਏ ਕੋਮਲ, ਅਨੁਪਮ ਤੇ ਬੀਰ-ਰਸ ਭਰਪੂਰ ਸਾਹਿਤ ਨੇ ਪੂਰਾ ਕੀਤਾ। ਗੁਰੂ

Namdhari Elibrary NamdhariElibrary@gmail.com

ਦੇਵ ਇਸ ਵੇਲੇ ਦੇ ਭਾਰਤ ਵਾਸੀ, ਜ਼ੁਲਮ ਨਾਲ ਮਿਧੇ ਮਨੁੱਖ ਨੂੰ ਆਤਮਿਕ, ਸ਼ਰੀਰਕ, ਸਮਾਜਿਕ ਬੌਧਿਕ ਅਤੇ ਆਰਥਿਕ ਪੱਖ ਤੋਂ ਬਹੁਤ ਉਚਾ ਲੈ ਜਾਣਾ ਚਾਹੁੰਦੇ ਸਨ। ਆਪ ਜੀ ਨੇ ਇਸ ਮੰਤਵ ਲਈ ਸਾਹਿਤ-ਰਚਨਾ ਨੂੰ ਮਾਧਿਅਮ ਬਣਾਇਆ ਅਤੇ ਆਪ ਜੀ ਦੇ ਬੀਰ-ਰਸ ਭਰਪੂਰ ਅਤੇ ਅਧਿਆਤਮ-ਰਸ ਨਾਲ ਪਰੀਪੂਰਣ ਸਾਹਿਤ ਵਿਚ ਇਹ ਸਾਰੇ ਗੁਣ ਉਪਸਥਿਤ ਸਨ। ਗੁਰੂ ਜੀ ਦਾ ਬੀਰ-ਰਸੀ ਕਾਵਿ ਤੋਂ ਸਮਾਜਿਕ ਕੋਝ ਤੇ ਕੋੜ੍ਹ ਨੂੰ ਦੂਰ ਕਰਨ ਦਾ, ਜ਼ੁਲਮ ਵਿਰੁਧ ਅਮਲੀ ਘੋਲ ਕਰਨ ਦਾ ਜ਼ੋਰਦਾਰ ਉਤਸ਼ਾਹ ਮਿਲਦਾ ਹੈ। ਸਵੈਮਾਣ, ਭਗਤੀ, ਬੀਰਤਾ ਅਤੇ ਮਾਨਵਤਾ ਦਾ, ਇਹ ਸਾਹਿਤ, ਡੂੰਘਾ ਤੇ ਅਥਾਹ ਸਾਗਰ ਹੈ। ਇਸ ਉਤਕ੍ਰਿਸ਼ਟ ਸਾਹਿਤ ਵਿਚੋਂ ਗੁਰੂ ਜੀ ਦੀ ਆਪਣੀ ਅਟੱਲਤਾ, ਬੀਰਤਾ ਤੇ ਅਧਿਆਤਮਿਕਤਾ ਉਮਲ ਉਮਲ ਪੈਂਦੀ ਹੈ। ਇਸ ਸਾਹਿਤ ਦਾ ਇਕ ਇਕ ਸ਼ਬਦ ਬੀਰ ਸਿਪਾਹੀ ਬਣ ਗਿਆ ਹੈ। ਵਾਸਤਵ ਵਿਚ ਇਹ ਕਲਗੀਧਰ ਦੇ ਜੀਵਨ-ਤਜਰਬਿਆਂ ਦਾ ਫਲ ਅਤੇ ਅਮਲੀ ਘੋਲ ਦਾ ਸਿੱਟਾ ਹੈ, ਜਿਸ ਨੂੰ ਗੁਰਦੇਵ ਨੇ ਜਬਰ, ਜ਼ੁਲਮ, ਦਾਸਤਾ, ਅਨਿਆਇ, ਅੱਤਿਆਚਾਰ, ਤਅੱਸਬ ਤੇ ਤਸ਼ਦਦ ਦੇ ਵਿਰੁਧ ਲੋਕਾਂ ਨੂੰ '**ਸਚ**' ਦੀ ਪ੍ਰਾਪਤੀ ਲਈ ਲੜਨਮਰਨ ਤੇ ਹਰ ਕੁਰਬਾਨੀ ਕਰਨ ਲਈ ਤਿਆਰ ਰਹਿਣ ਦਾ ਮਾਧਿਅਮ ਬਣਾਇਆ।

ਇਕ ਮਹਾਨ ਵਿਦਵਾਨ ਦੀ ਰਾਇ ਅਨੁਸਾਰ ਹਿੰਦੂ ਧਰਮ ਉਪਰ ਅਨੇਕ ਪ੍ਰਕਾਰ ਦੀਆਂ ਮੁਸੀਬਤਾਂ ਤੇ ਆਫਤਾਂ ਨੂੰ ਦੂਰ ਕਰਨ ਵਾਲੇ, ਮੁਰਦਾ ਹੋਈ ਕੌਮ ਨੂੰ ਮੁੜ ਪ੍ਰਾਣ ਦਾਨ ਕਰਨ ਵਾਲੇ ਜੇ ਕੋਈ ਭਾਰਤਵਾਸੀ ਮਹਾਂ ਪੁਰਖ ਹੈ ਤਾਂ ਉਹ ਸਿਖ ਸਮਾਜ ਦੇ ਨਿਰਮਾਤਾ ਤੇ ਧਰਮ ਗੁਰੂ ਇਹੋ ਇਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੋਏ ਹਨ।

ਆਪ ਜੀ ਦੇ ਭਾਵ ਪੂਰਣ ਤੇ ਉਤਮ ਉਪਦੇਸ਼ ਨਾਲ ਚਾਰੇ ਵਰਣ ਪਰਸਪਰ ਭਾਈਚਾਰੇ ਦੀ ਇਕ ਲੜੀ ਵਿਚ ਮੋਤੀਆਂ ਵਾਂਗ ਪਿਰੋਏ ਗਏ, ਆਪਸ ਵਿਚ ਮਿਲ ਬੈਠੇ। ਇਹ ਸਭ ਕੁਝ ਆਪ ਜੀ ਦੇ ਅਮਲੀ ਘੋਲ ਦਾ ਸਿੱਟਾ ਤੇ ਆਪ ਜੀ ਦੀ ਰੂਹਾਨੀ ਕਿਰਪਾ ਦਾ ਸਦਕਾ ਹੈ ਕਿ ਅੱਜ ਵੀ ਖਾਲਸਾ ਯੁੱਧ-ਖੇਤ੍ਰ ਵਿਚ ਦੁਨੀਆਂ ਦੀਆਂ ਦੋ ਮਹਾਨ ਜੰਗਾਂ ਵਿਚ ਅਗ੍ਰਸਰ ਰਿਹਾ ਹੈ ਜਿਸਨੇ ਦੇਸ਼ ਸੁਤੰਤਰਤਾ ਵਿਚ

Namdhari Elibrary NamdhariElibrary@gmail.com

ਆਪਣਾ ਹਿਸਾ ਪਾਉਣ ਵਿਚ ਵਧ ਚੜ੍ਹ ਕੇ ਕੰਮ ਕੀਤਾ ਹੈ। ਇਹ ਸਤਿਗੁਰੂ ਦੀ ਬੀਰਤਾ ਤੇ ਕੁਰਬਾਨੀ ਦਾ ਫਲ ਹੈ ਕਿ ਅੱਜ ਸਾਨੂੰ ਆਰੀਆ-ਵਰਤ ਵਿਚ ਆਰੀਆ-ਸੰਤਾਨ ਤੇ ਬਾਕੀ ਸਾਂਝੇ ਭਰਾ ਵਧਦੇ ਫੁਲਦੇ ਨਜ਼ਰ ਆ ਰਹੇ ਹਨ। ਇਸ ਭਾਰਤ ਵਰਸ਼ ਵਿਚ ਬੇਸ਼ੁਮਾਰ ਧਰਮ-ਪ੍ਰਚਾਰਕ ਧਰਮ ਗੁਰੂ, ਰਿਸ਼ੀ-ਮੁਨੀ ਅਤੇ ਆਚਾਰੀਯਾ ਹੋਏ ਹਨ ਅਤੇ ਭਵਿਖ ਵਿਚ ਵੀ ਹੁੰਦੇ ਰਹਿਣਗੇ, ਪਰ ਸਤਿਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਨ ਅਦੁੱਤੀ, ਬੇਨਜ਼ੀਰ, ਬੇਅਦੀਲ ਅਤੇ ਬੇਮਿਸਾਲ ਧਰਮ ਗੁਰੂ ਦੀ ਹੋਂਦ ਦੋਬਾਰਾ ਇਸ ਸੰਸਾਰ ਵਿਚ ਬਹੁਤ ਹੀ ਮੁਸ਼ਕਲ ਹੈ।

ਸੋਢੀ ਵੰਸ਼ ਭੂਸ਼ਣ, ਗੁਰੂ ਪਰੰਪਰਾ ਦੀ ਦਸਮ ਜੋਤ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਧਾਮ ਜਾਣ ਤੋਂ ਪੂਰਵ ਦੋ ਮਹਾਨ ਕਾਰਜ ਕੀਤੇ :—

(ੳ) ਖਾਲਸਾ-ਪੰਥ ਦੀ ਸਥਾਪਨਾ।

(ਅ) ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪਦ ਉਪਰ ਸਥਾਪਤ ਕਰਨਾ।

ਸੰਸਾਰ ਦੇ ਅਰੰਭ ਤੋਂ ਮਨੁੱਖ ਪੈਦਾ ਹੁੰਦੇ ਚਲੇ ਆ ਰਹੇ ਹਨ ਤੇ ਕਾਲ ਵਸ਼ ਵੀ ਲਗਾਤਾਰ ਹੁੰਦੇ ਚਲੇ ਆ ਰਹੇ ਹਨ, ਇਹ ਸਿਲਸਿਲਾ ਅੰਤ ਤਕ ਚਲਦਾ ਰਹੇਗਾ, ਪਰ ਸ੍ਰੀ ਗੁਰੂ ਦਸ਼ਮੇਸ਼ ਆਪਣੇ ਨਿਰਮਲ ਜਸ, ਸਾਝੀ ਸਿਖਿਆ ਤੇ ਮਹਾਨ ਕਾਰਜਾਂ ਕਾਰਨ ਰਹਿੰਦੀ ਦੁਨੀਆਂ ਤਕ ਜੀਊਂਦੇ ਰਹਿਣਗੇ। ਧੰਨ ਉਹ ਦੇਸ਼, ਧੰਨ ਉਹ ਸਮਾਂ, ਧੰਨ ਉਹ ਭੂਮੀ, ਧੰਨ ਉਹ ਵੰਸ਼ ਤੇ ਘਰ, ਧੰਨ ਉਹ ਮਾਤਾ ਪਿਤਾ ਤੇ ਧੰਨ ਉਹ ਕੌਮ ਜਿਸ ਵਿਚ ਸ੍ਰੀ ਗੁਰੂ ਗੋਬਿੰਦ ਜੀ ਮਹਾਰਾਜ ਇਕ ਮਹਾਨ ਆਗੂ ਦਾ ਜਨਮ ਹੋਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਇਕ ਸਾਹਿਤਕਾਰ :—

ਆਪ ਜੀ ਸਾਹਿਤਕਾਰਾਂ ਵਿਚ ਅਦੁੱਤੀ, ਅਨੂਪਮ ਤੇ ਉਤਕ੍ਰਿਸ਼ਟ ਵਿਅਕਤਤਵ ਦੇ ਮਾਲਕ ਸਨ। ਆਪ ਵਿਚ ਸੂਰਜ ਦਾ ਤੇਜ ਤੇ ਚੰਦ੍ਰਮਾ ਦੀ ਸ਼ੀਤਲਤਾ ਦਾ ਸਮਾਨ ਰੂਪ ਵਿਚ ਦਰਸ਼ਨ ਹੋ ਜਾਂਦਾ ਹੈ। ਆਪ ਉਚ ਕੋਟੀ ਦੇ ਯੋਧਾ ਤੇ ਨੀਤੀਵਾਨ, ਉਪਮਾ ਵਿਹੀਨ ਗਿਆਨੀ ਤੇ ਸੰਤ ਅਤੇ ਬੁਲੰਦ ਪਾਇਆ ਕਵੀ ਤੇ ਸਾਹਿਤਕਾਰ ਸਨ।

Namdhari Elibrary NamdhariElibrary@gmail.com

ਦਸਮ ਗ੍ਰੰਥ, ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧ ਰਖਦਾ ਹੈ। ਇਸ ਗ੍ਰੰਥ ਦੇ ਰਚਿਤਾ ਬਾਰੇ [1]ਮਤ-ਭੇਦ ਹਨ। ਮੈਕਾਲਿਫ ਤੇ ਇਸ ਨੂੰ ਸਮੂਹਕ ਕਵੀਆਂ ਦਾ ਪ੍ਰਯਾਸ ਮੰਨਦੇ ਹਨ, ਪਰ ਨਿਰਮਲਾ ਸੰਪ੍ਰਦਾ ਵਾਲੇ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦਸਦੇ ਹਨ। ਆਧੁਨਿਕ ਖੋਜੀ, ਡਾ: ਹਰਭਜਨ ਸਿੰਘ, ਡਾ: ਰਤਨ ਸਿੰਘ ਜਗੀ ਅਤੇ ਡਾ: ਆਸ਼ਟਾ ਵਿਚ ਵੀ ਮਤ-ਭੇਦ ਹੈ। ਇਸ ਗ੍ਰੰਥ ਵਿਚ ਹਿੰਦੂ ਪੌਰਾਣਿਕ ਕਥਾਵਾਂ, ਧਰਮ, ਦਰਸ਼ਨ, ਇਤਿਹਾਸ ਤੇ ਗੁਰੂ ਨਾਨਕ ਦੇਵ ਦੇ ਮੂਲ ਸਿਧਾਂਤਾਂ ਦਾ ਸੰਗ੍ਰਹਿ ਹੈ। ਅਜੇ ਵੀ ਇਸ ਗ੍ਰੰਥ ਦੇ ਸੁਤੰਤਰ ਅਧਿਐਨ ਤੇ ਸੋਧ ਦੀ ਬਹੁਤ ਹੀ ਲੋੜ ਹੈ। ਦਸਮ ਗ੍ਰੰਥ ਨੂੰ ਹੇਠ ਲਿਖੇ ਸਿਰ ਲੇਖਾਂ ਵਿਚ, ਮੋਟੇ ਤੌਰ ਤੇ ਵੰਡਿਆ ਜਾ ਸਕਦਾ ਹੈ :—

(1) ਜਾਪ ਸਾਹਿਬ, (2) ਅਕਾਲ ਉਸਤਤ, (3) ਬਚਿਤ੍ਰ ਨਾਟਕ, (4) ਚੰਡੀ ਚਰਿਤ੍ਰ—1, (5) ਚੰਡੀ ਚਰਿਤ੍ਰ—2, (6) ਚੰਡੀ—3 ਜਾਂ ਵਾਰ ਸ੍ਰੀ ਭਗਉਤੀ ਜੀ ਕੀ, (7) ਗਿਆਨ ਪ੍ਰਬੋਧ (8) ਚੌਪਈਆਂ (9) ਸ਼ਬਦ ਹਜ਼ਾਰੇ

1. ਦੀ ਗੁਰੂ ਗ੍ਰੰਥ ਸਾਹਿਬ (ਉਰਦੂ) ਲੇਖਕ ਅਬੁਅਲ ਅਮਾਨ ਅੰਮ੍ਰਿਤਸਰੀ, ਪੰਨਾ 14 :—

ਸਿਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਕਾਫੀ ਬਾਣੀ ਉਚਾਰਨ ਕੀਤੀ ਹੈ ਅਤੇ ਉਹ ਅਜੋਕੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਹੈ ਸਗੋਂ ਇਸ ਬਾਣੀ ਨੂੰ ਇਕ ਮੁਸਤਕਿਲ ਗ੍ਰੰਥ ਦੀ ਸ਼ਕਲ ਵਿਚ ਵਖ ਇਕੱਠਾ ਕੀਤਾ ਗਿਆ ਹੈ, ਜਿਸ ਨੂੰ ਸਿਖ ਦਸਮ ਗ੍ਰੰਥ ਦੇ ਨਾਂ ਨਾਲ ਯਾਦ ਕਰਦੇ ਹਨ। ਇਥੇ ਇਹ ਕਹਿ ਦੇਣਾ ਮੁਨਾਸਬ ਹੋਵੇਗਾ ਕਿ ਦਸਮ ਗ੍ਰੰਥ ਵੀ ਸਿਖ ਵਿਦਵਾਨਾਂ ਵਿਚ ਬਹਿਸ ਦਾ ਇਕ ਖਾਸ ਉਨਵਾਨ ਬਣਿਆ ਹੋਇਆ ਹੈ। ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਇਸ ਦਾ ਸੰਕਲਨ ਗੁਰੂ ਜੀ ਦੀ ਦੇਖ ਰੇਖ ਵਿਚ ਹੋਇਆ ਹੈ। ਇਸ ਦੇ ਉਲਟ ਇਹ ਵੀ ਦਸਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪਿਛੋਂ ਸਿਖਾਂ ਨੇ ਖੁਦ ਹੀ ਇਸ ਨੂੰ ਤਰਤੀਬ ਦਿਤੀ ਸੀ। ਇਸ ਤੋਂ ਇਲਾਵਾ ਹੁਣ ਤਕ ਇਸ ਵਿਚ ਬਹੁਤ ਸਾਰੇ ਪਰਿਵਰਤਨ ਵੀ ਕੀਤੇ ਗਏ ਹਨ।

Namdhari Elibrary NamdhariElibrary@gmail.com

ਰਾਮ ਕਲੀ (10) ਸਵਯੇ ਤੇਤੀ 33. (11) ਸ਼ਸਤ੍ਰ ਨਾਮ ਮਾਲਾ (12) ਤ੍ਰਿਆ ਚਰਿਤ੍ਰ (13) ਜ਼ਫਰਨਾਮਾ (15) ਹਿਕਾਯਤਾਂ ਆਦਿ ।

ਦਸਿਆ ਜਾਂਦਾ ਹੈ ਕਿ ਅਜ ਕਲ ਦਸਮ ਗ੍ਰੰਥ ਦੇ ਤਿੰਨ ਹੱਥ ਲਿਖਤ ਖਰੜੇ ਉਪਲਬਧ ਹਨ । ਇਕ ਖਰੜਾ ਸਚਖੰਡ ਨਿਵਾਸੀ ਰਾਜਾ ਗੁਲਾਬ ਸਿੰਘ ਸੇਠੀ 47 ਹਨੂਮਾਨ ਰੋਡ ਦਿਲੀ ਦੇ ਅਧਿਕਾਰ ਵਿਚ ਹੈ, ਦੂਜਾ ਖਰੜਾ ਪਟਨੇ ਦੇ ਗੁਰਦਵਾਰੇ ਵਿਚ ਹੈ ਤੀਜਾ ਖਰੜਾ ਸੰਗਰੂਰ ਦੇ ਗੁਰਦਵਾਰੇ ਵਿਚ[1] ਹੈ । ਦਸਮ ਗ੍ਰੰਥ ਦੀਆਂ ਪ੍ਰਕਾਸ਼ਤ ਪੁਸਤਕਾਂ, ਗੁਰਮੁਖੀ ਲਿਪੀ ਵਿਚ, ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਦੇਖ ਰੇਖ ਵਿਚ ਛਪੀਆਂ ਹਨ । ਗੁਰੂ ਗੋਬਿੰਦ ਸਿੰਘ ਜੀ ਦੇ ਜਾਪ ਸਾਹਿਬ ਵਿਚ ਪ੍ਰਮਾਤਮਾ ਦੇ ਨਿਰਗੁਣ ਸਰੂਪ ਦਾ, ਸੰਸਕ੍ਰਿਤ, ਫਾਰਸੀ ਸ਼ਬਦਾਵਲੀ ਰਾਹੀਂ, ਵਰਣਨ ਕੀਤਾ ਗਿਆ ਹੈ । ਇਸ ਵਿਚ ਕੁਲ 199 ਛੰਦ ਹਨ । 'ਅਕਾਲ ਉਸਤਤਿ', ਅਕਾਲ ਪੁਰਖ, ਅਜੂਨੀ ਪ੍ਰਮਾਤਮਾ ਦੀ ਗੁਰੂ ਨਾਨਕ ਸਿਧਾਂਤਾਂ ਅਨੁਸਾਰ, ਤਰੀਫ ਹੈ । ਬਚਿਤ੍ਰ ਨਾਟਕ ਪੌਰਾਣਿਕ ਪਧਤੀ ਦੀ ਕਾਵਿ ਰਚਨਾ ਹੈ । ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੀਆਂ ਘਟਨਾਵਾਂ, ਜੀਵਨ ਮਨੋਰਥ ਤੇ ਪਿਛਲੇ ਜਨਮ ਉਪਰ ਚਾਨਣਾ ਪਾਇਆ ਹੈ । ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵਿਚਿਤ੍ਰ ਨਾਟਕ ਬਹੁਤ ਹੀ ਮਹਤਵ ਪੂਰਣ ਕਾਵਿ ਰਚਨਾ ਹੈ । ਇਸ ਵਿਚ ਲਗ-ਭਗ 227 ਛੰਦ ਹਨ । "ਗਿਆਨ ਪ੍ਰਬੰਧ" ਵਿਚ ਦਾਨ ਧਰਮ ਤੇ ਰਾਜ ਧਰਮ ਦੀ ਅਨੂਪਮ ਢੰਗ ਨਾਲ ਵਿਆਖਿਆ ਕੀਤੀ ਗਈ ਹੈ । ਸ਼ਸਤ੍ਰ ਨਾਮ ਮਾਲਾ ਵਿਚ ਸ਼ਸਤ੍ਰਾਂ ਦੇ ਨਾਂ ਦਵਾਰਾ ਨਿਰੰਕਾਰ ਨੂੰ ਯਾਦ ਕੀਤਾ ਗਿਆ ਹੈ । ਚੌਪਈਆ ਵਿਚ 'ਦੂਲਹ ਦਈ' ਤੇ 'ਸ਼ਵਾਸਵੀਰਯ' ਰਾਖਸ਼ ਦਾ ਯੁੱਧ ਦਸਿਆ

1. ਪਤਾ ਲਗਾ ਹੈ ਕਿ ਇਕ ਖਰੜਾ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਵੀ ਹੈ ਤੇ ਕੁਝ ਖਰੜੇ ਹੋਰ ਗੁਰਦਵਾਰਿਆਂ ਵਿਚ ਵੀ ਉਪਲਬਧ ਹਨ । ਇਕ ਖਰੜਾ ਤਰਨ ਤਾਰਨ ਭਾਈ ਵੀਰ ਸਿੰਘ ਦੇ ਮਿਸ਼ਨ ਨਾਮੀ ਸੰਸਥਾ ਵਿਚ ਵੀ ਹੈ, ਇਹ ਖਰੜਾ ਅਸਾਂ ਆਪਣੀ ਅਖੀਂ ਦੇਖਿਆ ਹੈ, ਜੋ ਬਹੁਤ ਬ੍ਰਿਧ ਅਵਸਥਾ ਵਿਚ ਹੈ ।

Namdhari Elibrary NamdhariElibrary@gmail.com

ਗਿਆ ਹੈ । [1]ਜ਼ਫ਼ਰਨਾਮਾ ਸੰਨ 1706 ਈ: ਵਿਚ ਔਰੰਗਜ਼ੇਬ ਨੂੰ ਲਿਖਿਆ ਹੋਇਆ ਇਕ ਪਤ੍ਰ ਹੈ, ਜਿਸ ਵਿਚ ਕਲਗੀਧਰ ਦੇ ਅਸੂਲਾਂ ਦਾ ਦਰਸ਼ਨ ਹੁੰਦਾ ਹੈ। 'ਫਤਹ-ਨਾਮਾ' ਇਹ ਵੀ ਇਕ ਫਾਰਸੀ ਦੀ ਚਿਠੀ ਹੀ ਦਸੀ ਜਾਂਦੀ ਹੈ। ਸਮੁਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਆਪ ਜੀ ਦੀ ਬਾਣੀ ਵਿਚ ਪ੍ਰਮਾਤਮਾ ਦੀ ਭਗਤੀ, ਸਾਹਸ ਦੇਸ਼ ਪਿਆਰ ਦਾ ਅਲੌਕਿਕ ਤੇ ਅਨੂਪਮ ਵਰਣਨ ਹੈ।

ਕਲਗੀਧਰ ਦਸ਼ਮੇਸ਼ ਜੀ ਦੀ ਬਾਣੀ ਵਿਚ ਸ਼ਾਂਤ ਰਸ ਅਤੇ ਬੀਰ ਰਸ ਦੀ, ਬਾਕੀ ਰਸਾਂ ਨਾਲੋਂ ਪ੍ਰਧਾਨਤਾ ਹੈ। ਨਿਰੰਕਾਰ ਦੀ ਉਸਤਤਿ ਵਿਚ ਪ੍ਰੇਮ-ਭਗਤੀ, ਗਿਆਨ ਤੇ ਵੈਰਾਗ ਦੀ ਮੰਦਾਕਣੀ, ਗੰਭੀਰ ਵਹਿਣ ਵਿਚ ਵਗ ਰਹੀ ਹੈ। ਯੁਧਾਂ ਦੇ ਵਰਣਨ ਵਿਚ, ਬੀਰ ਰਸ, ਉਪਰੋਕਤ ਮੰਦਾਕਣੀ ਵਿਚ ਇਕ ਹੜ ਦੀ ਭਾਂਤੀ ਠਾਠਾਂ ਮਾਰ ਰਿਹਾ ਹੈ। ਰੌਦਰ ਤੇ ਵੀਭਤਸ ਰਸ ਉਸ ਦੇ ਕੇਵਲ ਅੰਗ ਮ ਤ੍ਰ ਹੀ ਜਾਪਦੇ ਹਨ। ਹਾਸ ਰਸ ਵੀ ਇਕ ਅਨੂਠੇ ਪ੍ਰਕਾਰ ਨਾਲ ਦੇਵੀ ਦੀ ਬਹਾਦਰੀ ਨੂੰ ਪ੍ਰਗਟ ਕਰ ਜਾਂਦਾ ਹੈ ਤੇ ਰਾਖਸ਼ਾਂ ਦੀ ਹਾਲਤ ਨੂੰ ਵੀ ਦਰਸਾ ਜਾਂਦਾ ਹੈ। ਆਪ ਜੀ ਦੇ ਸਾਹਿਤ ਵਿਚ ਉਂਞ ਤੇ ਸਭ ਪ੍ਰਕਾਰ ਦੇ ਅਲੰਕਾਰ ਵਰਤੇ ਗਏ ਹਨ, ਪਰ ਉਪਮਾ, ਰੂਪਕ, ਉਤਪ੍ਰੇਖਸ਼ਾ, ਤੇ ਦ੍ਰਿਸ਼ਟਾਂਤ ਦੀ ਬਹੁਲਤਾ ਹੈ। ਅਤਿ ਕਥਨੀ ਅਲੰਕਾਰ ਨੂੰ ਵੀ ਇਕ ਉਚ ਕਲ ਕਾਰ ਦੀ ਹੈਸੀਅਤ ਵਿਚ ਵਰਤਿਆ ਹੈ। ਸ਼ਬਦ ਅਲੰਕਾਰਾਂ ਵਿਚ ਅਨੁਪ੍ਰਾਸ ਦੀ ਪ੍ਰਧਾਨਤਾ ਹੈ। ਛੰਦਾਂ ਦੀ ਦ੍ਰਿਸ਼ਟੀ ਤੋਂ, ਕਬਿੱਤ, ਚਰਪਟ,

---

1. ਵੇਖੋ 'ਅਦਬੀਆਤੇ ਫ਼ਾਰਸੀ ਮੇਂ' ਹਿੰਦੂਓਂ ਕਾ ਹਿਸਾ, ਲੇਖਕ ਡਾ: ਸਯਦ ਅਬਦੁਲਾ, ਪੰਨਾ :—

ਗੁਰੂ ਗੋਬਿੰਦ ਸਿੰਘ ਸਾਹਿਬ ਕੀ ਫ਼ਾਰਸੀ ਵਾਕਫੀਅਤ ਅੱਛੀ ਖਾਸੀ ਮਾਲੂਮ ਹੋਤੀ ਹੈ, ਜ਼ਫਰਨਾਮਾ ਕੇ ਨਾਮ ਸੇ ਏਕ ਰਸਾਲਾ ਇਨਕੀ ਤਰਫ ਮਨਸੂਬ ਕੀਆ ਜਾਤਾ ਹੈ, ਜਿਸ ਮੇਂ ਫ਼ਾਰਸੀ ਕੇ ਅਸ਼ਆਰ ਹੈਂ, ਅਗਰਚਿ ਬਾਇਤਬਾਰ ਸ਼ਿਅਰ ਅਕਸੂਰ ਅਸ਼ਵਾਰ ਵਜ਼ਨ ਔਰ ਕਾਫੀਆ ਕੇ ਮੁਤਾਬਕ ਸਹੀ ਨਹੀਂ, ਮਗਰ ਫ਼ਾਰਸੀ ਕੀ ਨਸਰੀ ਕਾਬਲੀਅਤ ਕਾ ਇਨਸੇ ਕੁਛ ਨ ਕੁਛ ਅੰਦਾਜ਼ਾ ਹੋਤਾ ਹੈ।

(ਸਾਡੇ ਖਿਆਲ ਵਿਚ ਡਾਕਟਰ ਸਾਹਿਬ ਨੇ ਸੁਣੀ ਸੁਣਾਈ ਗਲ ਕਰ ਦਿਤੀ ਹੈ ਖੁਦ ਇਸ ਚਿਠੀ ਨੂੰ ਨਹੀਂ ਪੜ੍ਹਿਆ)।

Namdhari Elibrary NamdhariElibrary@gmail.com

ਮਧੁਭਾਰ, ਭਗਵਤੀ, ਰਸਾਵਲ, ਏਕਾਖਰੀ, ਸਵੈਯਾ, ਚੌਪਈ, ਤੋਮਰ, ਪਾਧੜੀ, ਤੋਟਕ ਨਰਾਚ, ਤ੍ਰਿਭੰਗੀ ਆਦਿ ਛੰਦ ਬਹੁਲਤਾ ਵਿਚ ਵਰਤੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੀ ਭਾਸ਼ਾ ਪ੍ਰਧਾਨ ਰੂਪ ਵਿਚ ਬ੍ਰਿਜ-ਭਾਸ਼ਾ ਹੈ। ਜੋ ਉਸ ਸਮੇਂ ਦੀ ਸਾਹਿਤਕ ਬ੍ਰਿਜੀ ਨਾਲੋਂ ਕੁਝ ਨਿਖੜਵੀਂ ਤੇ ਆਪਣੇ ਪ੍ਰਕਾਰ ਦੀ ਆਪ ਹੀ ਹੈ। ਇਸ ਵਿਚ ਖੁਲ੍ਹ ਦਿਲੀ ਨਾਲ ਫ਼ਾਰਸੀ ਦੇ ਸ਼ਬਦ ਵਰਤੇ ਗਏ ਹਨ। ਸੰਸਕ੍ਰਿਤ ਤੇ ਫ਼ਾਰਸੀ ਦੇ ਮੇਲ ਤੋਂ ਸਾਂਝੇ ਸਮਾਸ ਘੜ ਕੇ ਇਕ ਨਵੀਂ ਪਰਿਪਾਟੀ ਦੀ ਨੀਂਹ ਰਖੀ ਗਈ ਹੈ, ਜਿਸ ਉਪਰ ਚਲਣਾ ਬਹੁਤ ਮੁਸ਼ਕਲ ਹੈ। ਕਿਤੇ ਕਿਤੇ ਪੰਜਾਬੀ ਦੀ ਝਲਕ ਪੈ ਜਾਂਦੀ ਹੈ। ਸੋ ਇਸ ਲਈ ਅਸੀਂ ਇਸ ਬ੍ਰਿਜੀ ਨੂੰ ਪੰਜਾਬੀ ਬ੍ਰਿਜੀ ਕਹੀਏ ਤੇ ਠੀਕ ਜਾਪਦਾ ਹੈ। ਇਕ ਸ਼ਬਦ ਤੇ "ਵਾਰ ਸ੍ਰੀ ਭਗੌਤੀ ਜੀ ਕੀ" ਪੰਜਾਬੀ ਭਾਸ਼ਾ ਵਿਚ ਹਨ। ਇਸ ਬੋਲੀ ਉਪਰ ਦੁਆਬੀ ਉਪ ਭਾਖਾ ਦਾ ਅਸਰ ਸਪਸ਼ਟ ਹੈ। ਸਮੁਚੇ ਤੌਰ ਤੇ ਆਪ ਜੀ ਦੀ ਭਾਸ਼ਾ ਵਿਚ ਰਵਾਨੀ (ਪ੍ਰਵਾਹ) ਤੇ ਨਾਦ-ਰੰਗ ਬਹੁਤ ਹੈ। ਸ਼ੈਲੀ ਦੇ ਪਖ ਤੋਂ ਆਪ ਹੀ ਚੰਦਬਰਦਾਈ ਦੇ ਨਾਲ ਮੇਲ ਖਾਂਦੇ ਹਨ। ਹੇਠ ਅਸੀਂ ਦਸਮ ਗ੍ਰੰਥ ਦੇ ਸਾਹਿਤ ਦਾ ਸੰਖੇਪ ਜਿਹਾ ਵਰਗੀ ਕਰਣ ਪੇਸ਼ ਕਰਦੇ ਹਾਂ :—

1. ਜਾਪ ਸਾਹਿਬ : ਈਸ਼ਵਰ ਉਸਤਤ-ਵਿਸ਼ਨੂੰ ਸਹੰਸਰ ਨਾਮਾ ਤੇ ਖੁਦਾ ਦੇ 101 ਨਾਵਾਂ ਵਾਂਗ।
2. ਅਕਾਲ ਉਸਤਤ : ਨਿਰਗੁਣ ਬ੍ਰਹਮ ਦੀ ਉਸਤਤਿ, ਬੀਰ-ਰਸ-ਰੰਗ ਸਹਿਤ।
3. ਬਚਿਤ੍ਰ ਨਾਟਕ : ਗੁਰੂ ਦੇਵ ਦੀ ਆਪਣੀ ਜੀਵਨੀ : ਪੌਰਾਣਿਕ ਰੰਗ ਵਿਚ।
4. ਚੌਬੀਸ ਅਵਤਾਰ : ਹਿੰਦੂ ਪੌਰਾਣਿਕ ਢੰਗ ਨਾਲ ਵਿਸ਼ਨੂੰ ਦੇ ਚੌਬੀ ਅਵਤਾਰਾਂ ਦਾ ਵਰਣਨ। ਸਰਗੁਣ ਭਗਤੀ ਲਹਿਰ ਅਨੁਸਾਰ।
5. ਚੰਡੀ ਚਰਿਤ੍ਰ—1, ਚੰਡੀ ਚਰਿਤ੍ਰ—2, ਦੁਰਗਾ ਉਸਤਤਿ। ਮਾਰ ਕੰਡੇ ਪੁਰਾਣ ਦੀ ਕਥਾ ਦਾ ਅਨਵਾਦਕ ਰੂਪ।
6. ਚੰਡੀ—3 ਜਾਂ ਵਾਰ ਭਗੌਤੀ। ਚੰਡੀ ਚਰਿਤ੍ਰ ਦਾ ਪੰਜਾਬੀ ਅਨੁਵਾਦ ਜਿਸ ਵਿਚ ਮੌਲਕਤਾ ਪ੍ਰਧਾਨ ਹੈ।
7. ਗਿਆਨ ਪ੍ਰਬੋਧ : ਈਸ਼ਵਰ ਦੀ ਵਿਆਪਕਤਾ ਦਾ ਗਿਆਨ।

Namdhari Elibrary NamdhariElibrary@gmail.com

8. ਸ਼ਬਦ ਹਜ਼ਾਰੇ : ਗਿਆਨ ਤੇ ਵੈਰਾਗ ਦੀ ਮੰਦਾਕਣੀ।

9. ਤੇਤੀ ਸਵੈਯੇ : ਹਿੰਦੂ ਧਰਮ ਤੇ ਇਸਲਾਮ ਵਿਚ ਕੁਝ ਕੁ ਨਵੇਂ ਵਿਚਾਰ ਜੋ ਧਰਮ ਦਾ ਅੰਗ ਬਣ ਗਏ ਸਨ, ਉਨ੍ਹਾਂ ਉਪਰ ਇਕ ਸੁਚਜੀ ਆਲੋਚਨਾ।

10. ਸ਼ਸਤ੍ਰ ਨਾਮ ਮਾਲਾ : ਆਪਣੇ ਸਮੇਂ ਦੇ ਪ੍ਰਚਲਤ ਸ਼ਸਤ੍ਰਾਂ ਦੀ ਸੂਚੀ।

11. ਪਾਖਿਆਨ ਚਰਿਤ੍ਰ : 404 ਪ੍ਰੇਮ ਕਥਾਵਾਂ ਅਤੇ ਇਸਤ੍ਰੀ ਜਾਤੀ ਦੀ ਚਾਲਾਕੀ ਉਪਰ ਇਕ ਪ੍ਰਕਾਰ ਦੀ ਆਲੋਚਨਾ।

12. ਫਤਹਨਾਮਾ ਤੇ ਜ਼ਫਰਨਾਮਾ : ਔਰੰਗਜ਼ੇਬ ਨੂੰ ਫ਼ਾਰਸੀ ਵਿਚ ਲਿਖਿਆ ਪੱਤਰ।

13. ਹਿਕ ਯਤਾਂ : ਫ਼ਾਰਸੀ ਕਵਿਤਾ।

14. ਸਰਬ ਲੋਹ ਪ੍ਰਕਾਸ਼।

ਦਸਮ ਗ੍ਰੰਥ ਵਿਚ ਸਿਖ ਧਰਮ ਅਤੇ ਹਿੰਦੂ ਧਰਮ ਦੇ ਮਿਲੇ ਜੁਲੇ ਸਿਧਾਂਤ ਹਨ। ਇਸ ਲਈ ਅਸੀਂ ਹੇਠ ਲਿਖੇ ਸਿਧਾਂਤਕ ਰੂਪ ਤੋਂ ਦਸਮ ਗ੍ਰੰਥ ਦੀ ਵੰਡ ਪੇਸ਼ ਕਰਦੇ ਹਾਂ :—

1. ਸਿਖ ਧਰਮ ਉਪਰ ਅਧਾਰਤ ਰਚਨਾਵਾਂ :—ਜਾਪ ਸਾਹਿਬ, ਅਕਾਲ ਉਸਤਤਿ ਤੇ ਸ਼ਬਦ ਹਜ਼ਾਰੇ, ਵਾਰ ਭਗੌਤੀ।

2. ਹਿੰਦੂ ਧਰਮ ਸਿਧਾਂਤਾਂ ਦੀਆਂ ਲਖਾਇਕ ਰਚਨਾਵਾਂ :—ਚੰਡੀ ਚਰਿਤ੍ਰ–1, ਚੰਡੀ ਚਰਿਤ੍ਰ–2, ਰਾਮ ਅਵਤਾਰ, ਕ੍ਰਿਸ਼ਨ ਅਵਤਾਰ ਆਦਿ।

ਹਿੰਦੂ ਧਰਮ ਅਨੁਸਾਰ ਅਸੀਂ ਇਨ੍ਹਾਂ ਰਚਨਾਵਾਂ ਨੂੰ ਅਗੇ ਤਿੰਨਾਂ ਹਿਸਿਆਂ ਵਿਚ ਵੰਡ ਸਕਦੇ ਹਾਂ :—

(ੳ) ਵਿਸ਼ਨੂੰ-ਭਗਤੀ : ਰਾਮ ਅਵਤਾਰ, ਕ੍ਰਿਸ਼ਨ ਅਵਤਾਰ ਆਦਿ।

(ਅ) ਸ਼ਿਵ-ਭਗਤੀ : ਰੁਦਰ ਅਵਤਾਰ।

(ੲ) ਸ਼ਕਤੀ-ਪੂਜਾ : ਚੰਡੀ ਚਰਿਤ੍ਰ–1, ਚੰਡੀ ਚਰਿਤ੍ਰ–2।

Namdhari Elibrary NamdhariElibrary@gmail.com

ਭਾਰਤ ਦੇ ਸਾਹਿਤ ਦਾ ਅਧਿਐਨ ਕਰਨ ਤੋਂ ਸਾਨੂੰ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੋਂ ਭਾਰਤੀ ਲਹਿਰ ਦੋ ਹਿਸਿਆਂ–ਨਿਰਗੁਣ ਤੇ ਸਰਗੁਣ ਵਿਚ ਵੰਡੀ ਗਈ ਸੀ। ਨਿਰਗੁਣ ਭਗਤੀ ਅਗੇ ਚਲ ਕੇ ਫੇਰ ਦੋ ਹਿਸਿਆਂ–ਗਿਆਨ ਮਾਰਗ ਅਤੇ ਪ੍ਰੇਮ ਮਾਰਗ ਵਿਚ ਵਿਭਕਤ ਹੋ ਗਈ। ਸ੍ਰੀ ਗੁਰੂ ਨਾਨਕ ਦੇਵ ਗਿਆਨ ਮਾਰਗੀ ਭਗਤੀ ਦੇ ਪੰਜਾਬ ਵਿਚ ਮੋਢੀ ਪ੍ਰਤੀਨਿਧ ਸਨ। ਪ੍ਰੇਮ ਮਾਰਗ ਸੂਫੀਆਂ ਦਾ ਮਾਰਗ ਸੀ। ਸਰਗੁਣ ਭਗਤੀ ਵੀ ਦੋ ਸ਼ਾਖਾਵਾਂ ਵਿਚ–ਰਾਮ ਭਗਤੀ ਤੇ ਕ੍ਰਿਸ਼ਨ ਭਗਤੀ ਵਿਚ ਵੰਡੀ ਗਈ ਸੀ। ਤੁਲਸੀ ਦਾਸ ਰਾਮ ਭਗਤੀ ਤੇ ਸੂਰਦਾਸ ਕ੍ਰਿਸ਼ਨ ਭਗਤੀ ਦੇ ਦੋ ਉਘੇ ਕਵੀ ਹਨ। ਦਸਮ ਗ੍ਰੰਥ ਨੂੰ ਅਸੀਂ ਭਗਤੀ ਲਹਿਰ ਅਨੁਸਾਰ ਇੰਞ ਵੰਡ ਸਕਦੇ ਹਾਂ :–

(ੳ) ਨਿਰਗੁਣ ਭਗਤੀ (ਗਿਆਨ ਮਾਰਗ)–ਜਾਪ ਸਾਹਿਬ, ਅਕਾਲ ਉਸਤਤਿ, ਸ਼ਬਦ ਹਜ਼ਾਰੇ, ਤੇਤੀ ਸਵੈਯੇ ਆਦਿ।

(ਅ) ਸਰਗੁਣ ਭਗਤੀ (ਅਵਤਾਰਵਾਦ)–ਚੌਬੀਸ ਅਵਤਾਰ, ਚੰਡੀ ਚਰਿਤ੍ਰ ਆਦਿ।

ਇਹ ਰਚਨਾਵਾਂ ਕੇਵਲ ਅਨੁਵਾਦ ਰੂਪ ਵਿਚ ਹਨ, ਸਿਧਾਂਤ ਰੂਪ ਵਿਚ ਨਹੀਂ ਹਨ।

ਗੋਬਿੰਦ ਗੀਤਾ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਲਿਖੀ ਦਸੀ ਜਾਂਦੀ ਹੈ ਪਰ ਵਿਦਵਾਨਾਂ ਵਿਚ ਅਜੇ ਮਤਭੇਦ ਹੈ।

ਸਮੁਚੀ ਬਹਿਸ ਦਾ ਸਾਰ :–

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਲੋਕ ਕਲਿਆਣ ਵਾਸਤੇ ਹੀ ਹੋਇਆ ਸੀ, ਜਿਸ ਦੀ ਵਿਆਖਿਆ ਆਪ ਜੀ ਨੇ ਵਿਚਿਤ੍ਰ ਨਾਟਕ ਵਿਚ ਸਪਸ਼ਟ ਰੂਪ ਵਿਚ ਕਰ ਦਿਤੀ ਹੈ। ਮੈਕਾਲਫ ਆਪ ਜੀ ਦੇ ਸ਼ਬਦਾਂ ਨੂੰ ਇੰਞ ਲਿਖਦਾ ਹੈ :–

The immortal God hath sent me into the world to uproot evil and protect from tyranny the weak and oppressed.

Namdhari Elibrary NamdhariElibrary@gmail.com

ਗੁਰੂ ਦੇਵ ਕਿਸੇ ਧਰਮ, ਸੰਪ੍ਰਦਾ ਜਾਂ ਜਾਤੀ ਦੇ ਵਿਰੁਧ ਨਹੀਂ ਸਨ। ਆਪ ਜੀ ਕੇਵਲ ਨਿਰੋਲ ਰੂਪ ਵਿਚ ਜ਼ੋਰ-ਜ਼ੁਲਮ, ਅਨਿਆਇ, ਅਤਿਆਚਾਰ ਅਤੇ ਦੁਸ਼ਟਤਾ ਦੇ ਘੋਰ ਵਿਰੋਧੀ ਸਨ। ਆਪ ਜੀ ਨੇ ਇਕ ਨਵੇਂ ਸਮਾਜ ਦੀ ਸ਼ਾਨਦਾਰ ਇਮਾਰਤ ਖੜੀ ਕੀਤੀ ਜਿਸ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ ਸੀ ਤੇ ਦੂਜਿਆਂ ਗੁਰੂਆਂ ਨੇ ਉਸ ਨੀਂਹ ਨੂੰ ਮਜ਼ਬੂਤ ਬਣਾ ਦਿਤਾ ਸੀ। ਕਲਗੀਧਰ ਨੇ ਜ਼ੁਲਮ ਦੇ ਵਿਰੁਧ ਟਾਕਰਾ ਕਰਨ ਲਈ ਸ਼ਕਤੀ ਭਰਪੂਰ ਤਲਵਾਰ ਕੌਮ ਨੂੰ ਪੇਸ਼ ਕੀਤੀ, ਜਿਸ ਦਾ ਕਚਾ ਲੋਹਾ ਸਤਿਗੁਰੂ ਨਾਨਕ ਤਿਆਰ ਕਰਕੇ ਪਹਿਲੇ ਹੀ ਦੇ ਗਏ ਸਨ। ਜਾਤ-ਪਾਤ ਦੀਆਂ ਕੈਦਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੰਞ ਬਰਬਾਦ ਕਰ ਦਿਤਾ ਜਿਵੇਂ ਹਨੂਮਾਨ ਜੀ ਨੇ ਲੰਕਾ ਨੂੰ ਘੜੀਆਂ ਵਿਚ ਸਾੜ ਕੇ ਸਵਾਹ ਕਰ ਦਿਤਾ ਸੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਅਸੀਂ ਸ਼ਰਧਾਂਜਲੀ ਵਜੋਂ ਕਹਿ ਸਕਦੇ ਹਾਂ ਕਿ ਆਪ ਜੀ ਵਿਚ ਸ੍ਰੀ ਰਾਮ ਚੰਦਰ ਦੀ ਮਰਯਾਦਾ ਤੇ ਆਦਰਸ਼, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਮਰਤਾ ਤੇ ਸ੍ਰੀ ਕ੍ਰਿਸ਼ਨ ਜੀ ਦੀ ਨੀਤੀ, ਇਕ ਰੂਪ ਵਿਚ ਆ ਸ਼ਾਮਲ ਹੋਏ ਸਨ। ਆਪਣੇ ਸਮੇਂ ਦੇ ਆਪ ਜੀ ਬਹੁਤ ਉਚ ਕੋਟੀ ਦੇ ਵਿਦਵਾਨ ਤੇ ਸਾਹਿਤ-ਸਨ। ਆਪ ਜੀ ਦਾ ਕਾਵਿ ਆਪ ਜੀ ਦਾ ਅਸਲੀ ਜੀਵਨ ਹੈ। ਸਤਿਗੁਰੂ ਦੀ ਦੂਰ ਅੰਦੇਸ਼ੀ ਬਹੁਤ ਹੀ ਸਲਾਘਾ ਯੋਗ ਹੈ। ਆਉਣ ਵਾਲੇ ਸਮਿਆਂ ਨੂੰ ਮੁਖ ਰਖ ਕੇ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਥਾਪ ਕੇ ਇਕ ਬਹੁਤ ਹੀ ਵੱਡਾ ਕੰਮ ਕੀਤਾ, ਜਿਸ ਦਾ ਅਹਿਸਾਨ ਕੌਮ ਰਹਿੰਦੀ ਦੁਨੀਆਂ ਤਕ ਨਹੀਂ ਉਤਾਰ ਸਕਦੀ। ਆਪ ਜੀ ਨੇ ਹਰ ਸਿਧਾਂਤ, ਹਰ ਵਾਕ ਨੂੰ ਅਮਲੀ ਜਾਮਾ ਪਹਿਨਾਇਆ। ਕੌਮ ਤੇ ਦੇਸ਼ ਉੱਤੋਂ ਚਾਰੇ ਲਾਲ ਵਾਰ ਦਿਤੇ। ਅਜ ਕੌਮੀ ਏਕਤਾ ਲਈ ਆਪ ਜੀ ਦੀ ਬਾਣੀ ਨੂੰ ਘਰ ਘਰ ਵਿਚ ਪਹੁੰਚਾਉਣ ਦੀ ਲੋੜ ਹੈ ਕਿਉਂਕਿ ਆਪ ਜੀ ਭਾਰਤ ਨੂੰ ਸੁਤੰਤਰਤਾ ਅਤੇ ਕੌਮ ਨੂੰ ਇਕ ਰੂਪ ਵਿਚ ਦੇਖਣਾ ਚਾਹੁੰਦੇ ਸਨ।

— o —

Namdhari Elibrary NamdhariElibrary@gmail.com

੨

ਚੰਡੀ ਦੀ ਵਾਰ—੩

(ਵਿਸ਼ਲੇਸ਼ਣਾਤਮਕ ਅਧਿਐਨ)

ਬੇਨਤੀ : ਪਾਠਕਾਂ ਅੱਗੇ ਬੇਨਤੀ ਹੈ ਕਿ "ਵਾਰ ਸ੍ਰੀ ਭਗੌਤੀ ਜੀ ਕੀ" ਨਾਮੀ ਇਸ ਲੇਖ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਗੁਰਮਤਿ-ਵਿਚਾਰ ਧਾਰਾ, ਗੁਰ-ਗਦੀ ਦੀ ਪਰੰਪਰਾ ਅਤੇ ਇਤਿਹਾਸਕ ਹਕੀਕਤਾਂ ਨੂੰ ਮੁੱਖ ਰੱਖ ਕੇ, ਸਾਬਤ ਕੀਤਾ ਗਿਆ ਹੈ ਕਿ ਕਲਗੀਧਰ—ਦਸਮ ਨਾਨਕ-ਜੋਤਿ "ੴ" ਦੇ ਉਪਾਸ਼ਕ ਸਨ। ਮੂਰਤੀ ਪੂਜਾ, ਬਹੁਦੇਵ ਪੂਜਾ ਦੇ ਸਖ਼ਤ ਵਿਰੋਧੀ ਸਨ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਸਤੁਤ ਕੀਤੇ ਰੂਹਾਨੀ ਸਿਧਾਂਤਾਂ ਤੇ ਉਹਨਾਂ ਦੀ ਵਿਚਾਰ ਧਾਰਾ ਤੇ ਅਨਿੰਨ ਭਗਤ ਦੇ ਸੱਚੇ ਪੈਰੋਕਾਰ ਸਨ। ਪਹਾੜੀ ਰਾਜਿਆਂ ਨੇ ਜਦ ਕਲਗੀਧਰ ਦੀ ਇਸ ਖੂਬੀ ਨੂੰ ਦੇਖਿਆ ਉਹ ਉਹਨਾਂ ਦੇ ਸਖ਼ਤ ਮੁਖਾਲਫ (ਦੁਸ਼ਮਨ) ਬਣ ਗਏ। ਇਹੋ ਕਾਰਨ ਸੀ, ਕਿ ਪਹਾੜੀ ਹਿੰਦੂ ਰਾਜਿਆਂ ਨੇ ਕਲਗੀਧਰ ਦੇ ਵਿਰੁੱਧ ਸਖ਼ਤ ਲੜਾਈਆਂ ਲੜੀਆਂ ਤੇ ਮੂੰਹ ਦੀ ਖਾਧੀ। ਈਰਖਾ ਤੇ ਵਿਰੋਧਤਾ ਦੀ ਅਗਨੀ ਉਹਨਾਂ ਦੇ ਦਿੱਲਾਂ ਵਿੱਚ ਧੁਖਦੀ ਰਹੀ, ਤੇ ਉਹ ਉਸ ਵੇਲੇ ਦੀ ਉਡੀਕ ਵਿੱਚ ਰੋਂਦਾਂ ਗੁੰਦਦੇ ਰਹੇ, ਜਦ ਕਿ ਉਹ ਆਪਣੇ ਮਨ ਦੀ ਪਿਆਸ ਬੁਝਾ ਸਕਣ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਦੱਖਣ ਦਿਸ਼ਾ ਵਲ ਸ਼ਾਹਜ਼ਾਦੇ ਨਾਲ ਚਲ ਪਏ, ਤਦ ਇਹਨਾਂ ਰਾਜਿਆਂ ਨੂੰ ਸੁਨਿਹਰੀ ਮੌਕਿਆ ਬੇ-ਪਰ ਦੀਆਂ ਉਡਾਉਣ ਦਾ ਮਿਲ ਗਿਆ। ਇਨਾਂ ਨੇ ਅਫਵਾਹਾਂ ਉਡਾਉਣੀਆਂ ਸ਼ੁਰੂ ਕੀਤੀਆਂ ਕਿ ਕਲਗੀਧਰ ਦੇਵੀ ਦੇ ਉਪਾਸ਼ਕ ਸਨ, ਇਸੇ ਕਾਰਨ ਉਹਨਾਂ ਪਹਾੜ ਉੱਪਰ ਇਕ ਹਵਨ ਕੀਤਾ ਸੀ ਤਾਂਕਿ ਸ਼ਕਤੀ (ਦੇਵੀ) ਪਾਸੋਂ ਬਲ ਲੈ ਕੇ ਮੁਗਲ ਸਾਮਰਾਜ ਦਾ ਟਾਕਰਾ ਕਰ ਸਕਣ। ਆਧੁਨਿਕ ਯੁਗ ਵਿੱਚ ਇਸ ਹਵਨ ਬਾਰੇ ਖੋਜ ਹੋਈ ਤੇ ਸਿੱਟਾ ਇਹ ਨਿਕਲਿਆ ਕਿ ਇਸ ਯਗ ਦੇ

Namdhari Elibrary NamdhariElibrary@gmail.com

ਸਥਾਨ ਬਾਰੇ ਦੋ ਰਾਵਾਂ ਸਨ। ਕੁਝ ਲੋਕ ਇਸ ਹਵਨ ਦੀ ਥਾਂ ਪਹਾੜੀ ਉਪਰ ਨਿਸ਼-ਚਿਤ ਕਰਦੇ ਹਨ, ਤੇ ਕੋਈ ਸਤਲੁਜ ਦਰਿਆ ਦੇ ਕੰਢੇ ਉੱਪਰ। ਮੁੱਖ ਪ੍ਰੋਹਤ ਦੇ ਨਾਮ ਬਾਰੇ ਵੀ ਸ਼ਕ ਹੈ। ਸਾਡੇ ਇਤਿਹਾਸਕਾਰਾਂ ਨੇ ਇਨਾਂ ਅਫਵਾਹਾਂ ਨੂੰ ਸੱਚ ਮੰਨ ਕੇ ਇਹ ਕਹਿਣਾ ਸ਼ੁਰੂ ਕੀਤਾ ਕਿ ਗੁਰੂ ਜੀ ਨੇ ਇਹ ਹਵਨ ਪਾਜ ਖੋਲ੍ਹਣ ਵਾਸਤੇ ਕੀਤਾ ਸੀ। ਸੋਚਣ ਵਾਲੀ ਇਹ ਗਲ ਹੈ ਕਿ ਕਲਗੀਧਰ ਕਦੀ ਵੀ ਕੌਮੀ ਧਨ ਨੂੰ ਇਸ ਤਰ੍ਹਾਂ ਪਾਜ ਖੋਲ੍ਹਣ ਲਈ ਨਸ਼ਟ ਨਹੀਂ ਕਰ ਸਕਦੇ ਸਨ। ਇਹ ਤੇ ਦੁਸ਼ਮਣਾਂ ਦਾ ਪ੍ਰਚਾਰ ਸੀ ਕਿ ਗੁਰੂ ਜੀ ਨੂੰ ਬਦਨਾਮ ਕੀਤਾ ਜਾਵੇ। ਦਰਅਸਲ ਇਹ ਗਲਾਂ ਲਿਖਤ ਰੂਪ ਵਿੱਚ ਕਲਗੀਧਰ ਦੇ ਸੱਚ ਖੰਡ ਨਿਵਾਸ ਮਗਰੋਂ ਕੋਈ ਨੱਥੇ ਸਾਲ (੯੦) ਮਗਰੋਂ ਆਈਆਂ। ਵਾਸਤਵ ਵਿੱਚ ਗੁਰੂ ਜੀ ਨੇ ਕੋਈ ਯਗ ਨਹੀਂ ਸੀ ਕੀਤਾ, ਕਿਉਂਕਿ ਉਹਨਾਂ ਦੀ ਆਪਣੀ ਬਾਣੀ ਤੋਂ ਹੀ ਇਹ ਸਪਸ਼ਟ ਹੈ। ਹਾਂ ਆਪ ਜੀ ਮਹਾਨ ਸਨ ਤੇ ਹਨ। ਆਪ ਦੇਵੀ ਦੇਵਤਿਆਂ ਦਾ ਨਾਮ ਬੜੇ ਸਤਿਕਾਰ ਨਾਲ ਲੈਂਦੇ ਸਨ। ਕੌਮ ਵਿੱਚ ਮੁਰਦਾ ਅਣਖ ਨੂੰ ਜਗਾਉਣ ਲਈ ਆਪ ਜੀ ਨੇ ਕਈ ਇਕ ਪੁਰਾਣਕ ਕਥਾਵਾਂ ਦਾ ਅਨੁਵਾਦ ਕਵਿਤਾ ਵਿਚ ਕੀਤਾ ਤੇ ਕਰਵਾਇਆ ਤਾਕਿ ਜਨਤਾ ਨੂੰ ਉਹਨਾਂ ਦੇ ਬੁਜ਼ਰਗਾਂ ਦੇ ਕਾਰਨਾਮੇ ਸੁਣਾ ਕੇ ਇਕ ਨਵੀਂ ਰੂਹ ਉਹਨਾਂ ਵਿੱਚ ਸੰਚਾਰੀ ਜਾਵੇ ਤੇ ਲੰਕ ਗਵਾਚੀ ਹੋਈ ਆਜ਼ਾਦੀ ਨੂੰ ਜਾਨਾਂ ਦੀਆਂ ਕੁਰਬਾਨੀਆਂ ਦੇ ਕੇ ਹਾਸਲ ਕਰ ਸਕਿਆ ਜਾਵੇ। ਗੁਰੂ ਜੀ ਇਕ ਪਰਮਾਤਮਾ ਦੇ ਉਪਾਸ਼ਕ ਸਨ ਤੇ ਉਹਨਾਂ ਇਸ ਵਿਸ਼ਵ ਵਿਆਪੀ ਆਤਮਾ ਨੂੰ ਭਗਉਤੀ ਨਾਮ ਨਾਲ ਸੰਬੰਧਤ ਕੀਤਾ ਹੈ, ਜੋ ਸਾਰੇ ਸੰਸਾਰ ਦੀ ਸੋਮਾ ਹੈ, ਜਿਸ ਨੇ ਰਾਮ, ਕ੍ਰਿਸ਼ਨ ਤੇ ਦੁਰਗਾ ਨੂੰ ਬਲ ਦੇ ਕੇ ਖੋਟੇ, ਦੁਰਜਨ ਤੇ ਪਾਪੀਆਂ ਦਾ ਨਾਸ ਕਰਵਾਇਆ ਅਤੇ ਸੰਤ ਜਨਾਂ ਨੂੰ ਉਭਾਰਿਆਂ ਤੇ ਏਕਤਾ ਦਾ ਪਾਠ ਪੜਾਇਆ। ਇਸ ਲੇਖ ਵਿੱਚ (ਕਲਗੀਧਰ) ਗੁਰੂ ਦੇਵ ਦੀ ਇਕ ਨਿਰੰਕਾਰੀ ਉਪਾਸ਼ਨਾ ਉਪਰ ਰੋਸ਼ਨੀ ਪਾਈ ਗਈ ਹੈ—ਭਾਵ ਦਸਿਆ ਗਿਆ ਹੈ ਕਿ ਆਪ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ ਤੇ ਗੁਰੂ ਨਾਨਕ ਦੇਵ ਦੇ ਸੱਚੇ ਪੈਰੋਕਾਰ।

ਵਿਸ਼ਲੇਸ਼ਣ : ਕੁਦਰੱਤ ਦਾ ਇਹ ਇਕ ਨੇਮ ਹੈ ਕਿ ਰਾਤ ਤੋਂ ਬਾਅਦ ਦਿਨ, ਗਰਮੀ ਤੋਂ ਬਾਅਦ ਸਰਦੀ ਆਉਂਦੀ ਹੈ ਤੇ ਹਰ ਸ਼ੈ ਵਿੱਚ ਤਬਦੀਲੀ ਆਉਂਦੀ ਹੈ, ਸਦਾ ਕੋਈ ਚੀਜ਼ ਸਥਿਰ ਨਹੀਂ ਰਹਿੰਦੀ। ਭਲੇ ਦਿਨ੍ਹਾਂ ਮਗਰੋਂ ਬੁਰੇ

Namdhari Elibrary NamdhariElibrary@gmail.com

ਦਿਨ ਤੇ ਬਦਕਿਸਮਤੀ ਪਿਛੋਂ ਖੁਸ਼ਕਿਸਮਤੀ ਆਉਂਦੀ ਹੈ। ਜਦ ਕਿਸੇ ਮੁਲਕ ਜਾਂ ਸੰਸਾਰ ਵਿੱਚ ਅਧਰਮ ਅਤੇ ਬਦੀਆਂ ਦਾ ਬੋਲ-ਬਾਲਾ ਹੋ ਜਾਂਦਾ ਹੈ, ਤਦ ਪਰਮਾਤਮਾ ਰੂਪੀ ਅਸੀਮ ਤੇ **ਮੂਲ ਸ਼ਕਤੀ** ਕਿਸੇ ਸ਼ਕਤੀ ਸੰਪੰਨ ਵਿਅਕਤੀ ਨੂੰ ਸੰਸਾਰ ਵਿੱਚ ਭੇਜਦਾ ਹੈ, ਜੋ ਆਪਣੇ ਜੀਵਨ ਅਤੇ ਅਮਲਾਂ ਦੀ ਰੌਸ਼ਨੀ ਨਾਲ ਅਗਿਆਨ ਤੇ ਅਧਰਮ ਅੰਧਕਾਰ ਨੂੰ ਦੂਰ ਕਰਕੇ, ਭੁੱਲੀ-ਭਟਕੀ ਦੁਨੀਆਂ ਦੀ ਰਾਹਨੁਮਾਈ (ਪੱਥ ਪ੍ਰਦਰਸ਼ਨ ਕਰਦਾ ਹੈ, ਧਰਮ ਦੀ ਸਥਾਪਨਾ ਕਰਕੇ, ਪਸ਼ੂਬ੍ਰਿਤੀ ਭੈੜੇ ਮਨੁੱਖਾਂ ਦਾ ਨਾਸ ਕਰਕੇ ਸੰਤ-ਸੁਭਾ ਲੋਕਾਂ ਦੀ ਰੱਖਿਆ ਕਰਦਾ ਹੈ। ਇਤਿਹਾਸ ਤੋਂ ਪਤਾ ਚਲਦਾ ਹੈ ਕਿ ਜੱਦ ਜੱਦ ਵੀ ਲੋਕ ਧਰਮ ਦੇ ਮਾਰਗ ਤੋਂ ਵਿਚੱਲਤ ਹੋਏ ਤਦ ਤਦ ਕਿਸੇ ਮਹਾਨ ਹਸਤੀ ਨੇ ਉਹਨਾਂ ਦੀ ਅਗਵਾਈ ਕੀਤੀ ਤੇ ਮੁੜ ਇਨਸਾਨੀ ਰਿਸ਼ਤੇ ਜੋੜੇ। ਸ੍ਰੀ ਕ੍ਰਿਸ਼ਨ ਅਰਜੁਨ ਨੂੰ ਗੀਤਾ-ਗਿਆਨ ਦਿੰਦੇ ਹੋਏ ਇਕ ਸਥੱਲ ਉੱਪਰ ਕਹਿੰਦੇ ਹਨ :-

यदा यदा हि धर्मस्य ग्लानिर्भवति भारत ॥
अभ्युत्थानमधर्मस्य तदात्मानं सृजाम्यहम् ॥ ੭ ॥ ਅਧਿਆਇ ੪ ॥

[ਹੇ ਭਾਰਤ ! ਜਦ ਜਦ ਧਰਮ ਦੀ ਹਾਨੀ ਤੇ ਅਧਰਮ ਵਿੱਚ ਵਾਧਾ ਹੁੰਦਾ ਹੈ, ਤਦ ਤਦ ਹੀ 'ਮੈਂ'-ਸ਼ਕਤੀ ਸੰਪਨ ਵਿਅਕਤੀ, ਮਹਾਨ ਹਸਤੀ, ਰੱਬੀ-ਸ਼ਕਤੀਆਂ ਨਾਲ ਭਰਪੂਰ ਵਿਅਕਤੀ-ਆਪਣੇ ਰੂਪ ਨੂੰ ਰਚਦਾ ਹਾਂ ਅਰਥਾਤ ਪ੍ਰਗਟ ਕਰਦਾ ਹਾਂ।]

परित्राणाय साधूना विनाशाय च दुष्कृताम् ।
धर्मसंस्थापनार्थाय संभवामि युगे युगे ॥ ੮ ਅਧਿਆਇ ੪ ॥

[ਕਿਉਂਕਿ ਸੰਤ ਲੋਕਾਂ ਦਾ ਉਧਾਰ ਕਰਨ ਲਈ ਅਤੇ ਬਦ ਕਰਮ ਕਰਨ ਵਾਲਿਆਂ ਦਾ ਨਾਸ ਕਰਨ ਲਈ ਤੇ ਮੁੜ ਧਰਮ ਦੀ ਸਥਾਪਨਾ ਕਰਨ ਲਈ, ਯੁਗ-ਯੁਗ ਵਿੱਚ ਪ੍ਰਗਟ ਹੁੰਦਾ ਹਾਂ।]

ਉਪਰੋਕਤ ਗੀਤਾ ਦੇ ਸ਼ਲੋਕਾਂ ਤੋਂ ਇਹ ਹਕੀਕਤ ਸਪਸ਼ਟ ਹੁੰਦੀ ਹੈ ਕਿ ਸੰਸਾਰ ਵਿੱਚ ਜਦ ਜਦ ਇਨਸਾਨ ਇਨਸਾਨੀਅਤ ਦੇ ਮਾਰਗ ਉਪਰੋਂ ਵਿਚਲਤ ਹੋ ਜਾਂਦਾ ਹੈ, ਤਦ ਤਦ ਬ੍ਰਹਮ, ਜੋ ਰੂਪ-ਰੰਗ ਅਤੇ ਰੇਖ ਤੋਂ ਪਰੇ ਹੈ, ਅਜੂਨੀ ਹੈ, ਸੈਭੰ ਹੈ, ਕਿਸੇ

Namdhari Elibrary NamdhariElibrary@gmail.com

ਸ਼ਕਤੀ ਸੰਪੰਨ ਇਨਸਾਨ ਨੂੰ–ਚਾਹੇ ਉਹ ਇਸਤ੍ਰੀ ਹੋਵੇ ਜਾਂ ਮਨੁੱਖ ਹੋਵੇ—ਸੰਸਾਰ ਦੇ ਕਸ਼ਟਾਂ, ਅਗਿਆਨ ਤੇ ਅਧਰਮ ਨੂੰ ਦੂਰ ਕਰਨ ਲਈ ਭੇਜਦਾ ਹੈ, ਜੋ ਇਨਸਾਨੀਅਤ (ਮਨੁੱਖਤਾ) ਦਾ ਮਾਰਗ ਦਰਸਾ ਕੇ ਲੋਕਾਂ ਦੀ ਅਗਵਾਈ ਕਰਦਾ ਹੈ। ਤੁਲਸੀ ਦਾਸ ਨੇ ਵੀ ਇਸ ਸਚਾਈ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਵਿੱਚ ਕੀਤੀ ਹੈ :–

जब जब होहि धरम की हानी ॥
बाढ़ें असुर अधम अभिमानी ॥
तब तब प्रभु धरि मनुज शरीरा ॥
हरहि कृपा निधि सज्जन पीरा ॥—ਤੁਲਸੀ ਦਾਸ
ਜਬ ਜਬ ਹੋਹਿ ਧਰਮ ਕੀ ਹਾਨੀ ॥
ਬਾਢੇ ਅਸੁਰ ਅਧਮ ਅਭਿਮਾਨੀ ॥
ਤਬ ਤਬ ਪ੍ਰਭੁ ਧਰਿ ਮੰਨੁਜ ਸ਼ਰੀਰਾ ॥
ਹਰਹਿ ਕ੍ਰਿਪਾ ਨਿਧਿ ਸੱਜਨ ਪੀਰਾ ॥

ਅਕਬਰ ਮਹਾਨ ਦੇ ਸਮੇਂ ਤੁਲਸੀ ਦਾਸ ਜੀ ਇਸ ਕੁਦਰਤੀ ਤਬਦੀਲੀ ਬਾਰੇ ਆਪਣੇ ਵਿਚਾਰ ਦਿੰਦੇ ਹੋਏ ਕਹਿੰਦੇ ਹਨ ਕਿ ਜਦ ਜਦ ਧਰਮ ਦੀ ਹਾਨੀ ਹੋ ਜਾਂਦੀ ਹੈ, ਅਤੇ ਅਧਮ ਤੇ ਅਭਿਮਾਨੀ ਲੋਕਾਂ ਦੀ ਗਿਣਤੀ ਵੱਧ ਜਾਂਦੀ ਹੈ ਤਦ ਤਦ ਪ੍ਰਭੂ ਮਨੁੱਖ ਸ਼ਰੀਰ ਧਾਰਨ ਕਰਕੇ, ਸੱਜਣ (ਸੰਤਾਂ) ਲੋਕਾਂ ਦੇ ਦੁਖ ਦੂਰ ਕਰਦਾ ਹੈ। ਇਸ ਕਥਨ ਦਾ ਇਹ ਭਾਵ ਹੈ ਕਿ ਪਰਮਾਤਮਾ ਇਕ ਮਹਾਨ ਸ਼ਕਤੀ ਨੂੰ, ਜੋ ਰੂਹਾਨੀ ਤੌਰ ਤੇ ਪਰਮਾਤਮਾ ਰੂਪ ਹੁੰਦੀ ਹੈ, ਪਰ ਸ਼ਰੀਰ ਦੇ ਪਖੋਂ ਅਨਿੱਤ ਹੈ ਤੇ ਆਤਮਾ ਦੇ ਪਖੋਂ ਨਿੱਤ ਹੈ, ਜਨਮ ਦਿੰਦਾ ਹੈ, ਜੋ ਮਨੁੱਖਤਾ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਸਿੱਧਾ ਰਸਤਾ ਵਿਖਾਉਂਦਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ :–

(ੳ) ਮੈਂ ਆਪਨਾ ਸੁਤ ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਬੇ ਕਉ ਸਾਜਾ ॥
ਜਾਹ ਤਹਾਂ ਤੈ ਧਰਮੁ ਚਲਾਇ ॥
ਕਬੁਧਿ ਕਰਨ ਤੇ ਲੋਕ ਹਟਾਇ ॥

Namdhari Elibrary NamdhariElibrary@gmail.com

(ਅ) ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਧਰਮ ਚਲਾਵਨ, ਸੰਤ ਉਬਾਰਨ ॥
ਦੁਸ਼ਟ ਸਭਨ ਕੋ ਮੂਲ ਉਪਾਰਨ ॥

ਉਪਰੋਕਤ ਗੁਰੂ-ਬਚਨਾਂ ਤੋਂ ਸਿੱਧ ਹੁੰਦਾ ਹੈ ਕਿ ਮਹਾਨ ਹਸਤੀਆਂ, ਜਿਨ੍ਹਾਂ ਨੂੰ ਪਰ-ਮਾਤਮਾ ਕਿਸੇ ਖ਼ਾਸ ਵਕਤ, ਸ਼ਕਤੀ ਸੰਪੰਨ ਕਰਕੇ ਭੇਜਦਾ ਹੈ, ਉਹ ਜਗਤ ਨੂੰ ਪੁੱਠੇ ਰਸਤਿਉਂ ਹਟਾ ਕੇ ਸਿੱਧੇ ਰਸਤੇ ਤੇ ਲਾਉਂਦੀਆਂ ਹਨ, ਨੇਕਾਂ ਦੀ ਰੱਖਿਆ ਅਤੇ ਦੁਸ਼ਟਾਂ ਦਾ ਦਮਨ ਕਰਦੀਆਂ ਹਨ।

ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਈ: ਨੂੰ ਹੋਇਆ ਸੀ ਉਸ ਸਮੇਂ ਭਾਰਤ ਵਾਸੀਆਂ ਵਾਸਤੇ ਬੜੇ ਹੀ ਕਰੜੇ ਤੇ ਮੁਸੀਬਤਾਂ ਭਰੇ ਦਿਨ ਸਨ। ਸ੍ਰੀ ਗੁਰੂ ਨਾਨਕ ਦੇਵ ਬਾਬਰ ਅਤੇ ਹਮਾਯੂੰ ਦੇ ਸਮੇਂ ਆਪਣੀ ਪਵਿੱਤਰ ਬਾਣੀ ਅਤੇ ਜੀਵਨ ਰਾਹੀਂ ਉਸ ਵੇਲੇ ਦੇ ਜਗਤ ਜਲੰਦੇ ਨੂੰ ਇਕ ਨਵੀਂ ਰੂਹ ਦੇ ਕੇ ਮੁਰ-ਦਿਆਂ ਨੂੰ ਸੁਰਜੀਤ ਕਰ ਚੁਕੇ ਸਨ। ਬਾਕੀ ਗੁਰੂਆਂ ਨੇ ਇਸ ਸੁਰਜੀਤ ਲਾਸ਼ ਨੂੰ ਆਪਣੇ ਅਮਲੀ ਜੀਵਨ ਤੇ ਸਾਹਿਤ ਰਾਹੀਂ ਮਰਨ ਨਹੀਂ ਦਿੱਤਾ, ਸਗੋਂ ਸੁਤੀਆਂ ਅਣਖਾਂ ਨੂੰ ਜਾਗ੍ਰਤੀ ਬਖਸ਼ੀ। ਜਦ ਔਰੰਗਜ਼ੇਬ ਦੀ ਸ਼ਖ਼ਸੀ ਹਕੂਮਤ ਕਾਇਮ ਹੋਈ, ਤਦ ਉਸ ਨੇ ਖ਼ੂਨ-ਖ਼ਰਾਬੇ ਅਤੇ ਅਮਾਨਵਤਾ ਤੋਂ ਕੰਮ ਲੈਣਾ ਸ਼ੁਰੂ ਕੀਤਾ ਤਾਕਿ ਉਸ ਦੀ ਹਕੂਮਤ ਅਡੋਲ ਹੋ ਜਾਵੇ। ਪਹਿਲੋਂ ਤੇ ਦਾਰਾ, ਸ਼ੁਜਾਅ ਤੇ ਕਾਮਰਾਨ, ਤੇ ਸੁਲੇ-ਮਾਨ ਦਾ ਕੰਮ ਤਮਾਮ ਕੀਤਾ ਅਨੇਕਾਂ ਸ਼ੀਆ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾ-ਰਿਆ। ਪ੍ਰਸਿੱਧ ਸੂਫੀ ਕਵੀ **ਸਰਮਦ** ਨੂੰ ਵੀ ਪਾਰ ਬੁਲਾਇਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਵੀ ਔਰੰਗਜ਼ੇਬ ਦੇ ਹੁਕਮ ਅਨੁਸਾਰ ਹੋਈ। ਤਅਸਬ (ਅੰਧ-ਵਿਸ਼ਵਾਸ਼) ਦਾ ਜ਼ੋਰ ਵਧਿਆ। ਹਿੰਦੂ ਧਰਮ ਮੁਸੀਬਤਾਂ ਦੀ ਘੁੰਮਣ-ਘੇਰੀਆਂ ਵਿੱਚ ਫਸ ਗਿਆ। ਸ਼ਾਸਕ ਵਰਗ ਨੇ ਅਤਿਆਚਾਰ ਤੇ ਅਨਿਆਇ ਤੋਂ ਕੰਮ ਲੈ ਕੇ ਹਿੰਦੂਆਂ ਨੂੰ ਧਰਮ ਪਰਿਵਰਤਨ ਲਈ ਮਜਬੂਰ ਕੀਤਾ। ਲੋਕ ਤ੍ਰਾਹ ਤ੍ਰਾਹ ਕਰ ਉੱਠੇ। ਕੋਈ ਉਹਨਾਂ ਦਾ ਸਹਾਰਾ ਨਾ ਰਹਿ ਗਿਆ। ਆਪਣੇ ਹੀ ਦੇਸ਼

Namdhari Elibrary NamdhariElibrary@gmail.com

ਵਿੱਚ ਉਹ ਪਰਦੇਸੀ ਬਣ ਗਏ । **ਧਰਮ**, ਖੰਭ ਲਾਕੇ ਉੱਡ ਗਿਆ । ਵਿਅਕਤੀਗਤ–ਸੁਤੰਤਰਤਾ ਖ਼ਤਮ ਹੋ ਗਈ । ਅਗਿਆਨ ਅੰਧਕਾਰ ਦੇ ਬਦੱਲ ਧਰਮ ਰੂਪੀ ਸੂਰਜ ਨੂੰ ਛੁਪਾ ਬੈਠੇ । ਇਨਸਾਨੀਅਤ ਦੇ ਰਿਸ਼ਤੇ ਜੋ ਅਕਬਰ ਮਹਾਨ ਦੇ ਸਮੇਂ ਮਜ਼ਬੂਤ ਹੋਏ ਸਨ, ਉਹ ਫਹਿ ਵੈਰੀ ਹੋ ਗਏ । ਹਿੰਦੂ ਧਰਮ ਦੀ ਕਿਸ਼ਤੀ ਬਿਲਕੁਲ ਡੁਬੱਣ ਵਾਲੀ ਸੀ, ਜਿਸ ਨੂੰ ਪਹਿਲੇ ਗੁਰੂ ਸਾਹਿਬਾਨ ਖੇਈ ਚਲੇ ਆ ਰਹੇ ਸਨ, ਬਚਾਈ ਚਲੇ ਆ ਰਹੇ ਸਨ । ਹਿੰਦੂਆਂ ਮੁਸਲਮਾਨਾਂ ਵਿੱਚ ਪਿਆਰ ਦੇ ਰਿਸ਼ਤੇ ਕਾਇਮ ਕਰ ਰਹੇ ਸਨ, ਔਰੰਗਜ਼ੇਬੀ ਹਕੂਮਤ ਨੇ ਉਹ ਸਾਰੇ ਜਤਨ ਬੇਕਾਰ ਕਰ ਦਿੱਤੇ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਾਰੀ ਸਥਿਤੀ ਦਾ ਜਾਇਜ਼ਾ ਲਿਆ । ਭੂਤਕਾਲ ਉੱਪਰ ਨਜ਼ਰ ਮਾਰੀ । ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਦੀ ਮਹਾਨ ਕੁਰਬਾਨੀ, ਅਨੇਕ ਹੋਰ ਸਿਖਾਂ, ਹਿੰਦੂਆਂ ਤੇ ਮੁਸਲਮਾਨਾਂ ਤੇ ਬਲੀਦਾਨ ਦੀ ਤਸਵੀਰ ਉਹਨਾਂ ਦੀਆਂ ਅੱਖੀਆਂ ਸਾਹਮਣੇ ਫਿਰ ਗਈ । ਸ੍ਰੀ ਗੁਰੂ ਨਾਨਕ ਅਤੇ ਦੂਜੇ ਗੁਰੂਆਂ ਦੀ ਬਾਣੀ ਤੋਂ ਪ੍ਰੇਰਨਾ ਲਈ ਤੇ ਜ਼ੋਰ–ਜ਼ੁਲਮ ਨੂੰ ਦੂਰ ਕਰਨ ਦਾ ਪੱਕਾ ਇਰਾਦਾ ਕੀਤਾ । **ਕਲਗੀਧਰ** ਨੇ ਭਾਰਤ ਦੇ ਪ੍ਰਾਚੀਨ ਸਮਿਆਂ ਉੱਪਰ ਵੀ ਝਾਤੀ ਮਾਰੀ । ਆਪ ਜੀ ਨੇ ਇਤਿਹਾਸ ਦੇ ਸ਼ੀਸ਼ੇ ਵਿੱਚ ਦੇਖਿਆ ਕਿ ਜਦ **ਰਾਮ** ਉੱਪਰ ਉਦਾਸੀਨਤਾ ਛਾ ਗਈ ਤਦ ਉਹਨਾਂ ਦੇ ਗੁਰੂ **ਵਸ਼ਿਸ਼ਟ** ਨੇ ਯੋਗ–ਵਸ਼ਿਸ਼ਟ (ਆਪਣੀ ਸਾਹਿਤ ਰਚਨਾ ਰਾਹੀਂ) ਰਾਹੀਂ ਰਾਮਚੰਦ੍ਰ ਜੀ ਨੂੰ **ਪੁਰਸ਼ਾਰਥ** ਦਾ ਪਾਠ ਪੜ੍ਹਾਇਆ ਤੇ ਰਾਮ ਨੂੰ ਉਦਾਸੀਨਤਾ ਦੇ ਡੂੰਘੇ ਖੂਹ ਵਿਚੋਂ ਕੱਢ ਕੇ ਕਰਤਵਾਂ ਦੇ ਪਾਲਣ ਕਰਨ ਲਈ ਪ੍ਰੇਰਣਾ ਦਿੱਤੀ । ਇਸ ਪ੍ਰੇਰਣਾ ਦੇ ਬੱਲ–ਬੋਤੇ ਉੱਪਰ ਰਾਮ ਨੇ ਰਾਵਣ ਤੇ ਹੋਰ ਅਧਰਮੀ ਤੇ ਦੁਸ਼ਟਾਂ ਦਾ ਨਾਸ ਕਰਕੇ ਧਰਮ ਦਾ ਰਾਹ ਚਲਾਇਆ । ਜਦ ਅਰਜੁਨ ਅਗਿਆਨ ਅੰਧਕਾਰ ਵਿੱਚ ਫਸ ਕੇ ਆਪਣਾ ਧਰਮ ਛੋੜ ਬੈਠਿਆ ਤਦ ਸ੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਉਸ ਦਾ ਧਰਮ ਦਸ ਕੇ, ਆਤਮ ਗਿਆਨ ਦਾ ਬੋਧ ਕਰਵਾ ਕੇ, ਦੁਰਯੋਧਨ ਆਦਿ ਦੁਸ਼ਟਾਂ ਦਾ ਨਾਸ ਕਰਵਾਇਆ । ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਅਗਿਆਨ ਅੰਧਕਾਰ ਨੂੰ ਦੂਰ ਕਰਕ ਲੋਕਾਂ ਵਿੱਚ ਨਵੀਂ ਜਾਗ੍ਰਤੀ ਪੈਦਾ ਕੀਤੀ ਅਤੇ ਜਾਗ੍ਰਤੀ ਨੂੰ ਸਦਾ ਕਾਇਮ ਰੱਖਣ ਲਈ ਗੁਰ–ਗੱਦੀ ਦੀ ਸਥਾਪਨਾ ਕੀਤੀ । ਕਲਗੀਧਰ ਨੇ ਇਸ ਸਾਰੀ ਸਥਿਤੀ, ਭੂਤ–ਕਾਲ ਅਤੇ ਵਰਤਮਾਨ ਤੋਂ ਉਤਸ਼ਾਹ ਲੈ ਕੇ ਭਾਰਤ ਦੀ ਜਨਤਾ ਦੀ ਅਗਵਾਈ

Namdhari Elibrary NamdhariElibrary@gmail.com

ਕਰਨ ਲਈ ਪੱਕਾ ਇਰਾਦਾ ਕਰ ਲਿਆ ਅਤੇ ਆਪਣੇ ਫਰਜ਼ ਨੂੰ ਸਮਝ ਕੇ ਲੋਕਾਂ ਦੇ ਦੁਖਾਂ ਨੂੰ ਦੂਰ ਕਰਨ ਲਈ ਤਿਆਰ ਹੋ ਗਏ। ਏਥੇ ਇਕ ਹਕੀਕਤ ਨੂੰ ਅੱਖੋਂ ਤੋਂ ਉਹਲੇ ਨਹੀਂ ਕਰਨਾ ਚਾਹੀਦਾ, ਉਹ ਇਹ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਸੇ ਧਰਮ, ਖ਼ਾਸ ਕਰਕੇ ਇਸਲਾਮ ਦੇ ਵਿਰੁਧ ਨਹੀਂ ਸਨ। ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਸ਼ਹਾਦਤ ਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਵਿੱਚ ਇਸਲਾਮ ਦਾ ਕੋਈ ਦੋਸ਼ ਨਹੀਂ ਸੀ, ਬਲਕਿ ਇਹ ਦੋਹਵੇਂ ਕੁਰਬਾਨੀਆਂ ਸ਼ਖ਼ਸੀ ਹਕੂਮਤ ਦਾ ਸਿੱਟਾ ਸਨ। ਆਪ ਕੇਵਲ ਨੌ ਸਾਲ ਦੇ ਸਨ ਜਦ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਪਰ ਬਿਰਾਜਮਾਨ ਹੋਏ। ਆਪ ਨੇ ਪਹਿਲੋਂ ਵਿਦਿਆ ਤੇ ਸ਼ਸਤਰ ਵਿਦਿਆ ਵਿੱਚ ਨਿਪੁੰਨਤਾ ਪ੍ਰਾਪਤ ਕੀਤੀ। ਆਪਣੇ ਨਿਜੀ ਜੀਵਨ ਨਾਲ ਬਚਪਨ ਤੋਂ ਹੀ ਜਨਤਾ ਨੂੰ ਪ੍ਰਭਾਵਤ ਕਰ ਰਹੇ ਸਨ ਅਤੇ ਜ਼ੁਲਮ ਤੇ ਅਨਿਆਇ ਦੇ ਵਿਰੁੱਧ ਡੱਟ ਕੇ ਮੁਕਾਬਲਾ ਕਰਨ ਦੀ ਤਾਲੀਮ ਦੇ ਰਹੇ ਸਨ।

ਵਿਦਿਆ ਪ੍ਰਾਪਤੀ ਤੋਂ ਬਾਅਦ ਆਪ ਜੀ ਨੇ ਜਨਤਾ ਨੂੰ ਆਪਣੇ ਸਾਹਿਤ ਰਾਹੀਂ ਜਿਸ ਵਿੱਚ ਉਹਨਾਂ ਦਾ ਨਿਜੀ ਜੀਵਨ ਘੁਲ ਮਿਲ ਗਿਆ ਸੀ, ਉਤੇਜਨਾ ਤੇ ਪ੍ਰੇਰਨਾ ਦੇਣ ਦਾ ਉਪਰਾਲਾ ਸ਼ੁਰੂ ਕੀਤਾ। ਆਪ ਜੀ ਆਪਣੇ ਸਮੇਂ ਦੇ ਮਹਾਨ ਵਿਦਵਾਨ ਤੇ ਭਾਸ਼ਾ ਵਿਗਿਆਨੀ, ਦਲੇਰ ਸਿਪਾਹੀ, ਤਜਰਬੇਕਾਰ ਸਿਪਾਹ-ਸਾਲਾਰ ਤੇ ਮਹਾਨ ਅਧਿਆਤਮਕ ਆਗੂ ਸਨ। ਖ਼ੁਦ ਕਲਗੀਧਰ ਇੱਕ ਸ਼ਾਇਰ ਬੁਲੰਦ ਪਾਇਆ ਕਵੀ ਸਨ। ਫ਼ਾਰਸੀ, ਬ੍ਰਿਜਭਾਸ਼ਾ, ਪੰਜਾਬੀ ਅਤੇ ਸੰਸਕ੍ਰਿਤ ਦੇ ਗਿਆਤਾ ਸਨ। ਆਪ ਜੀ ਦੇ ਦਰਬਾਰ ਵਿੱਚ ਮਸ਼ਹੂਰ ਬਵੰਜਾ ਕਵੀ ਸਨ। ਗੁਰੂ ਜੀ ਨੇ ਉਹਨਾਂ ਕਵੀਆਂ ਪਾਸੋਂ ਕਈ ਧਾਰਮਿਕ ਸੰਸਕ੍ਰਿਤ ਗ੍ਰੰਥਾਂ ਦਾ ਬ੍ਰਿਜ-ਭਾਸ਼ਾ ਵਿੱਚ ਅਨੁਵਾਦ ਕਰਵਾਇਆ, ਜਿਨ੍ਹਾਂ ਵਿਚੋਂ ਹਨੂ ਨਾਟਕ ਬਹੁਤ ਹੀ ਪ੍ਰਸਿਧ ਹੈ। ਰਾਮਾਇਣ, ਮਹਾ-ਭਾਰਤ ਦੇ ਵੀ ਅਨੁਵਾਦ ਕਰਵਾਏ ਗਏ ਹੋਣਗੇ ਜੋ ਅੱਜ ਉਪਲਬਧ ਨਹੀਂ ਹਨ। ਇਨਾਂ ਗ੍ਰੰਥਾਂ ਬਾਰੇ ਗੁਰੁਦੇਵ ਦੇ ਦਰਬਾਰ ਵਿੱਚ ਚਰਚਾ ਵੀ ਹੁੰਦੀ ਸੀ। ਸਤਿਗੁਰੂ ਦਾ ਭਾਵ ਇਹ ਸੀ ਕਿ ਇਨ੍ਹਾਂ ਮਹਾ ਗ੍ਰੰਥਾਂ ਤੋਂ ਪ੍ਰੇਰਨਾ ਲੈਕੇ ਲੋਕ ਆਪਣੇ ਕਰਤੱਵ ਪਾਲਣ ਲਈ ਤਿਆਰ ਹੋ ਜਾਣ। ਸਤਿਗੁਰੂ ਨੇ ਖ਼ੁਦ ਮਾਰ ਕੰਡੇ ਪੁਰਾਣ ਵਿਚੋਂ ਦੁਰਗਾ ਦੀ ਬਹਾਦਰੀ ਅਤੇ ਦੈਤਾਂ ਦੇ ਨਾਸ਼ ਕਰਨ ਦੀ ਕਹਾਣੀ ਚੁਣੀ ਅਤੇ ਅਨੁ-ਵਾਦ ਰੂਪ ਵਿੱਚ ਚੰਡੀ-ਚਰਿੱਤ੍ਰ ਪਹਿਲਾ ਤੇ ਦੂਜਾ ਰਚੇ। ਇਹਨਾਂ ਦੋਹਾਂ ਰਚਨਾਂ ਵਿੱਚ

Namdhari Elibrary NamdhariElibrary@gmail.com

ਦੁਰਗਾ ਦੀ ਬਹਾਦਰੀ ਨੂੰ ਅਨੁਵਾਦ ਦੇ ਤੌਰ ਤੇ ਕਵਿਤਾ-ਬਧ ਕੀਤਾ ਹੈ। ਇਨਾਂ ਰਚਨਾਵਾਂ ਵਿਚੋਂ ਮਿਥਿਹਾਸ ਨੂੰ ਠੀਕ ਉਸੇ ਤਰ੍ਹਾਂ ਨਿਭਾਇਆ ਹੈ ਜਿਵੇਂ ਮਾਰਕੰਡੇ ਪੁਰਾਣ ਵਿੱਚ ਉਹ ਚਿਤ੍ਰਿਆ ਹੋਇਆ ਸੀ। ਚੰਡੀ-ਚਰਿੱਤ੍ਰ ਦਾ ਅਸਰ ਜਨਤਾ ਉੱਪਰ ਕਾਫੀ ਪਿਆ, ਪਰ ਇਹ ਰਚਨਾ ਬ੍ਰਿਜ-ਭਾਸ਼ਾ ਵਿੱਚ ਹੋਣ ਕਰਕੇ ਆਮ ਲੋਕਾਂ ਦੀ ਸਮਝ ਵਿੱਚ ਆਉਣੀ ਮੁਸ਼ਕਲ ਸੀ। ਗੁਰੂ ਜੀ ਨੇ ਇਸ ਹਕੀਕਤ ਦਾ ਜ਼ਰੂਰ ਅਹਿ-ਸਾਸ ਕੀਤਾ ਹੋਵੇਗਾ। ਚੰਡੀ-ਚਰਿੱਤ੍ਰ ਵਿਚੋਂ ਬਹਾਦਰੀ ਦੀ ਪ੍ਰੇਰਣਾ ਅਵੱਸ਼ ਮਿਲਦੀ ਹੈ, ਪਰ ਮਿਥਿਹਾਸਕ ਕਥਾ ਹੋਣ ਕਾਰਣ, ਅਵਤਾਰਵਾਦ ਦਾ ਉਤਸ਼ਾਹ ਵੀ ਮਿਲਦਾ ਹੈ, ਦੇਵੀ ਪੂਜਾ ਦੀ ਪ੍ਰੇਰਣਾ ਵੀ। ਗੁਰੂ ਜੀ ਦਾ ਇਹ ਮੰਤਵ ਨਹੀਂ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ਼ਟ ਦੇਵ "੧ਓ" ਜੋ ਨਿਰੰਕਾਰ ਸ਼ਬਦ ਰੂਪ ਬ੍ਰਹਮ ਹੈ, ਜੋ **ਮੂਲ ਸ਼ਕਤੀ** ਹੈ, ਜੋ ਸਾਰੇ ਸੰਸਾਰ ਦੀ ਵਿਸ਼ਵ ਵਿਆਪੀ **ਆਤਮਾ** ਹੈ, ਜੋ ਰੰਗ ਰੂਪ ਤੇ ਰੇਖਾ ਤੋਂ ਪਰੇ ਹੈ, ਅਜੂਨੀ, ਅਨਾਮੀ ਤੇ ਅਰੂਪ ਹੈ, ਅਗੰਮ ਹੈ ਅਗੋਚਰ ਹੈ, ਅਲਖ-ਨਿਰੰਜਨ ਹੈ, ਜੋ ਸਾਰੇ ਸੰਸਾਰ ਵਿੱਚ ਹੈ ਤੇ ਜਿਸ ਵਿੱਚ ਸਾਰਾ ਸੰਸਾਰ ਹੈ, ਉਸ ਦੇ ਵਿਰੁੱਧ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਦੀ ਪ੍ਰੇਰਣਾ ਦਿੰਦੇ। ਚੰਡੀ-ਚਰਿੱਤ੍ਰ ਤੋਂ ਕੇਵਲ ਦੇਸ਼ਵਾਸੀਆਂ ਦੀ ਸੁੱਤੀ ਅਣਖ ਨੂੰ ਜਗਾਉਣ ਦਾ ਮਕੱਸਦ ਸੀ, ਪਰ ਆਪ ਜੀ ਨੇ ਇਕ ਮਹਾਨ ਅਧਿਆਤਮਕ ਨੇਤਾ ਹੋਣ ਦੇ ਨਾਤੇ ਇਹ ਸਮਝ ਲਿਆ ਕਿ ਕਿਤੇ ਭੋਲੀ ਭਾਲੀ ਜਨਤਾ, ਅਵਤਾਰਵਾਦੀ ਭਗਤ, ਦੇਵੀ ਦੇ ਉਪਾਸ਼ਕ, ਗੁਰੂ ਘਰ ਦੇ ਵਿਰੋਧੀ, ਅਨਪੜ੍ਹ ਲੋਕ ਇਹ ਨਾ ਯਕੀਨ ਕਰ ਲੈਣ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇਵੀ ਦੇ ਉਪਾਸ਼ਕ ਸਨ, ਤਦ ਹੀ ਇਸ ਚੰਡੀ-ਚਰਿੱਤ੍ਰ ਦੀ ਰਚਨਾ ਰਾਹੀਂ ਲੋਕਾਂ ਨੂੰ ਭਗਵਤੀ ਦੀ ਉਪਾਸ਼ਨਾਂ ਲਈ ਪ੍ਰੇਰਣਾ ਦੇ ਰਹੇ ਹਨ। ਖਾਸ ਕਰਕੇ ਇਨ੍ਹਾਂ ਪਦਾਂ ਤੋਂ ਸ਼ਕ ਪੈਣ ਦੀ ਗੁੰਜਾਇਸ਼ ਸੀ :-

ਦੇਹਿ ਸ਼ਿਵਾ ਬਰ ਮੋਹਿ ਇਹੈ ॥
ਸ਼ੁਭ ਕਰਮਨ ਤੇ ਕਬਹੂ ਨ ਟਰੋਂ ॥
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ ॥
ਨਿਸਚੈ ਕਰਿ ਆਪਨੀ ਜੀਤ ਕਰੋ ॥
ਅਰੁ ਸਿਖ ਹੋਂ ਆਪਨੇ ਹੀ ਮਨ ਕੋਂ ॥

Namdhari Elibrary NamdhariElibrary@gmail.com

ਇਹ ਲਾਲਚ ਹਉ ਗੁਨ ਤਉ ਉਚਰੌਂ ।
ਜਬ ਆਵ ਕੀ ਅਉਧ ਨਿਦਾਨ ਬਨੈ ॥
ਅਤਿ ਹੀ ਰਣ ਮੈਂ ਤਬ ਜੂਝ ਮਰੌਂ ॥

ਸੋ ਗੁਰੂਦੇਵ ਨੇ ਇਨਾਂ ਸ਼ੰਕਿਆਂ ਤੇ ਹਕੀਕਤਾਂ ਨੂੰ ਮੁੱਖ ਰੱਖ ਕੇ "ਚੰਡੀ ਦੀ ਵਾਰ" ਦੀ ਰਚਨਾ ਕੀਤੀ, ਜੋ ਕਲਗੀਧਰ ਦੀ ਮੌਲਿਕ ਰਚਨਾ ਕਹੀ ਜਾ ਸਕਦੀ ਹੈ। ਕਹਾਣੀ ਤੇ ਮਾਰਕੰਡੇ ਪੁਰਾਣ ਵਾਲੀ ਹੈ, ਪਰ ਇਸ ਵਿੱਚ ਗੁਰੂ ਜੀ ਦਾ ਨਿਜੱਤਵ ਘੁਲ ਮਿਲ ਕੇ ਇਕ ਜਾਨ ਹੋ ਗਿਆ ਹੈ, ਮਾਨੋ ਇਹ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਹੀ ਹੈ, ਤੇ ਸ੍ਰੀ ਗੁਰੂ ਗੋਬਿੰਦ ਸਿੰਘ "ਚੰਡੀ ਦੀ ਵਾਰ" ਹਨ। ਇਸ ਰਚਨਾ ਰਾਹੀਂ ਇਕ ਪਰਮਾਤਮਾ ਦੀ ਉਪਾਸ਼ਨਾਂ ਦੀ ਪ੍ਰੇਰਣਾ ਦਿੱਤੀ ਹੈ ਤੇ ਦੁਰਗਾ ਦੀ ਬਹਾਦਰੀ ਵਿਖਾ ਕੇ ਸੁੱਤੀ ਅਣਖ ਜਗਾਈ ਹੈ, ਕਰਤੱਵ ਨਿਭਾਉਣ ਦੀ ਪ੍ਰੇਰਣਾ ਦਿੱਤੀ ਹੈ। ਏਥੇ ਇਕ ਗੱਲ ਹੋਰ ਯਾਦ ਰੱਖਣ ਵਾਲੀ ਇਹ ਹੈ ਕਿ ਇਸ ਵਾਰ ਦਾ ਨਾਂ "ਚੰਡੀ ਦੀ ਵਾਰ" ਨਹੀਂ ਸਗੋਂ ਇਸ ਦਾ ਨਾਮ ਹੈ–ਵਾਰ ਸ੍ਰੀ ਭਗਉਤੀ ਜੀ ਕੀ। ਅਗੇ ਅਸੀਂ "ਵਾਰ ਸ੍ਰੀ ਭਗਉਤੀ ਜੀ ਕੀ" ਦਾ ਆਲੋਚਨਾਤਮਕ ਅਧਿਐਨ ਪੇਸ਼ ਕਰ ਰਹੇ ਹਾਂ।

ਕਥਾ-ਵਸਤੂ : ਇਹ ਇਕ ਮੰਨੀ-ਪ੍ਰਮੰਨੀ ਹਕੀਕਤ ਹੈ ਕਿ ਕਿਸੇ ਕਾਵਿ ਦਾ ਮੁਲਾਂਕਣ, ਵਿਵੇਚਨ, ਵਿਸ਼ਲੇਸ਼ਣ ਤੇ ਆਲੋਚਨਾ (ਪਰਖ) ਤੱਦ ਹੀ ਕੀਤੀ ਜਾ ਸਕਦੀ ਹੈ ਜੇ ਉਸ ਦੇ ਦੋ ਪੱਖਾਂ ਨੂੰ ਧਿਆਨ ਨਾਲ, ਵਾਚਿਆ, ਘੋਖਿਆ ਤੇ ਵਿਚਾਰਿਆ ਜਾਵੇ। ਉਹ ਦੋ ਪੱਖ ਹਨ :–

1. ਕਾਵਿ ਦਾ ਵਿਸ਼ੇ ਪੱਖ। 2. ਕਾਵਿ ਦਾ ਰੂਪ ਪੱਖ।

ਉਪਰੋਕਤ ਪਰੱਖ-ਕੱਸਵਟੀ ਨੂੰ ਦ੍ਰਿਸ਼ਟੀ ਵਿੱਚ ਰੱਖ ਕੇ ਅਸੀਂ ਪਹਿਲੋਂ "ਵਾਰ ਸ੍ਰੀ ਭਗਉਤੀ ਜੀ ਕੀ" ਵਿੱਚ ਪ੍ਰਸਤੁੱਤ ਕਥਾ ਵਸਤੂ ਨੂੰ ਦੇਖਾਂਗੇ, ਤਾਕਿ ਫੇਰ ਕਿਸੇ ਹੱਦ ਤਕ ਇਸ ਮਹਾਨ ਰਚਨਾ ਦੀ ਕਦਰ-ਕੀਮਤ ਅਤੇ ਮਹੱਤਤਾ ਨੂੰ ਪੇਸ਼ ਕਰ ਸਕੀਏ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਇਸ਼ਟ ਦੇਵ "ੴ" ਨੂੰ "ਪ੍ਰਥਮ ਭਗਉਤੀ" –**ਪਹਿਲੀ ਮੂਲ ਸ਼ਕਤੀ**, ਜੋ ਸੰਸਾਰ ਭਰ ਦੀਆਂ ਕੁਲ

Namdhari Elibrary NamdhariElibrary@gmail.com

ਸ਼ਕਤੀਆਂ ਦਾ ਸੋਮਾ ਹੈ—ਦੇ ਪ੍ਰਤੀਕ ਵਿੱਚ ਧਿਆਉਂਦੇ ਹਨ। ਇਸ ਆਦਿ ਸ਼ਕਤੀ ਨੂੰ ਅਨੰਤ ਰੂਪਾ ਤੇ ਸਾਰੇ ਸੰਸਾਰ ਦਾ ਕਰਤਾ, ਸ੍ਰਿਸ਼ਟਾ ਦਸਦੇ ਹਨ, ਜਿਸ ਨੂੰ ਆਦਿ ਸਤਿਗੁਰੂ ਨਾਨਕ ਦੇਵ ਨੇ ਆਰਾਧਿਆ, ਸਿਮਰਿਆ ਤੇ ਧਿਆਇਆ ਸੀ। ਕਲਗੀਧਰ ਇਸ ਉਪਾਸ਼ਨਾ ਪਿਛੋਂ ਗੁਰੂ ਨਾਨਕ ਤੋਂ ਲੈਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਨੌਵਾਂ ਗੁਰੂ ਸਾਹਿਬਾਂ ਅੱਗੇ ਬਤੌਰ ਇੱਕ ਸਿਖ ਦੇ ਅਰਦਾਸ ਕੀਤੀ ਹੈ ਕਿ ਮੂਲ ਸ਼ਕਤੀ ਤੇ ਨੌ ਗੁਰੂ ਨਾਨਕ ਇਤਨਾ ਬਲ ਬਖਸ਼ਣ ਜਿਸ ਦੇ ਆਧਾਰ ਤੇ "ਵਾਰ ਸ੍ਰੀ ਭਗਉਤੀ ਜੀ ਕੀ" ਨੂੰ ਨਿਰਵਿਘਨ ਸੰਪੂਰਣ ਕੀਤਾ ਜਾਵੇ। **"ਮੂਲ ਸ਼ਕਤੀ" ਜੋ ਮਾਤਾ** ਵੀ ਹੈ ਤੇ **ਪਿਤਾ** ਵੀ, ਨੇ ਇਸ ਸੰਸਾਰ ਦੀ ਰਚਨਾ ਕੀਤੀ, ਤੇ ਜੀਵਾਂ ਨੂੰ ਉਤਪੰਨ ਕੀਤਾ। ਇਹ ਜੀਵ ਆਪਣੇ ਕਰਮਾਂ ਅਨੁਸਾਰ ਕੋਈ ਦੇਵਤਾ ਤੇ ਕੋਈ ਰਾਖਸ਼ ਨਾਮ ਨਾਲ ਪ੍ਰਸਿਧ ਹੋਏ। ਦੇਵਤਿਆਂ ਨੇ ਸੁਰਗ ਪੁਰੀ ਦਾ ਰਾਜ ਕਰਨਾ ਸ਼ੁਰੂ ਕੀਤਾ। ਰਾਜ-ਮੱਦ ਦੇ ਨਸ਼ੇ ਅਧੀਨ ਇਹ ਦੇਵਤੇ ਐਸ਼-ਪਰਸਤ ਹੋ ਗਏ ਅਤੇ ਆਪਣਾ ਕਰਤੱਵ ਭੁੱਲ ਬੈਠੇ। ਆਪਣੇ ਰਾਜ ਦੀਆਂ ਸੀਮਾਵਾਂ ਦੀ ਰੱਖਿਆ ਕਰਨ ਦੀ ਥਾਂ, ਫ਼ੌਜਾਂ ਦੀ ਨਿਯੁਕਤੀ ਦੀ ਜਗਾ, ਸਰਹੱਦਾਂ ਖੁਲ੍ਹੀਆਂ ਤੇ ਗੈਰਆਬਾਦ ਛੱਡ ਦਿੱਤੀਆਂ ਅਤੇ ਇਸ ਅਭਿਮਾਨ ਵਿੱਚ ਆ ਗਏ ਕਿ ਸੰਸਾਰ ਵਿਚ ਸਾਡੇ ਨਾਲੋਂ ਕੋਈ ਵੱਡਾ ਸੂਰਮਾ ਨਹੀਂ ਹੈ। ਸਾਡੀਆਂ ਸਰਹੱਦਾਂ ਕੋਈ ਪਾਰ ਨਹੀਂ ਕਰ ਸਕਦਾ। ਦੇਵਤਿਆਂ ਦਾ ਇਹ ਅਭਿਮਾਨ ਮੂਲ-ਸ਼ਕਤੀ ਨੂੰ ਅੱਛਾ ਨਹੀਂ ਲਗਾ, ਤੇ ਇਸ ਅਭਿਮਾਨ ਨੂੰ ਦੂਰ ਕਰਨ ਲਈ, ਤੇ ਦੇਵਤਿਆਂ ਨੂੰ ਮੁੜ ਸੱਚੇ ਮਾਰਗ ਤੇ ਲਿਆਉਣ ਲਈ ਰਾਖਸ਼ ਉਤਪੰਨ ਕੀਤੇ :—

ਅਭਿਮਾਨ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ।

ਦੈਤਾਂ ਨੇ ਦੇਵਤਿਆਂ ਪਾਸੋਂ ਅਮਰਾਵਤੀ, ਖੋਹ ਲਈ ਅਤੇ ਆਪਣਾ ਰਾਜ ਸਮ ਪਤ ਕਰ ਲਿਆ। ਇੰਦਰ ਅਤੇ ਦੇਵਤੇ ਦੈਤਾਂ ਤੋਂ ਡਰਦੇ ਹੋਏ ਪਹਾੜਾਂ ਵਿੱਚ ਜਾ ਲੁਕੇ। ਇਕ ਦਿਨ ਦੁਰਗਾ ਜਦ ਗੰਗਾ ਵਿੱਚ ਅਸ਼ਨਾਨ ਕਰਨ ਆਈ, ਤਦ ਇੰਦਰ ਨੇ ਮਾਂ-ਦੁਰਗਾ ਨੂੰ ਆਪਣੀ ਤਕਲੀਫ ਦੱਸੀ ਅਤੇ ਮਾਂ ਪਾਸੋਂ ਸਹਾਇਤਾ ਮੰਗੀ :—

ਇਕ ਦਿਹਾੜੇ ਨਾਵਣ ਆਈ ਦੁਰਗਸਾਹ ॥
ਇੰਦਰ ਬਿਰਥਾ ਸੁਣਾਈ ਆਪਣੇ ਹਾਲ ਦੀ ॥

Namdhari Elibrary NamdhariElibrary@gmail.com

ਦੁਰਗਾ ਨੇ ਇੰਦਰ ਦੀ ਤਕਲੀਫ਼ ਨੂੰ ਬੜੇ ਗੌਹ ਨਾਲ ਸੁਣਿਆ ਤੇ ਆਪਣੇ ਬਚਿਆਂ ਦੀ ਸਹਾਇਤਾ ਕਰਨ ਲਈ ਵਿਸ਼ਵਾਸ਼ ਦਲਾਇਆ। ਦੇਵਤੇ ਵੀ ਉਸ ਦੇ ਬੱਚੇ ਸਨ ਤੇ ਦੈਂਤ ਵੀ। ਚੂੰਕਿ ਦੇਵਤੇ ਅਭਿਮਾਨ ਛੱਡ ਕੇ ਆਪਣੀਆਂ ਭੁੱਲਾਂ ਦਾ ਅਹਿਸਾਸ ਕਰਕੇ ਮਾਤਾ ਦੀ ਸ਼ਰਨ ਵਿੱਚ ਆਏ ਸਨ, ਇਸ ਲਈ ਦੁਰਗਾ ਉਹਨਾਂ ਦੀ ਸਹਾਇਤਾ ਕਰਨ ਲਈ ਤਿਆਰ ਹੋ ਗਈ। ਉਸ ਨੂੰ ਦੈਂਤਾਂ ਨਾਲ ਵੀ ਕੋਈ ਵੈਰ ਨਹੀਂ ਸੀ, ਪਰ ਉਹ ਲੋਕ ਅਮਾਨਵਤਾ, ਜ਼ੋਰ-ਜ਼ੁਲਮ, ਅਤਿਆਚਾਰ ਤੇ ਅਨਿਆਇ ਉੱਪਰ ਤੁੱਲੇ ਹੋਏ ਸਨ, ਇਸ ਲਈ ਉਹਨਾਂ ਦੇ ਅਭਿਮਾਨ ਨੂੰ ਚੂਰ-ਚੂਰ ਕਰਨ ਲਈ ਦੁਰਗਾ ਨੇ ਇੰਦਰ ਨੂੰ ਵਿਸ਼ਵਾਸ ਦਵਾਇਆ ਕਿ ਉਹ ਜ਼ਰੂਰ ਜ਼ੁਲਮ ਦਾ ਟਾਕਰਾ ਕਰੇਗੀ।

ਦੁਰਗਾ ਬੈਣ ਸੁਣੰਦੀ ਹੱਸੀ ਹੜ ਹੜਾਇ ॥
"ਚਿੰਤਾ ਕਰਹੁ ਨ ਕਾਈ" ਦੇਵਾਂ ਨੂੰ ਆਖਿਆ ॥

ਦੇਵਤਿਆਂ ਨੂੰ ਧੀਰਜ ਦੇ ਕੇ ਦੁਰਗਾ ਨੇ ਆਪਣੀ ਸਵਾਰੀ ਦਾ ਸ਼ੇਰ ਮੰਗਵਾਇਆ। ਯੁੱਧ ਦੀ ਤਿਆਰੀ ਕਰਕੇ ਦੁਰਗਾ ਰਣ-ਭੂਮੀ ਵਲ ਚਲ ਪਈ। ਦੇਵਤਿਆਂ ਦੀ ਸਹਾਇਕ ਦੇਵੀ ਨੂੰ ਦੇਖ ਕੇ ਦੈਂਤ ਰੋਹ ਤੇ ਗੁੱਸੇ ਵਿੱਚ ਲਾਲ-ਪੀਲੇ ਹੋ ਗਏ। ਯੁੱਧ ਕਰਨ ਦੇ ਚਾ ਵਿੱਚ ਦੈਂਤਾਂ ਨੇ ਆਪਣੇ ਹਥਿਆਰ ਸੰਭਾਲੇ, ਸੱਜ ਧੱਜ ਕੇ ਹੱਲਾ ਬੋਲਣ ਲਈ ਤਿਆਰ ਹੋ ਗਏ। ਜੰਗ ਦਾ ਨਿਗਾਰਾ ਤੇ ਬਿਗਲ ਵਜਿਆ। ਸਭ ਤੋਂ ਪਹਿਲੋਂ **ਮਹਿਖਾਸੁਰ** ਦੈਂਤ ਨੇ ਹਾਜ-ਮਧ ਵਿੱਚ ਆਕੇ, ਅਭਿਮਾਨ ਵਸ, ਮਾਂ-ਪੁੱਤ ਆਪਣੇ ਫ਼ਰਜ਼ ਨੂੰ ਭੁੱਲ ਕੇ, ਉਲਟਾ ਦੁਰਗਾ ਉੱਪਰ ਸਖ਼ਤ ਹਮਲਾ ਕਰ ਦਿੱਤਾ। ਦੁਰਗਾ, ਜੋ ਪਰਮਾਤਮਾ ਵਲੋਂ ਸ਼ਕਤੀ ਸੰਪੰਨ ਹੋ ਕੇ ਆਈ ਸੀ, ਨੇ ਮਹਿਖਾਸਰ ਦਾ ਵਾਰ ਰੋਕ ਕੇ, ਫੌਲਾਦੀ ਸ਼ਮਸ਼ੀਰ ਦੀ ਇਕ ਚੋਟ ਨਾਲ ਮਹਿਖੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਦੇਵੀ ਦਸਤ ਨਚਾਈ ਸੀਹਣ ਸਾਰ ਦੀ ॥
ਪੇਟ ਮਲੰਦੇ ਲਾਈ ਮਹਿਖੇ ਦੈਂਤ ਨੂੰ ॥
ਗੁਰਦੇ ਆਂਦਾ ਖਾਈ ਨਾਲੇ ਟੁਕੜੇ ॥
ਚੋਟੀ ਜਾਣ ਦਿਖਾਈ ਤਾਰੇ ਧੂਮ ਕੇਤ ॥

ਮਹਿਖਾਸ਼ਰ ਮਹਾਂ ਬਲੀ ਅਤੇ ਉਸ ਦੇ ਪਰਬਤ ਦੇ ਆਕਾਰ ਵਾਲੇ ਯੋਧਿਆਂ ਦਾ ਘਾਣ ਲਾਹ ਦਿੱਤਾ ਤੇ ਇਸ ਤਰ੍ਹਾਂ ਨੇਕੀ ਖਾਤਰ ਬਦੀ ਦਾ ਟਾਕਰਾ ਕਰਕੇ ਦੇਵੀ ਨੇ

Namdhari Elibrary NamdhariElibrary@gmail.com

ਇੰਦਰ ਨੂੰ ਮੁੜ ਅਮਰਾਵਤੀ ਦਾ ਰਾਜ-ਸਿੰਘਾਸਣ ਬਖਸ਼ਿਆ। ਇਸ ਤਰ੍ਹਾਂ ਜ਼ੋਰ-ਜ਼ੁਲਮ ਨਾਸ਼ ਕਰਕੇ ਦੇਵੀ ਅੰਤਰ-ਧਿਆਨ ਹੋ ਗਈ।

ਹੋਈ ਅਲੋਪ ਭਵਾਨੀ ਦੇਵਾਂ ਨੂੰ ਰਾਜ ਦੇ ॥

ਕੁਝ ਸਮੇਂ ਬਾਅਦ ਸ਼ਿਵ ਜੀ ਦੇ ਵਰਦਾਨ ਦੇ ਫਲ ਸਰੂਪ ਦੋ ਮਹਾਂ ਬਲੀ ਦੈਂਤ **ਸੁੰਭ** ਤੇ **ਨਿਸੁੰਭ** ਪੈਦਾ ਹੋ ਗਏ :—

ਈਸਰ ਦੀ ਬਰਦਾਨੀ ਹੋਈ ਜਿੱਤ ਦਿਨ ॥
ਸੁੰਭ ਨਿਸੁੰਭ ਗੁਮਾਨੀ ਜਨਮੇ ਸੂਰਮੇ ॥

ਇਹ ਦੋਹਵੇਂ ਦੈਂਤ-ਰਾਜ, ਧਨ ਅਤੇ ਜਿੱਤਾਂ ਕਾਰਨ ਅਭਿਮਾਨ ਦੇ ਨਸ਼ੇ ਵਿੱਚ ਚੂਰ ਹੋ ਗਏ, ਤੇ ਇਹਨਾਂ ਨੇ ਮਹਿਖੇ ਦਾ ਬਦਲਾ ਲੈਣ ਲਈ ਅਮਰਾਵਤੀ 'ਤੇ ਚੜ੍ਹਾਈ ਕਰਨ ਦਾ ਮਤਾ ਪਕਾ ਦਿਆ :—

ਇੰਦਰ ਪੁਰੀ ਤੇ ਧਾਵਣਾ ਵਡ ਜੋਧੀ ਮਤਾ ਪਕਾਇਆ ॥
ਸੰਜ ਪਟੇਲਾ ਪਾਖਰਾ ਭੇੜ ਸੰਦਾ ਸਾਜ ਬਣਾਇਆ ॥

ਦੈਂਤਾਂ ਦੀਆਂ ਫ਼ੌਜਾਂ ਦਾ ਟਾਕਰਾ ਕਰਨ ਲਈ ਦੇਵਤੇ ਵੀ ਹੁੱਮ-ਹੁੰਮਾ ਕੇ ਰਣ-ਭੂਮੀ ਵਿੱਚ ਆ ਉਤਰੇ। ਦੈਂਤਾਂ ਵਿਚ ਕੌਮੀ ਜੋਸ਼ ਸੀ, ਜਿਸ ਤੋਂ ਦੇਵਤੇ ਖ਼ਾਲੀ ਹੋ ਚੁਕੇ ਸਨ ਅਤੇ ਐਸ਼ ਪਰਸਤੀ ਨੇ ਉਹਨਾਂ ਨੂੰ ਬਲ-ਹੀਨ ਤੇ ਕਾਇਰ ਬਣਾ ਛੱਡਿਆ ਸੀ। ਦੈਂਤਾਂ ਨੇ ਜਿੱਤ ਪ੍ਰਾਪਤ ਕਰਕੇ ਦੇਵਤਿਆਂ ਨੂੰ ਉਹਨਾਂ ਦੇ ਰਾਜਾ-ਇੰਦਰ ਸਹਿਤ ਅਮਰਾਵਤੀ ਵਿਚੋਂ ਭਜਾ ਦਿੱਤਾ। ਵਿਚਾਰੇ ਦੇਵਤੇ ਮੁੜ ਦੁਰਗਾ ਦੀ ਸ਼ਰਣ ਵਿੱਚ ਗਏ, ਜੋ ਸੁੰਭ-ਨਿਸੁੰਭ ਦੇ ਮਾਣ ਨੂੰ ਚੂਰ-ਚੂਰ ਕਰਨ ਲਈ ਤਿਆਰ ਹੋ ਗਈ ਅਤੇ ਲੜਾਈ ਲਈ ਪੂਰੀ ਤਰ੍ਹਾਂ ਤਿਆਰ ਹੋ ਕੇ, ਚੰਡੀ ਰਣ-ਭੂਮੀ ਵਿੱਚ ਆ ਉੱਤਰੀ :—

ਦਿਤੇ ਦੇਉ ਭਜਾਈ ਮਿਲਕੇ ਰਾਕਸੀ ॥
ਲੋਕੀ ਤਿਹਾਂ ਫਿਰਾਈ ਦੋਹੀ ਆਪਣੀ ॥
ਦੁਰਗਾ ਦੀ ਸਾਮ ਤਕਾਈ ਦੇਵਾਂ ਡਰਦਿਆਂ ॥
ਆਂਦੀ ਚੰਡ ਚੜ੍ਹਾਈ ਉਤੇ ਰਾਕਸਾਂ ॥

ਜਦ ਸੁੰਭ-ਨਿਸੁੰਭ ਨੂੰ ਚੰਡੀ ਦੇ ਹੱਲਾ ਬੋਲਣ ਦੀ ਖ਼ਬਰ ਮਿਲੀ ਤਦ ਉਹਨਾਂ ਨੇ ਮਹਾਂ ਬਲੀ **ਧੂਮਰ ਲੋਚਨ** ਨੂੰ ਸੈਨਾਪਤੀ ਥਾਪ ਕੇ, ਸ਼ਕਤੀ-ਸ਼ਾਲੀ ਦੈਂਤ-ਫ਼ੌਜਾਂ ਦੇ

Namdhari Elibrary NamdhariElibrary@gmail.com

ਨਾਲ, ਚੰਡੀ ਦੇ ਮੁਕਾਬਲੇ ਲਈ ਭੇਜਿਆ। ਧੂਮਰ-ਲੋਚਨ ਨੇ, **ਅਫ਼ਜ਼ਲ-ਖਾਂ** ਵਾਂਗ, ਪਾਨ ਦਾ ਬੀੜਾ ਚਬਾਂਦਿਆਂ, ਅਤੇ ਦੈਂਤ ਰਾਜ ਨੂੰ ਵਿਸ਼ਵਾਸ ਦਵਾਂਦਿਆ ਕਿ ਉਹ, **ਸ਼ਿਵਾ ਜੀ** ਵਾਂਗ, ਚੰਡੀ (**ਦੁਰਗਾ**) ਨੂੰ ਜਾਂ ਮਾਰ ਮੁਕਾਏਗਾ, ਜਾਂ ਫੇਰ ਜੀਉਂਦੀ ਨੂੰ **ਕੈਦੀ ਬਣਾ** ਕੇ ਸ਼ਾਹੀ ਦਰਬਾਰ ਵਿੱਚ ਹਾਜ਼ਰ ਕਰੇਗਾ।

ਆਈ ਫੇਰ ਭਵਾਨੀ ਖਬਰੀ ਪਾਈਆ ॥
ਦੈਤ ਵਡੇ ਅਭਿਮਾਨੀ ਹੋਏ ਇਕੱਠੇ ॥
ਲੋਚਨ ਧੂਮ ਗੁਮਾਨੀ ਰਾਇ ਬੁਲਾਇਆ ॥
ਜਗ ਵਿਚ ਵਡਾ ਦਾਨੋ ਆਪ ਕਹਾਇਆ ॥

ਦੁਰਗਾ ਦੈਂਤਾਂ ਦੀਆਂ ਫ਼ੌਜਾਂ ਨੂੰ ਦੇਖ ਕੇ ਸ਼ੇਰ ਵਾਂਗ ਗਰਜੀ ਤੇ ਹੱਥ ਵਿੱਚ ਤਲਵਾਰ ਲੈਕੇ ਦੁਸ਼ਮਣ ਉੱਪਰ ਕਰਤਾ ਹੱਲਾ ਬੋਲ ਦਿੱਤਾ, ਦੇਖਦਿਆਂ ਦੇਖਦਿਆਂ ਸੂਰਮੇ ਤੇ ਬਲਵਾਨ ਦੈਂਤਾਂ ਦੇ ਆਹੂ ਲਾ ਦਿੱਤੇ। ਜਿਵੇਂ ਕਿਸਾਨ ਦਾਤੀ ਨਾਲ ਫ਼ਸਲ ਨੂੰ ਕੱਟ ਕੇ ਢੇਰ ਲਾ ਦਿੰਦਾ ਹੈ, ਠੀਕ ਇਸੇ ਪ੍ਰਕਾਰ ਦੇਵੀ ਨੇ ਧੂਮਰ ਲੋਚਨ ਸਹਿਤ ਦੈਂਤਾਂ ਨੂੰ ਮਾਰ ਕੇ ਲਾਸ਼ਾਂ ਦੇ ਢੇਰ ਲਾ ਦਿੱਤੇ। ਜਿਹੜੇ ਕੁਝ ਰਾਕਸ਼ ਬਚ ਗਏ ਸਨ, ਉਹਨਾਂ ਨੇ ਦੈਂਤ-ਰਾਜ **ਸੁੰਭ** ਨੂੰ ਇਹ ਭੈੜੀ ਖ਼ਬਰ ਸੁਣਾਈ।

ਜਮ ਪੁਰ ਦੀਆ ਪਠਾਈ ਲੋਚਨ ਧੂਮ ਨੂੰ ॥
ਜਾਪੇ ਦਿਤੀ ਸਾਈ ਮਾਰਣ ਸੁੰਭ ਦੀ ॥
ਭੰਨੇ ਦੈਤ ਪੁਕਾਰੇ ਰਾਜੇ ਸੁੰਭ ਥੈ ॥
ਲੋਚਨ ਧੂਮ ਸੰਘਾਰੇ ਸਣੇ ਸਿਪਾਹੀਆਂ ॥

ਇਸ ਖ਼ਬਰ ਨੂੰ ਸੁਣ ਕੇ ਸੁੰਭ ਹੈਰਾਨ ਹੋ ਗਿਆ। ਧੂਮ੍ਰ ਲੋਚਨ ਦਾ ਬਦਲਾ ਲੈਣ ਲਈ ਸੁੰਭ ਨੇ **ਚੰਡ** ਅਤੇ **ਮੁੰਡ** ਨੂੰ ਸੈਨਾਪਤੀ ਥਾਪ ਕੇ ਚੰਡੀ ਨੂੰ ਜੀਉਂਦੀ ਫੜ ਕੇ ਲਿਆਉਣ ਦਾ ਹੁਕਮ ਦਿੱਤਾ। ਇਹ ਦੋਹਵੇਂ ਬਲੀ ਦੈਂਤ ਮਹਾਂ-ਯੋਧੇ ਸਨ। ਇਹਨਾਂ ਨਾਲ ਚੁਣੇ ਹੋਏ ਫ਼ੌਜੀ ਜਵਾਨ ਭੇਜੇ ਗਏ। ਵਾਸਤਵ ਵਿਚ ਚੰਡ-ਮੁੰਡ ਦੀ ਫ਼ੌਜ ਮੌਤ ਦੇ ਮੂੰਹ ਵਿੱਚ ਜਾ ਰਹੀ ਸੀ।

ਚੋਏ ਦੈਤ ਬੁਲਾਏ ਰਾਕਸਿ ਰਾਇ ਨੇ ॥
ਬੈਠੇ ਮਤਾ ਪਕਾਈ ਦੁਰਗਾ ਲਿਆਵਣੀ ॥

Namdhari Elibrary NamdhariElibrary@gmail.com

ਚੰਡ ਅਰੁ ਮੁੰਡ ਪਠਾਏ ਬਹੁਤਾ ਕਟਕ ਦੈ ॥
ਜੇਤੇ ਰਾਇ ਬੁਲਾਇ ਚਲੇ ਜੋਧ ਨੈ ॥
ਜਣ ਜਮ ਪੁਰ ਪਕੜ ਚਲਾਏ ਸਭੇ ਮਾਰਨੇ ॥

ਚੰਡ-ਮੁੰਡ ਦੀ ਅਪਾਰ ਸੈਨਾ ਨੂੰ ਦੇਖ ਕੇ ਦੁਰਗਾ, ਜੋਸ਼ ਵਿੱਚ ਆਈ ਅਤੇ ਕੰਨਾਂ ਤਕ ਖਿੱਚ ਕੇ ਧਨੁਖ ਵਿਚੋਂ ਤਾਣ-ਤਾਣ ਕੇ ਤੀਰ ਚਲਾਉਣੇ ਸ਼ੁਰੂ ਕਰ ਦਿੱਤੇ। ਤੀਰਾਂ ਦੀ ਐਸੀ ਸਖ਼ਤ ਝੜੀ ਲਾਈ, ਕਿ ਥੋੜੇ ਜਿਹੇ ਸਮੇਂ ਵਿੱਚ ਚੰਡ-ਮੁੰਡ ਅਤੇ ਉਸ ਦੇ ਫ਼ੌਜੀਆਂ ਨੂੰ ਧੂੜ ਦੇ ਬਦੱਲਾਂ ਵਾਂਗ ਉੱਡਾ ਦਿੱਤਾ। ਸਾਡੇ ਵਿਚਾਰ ਵਿਚ ਦੁਰਗਾ ਦੀ ਇਹ ਲੜਾਈ ਠੀਕ ਉਸੇ ਤਰ੍ਹਾਂ ਦੀ ਸੀ, ਜੋ ਸ੍ਰੀ ਰਾਮ ਚੰਦ੍ਰ ਅਤੇ ਪਰ-ਦੂਖਣ ਵਿਚ-ਕਾਰ ਹੋਈ ਸੀ ਜਾਂ ਅਰਜੁਨ ਅਤੇ ਕੌਰਵਾਂ ਦੀ ਲੜਾਈ, ਜੋ ਖਰਾਟ ਨਗਰ ਵਿੱਚ, ਹੋਈ ਸੀ।

ਤਣਿ ਤਣਿ ਤੀਰ ਚਲਾਏ ਦੁਰਗਾ ਧਨੁਖ ਲੈ ॥
ਜਿਨੀ ਦਸਤ ਉਠਾਏ ਰਹੇ ਨ ਜੀਵਦੇ ॥
ਚੰਡ ਅਰੁ ਮੁੰਡ ਖਪਾਏ ਦੋਨੋ ਦੇਵਤਾ ॥

ਚੰਡ ਅਤੇ ਮੁੰਡ ਦੀ ਮੌਤ ਕਾਰਨ ਹੀ ਦੁਰਗਾ ਨੂੰ **ਚੰਡੀ** ਜਾਂ **ਚਾਮੁੰਡਾ** ਕਿਹਾ ਜਾਂਦਾ ਹੈ। ਸੁੰਭ ਨੇ ਜਦ ਦੇਵੀ ਹਥੋਂ ਚੰਡ ਅਤੇ ਮੁੰਡ ਦੇ ਮਰਨ ਦੀ ਖ਼ਬਰ ਸੁਣੀ, ਉਹ ਗੁੱਸੇ ਵਿੱਚ ਲੋਹਾ-ਲਾਖਾ ਹੋ ਗਿਆ। ਜੰਗੀ ਮਸ਼ਵਰੇ ਤੋਂ ਬਾਅਦ ਸ੍ਰਣਵਤ ਬੀਜ ਨੂੰ ਸੈਨਾਪਤੀ ਥਾਪ ਕੇ ਰੋਣਵੇ ਜੰਗਜੂ ਸਿਪਾਹੀ ਨਾਲ ਭੇਜੇ। ਦੇਵੀ ਨੇ ਇਸ ਅਪਾਰ ਸੈਨਾ ਨੂੰ ਗਰਜ ਨਾਲ ਇਸ ਤਰ੍ਹਾਂ ਸੰਘਾਰਿਆ ਜਿਸ ਤਰ੍ਹਾਂ, ਇਸ ਯੁੱਧ ਦੇ ਸਦੀਆਂ ਸਾਲ ਪਿਛੋਂ **ਭੀਮਸੈਨ** ਨੇ ਕੌਰਵਾਂ ਦੀ ਫੌਜ ਦੇ ਆਹੂ ਲਾਏ ਸਨ। ਦੈਂਤ-ਸਿਪਾਹੀ ਰਣ ਭੂਮੀ ਵਿੱਚ ਨੋਲ-ਨਿਸੱਲ ਪਏ ਇਸ ਤਰ੍ਹਾਂ ਜਾਪਦੇ ਸਨ, ਜਿਸ ਤਰ੍ਹਾਂ ਲੋਕ ਹੋਲੀ ਖੇਡਣ ਮਗਰੋਂ ਥਕ-ਟੁੱਟ ਕੇ ਸਉਂ ਜਾਂਦੇ ਹਨ।

ਅਗਿਣਤ ਪਾਉਂ ਪਸਾਰੀ ਰੁਲੇ ਅਹਾੜ ਵਿਚ ॥
ਜਾਪੇ ਖੇਡ ਖਿਡਾਰੀ ਸੁਤੇ ਫਾਗ ਨੌ ॥

ਸ੍ਰਣਵਤ ਬੀਜ ਨੇ ਜਦ ਆਪਣੀ ਫ਼ੌਜ ਦੀ ਇਹ ਦੁਰਗਤੀ ਦੇਖੀ ਤਦ ਉਸ ਨੇ ਆਪਣੇ ਸਿਪਾਹੀਆਂ ਨੂੰ ਲਲਕਾਰਿਆ ਤੇ ਹੌਸਲਾ-ਅਫਜ਼ਾਈ ਕੀਤੀ। ਲੜਾਈ,

Namdhari Elibrary NamdhariElibrary@gmail.com

ਮੁੜ ਚਮਕ ਉੱਠੀ। ਦੁਰਗਾ ਬਿਜਲੀ ਦੀ ਤੇਜ਼ੀ ਵਾਂਗ ਲੜ ਰਹੀ ਸੀ ਤੇ ਫ਼ੌਜਾਂ ਦੇ ਘਾਣ ਲਾ ਰਹੀ ਸੀ। ਤਲਵਾਰ ਨਾਲ ਸੂਰਮਿਆਂ ਦੇ ਮੋਂਢੇ ਲਾਹ ਰਹੀ ਸੀ। ਸ੍ਰਣਵਤ ਬੀਜ ਦੇ ਸਿਰ ਉੱਪਰ ਦੁਰਗਾ ਨੇ ਜ਼ਬਰਦਸਤ ਚੋਟ ਮਾਰੀ, ਜਿਸ ਦੇ ਲਗਦਿਆਂ ਉਸ ਦੇ ਸਰੀਰ ਵਿਚੋਂ ਲਹੂ ਦੀਆਂ ਬੂੰਦਾਂ ਜ਼ਮੀਨ ਉੱਪਰ ਟਪਕੀਆਂ। ਜਿਨ੍ਹੀਆਂ ਲਹੂ ਦੀਆਂ ਬੂੰਦਾਂ ਸਨ ਉਤਨੇ ਹੀ ਸ੍ਰਣਵਤ ਬੀਜ ਹੋਰ ਬਣ ਗਏ। ਇਹ ਤਮਾਸ਼ਾ ਦੇਖ ਕੇ ਦੁਰਗਾ ਨੂੰ ਬਹੁਤ ਕ੍ਰੋਧ ਆਇਆ, ਉਸ ਨੇ ਆਪਣੀ ਇਕ ਲਟ ਜ਼ਮੀਨ ਉਪਰ ਦੇ ਮਾਰੀ ਜਿਸ ਦੇ ਫਲ ਸਰੂਪ **ਕਾਲਿਕਾ** ਪੈਦਾ ਹੋ ਗਈ, ਜਿਸ ਦੇ ਹੱਥ ਵਿੱਚ ਖੱਪਰ ਸੀ। ਦੁਰਗਾ ਸ੍ਰਣਵਤ ਬੀਜ ਨੂੰ ਤਲਵਾਰ ਮਾਰਦੀ ਸੀ, ਤੇ ਉਸ ਦੇ ਸ਼ਰੀਰ ਵਿਚੋਂ ਲਹੂ ਦੀਆਂ ਬੂੰਦਾਂ ਨੂੰ ਕਾਲਿਕਾ, ਜ਼ਮੀਨ ਉੱਪਰ ਡਿਗਣ ਤੋਂ ਪਹਿਲੇ, ਖੱਪਰ ਵਿੱਚ ਲੈਕੇ ਪੀ ਜਾਂਦੀ ਸੀ। ਇਸ ਤਰ੍ਹਾਂ ਸ੍ਰਣਵਤ ਬੀਜ ਤੇ ਉਸ ਦੀ ਫ਼ੌਜ ਖਤਮ ਹੋ ਗਈ। ਬਚੇ-ਖੁਚੇ ਰਾਖਸ਼ਾਂ ਨੇ ਇਹ ਖ਼ਬਰ ਸੁੰਭ ਨੂੰ ਦਿੱਤੀ। ਹੁਣ ਸੁੰਭ ਤੇ ਨਿਸੁੰਭ ਦੋਵੇਂ ਭਰਾ ਦੇਵੀ ਨਾਲ ਲੜਨ ਲਈ ਤਿਆਰ ਹੋ ਗਏ।

ਸ੍ਰਣਵਤ ਬੀਜ ਹਕਾਰੇ ਰਹਿੰਦੇ ਸੂਰਮੇ ॥
ਦੁਰਗਾ ਦਾਨੋ ਮਾਰੇ ਰੋਹ ਵਧਾਇ ਕੇ ॥
ਸਿਰ ਵਿੱਚ ਤੇਗ ਵਗਾਈ ਸ੍ਰਣਵਤ ਬੀਜ ਦੇ ॥
ਅਗਣਤ ਦਾਨੋ ਭਾਰੇ ਹੋਏ ਲੋਹੂਆ ॥
ਸ੍ਰਣਵਤ ਬੀਜ ਵਧਾਈਆਂ ਅਗਣਤ ਸੂਰਤਾਂ ॥
ਦੁਰਗਾ ਸਉਹੇ ਆਈਆਂ ਰੋਹ ਵਧਾਇਕੈ ॥
ਚੰਡ ਚਿਤਾਰੀ ਕਾਲਕਾ ਮਨ ਬਹੁਤਾ ਰੋਸ ਵਧਾਇਕੈ ॥
ਜੋਗਣੀਆਂ ਮਿਲ ਧਾਈਆਂ ਲੋਹੂ ਭਖਣਾ ॥
ਭੂਈ ਨ ਪਉਣੇ ਪਾਈਆਂ ਬੂੰਦਾਂ ਰਕਤ ਦੀਆਂ ॥
ਕਾਲੀ ਖੇਤ ਖਪਾਈਆਂ ਸਭੇ ਸੂਰਤਾਂ ॥

ਸੁੰਭ-ਨਿਸੁੰਭ ਇੱਕ ਬਹੁਤ ਵੱਡੀ ਸੈਨਾ ਲੈਕੇ ਲੜਨ ਲਈ ਚੱਲ ਪਏ। ਇਨਾਂ ਦੈਂਤਾਂ ਨੂੰ ਦੇਖ ਕੇ ਦੇਵੀ ਵੀ ਪੂਰੀ ਸ਼ਕਤੀ ਨਾਲ ਯੁੱਧ ਕਰਨ ਵਿੱਚ ਜੁੱਟ ਗਈ। ਦੈਂਤਾਂ ਨੇ ਵੀ ਤਲਵਾਰਾਂ ਧੂ ਲਈਆਂ। ਲਹੂ-ਡੋਹਲਵੀਂ ਲੜਾਈ ਹੋਈ। ਸੂਰਮੇ ਰਣ ਵਿੱਚ ਪਏ ਇਸ ਤਰ੍ਹਾਂ ਲਗ ਰਹੇ ਸਨ ਜਿਵੇਂ ਬਿਜਲੀ ਦੇ ਮਾਰੇ ਮੁਨਾਰੇ ਤੋਂ ਉੱਪਰ ਡਿੱਗੇ

Namdhari Elibrary NamdhariElibrary@gmail.com

ਹੋਣ । ਸੁੰਭ ਨੇ ਆਪਣਾ ਨੁਕਰਾ ਘੋੜਾ ਲਿਆ ਤੇ ਉਸ ਉੱਤੇ ਸਵਾਰ ਹੋਕੇ ਦੇਵੀ ਦੇ ਮੁਕਾਬਲੇ ਲਈ ਰਣ ਭੂਮੀ ਵਿੱਚ ਆ ਡੱਟਿਆ । ਬਹੁਤ ਸਖਤ ਲੜਾਈ ਹੋਈ । ਨਿਸੁੰਭ ਸੁੰਭ ਤੋਂ ਪਹਿਲੇ ਮਾਰਿਆ ਗਿਆ ਸੀ ਇਸ ਲਈ ਉਹ ਬੜੇ ਹੀ ਰੋਹ ਨਾਲ ਲੜਿਆ ਤਦ ਦੁਰਗਾ ਨੇ ਤਲਵਾਰ ਨਾਲ ਸੁੰਭ ਦਾ ਸਿਰ ਉੱਡਾ ਦਿੱਤਾ । ਇਸ ਤਰ੍ਹਾਂ ਦੈਂਤਾਂ ਉਪਰ ਫਤਹ ਹਾਸਲ ਕਰਕੇ ਮੁੜ ਇੰਦਰ ਨੂੰ ਅਮਰਾਵਤੀ ਦਾ ਰਾਜ ਬਖਸ਼ਿਆ । ਅੰਤ ਵਿਚ ਕਲਗੀਧਰ ਨੇ ਇਸ ਵਾਰ ਦਾ ਮਹਾਤਮ ਦਸਿਆ ।

ਲਈ ਭਗਉਤੀ ਦੁਰਗਸਾਹ ਵਰਜਾਗਨਿ ਭਾਰੀ ॥
ਲਾਈ ਰਾਜੇ ਸੁੰਭ ਨੂੰ ਰਤੁ ਪੀਐ ਪਿਆਰੀ ॥
ਸੁੰਭ ਪਲਾਣੋ ਡਿਗਿਆ ਉਪਮਾ ਬੀਚਾਰੀ ॥
ਡੁਬ ਰਤੂ ਨਾਲਹੁ ਨਿਕਲੀ ਬਰਛੀ ਦੁਧਾਰੀ ॥
ਜਾਣ ਰਜਾਦੀ ਉਤਰੀ ਪੈਨ ਸੂਹੀ ਸਾਰੀ ॥

... ...

ਇੰਦ੍ਰ ਸੱਦ ਬੁਲਾਇਆ ਰਾਜ ਅਭਖੇਖ ਨੋ ॥
ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੇ ॥
ਚਉਦਹ ਲੋਕਾਂ ਛਾਇਆ ਜਸ ਜਗਮਾਤ ਦਾ ॥
ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ ॥

ਵਿਵੇਚਨ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੋ ਪ੍ਰਕਾਰ ਦੀ ਕਵਿਤਾ ਰਚੀ ਹੈ । ਕਲਗੀਧਰ ਇਹ ਚਾਹੁੰਦੇ ਸਨ ਕਿ ਭਾਰਤ ਦਾ ਪ੍ਰਾਚੀਨ ਸਾਹਿਤ, ਜੋ ਸੂਰਬੀਰਤਾ ਅਤੇ ਰੂਹਾਨੀਅਤ ਦਾ ਸਰਚਸਮਾ (ਸੋਮਾ) ਹੈ, ਉਹ ਗੁਰਮੁਖੀ ਅਖਰਾਂ ਵਿੱਚ ਅਨ-ਵਾਇਆ ਜਾਏ, ਤਾਂਕਿ ਆਮ ਜਨਤਾ ਉਸ ਤੋਂ ਪੂਰਾ ਪੂਰਾ ਲਾਭ ਉਠਾ ਸਕੇ, ਕਿਉਂਕਿ ਗੁਰੂ ਜੀ ਦੇ ਵੇਲੇ ਪੰਜਾਬ ਅੰਦਰ ਜਾਂ ਤੇ ਲੋਕ ਬੋਲੀ ਪੰਜਾਬੀ ਸਮਝੀ ਜਾਂਦੀ ਸੀ, ਜਿਸ ਵਿੱਚ ਸਾਹਿਤ ਵੀ ਰਚਿਆ ਜਾ ਰਿਹਾ ਸੀ, ਜਾਂ ਫੇਰ ਬ੍ਰਿਜ ਭਾਸ਼ਾ, ਸਾਹਿਤਕ ਭਾਸ਼ਾ ਦੇ ਤੌਰ ਤੇ ਪੰਜਾਬ ਤੋਂ ਲੈਕੇ ਬੰਗਾਲ ਤੱਕ ਪਸਰੀ ਹੋਈ ਸੀ । ਗੁਰੂ ਜੀ ਦੇ ਦਰਬਾਰੀ ਬਵੰਜਾ ਕਵੀ ਪ੍ਰਾਚੀਨ ਗ੍ਰੰਥਾਂ ਦੇ ਉਲਥੇ ਕਰਨ ਵਿੱਚ ਜੁਟੇ ਹੋਏ

Namdhari Elibrary NamdhariElibrary@gmail.com

ਸਨ, ਤੇ ਮੌਲਿਕ ਕਵਿਤਾ ਵੀ ਰਚਦੇ ਸਨ, ਪਰ ਇਹ ਦੋਹਵੇਂ ਕਾਰਜ ਬ੍ਰਿਜ-ਭਾਸ਼ਾ ਵਿੱਚ ਹੀ ਉਲੀਕੇ ਜਾਂਦੇ ਸਨ : ਖ਼ਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਮ-ਕਥਾ, ਕ੍ਰਿਸ਼ਨ-ਚਰਿਤ੍ਰ ਆਦਿ ਬ੍ਰਿਜ-ਭਾਸ਼ਾ ਵਿੱਚ ਮੌਲਿਕ ਰੂਪ ਵਿੱਚ ਰਚੇ। ਲੋਕਾਂ ਵਿੱਚ ਬੀਰਤਾ ਦਾ ਸੰਚਾਰ ਕਰਨ ਲਈ, ਮਾਰ-ਕੰਡੇ ਪਰਾਣ ਦੀ ਕਥਾ, ਦੁਰਗਾ ਸਪਤਸ਼ਤੀ, ਨੂੰ ਕਲਗੀਧਰ ਨੇ ਬ੍ਰਿਜ-ਭਾਸ਼ਾ ਵਿੱਚ ਅਨੁਵਾਦਿਆ। ਇੱਕ ਸੱਚੇ ਤੇ ਸੁੱਚੇ ਅਨੁਵਾਦਕ ਦੇ ਰੂਪ ਵਿੱਚ ਗੁਰੂ ਜੀ ਨੇ ਮਿਥਿਹਾਸਕ ਕਥਾ ਨੂੰ ਹੂ-ਬਹੂ ਅਨੁਵਾਦਿਆ, ਉਸ ਵਿਚ ਕੋਈ ਤਬਦੀਲੀ ਨਹੀਂ ਕੀਤੀ। **ਮਧੂ-ਕੈਟਿਭ ਤੇ ਬਿਸ਼ਨੂ** ਜੀ ਦੇ ਯੁੱਧ ਨੂੰ ਪੰਜ ਹਜ਼ਾਰ ਸਾਲ ਤਕ ਹੁੰਦਿਆ ਦਰਸਾਇਆ। ਜਿੱਥ ਜਿੱਥ ਮਾਰ-ਕੰਡੇ ਰਿਸ਼ੀ ਨੇ ਦੁਰਗਾ-ਉਪਾਸ਼ਨਾ, ਉੱਪਰ ਜਿਸ ਰੂਪ ਵਿੱਚ ਵੀ ਪ੍ਰੇਰਣਾ ਦਿੱਤੀ, ਸਾਹਿਬ ਦਸਮ ਪਾਤਸ਼ਾਹ ਨੇ ਉਸੇ ਤਰ੍ਹਾਂ ਹੀ ਬ੍ਰਿਜ-ਭਾਸ਼ਾ ਵਿੱਚ ਅਨੁਵਾਦਿਆ, ਆਪਣੀ ਨਾ ਤੇ ਕੋਈ ਰਾਇ ਦਿੱਤੀ ਅਤੇ ਨਾ ਹੀ ਕੋਈ ਟੀਕਾ ਟਿੱਪਣੀ ਜਾਂ ਆਲੋਚਨਾ ਕੀਤੀ, ਕੋਈ ਇਤਰਾਜ਼ ਨਹੀਂ ਕੀਤਾ। ਸੋ ਕੁਦਰਤੀ ਤੌਰ ਤੇ ਬਾਅਦ ਵਿੱਚ ਆਉਣ ਵਾਲੀਆਂ ਦੇਵੀ-ਭਗਤ ਨਸਲਾਂ ਨੇ ਇਹ ਸੋਚਣਾ ਸ਼ੁਰੂ ਕੀਤਾ ਕਿ ਕਲਗੀਧਰ ਦੇਵੀ ਦੇ ਉਪਾ-ਸ਼ਕ ਸਨ, ਤਦ ਹੀ ਤੇ ਉਹਨਾਂ ਨੇ ਦੇਵੀ ਦੇ ਪ੍ਰੇਮ-ਰਸ ਵਿੱਚ ਮਗ਼ਰੂਰ ਹੋਕੇ ਇਤਨੀ ਉਤਮ ਰਚਨਾ ਕੀਤੀ ਹੈ। ਐਸੀ ਸ਼ਰਧਾ-ਭਰਪੂਰ ਕਵਿਤਾ ਤੇ ਕੇਵਲ ਸ਼ਕਤੀ-ਉਪਾਸ਼ਕ ਹੀ ਕਰ ਸਕਦਾ ਹੈ। ਦੂਜੀ ਇੱਕ ਇਹ ਵੀ ਹਕੀਕਤ ਹੈ ਕਿ ਪਹਾੜੀ ਰਾਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਇਸ ਕਾਰਨ ਰੋਸ ਰਖਦੇ ਸਨ, ਕਿ ਉਹ ਹਿੰਦੂਆਂ ਦੇ ਦੇਵੀ ਦੇਵਤਿਆਂ ਦੀ ਉਪਾਸ਼ਨਾ ਦੇ ਵਿਰੁੱਧ ਸਨ। ਫਲ ਸਰੂਪ ਪਹਾੜੀ ਰਾਜਿਆਂ ਨੇ ਮੂਰਤੀ-ਪੂਜਾ ਤੇ ਸ਼ਕਤੀ-ਉਪਾਸ਼ਨਾ ਨੂੰ ਜਾਰੀ ਰਖਣ ਲਈ, ਗੁਰੂ ਜੀ ਨਾਲ ਲੜਾਈਆਂ ਵੀ ਲੜੀਆਂ। ਜਦ ਕਲਗੀਧਰ ਦਖਣ ਵਲ ਚਲ ਪਏ, ਤਦ ਪਹਾੜੀ ਹਿੰਦੂ ਰਾਜਿਆਂ ਨੇ ਇਹ ਝੂਠਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਜੀ ਦੇਵੀ ਦੇ ਉਪਾਸ਼ਕ ਸਨ ਤੇ ਇਹ ਅਫਵਾਹ ਵੀ ਫੈਲਾਣੀ ਸ਼ੁਰੂ ਕਰ ਦਿੱਤੀ ਕਿ ਗੁਰੂ ਜੀ ਨੇ ਇਕ ਬਹੁਤ ਵੱਡਾ ਚੰਡੀ ਹਵਨ ਜਾਂ ਯਗ ਕੀਤਾ ਸੀ। ਸਤਿਗੁਰੂ ਦੇ ਸੱਚਖੰਡ ਨਿਵਾਸ ਤੋਂ ਕੋਈ ਲਗ-ਪਗ ਨਬੇ ਸਾਲ ਬਾਅਦ ਇਨ੍ਹਾਂ ਦੰਦ-ਕਥਾਵਾਂ ਤੇ ਰਵਾਇਤਾਂ ਨੂੰ ਲਿਖਤ ਰੂਪ ਦਿੱਤਾ ਗਿਆ। ਦੇਵੀ-ਉਪਾਸ਼ਕਾਂ ਨੇ ਚੰਡੀ-ਚਰਿਤ੍ਰ ਪਹਿਲੇ ਤੇ ਦੂਜੇ ਦੇ ਆਧਾਰ ਉੱਪਰ, ਗੁਰੂ ਦੇਵ ਦੇ ਦੇਵੀ-ਉਪਾਸ਼ਕ ਹੋਣ ਦਾ ਸਮ-

Namdhari Elibrary NamdhariElibrary@gmail.com

ਰਚਨ ਕੀਤਾ, ਹਾਲਾਂਕਿ ਇਹ ਦੋਹਵੇਂ ਰਚਨਾਵਾਂ ਅਨੁਵਾਦ ਰੂਪ ਵਿੱਚ ਲਿਖੀਆਂ ਗਈਆਂ ਸਨ। ਦਸਮ ਪਾਤਸ਼ਾਹ ਬੜੇ ਦੂਰ-ਅੰਦੇਸ਼ ਸਨ। ਉਹ ਜਾਣਦੇ ਸਨ ਕਿ ਚੰਡੀ-ਚਰਿੱਤ੍ਰ ਦੇ ਪੜ੍ਹਨ ਤੇ ਭਰਮ ਪੈਣ ਦੀ ਗੁੰਜਾਇਸ਼ ਹੈ। ਇਸ ਲਈ ਆਪ ਨੇ "ਵਾਰ ਸ੍ਰੀ ਭਗਉਤੀ ਜੀ ਕੀ" ਰਚਨਾ ਪੰਜਾਬੀ ਭਾਸ਼ਾ ਵਿੱਚ ਕੀਤੀ। ਇਕ ਤੇ ਬਹਾਦਰੀ ਦੇ ਪ੍ਰਚਾਰ ਦੇ ਦਾਇਰੇ ਨੂੰ ਵਸੀਆ (ਵਿਸ਼ਾਲ) ਕਰਨ ਲਈ ਤੇ ਦੂਜੇ ਇਕ ਪਰਮਾਤਮਾ ਦੀ ਉਪਾਸ਼ਨਾ ਦੀ ਪ੍ਰੇਰਣਾ ਦੇਣ ਲਈ ਤੇ ਤੀਜੇ ਆਪਣੇ ਇਸ਼ਟ ਦੇਵ ਦੇ ਸਰੂਪ ਦੀ ਪਛਾਣ ਕਰਵਾਉਣ ਲਈ। ਸੋ ਅਸੀਂ ਏਥੇ "ਵਾਰ ਸ੍ਰੀ ਭਗਉਤੀ ਜੀ ਕੀ" ਦੀ ਕਥਾ-ਵਸਤੂ ਉੱਪਰ ਝਾਤੀ ਮਾਰਨ ਤੋਂ ਪਹਿਲੋਂ ਇਕ ਦੋ ਗੱਲਾਂ ਉੱਪਰ ਵਿਚਾਰ ਕਰ ਲੈਣਾ ਜ਼ਰੂਰੀ ਸਮਝਦੇ ਹਾਂ।

ਕਵਿਤਾ ਬਾਰੇ, ਪਹਿਲੀ ਗਲ ਤੇ ਇਹ ਹੈ ਕਿ ਮੌਲਿਕ ਕਵਿਤਾ ਵਿੱਚ ਕਵੀ ਦਾ ਆਪਾ ਘੁਲ-ਮਿਲ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਕਵੀ ਤੇ ਕਵਿਤਾ ਇਕ ਰੂਪ ਹੋ ਜਾਂਦੇ ਹਨ। ਕਵੀ ਕਿਸ ਘਟਨਾ ਤੋਂ ਪ੍ਰਭਾਵਤ ਹੋ ਕੇ ਆਪਣੇ ਜਜ਼ਬਿਆਂ ਨੂੰ ਕਾਵਿ ਰਾਹੀਂ ਪ੍ਰਗਟ ਕਰਦਾ ਹੈ, ਉਸ ਦਾ ਮਕੱਸਦ ਪ੍ਰਚਾਰ ਕਰਨਾ ਨਹੀਂ ਹੁੰਦਾ, ਪਰ ਪ੍ਰਚਾਰ ਕੁਦਰਤੀ ਤੌਰ ਤੇ ਹੋ ਜਾਂਦਾ ਹੈ। ਇਸ ਮੌਲਿਕ ਕਵਿਤਾ ਵਿਚ ਕਵੀ ਦੇ ਨਿਜੀ ਵਿਸ਼ਵਾਸ ਵੀ ਉੱਘੜ ਆਉਂਦੇ ਹਨ। "ਵਾਰ ਸ੍ਰੀ ਭਗਉਤੀ ਜੀ ਕੀ" ਦੀ ਰਚਨਾ, ਇਸੇ ਪ੍ਰਕਾਰ ਦੀ ਮੌਲਿਕ ਰਚਨਾ ਹੈ। ਇਹ ਮਾਰਕੰਡੇ ਪੁਰਾਣ ਦੀ ਦੁਰਗਾ ਸਪਤ-ਸ਼ਤੀ ਦਾ ਅਨੁਵਾਦ ਨਹੀਂ ਹੈ, ਹਾਂ ਕਹਾਣੀ ਉਥੋਂ ਹੀ ਲਈ ਗਈ ਹੈ। ਸੋ ਇਸ ਮਹਾਨ ਰਚਨਾ ਉੱਪਰ ਵਿਚਾਰ ਕਰਨ ਤੋਂ ਪਹਿਲੋਂ ਸਾਨੂੰ ਗੁਰੂ ਸਾਹਿਬ ਦੇ ਧਾਰਮਿਕ ਵਿਸ਼ਵਾਸਾਂ ਤੇ ਉਹਨਾਂ ਦੇ ਇਸ਼ਟ ਦੇਵ ਉੱਪਰ ਵਿਚਾਰ ਕਰ ਲੈਣਾ ਬਹੁਤ ਜ਼ਰੂਰੀ ਹੈ।

ਇਹ ਹਕੀਕਤ ਤੇ ਸਪਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਨਾਨਕ ਦੇਵ ਦੀ ਸਥਾਪਤ ਕੀਤੀ ਗੁਰ-ਗੱਦੀ ਦੇ ਦਸਵੇਂ ਗੁਰੂ ਸਨ। ਸ੍ਰੀ ਗੁਰੂ ਨਾਨਕ ਦੇਵ "ੴ" ਦੇ ਉਪਾਸ਼ਕ ਸਨ। ਆਦਿ ਗੁਰੂ ਨਿਰੰਕਾਰ ਦੀ ਏਕਤਾ ਵਿੱਚ ਦ੍ਰਿੜ ਵਿਸ਼ਵਾਸ ਰਖਦੇ ਸਨ। ਪ੍ਰਮਾਤਮਾ ਨੂੰ ਰੰਗ-ਰੂਪ ਤੋਂ ਪਰੇ ਖਿਆਲ ਕਰਦੇ ਸਨ ਤੇ ਉਸ ਨੂੰ ਅਜਨਮਾ ਮੰਨਦੇ ਸਨ, ਮਤਲਬ ਗੁਰੂ ਨਾਨਕ ਦੇਵ ਅਵਤਾਰਵਾਦ

Namdhari Elibrary NamdhariElibrary@gmail.com

ਜਾਂ ਸਰਗੁਣ ਭਗਤੀ ਦੇ ਉਪਾਸ਼ਕ ਨਹੀਂ ਸਨ। ਉਹ ਤੇ ਗਿਆਨ ਮਾਰਗੀ ਨਿਰਗੁਣ ਭਗਤੀ ਦੇ ਸਮਰਥਕ ਸਨ ਤੇ ਆਪ ਜੀ ਨੇ ਆਪਣੀ ਪਵਿਤਰ ਬਾਣੀ ਰਾਹੀਂ ਨਿਰ-ਗੁਣ ਨਿਰੰਕਾਰ ਦੀ ਭਗਤੀ ਕਰਨ ਦੀ ਪ੍ਰੇਰਨਾ ਦਿੱਤੀ ਹੈ ਤੇ ਪ੍ਰਚਾਰ ਕੀਤਾ ਹੈ। ਆਪ ਬਹੁਦੇਵ ਪੂਜਾ ਦੇ ਵਿਰੋਧੀ ਸਨ। ਤੇ ਇਸ ਪੂਜਾ ਦਾ ਖੰਡਣ ਵੀ **ਬਾਬਾ ਜੀ** ਨੇ ਆਪਣੀ ਬਾਣੀ ਵਿੱਚ ਕੀਤਾ ਹੈ। ਬਾਕੀ ਗੁਰੂ ਸਾਹਿਬਾਨ, ਗੁਰੂ ਨਾਨਕ ਤੋਂ ਸਥਾਪਤ ਕੀਤੇ ਅਧਿਆਤਮਕ ਸਿਧਾਂਤਾਂ ਦੇ ਪੱਕੇ ਪੈਰੋਕਾਰ ਸਨ। ਉਹਨਾਂ ਸਭਨਾਂ ਦਾ ਇਸ਼ਟ ਦੇਵ "ੴ" ਹੀ ਸੀ। ਏਥੋਂ ਤਕ ਕਿ ਗੁਰੂ ਨਾਨਕ ਦੇਵ ਦੇ ਇਕ ਸ਼ਬਦ ਤੋਂ ਵੀ ਉਹ ਬਾਹਰ ਨਹੀਂ ਹੋਏ ਤੇ ਉਹਨਾਂ ਦੇ ਇੱਕ ਇੱਕ ਸ਼ਬਦ ਅਨੁਸਾਰ ਉਹਨਾਂ ਨੇ ਜੀਵਨ ਢਾਲਿਆ ਹੋਇਆ ਸੀ। ਸ੍ਰੀ ਗੁਰੂ ਹਰਿ ਰਾਇ ਜੀ ਦੇ ਵੱਡੇ ਸਾਹਿਬਜ਼ਾਦੇ ਰਾਮ ਰਾਇ ਜੀ ਨੇ, ਜੋ ਗੁਰੂ ਗੱਦੀ ਦੇ ਵਾਰਸ ਬਣਾਏ ਜਾਣੇ ਸਨ, ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ ਗੁਰੂ ਨਾਨਕ ਦੇਵ ਦੀ ਬਾਣੀ ਵਿੱਚ ਆਏ ਇਕ ਸ਼ਬਦ ਨੂੰ ਬਦਲ ਦਿੱਤਾ—ਭਾਵ ਜਿਥੇ ਗੁਰੂ ਜੀ ਨੇ ਮੁਸਲਮਾਨ ਸਬਦ ਕਿਹਾ ਸੀ, ਉਥੇ ਰਾਮ ਰਾਇ ਨੇ ਬੇਈਮਾਨ ਸ਼ਬਦ ਰੱਖ ਕੇ ਬਾਣੀ ਨੂੰ ਤੋੜ ਮਰੋੜ ਕੇ ਪੇਸ਼ ਕੀਤਾ। ਇਸ ਗਲਤ ਪ੍ਰਚਾਰ ਤੋਂ ਨਾਰਾਜ਼ ਹੋ ਕੇ ਹਰਿ ਰਾਇ ਜੀ ਨੇ, ਰਾਮ ਰਾਇ ਦੀ ਥਾਂ ਹਰਿ ਕ੍ਰਿਸ਼ਨ ਜੀ ਨੂੰ ਗੁਰ-ਗੱਦੀ ਬਖਸ਼ੀ। ਉਹ ਬਾਣੀ ਇਹ ਹੈ :—

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥

(ਆਸਾ ਦੀ ਵਾਰ ਮ: ੧)

ਰਾਮ ਰਾਇ ਨੇ "ਮਿਟੀ ਮੁਸਲਮਾਨ ਕੀ" ਦੀ ਥਾਂ ਇਹ ਕਹਿ ਦਿੱਤਾ ਕਿ ਇਹ ਗਲਤੀ ਲਿਖਾਰੀ ਦੀ ਹੈ, ਆਦਿ ਗੁਰੂ ਨੇ ਤੇ "ਮਿਟੀ ਬੇਈਮਾਨ ਕੀ" ਕਿਹਾ ਸੀ। ਇਹੋ "ਹੇਰ-ਫੇਰ" ਰਾਮ ਰਾਇ ਜੀ ਨੂੰ ਨਾਗਵਾਰ ਗੁਜ਼ਰਿਆ, ਜਿਸ ਦੇ ਫਲ-ਸਰੂਪ ਰਾਮ ਰਾਇ ਨੂੰ ਗੁਰ-ਗੱਦੀ ਤੋਂ ਵਾਂਜਿਤ ਰਹਿਣਾ ਪਿਆ। ਸੋ ਦਸਵੇਂ ਪਾਤਸ਼ਾਹ ਇਸ ਗੱਦੀ ਉਪਰ ਬਿਰਾਜਮਾਨ ਸਨ। ਇਹ ਕਿਸ ਤਰ੍ਹਾਂ ਹੋ ਸਕਦਾ ਸੀ ਕਿ ਆਪ ਗੁਰੂ ਨਾਨਕ ਦੇਵ ਦੇ ਅਧਿਆਤਮਕ ਸਿਧਾਂਤਾਂ, ਸੰਕਲਪਾਂ, ਵਿਚਾਰਾਂ ਤੇ ਵਿਸ਼ਵਾਸਾਂ ਦੇ ਵਿਰੁੱਧ ਦੇਵੀ ਦੀ ਉਪਾਸ਼ਨਾ ਵਿੱਚ ਜੁਟ ਜਾਂਦੇ ਤੇ ਇਸ ਉਪਾਸ਼ਨਾ ਦਾ ਪ੍ਰਚਾਰ

Namdhari Elibrary NamdhariElibrary@gmail.com

ਕਰਦੇ । ਕਲਗੀਧਰ ਦੀ ਬਾਣੀ ਵਿਚੋਂ ਉਹਨਾਂ ਦੇ ਵਿਸ਼ਵਾਸ ਸਾਫ਼ ਉਘੱੜਦੇ ਹਨ, ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਆਪ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ, "ੴ" ਦੇ ਦ੍ਰਿੜ ਵਿਸ਼ਵਾਸੀ ਸਨ । "ੴ" ਹੀ ਉਹਨਾਂ ਦਾ ਇਸ਼ਟ ਦੇਵ ਸੀ ।

ਜਾਪ ਸਾਹਿਬ ਵਿੱਚ ਆਪ ਆਪਣੇ ਉਪਾਸ਼ਨਾ-ਕੇਂਦ੍ਰ ਬਾਰੇ ਕਹਿੰਦੇ ਹਨ :-

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਂਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਨ ਸਕਤਿ ਕਿਹ ॥

... ...

ਨਮਸਤ੍ਰੰ ਅਕਾਲੇ ॥ ਨਮਸਤ੍ਰੰ ਕ੍ਰਿਪਾਲੇ ॥
ਨਮਸਤ੍ਰੰ ਅਰੂਪੇ ॥ ਨਮਸਤ੍ਰੰ ਅਨੂਪੇ ॥

... ...

ਨਮਸਤ੍ਰੰ ਅਨਾਮੇਂ ॥ ਨਮਸਤ੍ਰੰ ਅਧਾਮੇਂ ॥

ਅਕਾਲ ਉਸਤਤਿ ਵਿੱਚ ਆਪਣੇ ਇਸ਼ਟ ਦੇਵ ਬਾਰੇ ਲਿਖਦੇ ਹਨ :-

ਪ੍ਰਣਵੋ ਆਦਿ ਏਕੰਕਾਰਾ ॥ ਜਲ ਥਲ ਮਹੀਅਲਿ ਕੀਓ ਪਸਾਰਾ ॥
ਆਦਿ ਪੁਰਖੁ ਅਬਿਗਤ ਅਬਿਨਾਸੀ ॥
ਲੋਕ ਚਤੁਰਦਸ ਜੋਤ ਪ੍ਰਕਾਸੀ ॥
ਹਸਤ ਕੀਟ ਕੇ ਬੀਚ ਸਮਾਨਾ ॥
ਰਾਵ ਰੰਕ ਜਿਹ ਇਕ ਸਰ ਜਾਨਾ ॥

ਬਚਿੱਤ੍ਰ ਨਾਟਕ ਵਿੱਚ ਸਾਹਿਬ ਮੂਰਤੀ-ਪੂਜਾ ਜਾਂ ਬਹੁਦੇਵ-ਪੂਜਾ ਦਾ ਖੰਡਣ ਇਸ ਪ੍ਰਕਾਰ ਕਰਦੇ ਹਨ :-

ਜਿਤੇ ਰਾਮ ਹੂਏ ॥
ਸਭੋ ਅੰਤਿ ਮੂਏ ॥
ਜਿਤੇ ਕਿਸਨ ਹੂਇ ਹੈ ॥
ਸਭੇ ਅੰਤ ਜੇ ਹੈ ॥

Namdhari Elibrary NamdhariElibrary@gmail.com

ਜਿਤੇ ਦੇਵ ਹੋਸੀ ॥
ਸਭੇ ਅੰਤ ਜਾਸੀ ॥
ਬਿਨਾਂ ਸਰਨ ਤਾਕੀ ਨਹੀ ਔਰ ਓਟੰ ॥

ਉਪਰੋਕਤ ਬਾਣੀ ਤੋਂ ਇਹ ਹਕੀਕਤ ਸਪਸ਼ਟ ਹੈ ਕਿ ਦਸਮ ਪਾਤਸ਼ਾਹ ਇਕ ਪ੍ਰਮਾਤਮਾ ਵਿੱਚ ਹੀ ਵਿਸ਼ਵਾਸ ਰੱਖਦੇ ਸਨ। ਸਤਿਗੁਰੂ ਨੇ ਚੰਡੀ ਚਰਿਤ੍ਰ ਵਿੱਚ ਕੋਈ ਮੰਗਲਾਚਰਣ ਨਹੀਂ ਰੱਖਿਆ, ਪਰ "ਵਾਰ ਸ੍ਰੀ ਭਗਉਤੀ ਜੀ ਕੀ" ਵਿੱਚ ਪਹਿਲੋ ਆਪਣੇ ਇਸ਼ਟ ਦੇਵ ਨੂੰ ਆਰਾਧਿਆ ਹੈ, ਜਿਸ ਦੀ ਭਗਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ। ਫੇਰ ਨੌਂ ਗੁਰੂਆਂ ਅਗੇ ਅਰਦਾਸ ਕੀਤੀ ਹੈ ਅਤੇ ਉਹਨਾਂ ਪਾਸੋਂ ਤੇ ਇਸ਼ਟ ਦੇਵ ਪਾਸੋਂ ਇਹ ਵਰ ਮੰਗਿਆ ਹੈ ਕਿ ਉਹ ਸਾਹਿਬਾਂ ਨੂੰ ਇਤਨਾ ਬਲ ਬਖਸ਼ਣ ਕਿ ਨਿਰਵਿਘਨ ਇਸ ਰਚਨਾ ਨੂੰ ਪੂਰਣ ਕੀਤਾ ਜਾਵੇ। ਚੂੰਕਿ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਕਵੀ ਤੇ ਭਾਸ਼ਾ ਵਿਗਿਆਨੀ ਸਨ, ਇਸ ਲਈ ਇਸ ਵਾਰ ਵਿੱਚ **ਪ੍ਰਤੀਕਾਂ** ਰਾਹੀਂ ਆਪਣੇ ਵਿਸ਼ਵਾਸਾਂ ਤੇ ਜਜ਼ਬਿਆਂ ਨੂੰ ਸਪਸ਼ਟ ਕੀਤਾ ਹੈ। **"ੴ "** ਦਾ ਅਨੁਵਾਦ ਆਪ ਜੀ ਨੇ **"ਪ੍ਰਿਥਮ ਭਗੌਤੀ"** ਵਿੱਚ ਕੀਤਾ ਹੈ। ਇਸ **"ਭਗੌਤੀ"** ਸ਼ਬਦ ਦਾ ਇਤਿਹਾਸ ਇਸ ਪ੍ਰਕਾਰ ਹੈ ਕਿ ਜਦ ਆਰੀਆ ਲੋਕ ਭਾਰਤ ਵਿੱਚ ਆਏ ਤੇ ਵੇਦ-ਮੰਤ੍ਰ ਰਚ ਚੁਕੇ ਅਤੇ ਵੇਦਾਂ ਵਿੱਚ **"ਬ੍ਰਹਮ"** ਦਾ ਜ਼ਿਕਰ ਬੀਜ ਰੂਪ ਵਿੱਚ ਮੰਨ ਚੁਕੇ, ਤਦ ਰਿਸ਼ੀਆਂ ਨੇ ਵੇਦਾਂਤ (ਉਪਨਿਸ਼ਦਾਂ) ਦੀ ਰਚਨਾ ਕੀਤੀ ਜਿਸ ਵਿਚ ਬ੍ਰਹਮ ਬਾਰੇ ਖੁਲ੍ਹ ਕੇ ਵਿਚਾਰ ਕੀਤੀ ਗਈ। ਦ੍ਰਾਵੜਾਂ ਪਾਸੋਂ ਉਹਨਾਂ ਨੂੰ **ਸ਼ਿਵ** ਦੀ ਉਪਾਸ਼ਨਾ ਪ੍ਰਾਪਤ ਹੋਈ। ਆਰੀਆ ਰਿਸ਼ੀਆਂ ਨੇ "ਬ੍ਰਹਮ" ਨੂੰ **ਸ਼ਿਵ** ਦੇ ਪ੍ਰਤੀਕ ਵਿੱਚ ਮੰਨਿਆ, ਅਤੇ **ਸ਼ਿਵ** ਪਿਤਾ ਰੂਪ ਵਿੱਚ ਆਰਾਧਿਆ ਗਿਆ। ਬ੍ਰਹਮ ਨੂੰ ਮਾਤਾ ਵੀ ਕਿਹਾ ਗਿਆ, ਅਤੇ ਮਾਤਾ ਦਾ ਪ੍ਰਤੀਕ **ਸ਼ਕਤੀ** ਨੂੰ ਮੁਕੱਰਰ ਕੀਤਾ। ਸ਼ਿਵ ਅਤੇ ਸ਼ਕਤੀ ਦੋ ਵੱਖ-ਵੱਖ ਦੇਵਤੇ ਨਹੀਂ ਸਨ ਸਗੋਂ ਇਕ "ਬ੍ਰਹਮ" ਦੇ ਹੀ ਸੂਚਕ ਦੋ ਸ਼ਬਦ ਸਨ। ਸ਼ਿਵ ਪਿਤਾ ਦੇ ਰੂਪ ਵਿੱਚ ਤੇ ਸ਼ਕਤੀ ਮਾਤਾ ਦੇ ਰੂਪ ਵਿੱਚ ਸਵੀਕਾਰੇ ਗਏ ਸਨ। ਜਦ ਅਵਤਾਰ ਵਾਦ, ਭਾਰਤ ਵਿੱਚ, ਫਲਿਆ-ਫੁਲਿਆ, ਤਦ ਸ਼ਿਵ ਨੂੰ ਰੁਦੱਰ, ਮਹਾਂਦੇਵ, ਨੀਲਕੰਠ ਆਦਿ ਅਨੇਕ ਨਾਮ ਦਿੱਤੇ ਗਏ, ਤੇ ਉਸ ਨੂੰ ਬ੍ਰਹਮਾ ਦਾ ਪੁੱਤਰ ਵੀ ਮੰਨਿਆ, ਅਤੇ ਦੇਵਤਿਆਂ ਦਾ ਸਰਦਾਰ ਵੀ। **ਸ਼ਿਵ** ਦੀ ਪਤਨੀ ਸ਼ਕਤੀ ਨਾਲ ਸੰਬੰਧੀ ਗਈ, ਪਾਰਬਤੀ, ਗੌਰੀ, ਸ਼ਿਵਾ ਆਦਿ ਉਸ

Namdhari Elibrary NamdhariElibrary@gmail.com

ਦੇ ਹੋਰ ਨਾਮ ਰਖੇ ਗਏ। ਵੈਦਿਕ ਸਭਿਤਾ ਵਿੱਚ ਸ਼ਿਵਾ, ਸ਼ਕਤੀ ਤੇ ਸ਼ਿਵ ਇਕ ਨਿਰੰਕਾਰ ਬ੍ਰਹਮ ਦੇ ਹੀ ਸੂਚਕ ਸਨ। ਇਸ ਲਈ ਕਲਗੀਧਰ ਨੇ ਸ਼ਕਤੀ ਨੂੰ **"ਭਗੌਤੀ"** ਕਿਹਾ, ਕਿਉਂਕਿ ਆਪ ਜੀ ਦੇ ਸਮੇਂ "ਸ਼ਕਤੀ" ਨੂੰ ਭਗੌਤੀ, ਭਗਉਤੀ, ਭਗਵਤੀ ਤੇ ਭਵਾਨੀ ਨਾਮਾਂ ਨਾਲ ਯਾਦ ਕੀਤਾ ਜਾਂਦਾ ਸੀ। ਚੂੰਕਿ ਦਸਮ ਪਾਤਸ਼ਾਹ **ੴ** ਦੇ ਉਪਾਸ਼ਕ ਸਨ ਇਸ ਲਈ ਉਹਨਾਂ ਨੇ "੧" ਦਾ ਅਨੁਵਾਦ "ਪ੍ਰਥਮ" ਕੀਤਾ ਜਿਸ ਦੇ ਅਰਥ ਹਨ ਪਹਿਲਾ ਜਾਂ ਪਹਿਲੀ ਅਤੇ ਓ ਦਾ ਅਨੁਵਾਦ **"ਭਗੌਤੀ"** ਕੀਤਾ, ਜਿਸ ਦੇ ਅਰਥ ਹਨ ਮਾਂ ਰੂਪੀ ਸ਼ਕਤੀ। ਸੋ ਦੋਹਾਂ ਦਾ ਅਰਥ ਮਿਲਕੇ ਹੋਇਆ—ਪਹਿਲੀ ਸ਼ਕਤੀ ਜਾਂ **ਮੂਲ ਸ਼ਕਤੀ**। ਕਈ ਵਿਦਵਾਨਾਂ ਨੇ ਭਗੌਤੀ ਦੇ ਅਰਥ ਸ਼ਮਸ਼ੀਰ ਜਾਂ ਤਲਵਾਰ ਦੇ ਵੀ ਕੀਤੇ ਹਨ। ਉਹਨਾਂ ਦਾ ਨਜ਼ਰੀਆ ਇਹ ਹੈ ਕਿ ਕਲਗੀਧਰ ਯੁੱਧ ਦੇ ਪ੍ਰੇਮੀ ਸਨ, ਤਲਵਾਰ ਦੇ ਧਨੀ ਸਨ, ਇਸ ਲਈ ਉਹਨਾਂ ਨੇ ਸਭ ਤੋਂ ਪਹਿਲੋਂ ਤਲਵਾਰ (ਸ਼ਕਤੀ) ਨੂੰ ਨਮਸਕਾਰ ਕੀਤੀ ਹੈ। ਐਸਾ ਜਾਪਦਾ ਹੈ ਕਿ ਇਹ ਵਿਦਵਾਨ ਗੁਰੂ ਜੀ ਦੇ ਇਨ੍ਹਾਂ ਵਾਕਾਂ ਤੋਂ ਵੀ ਪ੍ਰਭਾਵਤ ਹੋਏ ਹੋਣਗੇ, ਤਦ ਹੀ ਉਹਨਾਂ ਨੇ ਦਸਮ ਪਾਤਸ਼ਾਹ ਦੀ ਰੁਚੀ "ਤਲਵਾਰ" ਦੀ ਉਪਾਸ਼ਨਾ ਵਾਲ ਦੱਸੀ।

ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ ॥
ਹਲਾਲ ਅਸਤ ਬੁਰਦਨ, ਸ਼ਮਸ਼ੀਰ ਦਸਤ ॥

[ਜਦ ਹਰ ਕੋਸ਼ਿਸ਼ ਤੋਂ ਕੋਈ ਗਲ ਬਾਹਰ ਹੋ ਜਾਏ ਤਦ ਹੱਥ ਵਿੱਚ ਤਲਵਾਰ ਲੈਣਾ ਜਾਇਜ਼ ਹੈ] ਸਾਡੇ ਵਿਚਾਰ ਵਿੱਚ ਇਹ ਵਿਸ਼ਵਾਸ ਨਿਰਧਾਰ ਹੈ। ਇਸ ਵਿੱਚ ਕੋਈ ਸ਼ਕ ਨਹੀਂ ਕਿ ਦਸਮ ਪਾਤਸ਼ਾਹ ਯੁੱਧ ਪ੍ਰੇਮੀ ਸਨ, ਮਹਾਨ ਜੰਗਜੂ ਸਨ, ਪਰ ਉਪਾਸ਼ਨਾ ਉਹ ਕਿਸੇ ਜੜ੍ਹ ਵਸਤੂ ਦੀ ਨਹੀਂ ਕਰਦੇ ਸਨ, ਸਗੋਂ ਆਪ ਚੇਤੰਨ ਨਿਰਾ-ਕਾਰ, ਨਿਰੰਕਾਰ ਦੇ ਉਪਾਸ਼ਕ ਸਨ। ਕਲਗੀਧਰ ਨੇ ਖ਼ੁਦ ਹੀ ਸਪਸ਼ਟ ਕਰ ਦਿੱਤਾ ਹੈ ਕਿ ਮੈਂ ਜਿਸ "ਮੂਲ ਸ਼ਕਤੀ" ਦੀ ਉਪਾਸ਼ਨਾ ਕੀਤੀ ਹੈ, ਆਰਾਧਿਆ ਹੈ, ਉਹੋ ਮੂਲ-ਸ਼ਕਤੀ ਜਿਸ ਨੂੰ ਪਹਿਲੋਂ ਸ੍ਰੀ ਗੁਰੂ ਨਾਨਕ ਦੇਵ ਆਰਾਧ ਚੁਕੇ ਹਨ। ਇਹ ਉਹ ਮੂਲ ਸ਼ਕਤੀ ਹੈ ਜਿਸ ਨੇ ਸੰਸਾਰ ਰਚਿਆ ਤੇ ਰਾਮ ਕ੍ਰਿਸ਼ਨ ਅਤੇ ਦੁਰਗਾ ਨੂੰ ਸ਼ਕਤੀ ਸੰਪੰਨ ਕਰਕੇ ਸੰਸਾਰ ਵਿੱਚ ਦੈਂਤਾਂ ਦਾ ਨਾਸ਼ ਕਰਵਾਇਆ। ਇਹ ਉਹ ਦੁਰਗਾ ਨਹੀਂ ਜਿਸ ਨੇ ਸ਼ਰੀਰਕ ਰੂਪ ਵਿੱਚ ਸ਼ੇਰ ਤੇ ਸਵਾਰੀ ਕਰਕੇ ਮਹਿਖਾਸੁਰ, ਧੂਮ੍ਰ ਲੋਚਨ,

Namdhari Elibrary NamdhariElibrary@gmail.com

ਚੰਡ-ਮੁੰਡ, ਸਟਾਵਤ ਬੀਜ, ਨਿਸੁੰਭ ਤੇ ਸੁੰਭ ਆਦਿ ਨੂੰ ਮੌਤ ਦੇ ਘਾਟ ਉਤਾਰਿਆ ਸੀ ਸਗੋਂ ਇਸ ਦੁਰਗਾ ਨੂੰ ਮੂਲ-ਸ਼ਕਤੀ ਨੇ ਪੈਦਾ ਕੀਤਾ ਹੈ, ਪਰ ਇਹ ਮੂਲ-ਸ਼ਕਤੀ, ਅਜੂਨੀ ਤੇ ਸੁਭੂੰ ਹੈ :–

ਪ੍ਰਿਥਮ ਭਗੌਤੀ ਸਿਮਰ ਕੈ, ਗੁਰੁ ਨਾਨਕ ਲਈ ਧਿਆਇ ॥

... ...

ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤਿ ਦਾ ਖੇਲ ਰਚਾਇਆ ॥
ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨ ਰਹਾਇਆ ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥
ਤੈਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ ॥

... ...

ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰ ਘਾਇਆ ॥
ਤੈਥੋ ਹੀ ਬਲੁ ਕ੍ਰਿਸ਼ਨ ਲੈ ਕੰਸ ਕੇਸੀ ਪਕੜ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨ ਤਾਇਆ ॥
ਕਿਨੀ ਤੇਰਾ ਅੰਤੁ ਨ ਪਾਇਆ ॥

ਸੋ ਉਪਰੋਕਤ ਮਹਾਵਾਕਾਂ ਤੋਂ ਇਹ ਸਪਸ਼ਟ ਹੋਇਆ ਕਿ "**ਭਗੌਤੀ**" ਮੂਲ ਸ਼ਕਤੀ ਹੈ, ਜਿਸ ਨੇ ਸੰਸਾਰ ਉਤਪੰਨ ਕੀਤਾ, ਮਾਇਆ ਪੈਦਾ ਕੀਤੀ, ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਦੇਵਤੇ ਪੈਦਾ ਕੀਤੇ। ਹੇ ਪ੍ਰਮਾਤਮਾ ਤੂੰ ਹੀ ਸਭ ਦਾ ਸੋਮਾ ਹੈ। ਤੁਸਾਂ ਹੀ **ਰਾਮ** ਨੂੰ ਬਲ ਬਖਸ਼ਿਆ ਜਿਸ ਨੇ **ਰਾਵਣ** ਜੈਸੇ ਮਹਾਂਬਲੀ ਦੈਂਤ ਨੂੰ ਮਾਰਿਆ, ਤੈਥੋਂ ਹੀ **ਕ੍ਰਿਸ਼ਨ** ਨੇ ਬਲ ਪ੍ਰਾਪਤ ਕਰਕੇ **ਕੰਸ** ਤੇ **ਕੇਸੀ** ਵਰਗੇ ਸੂਰਮੇ ਰਾਖਸ਼ਾਂ ਨੂੰ ਮੌਤ ਦੇ ਘਾਟ ਉਤਾਰਿਆ। ਉਪਰੋਕਤ ਵਿਚਾਰਾਂ ਤੋਂ ਇਹ ਹਕੀਕਤ ਸਾਫ਼ ਉਘੜਦੀ ਹੈ ਕਿ ਕਲਗੀਧਰ, ਪਰਮਾਤਮਾ ਦੀ ਏਕਤਾ ਦਾ ਦ੍ਰਿੜ ਵਿਸ਼ਵਾਸ ਰਖਦੇ ਸਨ ਤੇ ਉਸ ਦੀ ਉਪਾਸ਼ਨਾ ਦੀ ਪ੍ਰੇਰਨਾ ਦੇ ਰਹੇ ਹਨ ਅਤੇ ਗੁਰੂ ਨਾਨਕ ਦੇਵ ਦੇ ਇਨ੍ਹਾਂ ਬਚਨਾਂ ਦੀ ਵੀ ਪੁਸ਼ਟੀ ਹੁੰਦੀ ਹੈ :–

Namdhari Elibrary NamdhariElibrary@gmail.com

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥

ਨਾਲ ਹੀ ਇਹ ਵੀ ਸਿੱਧ ਹੋ ਜਾਂਦਾ ਹੈ ਕਿ "ਭਗੌਤੀ" ਤੋਂ ਤਲਵਾਰ ਦਾ ਭਾਵ ਨਹੀਂ ਲਿਆ ਗਿਆ। ਕਿਉਂਕਿ ਜਿਨੇ ਵੀ ਸਾਡੇ ਵੱਡੇ-ਵੱਡੇ ਸੂਰਮੇ ਭਾਰਤ ਵਿੱਚ ਹੋਏ ਉਹ ਯੁੱਧ ਪ੍ਰੇਮੀ ਵੀ ਸਨ ਤੇ ਉਹਨਾਂ ਦੇ ਦਿਲ-ਪਸੰਦ ਹਥਿਆਰ ਵੀ ਸਨ, ਪਰ ਉਹ ਹਥਿਆਰ ਉਹਨਾਂ ਦੇ ਇਸ਼ਟ ਦੇਵ ਨਹੀਂ ਸਨ। ਜਿਵੇਂ ਰਾਮ ਚੰਦ੍ਰ ਅਤੇ ਅਰਜੁਨ ਧਨੁਖ ਵਿਦਿਆ ਦੇ ਮਾਹਰ ਸਨ। ਬਿਸ਼ਨੂ ਅਤੇ ਭੀਮ ਸੈਨ ਗਦਾ ਚਲਾਉਣ ਵਿੱਚ ਬੇਮਿਸਾਲ ਸਨ, ਮਹਾਦੇਵ ਦਾ ਹਥਿਆਰ ਤ੍ਰਿਸੂਲ ਹੈ, ਕ੍ਰਿਸ਼ਨ ਜੀ ਦਾ ਸੁਦਰਸ਼ਨ ਚਕ੍ਰ ਮਸ਼ਹੂਰ ਹੈ, ਦੇਵੀ ਯੁੱਧ ਵਿਚ ਤਲਵਾਰ, ਧਨੁਖ ਅਤੇ (ਗਰਜ) ਗਦਾ ਤੋਂ ਕੰਮ ਲੈਂਦੀ ਹੈ, ਪਰ ਇਹਨਾਂ ਸਭਨਾਂ ਦਾ ਇਸ਼ਟ ਦੇਵ ਪਰਮਾਤਮਾ ਹੀ ਹੈ, ਹਥਿਆਰ ਨਹੀਂ। ਕਲਗੀਧਰ ਖ਼ੁਦ, ਸ਼ਮਸ਼ੇਰ ਧਨੁਖ-ਬਾਣ ਦੇ ਧਨੀ ਸਨ, ਪਰ ਇਸ਼ਟ ਦੇਵ ਉਹਨਾਂ ਦਾ ਪਰਮਾਤਮਾ ਹੀ ਸੀ। ਹਥਿਆਰ ਨਹੀਂ। ਇਸ ਵਾਰ ਵਿੱਚ ਇਕ ਸਥਲ ਤੇ "ਭਗਉਤੀ" ਤਲਵਾਰ ਦੇ ਅਰਥਾਂ ਵਿੱਚ ਵੀ ਪ੍ਰਯੁਕਤ ਹੋਈ ਹੈ, ਪਰ ਇਸ਼ਟ ਦੇਵ ਦੇ ਰੂਪ ਵਿੱਚ ਨਹੀਂ।

ਲਈ ਭਗਉਤੀ ਦੁਰਗਸਾਹ ਵਰਜਾਗਨ ਭਾਰੀ ॥
ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ ॥

ਸੋ ਉਪਰੋਕਤ ਪਦਾਂ ਤੋਂ ਇਹ ਸਪਸ਼ਟ ਹੈ ਕਿ ਕਲਗੀਧਰ ਨੇ ਸ਼ੁਰੂ ਵਿਚ "ਭਗੌਤੀ" ਦੇ ਅਰਥ "ਨਿਰਗੁਣ ਬ੍ਰਹਮ" ਦੇ ਹੀ ਲਏ ਹਨ ਅਤੇ ਇਸ ਸ਼ਬਦ ਨੂੰ ਵਰਤ ਕੇ ਨਿਰਗੁਣ ਬ੍ਰਹਮ, ਜੋ ਨਿਰਗੁਣ ਵੀ ਹੈ, ਸਰਗੁਣ ਵੀ ਹੈ ਤੇ ਨਿਰਗੁਣ-ਸਰਗੁਣ ਵੀ ਹੈ, ਦੀ ਉਪਾਸ਼ਨਾ ਦੀ ਪ੍ਰੇਰਣਾ ਦਿਤੀ ਹੈ। ਦੁਰਗਾ ਨੂੰ ਪੈਦਾ ਕਰਨ ਵਾਲੀ ਵੀ ਇਹੋ ਮੂਲ-ਸ਼ਕਤੀ ਹੀ ਹੈ। ਸਤਿਗੁਰੂ ਨੇ ਸੰਸਾਰ ਬਾਰੇ ਜੋ ਪ੍ਰਤੀਕ ਵਰਤਿਆ ਹੈ, ਉਸ ਵਿੱਚ ਵੀ ਕਮਾਲ ਕਰ ਦਿਖਾਇਆ ਹੈ, ਇਹ ਪ੍ਰਤੀਕ ਬਿਲਕੁਲ ਅਛੂਤਾ, ਬੇਮਿਸਾਲ ਤੇ ਬੇਨਜ਼ੀਰ ਹੈ। ਸੰਸਾਰ ਨੂੰ ਆਪ ਜੀ ਨੇ "ਖੰਡਾ" ਕਿਹਾ ਹੈ।

Namdhari Elibrary NamdhariElibrary@gmail.com

ਸਾਡੇ ਵਿਚਾਰ ਵਿੱਚ ਸੰਸਾਰ ਨੂੰ ਇਸ ਵਾਸਤੇ ਖੰਡਾ ਕਿਹਾ ਗਿਆ ਹੈ ਕਿ ਜਿਵੇਂ ਖੰਡੇ ਦੀਆਂ ਦੋ ਧਾਰਾਂ ਹੁੰਦੀਆਂ ਹਨ। ਠੀਕ ਇਸੇ ਤਰ੍ਹਾਂ ਦੁਨੀਆਂ ਦਾ ਦੋ-ਮੁੱਖੀ ਵਿਹਾਰ ਹੈ। ਜਗ ਕਿਸੇ ਗਲੇ ਵੀ ਰਾਜੀ ਨਹੀਂ ਰਹਿੰਦਾ। ਜਗ ਕੋਇਆ ਦੋ ਧਾਰੀ ਤਲਵਾਰ ਹੈ। ਇਸ ਦੇ ਨਾਲ ਇਹ ਵੀ ਅਰਥ ਜੁੜੇ ਹੋਏ ਜਾਪਦੇ ਹਨ ਕਿ ਜਿਵੇਂ ਤਲਵਾਰ ਦੀ ਧਾਰ ਉੱਪਰ ਟੁਰਨਾ ਬੜਾ ਮੁਸ਼ਕਲ ਹੈ, ਠੀਕ ਤਿਵੇਂ ਹੀ ਸੰਸਾਰ ਵਿੱਚ ਉਮਰ ਵਤੀਤ ਕਰਨਾ ਬਹੁਤ ਕਠਿਨ ਹੈ। ਫੂਕ ਫੂਕ ਕੇ ਕਦਮ ਅੱਗੇ ਵਧਾਉਣਾ ਚਾਹੀਦਾ ਹੈ। ਸਾਹਿਬ ਕਲਗੀਧਰ ਨੇ ਇਸ ਵਿੱਚ ਇਕ ਹੋਰ ਵੀ ਰਹਿਸ ਰਖਿਆ ਜਾਪਦਾ ਹੈ, ਉਹ ਇਹ ਕਿ ਜਿਵੇਂ ਜ਼ਹਿਰ ਦਾ ਇਲਾਜ ਜ਼ਹਿਰ ਹੈ, ਤਿਵੇਂ ਸੰਸਾਰ ਰੂਪੀ ਖੰਡੇ ਦਾ ਟਾਕਰਾ, ਸ਼ਕਤੀ ਰੂਪੀ ਖੰਡੇ ਨਾਲ ਕਰਕੇ ਹੀ ਦਿਨ ਗੁਜ਼ਾਰੇ ਜਾ ਸਕਦੇ ਹਨ, ਵਰਨਾ ਇਹ ਸੰਸਾਰ ਮਨੁੱਖ ਦੇ ਜੀਵਨ ਨੂੰ ਬਹੁਤੇ ਕਸ਼ਟਾਂ ਵਿੱਚ ਪਾ ਦਿੰਦਾ ਹੈ।

ਸੰਸਾਰ ਨੂੰ ਚੌਦਾਂ ਭਵਨਾਂ ਜਾਂ ਨਵਾਂ-ਖੰਡਾ ਉੱਪਰ ਆਧਾਰਤ ਵੀ ਕਿਹਾ ਜਾਂਦਾ ਹੈ। ਹੋ ਸਕਦਾ ਹੈ ਕਿ ਗੁਰੂ ਜੀ ਨੇ ਜਿਥੇ ਇਸ ਸੰਸਾਰ ਨੂੰ ਚਤਰਦਸ ਕਿਹਾ ਹੈ, ਉਥੇ ਖੰਡਾਂ ਤੋਂ ਭਾਵ ਲੈ ਕੇ ਸੰਸਾਰ ਨੂੰ ਨੌ-ਖੰਡਾ ਸੰਸਾਰ ਦੇ ਅਰਥਾਂ ਵਿੱਚ ਲੈ ਲਿਆ ਹੋਵੇ। ਚਾਹੇ ਕੁਝ ਵੀ ਹੋਵੇ ਪਰ "**ਖੰਡਾ**" ਤੋਂ ਭਾਵ ਸੰਸਾਰ ਤੋਂ ਹੀ ਹੈ, ਜਿਸ ਦਾ ਹਰ ਕਾਰਜ ਦੋ ਰੂਪਾਂ ਵਿੱਚ ਵੰਡਿਆ ਹੋਇਆ ਹੈ, ਜਿਵੇਂ ਭਲਾ-ਬੁਰਾ, ਬਦਸੂਰਤ, ਖੂਬ-ਸੂਰਤ, ਗੁਣ-ਅਵਗੁਣ, ਸਚ-ਝੂਠ, ਦਿਨ-ਰਾਤ ਅਤੇ ਚੰਗਾ-ਮੰਦਾ ਆਦਿ। ਗੁਰੂ ਦੇਵ ਦਾ ਇਹ ਪ੍ਰਤੀਕ ਬਿਲਕੁਲ ਅਛੂਤਾ ਹੈ। ਸਾਰੇ ਸੰਸਾਰ ਦੀ ਉਤਪੱਤੀ ਹੀ ਦੋ ਵਿਰੋਧੀ ਪੱਖਾਂ ਉੱਪਰ ਹੀ ਆਧਾਰਤ ਹੈ।

ਯੁੱਧਾਂ ਉੱਪਰ ਇਕ ਪੰਛੀ-ਝਾਤ : ਦੁਰਗਾ ਸਪਤਸ਼ਤੀ ਅਤੇ ਚੰਡੀ ਚਰਿੱਤ੍ਰ ਪਹਿਲੇ ਅਤੇ ਦੂਜੇ ਵਿੱਚ ਯੁੱਧਾਂ ਨੂੰ ਵਿਸਤਾਰ ਨਾਲ ਬਿਆਨਿਆ ਗਿਆ ਹੈ, ਪਰ "ਵਾਰ ਸ੍ਰੀ ਭਗਉਤੀ ਜੀ ਕੀ" ਵਿੱਚ ਸੰਖੇਪਤਾ ਤੋਂ ਕੰਮ ਲਿਆ ਹੈ, ਜਿਸ ਨੂੰ ਕਲਗੀਧਰ ਹੀ ਨਿਭਾ ਸਕੇ ਹਨ, ਤੇ ਵਿਚਾਰ ਲੜੀ ਨੂੰ ਕਿਤੇ ਵੀ ਨਹੀਂ ਟੁੱਟਣ ਦਿੱਤਾ। ਸਾਰੀ ਕਥਾ ਨੂੰ ਸ਼ਬਦ-ਚਿੱਤ੍ਰਾਂ ਤੇ ਹਵਾਲਿਆ ਨਾਲ ਪੂਰਾ ਕਰ ਦਿੱਤਾ ਹੈ। ਪਹਿਲਾ ਯੁੱਧ ਮਹਿਖੇ ਦੈਂਤ ਅਤੇ ਇੰਦਰ ਦਾ ਹੋਇਆ, ਜਿਸ ਵਿੱਚ ਦੇਵਤੇ ਆਪਣੇ ਫੋਕੇ ਅਭਿਮਾਨ ਦੇ ਸਿੱਟੇ ਵਜੋਂ ਹਾਰ ਗਏ ਅਤੇ ਅਮਰਾਵਤੀ ਨੂੰ ਦੈਂਤਾਂ ਦੇ ਹਵਾਲੇ ਕਰਕੇ, ਖ਼ੁਦ ਪਹਾੜਾਂ ਵਿੱਚ ਜਾ ਛੁੱਪੇ। ਮਹਿਖੇ ਨੇ ਅਮਰਾਵਤੀ ਵਿੱਚ ਰਾਜ ਸਥਾਪਤ

Namdhari Elibrary NamdhariElibrary@gmail.com

ਕਰ ਲਿਆ । ਦੇਵਤਿਆਂ ਨੂੰ, ਮੁੜ ਅਮਰਾਵਤੀ ਲੈਣ ਦਾ ਸਾਹਸ ਨਹੀਂ ਹੋਇਆ ਕਿਉਂਕਿ ਉਹਨਾਂ ਦੇ ਦਿਲ ਅਤੇ ਦਿਮਾਗ਼ ਉੱਪਰ ਦੈਂਤਾਂ ਦੇ ਬਲ ਦਾ ਡਰ ਛਾ ਗਿਆ ਸੀ । ਇੰਦਰ ਦੇਵਤਾ, ਇੱਕ ਦਿਨ ਸਹਿਮਿਆ ਹੋਇਆ ਦੁਰਗਾ ਦੀ ਸ਼ਰਣ ਵਿੱਚ ਗਿਆ ਜਦ ਕਿ ਉਹ ਗੰਗਾ ਜੀ ਵਿੱਚ ਅਸ਼ਨਾਨ ਕਰਨ ਆਈ । ਇੰਦਰ ਦੀ ਬਿਪਤਾ ਨੂੰ ਸੁਣਕੇ ਦੁਰਗਾ ਨੇ ਉਸ ਦੀ ਸਹਾਇਤਾ ਕਰਨ ਦਾ ਬਚਨ ਦਿੱਤਾ । ਇਸ ਯੁੱਧ ਬਾਰੇ ਗੁਰੂ ਜੀ ਨੇ ਹਵਾਲੇ ਮਾਤ੍ਰ ਇਸ਼ਾਰਾ ਕਰਕੇ, ਚੰਡੀ ਦੇ ਬਾਕੀ ਯੁੱਧਾਂ ਦੀ ਭੂਮਿਕਾ ਬੰਨ੍ਹ ਦਿੱਤੀ । ਆਪਣੇ ਸਮੇਂ ਦੇ ਪੰਜਾਬੀ-ਵਾਰ ਸਾਹਿਤ ਨੂੰ ਦ੍ਰਿਸ਼ਟੀਕੋਣ ਵਿੱਚ ਰਖਦਿਆਂ, ਵਾਰ ਦਾ ਆਰੰਭ, ਨਾਰਦ ਤੇ ਕਲ ਦੀ ਸ਼ਰਾਰਤ ਉੱਪਰ ਕੀਤਾ ਹੈ, ਪਰ ਬਹੁਤ ਹੀ ਸੰਖੇਪ ਵਿੱਚ ਇਸ ਪਰੰਪਰਾ ਨੂੰ ਪੇਸ਼ ਕੀਤਾ ਹੈ :—

ਸਾਧੂ ਸਤਜੁਗ ਬੀਤਿਆ ਅਧ ਸੀਲੀ ਤ੍ਰੇਤਾ ਆਇਆ ॥
ਨੱਚੀ ਕਲ ਸਰੋਸਰੀ ਕਲ ਨਾਰਦ ਡਉਰੂ ਵਾਇਆ ॥
ਅਭਿਮਾਨ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ ॥
ਜੀਤ ਲੀਏ ਤਿਨ ਦੇਵਤੇ ਤਿਹ ਲੋਕੀ ਰਾਜ ਕਮਾਇਆ ॥
ਵੱਡਾ ਬੀਰ ਅਖਾਇਕੈ ਸਿਰ ਉੱਪਰ ਛਤ੍ਰ ਫਿਰਾਇਆ ॥
ਦਿਤਾ ਇੰਦਰ ਨਿਕਾਲ ਕੇ, ਤਿਨ ਗਿਰ ਕੈਲਾਸ਼ ਤਕਾਇਆ ॥
ਡਰ ਕੇ ਹੱਥੋਂ ਦਾਨਵੀ ਦਿਲ ਅੰਦਰ ਤ੍ਰਾਸ ਵਧਾਇਆ ॥
ਪਾਸ ਦੁਰਗਾ ਦੇ ਇੰਦ੍ਰ ਆਇਆ ॥

ਸਤਿਗੁਰੂ ਇਹ ਭਲੀ ਪ੍ਰਕਾਰ ਜਾਣਦੇ ਸਨ ਕਿ ਨਾਰਦ ਇਕ ਮਹਾਂ ਰਿਸ਼ੀ ਸਨ, ਪਰ ਪੁਰਾਣਕ ਕਥਾਵਾਂ ਅਨੁਸਾਰ ਨਾਰਦ ਚੁਗਲਖੋਰ ਰਿਸ਼ੀ ਸੀ, ਇਸ ਲਈ ਪੰਜਾਬੀ-ਵਾਰ ਲੇਖਕਾਂ ਨੇ ਨਾਰਦ ਤੇ ਕਲ ਦੋ ਕਲਪਤ ਪਾਤ੍ਰ ਬਣਾਏ ਹੋਏ ਸਨ, ਜੋ ਤਮਾਸ਼ਾ ਵੇਖਣ ਲਈ, ਦੋ ਧਿਰਾਂ ਵਿੱਚ ਲੜਾਈ ਕਰਵਾ ਦਿੰਦੇ ਸਨ । ਦੁਰਗਾ ਸਪਤਸ਼ਤੀ ਅਤੇ ਚੰਡੀ-ਚਰਿੱਤ੍ਰ ਵਿੱਚ ਨਾਰਦ-ਕਲ ਵਾਲੀ ਤਕਨੀਕ ਨਹੀਂ ਵਰਤੀ ਹੋਈ ਸੀ । ਚੂੰਕਿ ਗੁਰੂ ਜੀ ਨੇ "ਵਾਰ ਸ੍ਰੀ ਭਗਉਤੀ ਜੀ ਕੀ" ਨੂੰ ਮੌਲਿਕਤਾ ਬਖਸ਼ਣ ਲਈ ਅਤੇ ਸਮਾਜਕ ਅਤੇ ਧਾਰਮਿਕ ਸੁਧਾਰ ਲਈ, ਪ੍ਰਯੋਗ ਕਰਨਾ ਸੀ, ਇਸ ਲਈ "ਨਾਰਦ ਤੇ ਕਲ" ਦੇ ਪਰੰਪਰਾ ਗਤ ਹਵਾਲੇ ਨਾਲ ਦੇਵਤਿਆਂ ਅਤੇ ਦੈਂਤਾਂ ਦੇ ਯੁੱਧ ਦਾ ਆਰੰਭ ਕੀਤਾ ਹੈ।

Namdhari Elibrary NamdhariElibrary@gmail.com

ਦੂਜਾ ਯੁੱਧ ਦੁਰਗਾ ਅਤੇ ਮਹਿਖੇ ਦੇ ਦਰਮਿਆਨ ਹੁੰਦਾ ਹੈ। ਮਹਿਖਾ ਬੜਾ ਬਲਵਾਨ ਹੈ। ਉਹ ਦੁਰਗਾ ਨੂੰ ਤੁੱਛ ਸਮਝਦਾ ਹੈ। ਦੁਰਗਾ ਨੇ ਆਪਣੇ ਉਹੋ ਦੈਂਤ-ਭਖਣਾ ਸ਼ੇਰ ਮੰਗਵਾਇਆ ਤੇ ਉਸ ਉੱਪਰ ਸਵਾਰ ਹੋ ਕੇ ਰਣ-ਭੂਮੀ ਵਲ ਚਲ ਪਈ। "ਦੈਂਤ-ਭਖਣੇ" ਸ਼ੇਰ ਤੋਂ ਗੁਰੂ ਜੀ ਨੇ ਸੰਕੇਤ ਕੀਤਾ ਹੈ ਕਿ ਚੰਡੀ ਨੂੰ ਇਸ ਤੋਂ ਪਹਿਲੋਂ ਵੀ ਦੈਂਤਾਂ ਨਾਲ ਯੁੱਧ ਕਰਨੇ ਪਏ ਸਨ, ਜਿਨ੍ਹਾਂ ਨੂੰ ਇਸ ਸ਼ੇਰ ਨੇ ਵੀ ਮਾਰਿਆ ਸੀ। ਦੁਰਗਾ ਦੀ ਦੈਂਤਾਂ ਨਾਲ ਇਹ ਪਹਿਲੀ ਲੜਾਈ ਨਹੀਂ ਸੀ। ਦੁਰਗਾ ਨੂੰ ਦੇਖ ਕੇ ਦੈਂਤਾਂ ਨੂੰ ਲੜਾਈ ਕਰਨ ਲਈ ਸਫ਼-ਬੰਦੀ ਕੀਤੀ ਅਤੇ ਜੰਗੀ ਢੋਲ-ਨਗਾਰੇ ਆਦਿ ਵਜਾਏ। ਲਹੂ-ਡੋਹਲਵੀ ਲੜਾਈ ਸ਼ੁਰੂ ਹੋਈ। ਦੁਰਗਾ ਨੇ ਚੁਣ-ਚੁਣ ਕੇ ਦੈਂਤ ਮਾਰਨੇ ਸ਼ੁਰੂ ਕੀਤੇ, ਅਤੇ ਪਲਾਂ ਵਿੱਚ ਦੈਂਤਾਂ ਨੂੰ ਮਾਰ ਮੁਕਾਇਆ ਦੁਰਗਾ ਦੀ ਬਰਛੀ ਦੇ ਸਿਰੇ ਉੱਪਰ ਦੈਂਤਾਂ ਦੇ ਸਿਰ ਇਸ ਤਰ੍ਹਾਂ ਲਟਕੇ ਹੋਏ ਸਨ, ਮਾਨੋਂ ਔਲਿਆਂ ਦੇ ਦਰਖਤ ਦੀ ਇਕ ਟਾਹਣੀ ਨਾਲ ਜਿਸ ਤਰ੍ਹਾਂ ਔਲੇ ਚਿਮਟੇ ਹੁੰਦੇ ਹਨ। ਦੈਂਤ ਰਣ-ਖੇਤ ਵਿੱਚ ਇਸ ਤਰ੍ਹਾਂ ਏਧਰ ਓਧਰ ਪਏ ਹੋਏ ਸਨ, ਜਿਵੇਂ ਉਹਨਾਂ ਨੂੰ ਖੜਪਾ ਸਪ ਡੱਸ ਗਿਆ ਹੋਵੇ, ਜਾਂ ਵੱਡੇ ਵੱਡੇ ਕਦਾਵਰ ਦੈਂਤ ਭੁੰਞੇ ਉਪਰ ਲੇਟੇ ਹੋਏ ਇਸ ਤ੍ਹਾਂ ਜਾਪਦੇ ਸਨ, ਜਿਵੇਂ ਬਿਜਲੀ ਨੇ ਉਚੇ ਮੁਨਾਰੇ ਢਾ ਸੁਟੇ ਹੋਣ। ਯੁੱਧ ਬੜੇ ਘਮਸਾਣ ਦਾ ਹੋਇਆ। ਇਸ ਯੁੱਧ ਵਿੱਚ ਤੇਗ਼ਾਂ, ਤਲਵਾਰਾਂ, ਬਰਛੀਆਂ, ਜਿਰਾ-ਬਖ਼ਤਰ, ਤੀਰ, ਜੰਬਰ, ਖੜਗ, ਕ੍ਰਿਪਾਣ ਆਦਿ ਹਥਿਆਰਾਂ ਦਾ ਪ੍ਰਯੋਗ ਹੋਇਆ ਹੈ ਆਖ਼ਰ ਦੇਵੀ ਅਤੇ ਮਹਿਖੇ ਦੈਂਤ ਦਾ ਯੁੱਧ ਹੁੰਦਾ ਹੈ। ਮਹਿਖਾ ਬਕਵਾਸ ਤੇ ਬਹੁਤ ਕਰਦਾ ਹੈ, ਵਧ-ਵਧ ਕੇ ਹਥਿਆਰ ਚਲਾਉਂਦਾ ਹੈ, ਪਰ ਦੁਰਗਾ ਉਸ ਦੀ ਕੋਈ ਪੇਸ਼ ਨਹੀਂ ਜਾਣ ਦਿੰਦੀ, ਅਤੇ ਆਖ਼ਰ ਉਸ ਨੂੰ ਮਾਰ ਮੁਕਾਉਂਦੀ ਹੈ ਅਤੇ ਬਾਕੀ ਦੈਂਤਾਂ ਨੂੰ ਇਸ ਤਰ੍ਹਾਂ ਮਾਰਦੀ ਹੈ ਕਿ ਉਹਨਾਂ ਦੇ ਸ਼ਰੀਰ ਵਿਚੋਂ ਪਰਨਾਲਿਆ ਮੂੰਹੀ ਲਹੂ ਵਗਣ ਲਗ ਜਾਂਦਾ ਹੈ। ਯੁੱਧ ਦਾ ਚਿੱਤ੍ਰਣ ਕਮਾਲ ਦਰਜੇ ਦਾ ਹੈ, ਪਰ ਹੈ ਇਸ ਵਿੱਚ ਯਥਾਰਥ, ਇਤਿਹਾਸਕ ਯੁੱਧ ਦਾ ਕੋਈ ਚਿੱਤ੍ਰ ਇਸ ਵਿੱਚ ਨਹੀਂ ਖਿਚਿਆ ਗਿਆ, ਜਦ ਕਿ ਦੁਰਗਾ ਸਪਤਸ਼ਤੀ ਵਿੱਚ ਮਹਿਖੇ ਨੇ ਯੁੱਧ ਜਿੱਤਣ ਲਈ ਕਈ ਰੂਪ ਭਰੇ ਸਨ, ਕਈ ਜਾਦੂਗਰੀਆਂ ਕੀਤੀਆਂ। ਕਲਗੀਧਰ ਨੇ ਮਹਿਖੇ ਅਤੇ ਚੰਡੀ ਦੇ ਯੁੱਧ ਨੂੰ ਵਾਸਤਵਿਕਤਾ ਤੇ ਯਥਾਰਥ ਦੇ ਰੂਪ ਵਿੱਚ ਪੇਸ਼ ਕੀਤਾ ਹੈ, ਅਤੇ ਹਥਿਆਰ ਵੀ ਉਹ ਇਸਤੇਮਾਲ ਕਰਵਾਏ ਹਨ ਜੋ ਆਪ ਜੀ ਦੇ ਸਮੇਂ ਭਾਰਤ ਦੇ ਯੁੱਧਾਂ ਵਿੱਚ

Namdhari Elibrary NamdhariElibrary@gmail.com

ਵਰਤੇ ਗਏ ਸਨ, ਜਾਂ ਵਰਤੀਦੇ ਸਨ। ਦੁਰਗਾ ਨੇ ਮਹਿਖੇ ਨੂੰ ਕਿਸੇ ਕਰਾਮਾਤ ਜਾਂ ਦੈਵੀ ਸਕਤੀ ਨਾਲ ਨਹੀਂ ਮਾਰਿਆ, ਸਗੋਂ ਆਪਣੇ ਪੂਰੇ ਬਲ ਅਤੇ ਯੁੱਧ-ਕੌਸ਼ਲਤਾ ਦੇ ਆਧਾਰ ਉੱਪਰ ਉਸ ਨੂੰ ਖਤਮ ਕੀਤਾ ਹੈ। ਇਸ ਯੁੱਧ ਤੋਂ ਸਾਫ ਪ੍ਰੇਰਣਾ ਮਿਲਦੀ ਹੈ ਕਿ ਦੁਸ਼ਮਣ ਨੂੰ ਟਾਕਰਾ ਕਰਕੇ ਮਾਰਿਆ ਜਾ ਸਕਦਾ ਹੈ, ਕਿਸੇ ਜਾਦੂ, ਫਰੇਬ ਜਾਂ ਕਰਮਾਤ ਦੀ ਜ਼ਰੂਰਤ ਨਹੀਂ ਹੁੰਦੀ। ਇਸ ਯੁੱਧ ਤੋਂ ਭਾਰਤ ਵਾਸੀਆਂ ਨੂੰ ਪ੍ਰੇਰਣਾ ਦਿੱਤੀ ਗਈ ਕਿ ਉਹ ਵੀ ਜ਼ਾਲਮ ਸ਼ਾਸਕ ਵਰਗ ਦਾ ਮੁਕਾਬਲਾ ਕਰਕੇ ਆਪਣਾ ਖੋਹਿਆ ਹੋਇਆ ਰਾਜ ਵਾਪਸ ਲੈਣਾ ਸੀ ਜਿਵੇਂ ਦੇਵੀ ਨੇ ਮਹਿਖੇ ਦੀ ਮੌਤ ਮਗਰੋਂ ਇੰਦਰ ਨੂੰ ਰਾਜ ਦਿੱਤਾ ਅਤੇ ਆਪ ਫੇਰ ਲੋਪ ਹੋ ਗਈ। ਦੇਵੀ ਦੇ ਇਸ ਅਮਲ ਤੋਂ ਉਸ ਦੀ ਬਹਾਦਰੀ, ਦਲੇਰੀ ਅਤੇ ਨਿਸ਼ਕਾਮਤਾ ਪ੍ਰਗਟ ਹੁੰਦੀ ਹੈ।

ਜੋਧੇ ਵਡੇ ਮੁਨਾਰੇ ਜਾਪਣ ਖੇਤ ਵਿਚਿ ॥
ਦੁਰਗਾ ਸਭ ਸੰਘਾਰੇ ਰਾਕਸਿ ਖੜਗ ਲੈ ॥
ਚੰਦਲ ਜਿਉ ਮਹਿਖਾਸੁਰ ਰਣ ਵਿਚਿ ਗਜਿਆ ॥
ਇੰਦ੍ਰ ਜਿਹਾ ਜੋਧਾ ਮੈਥਉ ਭਜਿਆ ॥
ਕਉਣ ਵਿਚਾਰੀ ਦੁਰਗਾ ਜਿਨ ਰਣ ਸਜਿਆ ॥
ਨੇੜੈ ਚਲਿਆ ਸੂਰਮੇ ਨਾਲਿ ਵਡੇ ਹਜਾਰੀ ॥
ਉਮਲ ਲੱਥੇ ਸੂਰਮੇ ਮਾਰ ਮਚੀ ਕਰਾਰੀ ॥
ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ ॥
ਚੰਡੀ ਰਾਕਸਿ ਖਾਣੀ ਵਾਹੀ ਦੈਤ ਨੂੰ ॥
ਰਣ ਵਿਚ ਘਤੀ ਘਾਣੀ ਲੋਹੂ ਮਿਝ ਦੀ ॥
ਚਾਰੇ ਜੁਗ ਕਹਾਣੀ ਚੱਲਗ ਤੇਗ ਦੀ ॥
ਇਤ ਮਹਖਾਸੁਰ ਦੈਤ ਮਾਰੇ ਦੁਰਗਾ ਆਇਆ ॥
ਚਉਦਹ ਲੋਕਾਂ ਰਾਣੀ ਸਿੰਘ ਨਚਾਇਆ ॥
ਹੋਈ ਅਲੋਪ ਭਵਾਨੀ ਦੇਵਾ ਨੂੰ ਰਾਜੁ ਦੇ ॥

ਇੰਦਰ ਪੁਰੀ ਆਜ਼ਾਦੀ ਨਾਲ ਅਮਰਾਪੁਰੀ ਉੱਪਰ ਰਾਜ ਕਰਦਾ ਰਿਹਾ। ਕਰਨਾ ਪ੍ਰਮਾਤਮਾ ਦਾ ਐਸਾ ਹੋਇਆ ਕਿ ਸ਼ਿਵਜੀ ਦੇ ਵਰਦਾਨ ਕਾਰਨ ਹੋਰ ਦੋ ਵੱਡੇ ਸੂਰਮਿਆਂ ਦੈਂਤਾਂ, ਸੁੰਭ ਤੇ ਨਿਸੁੰਭ ਦਾ ਜਨਮ ਹੋਇਆ। ਉਹ ਬੜੇ ਹੀ ਬਲਵਾਨ ਦੈਂਤ

Namdhari Elibrary NamdhariElibrary@gmail.com

ਸਨ। ਉਹਨਾਂ ਦੇ ਮਹਿਖੇ ਦਾ ਬਦਲਾ ਲੈਣ ਲਈ ਤੇ ਅਮਰਾਵਤੀ ਦਾ ਰਾਜ ਹਾਸਲ ਕਰਨ ਲਈ ਚੜ੍ਹਾਈ ਕਰ ਦਿੱਤੀ। ਇਹ ਤੀਜਾ ਯੁੱਧ ਹੈ। ਸੁੰਭ-ਨਿਸੁੰਭ ਇਤਨੇ ਤਾਕਤਵਰ ਸਨ ਕਿ ਜਿਨਾਂ ਨੇ ਥੋੜੇ ਜਿਹੇ ਯੁੱਧ ਕਰਨ ਨਾਲ ਦੇਵਤਿਆਂ ਨੂੰ ਜਿੱਤ ਲਿਆ ਤੇ ਅਮਰਾਵਤੀ ਵਿਚੋਂ ਕੱਢ ਦਿੱਤਾ। ਉਹ ਵਿਚਾਰੇ ਮੁੜ ਦੁਰਗਾ ਦੀ ਸ਼ਰਨ ਵਿੱਚ ਗਏ ਅਤੇ ਚੰਡੀ ਰਾਕਸ਼ਾਂ ਉੱਪਰ ਚੜ੍ਹਾ ਲੈ ਆਏ। ਸੁੰਭ-ਨਿਸੁੰਭ ਨੇ ਜੰਗੀ ਮਸ਼ੀਰ ਬੁਲਾਏ ਅਤੇ ਮਸ਼ਵਰਾਂ ਕਰਕੇ ਆਪਣੇ ਮਹਾਬਲੀ, ਪ੍ਰਾਕ੍ਰਮੀ **ਧੂਮਰ ਲੋਚਨ,** ਸੈਨਾਪਤੀ ਨੂੰ, ਅਪਾਰ ਸੈਨਾ ਦੇ ਕੇ ਦੁਰਗਾ ਨੂੰ ਫੜ ਕੇ ਲਿਆਉਣ ਲਈ ਭੇਜਿਆ। ਇਸ ਲੜਾਈ ਨਾਲ ਚੌਥੇ ਯੁੱਧ ਦਾ ਆਰੰਭ ਹੋ ਜਾਂਦਾ ਹੈ। ਦੇਵਤਿਆਂ ਤੇ ਦੈਂਤਾਂ ਦਾ ਯੁੱਧ ਵੀ ਯਥਾਰਥ ਦੇ ਨੇੜੇ ਹੈ. ਇਸ ਵਿੱਚ ਮਿਥਿਹਾਸਕ ਯੁੱਧ ਦੇ ਚਿੰਨ੍ਹ ਨਹੀਂ ਸਗੋਂ ਵਾਸਤਵਿਕਤਾ ਦਾ ਪ੍ਰਦਰਸ਼ਨ ਕੀਤਾ ਗਿਆ ਹੈ, ਜਿਸ ਦਾ ਅਸਰ ਦੇਸ਼ ਵਾਸੀਆਂ ਉੱਪਰ ਸਿੱਧੇ ਤੌਰ ਤੇ ਪੈ ਸਕਦਾ ਹੈ। ਏਥੇ ਇਕ ਘਟਨਾ ਤੋਂ ਜ਼ਰੂਰ ਕਰਾਮਾਤ ਜਾਂ ਮਿਥਿਹਾਸ ਦੀ ਖ਼ੁਸ਼ਬੂ ਆ ਜਾਂਦੀ ਹੈ. ਉਹ ਹੈ ਸ਼ਿਵਜੀ ਦਾ ਵਰ, ਜਿਸ ਦੇ ਸਿੱਟੇ ਵਜੋਂ ਜ਼ਾਲਮ ਤੇ ਅਤਿਆਚਾਰੀ ਸੁੰਭ-ਨਿਸੁੰਭ ਦਾ ਜਨਮ ਹੋਣਾ, ਬਾਕੀ ਸਾਰਾ ਵਾਕਿਆ ਯਥਾਰਥ ਦੇ ਨੇੜੇ ਹੈ :—

ਦਾਨੋ ਦੇਉ ਅਨਾਗੀ ਸੰਘਰੁ ਰਚਿਆ ॥
ਫੁਲ ਖਿੜੇ ਜਣ ਬਾਗੀ ਬਾਣੇ ਜੋਧਿਆਂ ॥
ਸਟ ਪਈ ਨਗਾਰੇ ਦਲਾਂ ਮੁਕਾਬਲਾ ॥
ਦਿਤੇ ਦੇਉ ਭਜਾਈ ਮਿਲਿ ਕੈ ਰਾਕਸੀ ॥
ਲੋਕੀ ਤਿਹੀ ਫਿਰਾਈ ਦੋਹੀ ਆਪਣੀ ॥
ਦੁਰਗਾ ਦੀ ਸਾਮ ਤਕਾਈ ਦੇਵਾਂ ਡਰਦਿਆਂ ॥
ਆਈ ਫੇਰ ਭਵਾਨੀ ਖਬਰੀ ਪਾਈਆਂ ॥
ਦੈਤ ਵਡੇ ਅਭਿਮਾਨੀ ਹੋਏ ਏਕਠੇ ॥
ਲੋਚਨ ਧੂਮ ਗੁਮਾਨੀ ਰਾਇ ਬੁਲਾਇਆ ॥
ਜਗ ਵਿੱਚ ਵਡਾ ਦਾਨੋ ਆਪ ਕਹਾਇਆ ॥
ਸਟ ਪਈ ਖਰਚਾਮੀ ਦੁਰਗਾ ਲਿਆਵਣੀ ॥

ਚੰਡੀ ਦਾ ਦੂਜਾ ਯੁੱਧ ਧੂਮਰ ਲੋਚਨ ਨਾਲ ਹੁੰਦਾ ਹੈ। ਇਸ ਯੁੱਧ ਵਿੱਚ ਚੰਡੀ ਖੱਬੇ

Namdhari Elibrary NamdhariElibrary@gmail.com

ਹੱਥ ਨਾਲ ਤਲਵਾਰ ਚਲਾਉਂਦੀ ਹੈ ਤੇ ਰਾਕਸ਼ਾਂ ਦੇ ਆਹੂ ਲਾਹੁੰਦੀ ਹੈ। ਇਸ ਤੋਂ ਇਹ ਭਾਵ ਹੈ ਕਿ ਚੰਡੀ ਸਜੇ ਹੱਥ ਅਤੇ ਖਬੇ ਹੱਥ ਦੋਹਾਂ ਨਾਲ ਤਲਵਾਰ ਚਲਾਉਣ ਦੀ ਮਾਹਰ ਹੈ। ਦੁਰਗਾ ਇਤਨੀ ਜ਼ਬਰਦਸਤ ਮਾਰ ਕਰਦੀ ਹੈ ਕਿ ਰਾਕਸ਼ ਹੈਰਾਨ ਤੇ ਪਰੇਸ਼ਾਨ ਹੋ ਜਾਂਦੇ ਹਨ, ਅੰਨ੍ਹੀ ਮਚ ਜਾਂਦੀ ਹੈ ਤੇ ਉਹ ਆਪਸ ਵਿੱਚ ਹੀ ਲੜ ਮਰਦੇ ਹਨ, ਕਿਉਂਕਿ ਉਹ ਇਕ ਦੂਸਰੇ ਨੂੰ ਦੁਰਗਾ ਸਮਝ ਕੇ ਖ਼ੁਦ ਆਪਣੀ ਫ਼ੌਜ ਦੇ ਸਿਪਾਹੀਆਂ ਨੂੰ ਮਾਰੀ ਜਾਂਦੇ ਹਨ। ਇਸ ਘਟਨਾ ਵਿੱਚ ਹੈ ਤੇ ਵਾਸਤਵਿਕਤਾ ਹੀ ਪਰ ਮਿਥਿਹਾਸ ਜਾਂ ਕਰਾਮਾਤ ਦਾ ਆਭਾਸ ਜ਼ਰੂਰ ਹੋ ਜਾਂਦਾ ਹੈ। ਗੁਰੂਦੇਵ ਇਸ ਲੜਾਈ ਨੂੰ ਵੀ ਯਥਾਰਥ ਦੇ ਨੇੜੇ ਹੀ ਰਖਦੇ ਹਨ। ਦੇਵੀ ਫ਼ੌਜਾਂ ਦੇ ਘਾਣ ਲਾਹ ਕੇ ਆਖ਼ਰ ਧੂਮਰ ਲੋਚਨ ਨੂੰ ਵੀ ਮੌਤ ਦੇ ਘਾਟ ਉਤਾਰ ਦਿੰਦੀ ਹੈ। ਬਚੇ ਖੁਚੇ ਦੈਂਤ ਸੁੰਭ ਨੂੰ ਇਸ ਭਿਆਨਕ ਲੜਾਈ ਤੇ ਸੈਨਾਪਤੀ ਦੀ ਮੌਤ ਬਾਰੇ ਦਸਦੇ ਹਨ, ਜਿਸ ਨੂੰ ਸੁਣ ਕੇ ਸੁੰਭ ਕੰਬ ਉਠਦਾ ਹੈ, ਗੁੱਸੇ ਵਿੱਚ ਲਾਲ ਪੀਲਾ ਹੋ ਕੇ ਆਪਣੇ ਕਿਸੇ ਦੂਜੇ ਸੈਨਾਪਤੀ ਨੂੰ ਦੁਰਗਾ ਦਾ ਟਾਕਰਾ ਕਰਨ ਲਈ ਭੇਜਦਾ ਹੈ। ਵਾਰ ਵਿੱਚ ਆਏ ਯੁੱਧਾਂ ਵਿੱਚ ਇਹ ਚੌਥਾ ਯੁੱਧ ਹੈ-ਭਾਵ ਧੂਮਰ ਲੋਚਨ ਦਾ ਯੁੱਧ ਚੌਥਾ ਯੁੱਧ ਹੈ, ਦੇਵੀ ਨਾਲ ਭਾਵੇਂ ਦੂਜਾ ਯੁੱਧ ਹੀ ਹੈ।

ਕੜਕ ਉਠੀ ਰਣਚੰਡੀ ਫਉਜਾਂ ਦੇਖ ਕੈ ॥
ਧੂਹਿ ਮਿਆਨੋ ਖੰਡਾ ਹੋਈ ਸਾਹਮਣੇ ॥
ਸਭੇ ਬੀਰ ਸੰਘਾਰੇ ਧੂਮਰ ਨੈਣ ਦੇ ॥
ਖਬੇ ਦਸਤ ਨਚਾਈ ਸੀਹਣ ਸਾਰ ਦੀ ॥
ਬਹੁਤਿਆਂ ਦੇ ਤਨ ਲਾਈ ਕੀਤੀ ਰੰਗੁਲੀ ॥
ਭਾਈਆਂ ਮਾਰਨ ਭਾਈ ਦੁਰਗਾ ਜਾਣ ਕੈ ॥
ਜਮ ਪੁਰ ਦੀਆ ਪਠਾਈ ਲੋਚਨ ਧੂਮ ਨੋ ॥
ਭੰਨੇ ਦੈਤ ਪੁਕਾਰੇ ਰਾਜੇ ਸੁੰਭ ਥੈ ॥

ਰਾਜੇ ਸੁੰਭ ਨੇ ਰਾਕਸ਼ਾਂ ਨੂੰ ਜੰਗੀ ਮਸ਼ਵਰਾ ਕਰਨ ਲਈ ਬੁਲਾਇਆ ਅਤੇ ਦੁਰਗਾ ਨੂੰ ਜੀਉਂਦੀ ਫੜ ਕੇ ਲਿਆਉਣ ਦਾ ਮਤਾ ਪਕਾਇਆ। ਚੰਡ ਅਤੇ ਮੁੰਡ ਨੂੰ ਸੈਨਾਪਤੀ ਥਾਪ ਕੇ ਅਪਾਰ ਸੈਨਾ ਸਹਿਤ, ਦੁਰਗਾ ਨੂੰ ਮਾਰ ਕੇ ਜਾਂ ਜੀਉਂਦੀ ਫੜ ਕੇ ਲਿਆ-

Namdhari Elibrary NamdhariElibrary@gmail.com

ਉਣ ਲਈ ਹੁਕਮ ਦਿੱਤਾ। ਚੰਡ ਤੇ ਮੁੰਡ ਨੇ ਬੜੀ ਸਖ਼ਤ ਲੜਾਈ ਲੜੀ, ਪਰ ਦੇਵੀ ਅੱਗੇ ਕੋਈ ਪੇਸ਼ ਨਾ ਗਈ। ਇਸ ਤੀਸਰੇ ਯੁੱਧ ਵਿੱਚ ਚੰਡੀ ਨੇ ਧਨੁਖ ਦਾ ਪ੍ਰਯੋਗ ਕੀਤਾ ਹੈ ਅਤੇ ਤੀਰ ਇਸ ਤਰ੍ਹਾਂ ਚਲਾਏ ਕਿ ਰਾਕਸ਼, ਜੋ ਵੀ ਸਾਹਮਣੇ ਆਇਆ ਜੀਉਂਦਾ ਨਹੀਂ ਰਿਹਾ। ਚੰਡ-ਮੁੰਡ ਨੂੰ ਦੇਵੀ ਨੇ ਮਾਰ ਮੁਕਾਇਆ ਬਚੇ ਖੁਚੇ ਦੈਂਤਾਂ ਨੇ ਸੁੰਭ ਨੂੰ ਭੈੜੀ ਖ਼ਬਰ ਪਹੁੰਚਾਈ, ਜੋ ਸੁਣਕੇ ਹੱਕਾ-ਬੱਕਾ ਰਹਿ ਗਿਆ ਤੇ ਅਗਲੇ ਯੁੱਧ ਬਾਰੇ ਸੋਚਣ ਲਗਾ। ਚੰਡ ਅਤੇ ਮੁੰਡ ਨੂੰ ਮਾਰਣ ਕਰਕੇ ਦੇਵੀ ਨੂੰ ਜਨਤਾ ਵਲੋਂ **ਚੰਡੀ ਜਾਂ ਚਾਮੁੰਡਾ** ਦੀ ਉਪਾਧੀ (ਖ਼ਿਤਾਬ) ਮਿਲਿਆ।

ਬਹੁਤੇ ਮਾਰਿ ਗਿਰਾਏ ਅੰਦਰ ਖੇਤ ਦੇ ॥
ਡੀਗੀ ਛਹਬਰਿ ਲਾਏ ਏਨੀ ਦੇਵਤਾ ॥
ਤਣਿ ਤਣਿ ਤੀਰ ਚਲਾਏ ਦੁਰਗਾ ਧਨਖ ਲੈ ॥
ਜਿਨੀ ਦਸਤ ਉਠਾਏ ਰਹੇ ਨ ਜੀਵਦੇ ॥
ਚੰਡ ਅਰ ਮੁੰਡ ਖਪਾਏ ਦੋਨੋਂ ਦੇਵਤੇ ॥
ਸੁੰਭ ਨਿਸੁੰਭ ਰਿਸਾਏ ਮਾਰੇ ਦੈਤ ਸੁਣ ॥
ਜੋਧੇ ਸਭ ਬੁਲਾਏ ਆਪਣੇ ਮਜਲਸੀ ॥

ਸੁੰਭ ਨੇ ਹੁਣ ਮਹਾਂਬਲੀ ਰਾਕਸ ਸ੍ਰਣਵਤ ਬੀਜ ਨੂੰ ਚੰਡੀ ਨਾਲ ਚੌਥਾ ਯੁੱਧ ਕਰਨ ਲਈ ਭੇਜਿਆ। ਸ੍ਰਣਵਤ ਬੀਜ ਨੂੰ ਵਰ ਮਿਲਿਆ ਹੋਇਆ ਸੀ ਕਿ ਉਸ ਦੇ ਸਰੀਰ ਵਿਚੋਂ ਜੋ ਲਹੂ ਦੀ ਬੂੰਦ ਜ਼ਮੀਨ ਉੱਪਰ ਗਿਰੇਗੀ। ਉਹ ਸ੍ਰਣਵਤ ਦਾ ਰੂਪ ਧਾਰਨ ਕਰ ਲਵੇਗੀ। ਚੰਡੀ ਤੇ ਸ੍ਰਣਵਤ ਬੀਜ ਦਾ ਯੁੱਧ ਹੋਣਾ ਸ਼ੁਰੂ ਹੋਇਆ। ਦੁਰਗਾ ਨੇ ਇਸ ਯੁੱਧ ਵਿੱਚ ਪਹਿਲੋਂ **ਗਦਾ-ਯੁੱਧ** (ਗੁਰਜ) ਸ਼ੁਰੂ ਕੀਤਾ ਤੇ ਦੈਂਤਾਂ ਦੇ ਘਾਣ ਲਾਹ ਦਿੱਤੇ। ਪੂਰੇ ਜੋਸ਼ ਵਿੱਚ ਆ ਕੇ ਜਦ ਸ੍ਰਣਵਤ ਨੂੰ ਮਾਰਨ ਦਾ ਉਪਰਾਲਾ ਦੇਵੀ ਨੇ ਕੀਤਾ ਤੇ ਉਸ ਦੇ ਖੋਪੜੇ ਨੂੰ ਤਲਵਾਰ ਨਾਲ ਉੱਤਾ ਦਿੱਤਾ, ਤਦ ਉਸ ਦੇ ਸਰੀਰ ਵਿਚੋਂ ਲਹੂ ਦੀਆਂ ਬੇਸ਼ੁਮਾਰ ਬੂੰਦਾਂ ਪ੍ਰਿਥਵੀ ਉੱਪਰ ਡਿਗਿਆਂ ਉਹਨੇ ਹੀ ਹੋਰ ਸ੍ਰਣਵਤ ਬੀਜ ਉਠ ਖੜੇ ਹੋਏ ਤੇ ਦੇਵੀ ਨਾਲ ਲੜਨ ਲਗ ਪਏ। ਇਹ ਦੇਖ ਕੇ ਦੇਵੀ ਨੇ ਪੈਂਤੜਾ ਬਦਲਿਆ ਅਤੇ ਆਪਣੀ ਸਹਾਇਕ ਦੇਵੀ **ਕਾਲਿਕਾ** ਨੂੰ ਪੈਦਾ ਕੀਤਾ, ਜਿਸ ਦੇ ਨਾਲ ਅਨੇਕਾਂ ਹੋਰ ਜੋਗਣੀਆ ਖੱਪਰ ਫੜੀ ਆ ਗਈਆਂ। ਚੰਡੀ

Namdhari Elibrary NamdhariElibrary@gmail.com

ਸ੍ਰਣਵਤ ਬੀਜ ਰੂਪੀ ਰਾਖਸ਼ਾ ਨੂੰ ਤਲਵਾਰ ਨਾਲ ਵੱਢ ਰਹੀ ਸੀ ਤੇ ਜੋ ਲਹੂ-ਬੂੰਦਾਂ ਉਹਨਾਂ ਦੇ ਸ਼ਰੀਰ ਤੋਂ ਡਿਗਦੀਆਂ ਸਨ, ਉਹਨਾਂ ਨੂੰ ਜ਼ਮੀਨ ਉੱਪਰ ਡਿਗਣ ਤੋਂ ਪਹਿਲੋਂ ਕਾਲਿਕਾ ਤੇ ਉਸਦੀਆਂ ਜੋਗਣੀਆਂ, ਖੱਪਰ ਵਿੱਚ ਲੈ ਕੇ ਪੀ ਜਾਂਦੀਆਂ ਸਨ। ਇਸ ਤਰ੍ਹਾਂ ਸ੍ਰਣਵਤ ਤੇ ਉਸ ਦੀ ਫ਼ੌਜ ਖ਼ਤਮ ਹੋ ਗਈ। ਭਗੌੜੇ ਰਾਖਸ਼ ਸੁੰਭ ਪਾਸ ਆਏ ਤੇ ਇਸ ਯੁੱਧ ਬਾਰੇ ਤੇ ਸ੍ਰਣਵਤ ਬੀਜ ਦੀ ਮੌਤ ਬਾਰੇ ਖਬਰ ਦਿੱਤੀ ਜਿਸ ਨੂੰ ਸੁਣ ਕੇ ਸੁੰਭ ਹੈਰਾਨ ਰਹਿ ਗਿਆ ਤੇ ਅਗਲੇ ਯੁੱਧ ਬਾਰੇ ਮਸ਼ਵਰਾ ਪਕਾਉਣਾ ਸ਼ੁਰੂ ਕੀਤਾ।

ਸ੍ਰਣਵਤ ਅਤੇ ਚੰਡੀ ਦੇ ਯੁੱਧ ਵਿੱਚ ਚਮਤਕਾਰ, ਮੁਅਜਜ਼ਾ ਤੇ ਕਰਾਮਾਤ ਦਾ ਪੱਖ ਉਘੜਿਆ ਹੈ, ਕਿਉਂਕਿ ਲਹੂ-ਬੂੰਦ ਦਾ ਜ਼ਮੀਨ ਉੱਪਰ ਡਿੱਗਣ ਨਾਲ, ਸ੍ਰਣਵਤ ਦਾ ਹੂ-ਬਹੂ ਸ਼ਕਲ ਵਿੱਚ ਉਠ ਖੜੇ ਹੋਣਾ, ਕਰਾਮਾਤ ਹੀ ਤੇ ਹੈ। ਚੰਡੀ ਦਾ ਕਾਲਿਕਾ ਨੂੰ ਪੈਦਾ ਕਰਨਾ ਚਮਤਕਾਰ ਹੀ ਤੇ ਹੈ। ਕੇਵਲ "ਚੰਡੀ ਦੀ ਵਾਰ" ਵਿੱਚ ਇਹੋ ਯੁੱਧ ਐਸਾ ਹੈ, ਜਿਸ ਵਿੱਚ ਕਰਾਮਾਤ ਦਾ ਸਹਾਰਾ ਲਿਆ ਗਿਆ, ਪਰ ਯਥਾਰਥ ਨੂੰ ਵੀ ਨਹੀਂ ਛੱਡਿਆ ਗਿਆ ਹੈ। ਯੁੱਧ ਠੀਕ ਯੁੱਧ ਦੇ ਰੂਪ ਵਿਚ ਹੀ ਹੋਇਆ ਹੈ। ਚੂੰਕਿ ਗੁਰੂ ਜੀ ਦੇ ਸਮੇਂ ਬਹੁਤ ਸਾਰੀ ਜਨਤਾ ਮਿਥਿਹਾਸ ਨਾਲ ਕਾਫ਼ੀ ਲਗਾਵ ਰਖਦੀ ਸੀ, ਇਸ ਲਈ ਗੁਰੂ ਜੀ ਨੇ ਅਲੰਕਾਰਕ ਭਾਸ਼ਾ ਵਿੱਚ ਮਿਥਿਹਾਸਕ ਕਹਾਣੀ ਨੂੰ ਪੇਸ਼ ਕੀਤਾ, ਜਿਸ ਵਿਚੋਂ ਉਤਸ਼ਾਹ, ਪ੍ਰੇਰਣਾ ਤੇ ਹੌਸਲਾ ਜ਼ਰੂਰ ਮਿਲਦਾ ਹੈ। ਕਿਆਸ ਹੈ,—"ਅਸਲੀਅਤ ਨਹੀਂ"—ਕਿ ਸ੍ਰਣਵਤ ਬੀਜ ਨੇ ਕਾਫ਼ੀ ਫ਼ੌਜ ਸੁਰਖਿਆ ਲਈ ਇਸ ਪ੍ਰਕਾਰ ਦੀ ਰਖੀ ਹੋਈ ਸੀ, ਜਿਸ ਦਾ ਲਿਬਾਸ ਠੀਕ ਸ੍ਰਣਵਤ ਬੀਜ ਵਰਗਾ ਸੀ। ਇਸ ਫ਼ੌਜ ਨੂੰ ਟੁਕੜੀਆਂ ਦੀ ਸ਼ਕਲ ਵਿੱਚ ਨੀਯਤ ਕੀਤਾ ਹੋਇਆ ਸੀ। ਸ੍ਰਣਵਤ ਬੀਜ ਦੀ ਮੌਤ ਹੁੰਦਿਆਂ ਹੀ ਫ਼ੌਜ ਦੀ ਇਕ ਟੁਕੜੀ ਰਣ ਭੂਮੀ ਵਿੱਚ ਦਾਖਲ ਹੋ ਗਈ ਅਤੇ ਲੜਨ ਲਗ ਪਈ, ਇਸ ਤਰ੍ਹਾਂ ਐਸਾ ਮਾਲੂਮ ਹੋਇਆ ਹੋਇਆ ਸ੍ਰਣਵਤ ਬੀਜ ਹੋਰ ਉੱਗ ਆਏ ਹਨ। ਚੰਡੀ ਰਾਖਸ਼ਾਂ ਦੇ ਇਸ ਰਹੱਸ ਨੂੰ ਸਮਝ ਗਈ ਤੇ ਉਸ ਨੇ ਆਪਣੀ ਸੁਰਖਿਅਤ ਫ਼ੌਜ ਜੋ ਕਾਲਿਕਾ ਦੇ ਅਧਿਕਾਰ ਵਿੱਚ ਰਖੀ ਹੋਈ ਸੀ ਬੁਲਾ ਲਈ। ਕਾਲਿਕਾ ਬਹੁਤ ਹੀ ਸਖ਼ਤ ਸੁਭਾ ਦੀ ਬੀਰਾਂਗਣਾ ਸੀ, ਜਿਸ ਨੇ ਆਉਂਦਿਆਂ ਹੀ ਸ੍ਰਣਵਤ ਬੀਜ ਦੀ ਫ਼ੌਜ ਨੂੰ ਖ਼ਤਮ ਕਰ ਦਿੱਤਾ, ਤੇ ਦੂਜੇ ਬੰਨੇ ਚੰਡੀ ਨੇ ਸ੍ਰਣਵਤ ਬੀਜ ਨੂੰ ਮਾਰ ਮੁਕਾਇਆ। ਉਪਰੋਕਤ

Namdhari Elibrary NamdhariElibrary@gmail.com

ਵਿਚਾਰ ਸਾਡੇ ਕਿਆਸ ਉੱਪਰ ਹੈ, ਅਸਲੀਅਤ ਪ੍ਰਮਾਤਮਾ ਜਾਣੇ।

ਦੇਤੀ ਡੰਡ ਉਭਾਰੀ ਨੇੜੈ ਆਇ ਕੈ ॥
ਸਿੰਘ ਕਰੀ ਅਸਵਾਰੀ ਦੁਰਗਾ ਸ਼ੋਰ ਸੁਣ ॥
ਖੱਬੇ ਦਸਤ ਉਭਾਰੀ ਗਦਾ ਫਿਰਾਇਕੈ ॥
ਸੈਨਾ ਸਭ ਸੰਘਾਰੀ ਸ੍ਰਣਵਤ ਬੀਜ ਦੀ ॥
ਸਿਰ ਵਿਚਿ ਤੇਗ ਵਗਾਈ ਸ੍ਰਣਵਤ ਬੀਜ ਦੇ ॥
ਅਗਣਤ ਦਾਨੋ ਭਾਰੇ ਹੋਏ ਲੋਹੂਆ ॥
ਸ੍ਰਣਵਤ ਬੀਜ ਬਧਾਈਆਂ ਅਗਣਤ ਸੂਰਤਾਂ ॥
ਦੁਰਗਾ ਸਉਹੇ ਆਈਆਂ ਰੋਹ ਬਢਾਇਕੈ ॥
ਚਸ਼ ਚਿਤਾਰੀ ਕਾਲਕਾ ਮਨ ਬਾਹਲਾ ਰੋਹ ਬਢਾਇ ਕੈ ॥
ਨਿਕਲੀ ਮੱਥਾ ਫੋੜਿ ਕੈ ਜਣ ਰਤੇ ਨੀਸਾਣ ਬਜਾਇ ਕੈ ॥
ਭੁਈਂ ਨ ਪਉਣੇ ਪਾਈਆਂ ਬੂੰਦਾਂ ਰਕਤ ਦੀਆਂ ॥
ਕਾਲੀ ਖੇਤ ਖਪਾਈਆਂ ਸਭੇ ਸੂਰਤਾਂ ॥
ਸੁੰਭ ਸੁਣੀ ਕਰਹਾਲੀ ਸ੍ਰਣਵਤ ਬੀਜ ਦੀ ॥

ਸ੍ਰਣਵਤ ਬੀਜ ਦੀ ਮੌਤ ਮਗਰੋਂ ਕੋਈ ਤਜਰਬੇਕਾਰ ਸੈਨਾਪਤੀ ਸੁੰਭ ਨੂੰ ਨਹੀਂ ਮਿਲਿਆ। ਦੋਹਵੇਂ ਭਰਾ ਮਿਲ ਕੇ ਦੇਵੀ ਦਾ ਟਾਕਰਾ ਕਰਨ ਲਈ ਇਕ ਬਹੁਤ ਵੱਡੀ ਫ਼ੌਜ ਨੂੰ ਨਾਲ ਲੈਕੇ, ਰਣ ਭੂਮੀ ਵਲ ਚਲ ਪਏ। ਪਹਿਲੇ ਨਿਸੁੰਭ ਚੰਡੀ ਦੇ ਸਾਹਮਣੇ ਆਇਆ ਤੇ ਉਸ ਨੇ ਨਕਰੇ ਘੋੜੇ ਉੱਪਰ ਲੋਹੇ ਦਾ ਪਾਖਰ ਪਾਇਆ ਅਤੇ ਹੱਥ ਵਿੱਚ ਧਨੁਖ ਲੈ ਹਮਲਾ ਬੋਲ ਦਿੱਤਾ। ਇਹ ਦੇਖ ਦੁਰਗਸ਼ਾਹ ਰੋਹ ਵਿੱਚ ਭਰੀ ਰਣ-ਖੇਤ ਵਿੱਚ ਆ ਗਈ ਤੇ ਘਮਸਾਣ ਦੀ ਲੜਾਈ ਕਹਿਰੀ ਸ਼ੁਰੂ ਕਰ ਦਿੱਤੀ। ਦੁਰਗਾ ਨੇ ਗੁੱਸੇ ਵਿੱਚ ਆ ਕੇ ਨਿਸੁੰਭ ਉੱਪਰ ਤਲਵਾਰ ਦਾ ਵਾਰ ਕੀਤਾ। ਤਲਵਾਰ ਦੀ ਚੋਟ ਇਤਨੀ ਜ਼ਬਰਦਸਤ ਸੀ ਕਿ ਨਿਸੁੰਭ ਘੋੜੇ ਸਹਿਤ ਕਟਿਆ ਗਿਆ, ਪਰ ਜਿਨ੍ਹਾਂ ਚਿਰ ਉਹ ਜੀਉਂਦਾ ਰਿਹਾ ਉਸ ਨੇ ਯੋਧਿਆਂ ਵਾਂਗ ਬੀਰਤਾ ਭਰਪੂਰ ਲੜਾਈ ਲੜੀ। ਕਲਗੀਧਰ ਉਸ ਦੀ ਲੜਾਈ ਤੋਂ, ਖ਼ੁਦ ਪ੍ਰਭਾਵਤ ਹੋਏ ਤੇ ਉਹਨਾਂ ਨੇ ਨਿਸੁੰਭ ਦੀ ਤਾਰੀਫ਼ ਕਰਨ ਤੋਂ ਵੀ ਹਿਚਕਚਾਹਟ ਨਹੀਂ ਕੀਤੀ, ਭਾਵੇਂ ਉਹ ਰਾਖਸ਼ ਹੀ ਸੀ। ਇਸ ਯੁੱਧ ਮਗਰੋਂ ਸੁੰਭ ਦੀ ਵਾਰੀ ਆ ਜਾਂਦੀ ਹੈ :—

Namdhari Elibrary NamdhariElibrary@gmail.com

ਦੁਹਾਂ ਕੰਧਾਰਾਂ ਮੁਹਿ ਜੁੜੇ ਸੱਟ ਪਈ ਜਮਧਾਣ ਕੱਉ ॥
ਤਦ ਖਿੰਗ ਨਸੁੰਭ ਨਚਾਇਆ ਡਾਲ ਉਪਰਿ ਬਰਗਸਤਾਨ ਕੱਉ ॥
ਫੜੀ ਬਿਲੰਦ ਮਗਾਇਉਸ ਕਰਿ ਮੁਲਤਾਨ ਕੱਉ ॥
ਗੁੱਸੇ ਆਈ ਸਾਮ੍ਹਣੇ ਰਣ ਅੰਦਰਿ ਘਤਣ ਘਾਣ ਕੱਉ ॥
ਅਗੇ ਤੇਗ ਵਗਾਈ ਦੁਰਗਸ਼ਾਹ ਬਢ ਸੁੰਭਨ ਬਹੀ ਪਲਾਣ ਕੱਉ ॥
ਰੜਕੀ ਜਾਇਕੇ ਧਰਤ ਕੱਉ ਬਢ ਪਾਖਰ ਬਢ ਕਿਕਾਣ ਕੱਉ ॥
ਬੀਰ ਪਲਾਣੋ ਡਿਗਿਆ ਕਰਿ ਸਿਜਦਾ ਸੁੰਭ ਸੁਜਾਣ ਕੱਉ ॥
ਸਾਬਾਸ ਸਲੋਣੇ ਖਾਣ ਕੱਉ ॥

ਹੁਣ ਸੁੰਭ ਦੀ ਵਾਰੀ ਆਈ। ਉਸ ਨੇ ਵੀ ਬਹੁਤ ਲਹੂ ਡੋਹਲਵੀਂ ਲੜਾਈ ਲੜੀ, ਪਰ ਦੁਰਗਾ ਸਾਹਮਣੇ ਉਸ ਦੀ ਕੋਈ ਪੇਸ਼ ਨਹੀਂ ਚਲੀ। ਆਖ਼ਰ ਦੁਰਗਾ ਦੀ ਫ਼ਤਹ ਹੋਈ, ਜਿਸ ਨੇ ਇੰਦਰ ਨੂੰ ਰਾਜ-ਤਿਲਕ ਲਗਾਇਆ ਤੇ ਮੁੜ ਲੋਪ ਹੋ ਗਈ। ਇਸ ਤਰ੍ਹਾਂ ਯੁੱਧਾਂ ਦਾ ਅੰਤ ਹੋਇਆ। ਚੰਡੀ ਦੀ ਵਾਰ ਵਿੱਚ ਕੁਲ ਯੁੱਧ ਅੱਠ ਹੋਏ ਹਨ। ਦੋ ਯੁੱਧ ਦੇਵਤਿਆਂ ਅਤੇ ਮਹਿਖਾਸਰ ਅਤੇ ਸੁੰਭ-ਨਿਸੁੰਭ ਦੇ ਦਰਮਿਆਨ ਹੋਏ। ਬਾਕੀ ਛੇ ਯੁੱਧ ਚੰਡੀ ਅਤੇ ਰਾਖਸ਼ਾਂ ਵਿਚਕਾਰ ਹੋਏ। ਸਿਵਾਇ ਇਕ ਯੁੱਧ ਦੇ ਬਾਕੀ ਸਾਰੇ ਯੁੱਧ ਵਾਸਤਵਿਕਤਾ ਅਤੇ ਯਥਾਰਥ ਉੱਪਰ ਆਧਾਰਤ ਹਨ ਅਤੇ ਇਕ ਯੁੱਧ ਚਮਤਕਾਰ ਭਰਪੂਰ ਹੈ :—

ਦੁਰਗਾ ਅਤੇ ਦਾਨਵੀ ਭੇੜ ਪਇਆ ਸਬਾਹੀ ॥
ਸਸਤ੍ਰ ਪਜੂਤੇ ਦੁਰਗਸ਼ਾਹ ਗਹ ਸਭਨੀ ਬਾਹੀ ॥
ਸੁੰਭ ਨਿਸੁੰਭ ਸੰਘਾਰਿਆ ਵਥ ਜਿਹੇ ਸਾਹੀ ॥
ਇੰਦ੍ਰ ਸੱਦ ਬੁਲਾਇਆ ਰਾਜ ਅਭਖੇਕਨੋ ॥
ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੇ ॥
ਚਉਦਹ ਲੋਕਾਂ ਛਾਇਆ ਜਸੁ ਜਗ ਮਾਤ ਦਾ ॥

"ਵਾਰ ਸ੍ਰੀ ਭਗੌਤੀ ਜੀ ਕੀ" ਦਾ ਮਹਾਤਮ : ਕਲਗੀਧਰ ਇਸ ਵਾਰ ਦਾ ਮਹਾਤਮ, ਅੰਤ ਵਿੱਚ ਇਨ੍ਹਾਂ ਦੇ ਵਾਕਾਂ ਵਿੱਚ ਲਿਖਦੇ ਹਨ :—

Namdhari Elibrary NamdhariElibrary@gmail.com

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ ॥

ਬਹੁਤ ਸਾਰੇ ਵਿਦਵਾਨ, ਇਨ੍ਹਾਂ ਸਤਰਾਂ ਨੂੰ ਪੜ੍ਹ ਕੇ ਭੁਲੇਖਾ ਖਾ ਜਾਂਦੇ ਹਨ ਅਤੇ ਗੁਰੂ ਜੀ ਨੂੰ ਦੁਰਗਾ ਦਾ ਉਪਾਸ਼ਕ ਹੋਣ ਦਾ ਦਾਵਾ ਕਰਦੇ ਹਨ। ਅਸੀਂ ਏਥੇ ਆਪਣੇ ਅਨੁਭਵ ਦੇ ਆਧਾਰ ਉਪਰ ਦਲੀਲਾਂ ਦੇ ਕੇ ਆਪਣੇ ਇਸ ਵਿਸ਼ਵਾਸ ਦੀ ਪੁਸ਼ਟੀ ਕਰਾਂਗੇ, ਕਿ **ਗੁਰੂ ਜੀ ਦੇਵੀ-ਉਪਾਸ਼ਕ ਨਹੀਂ ਸਨ, ਪਰ ਦੁਰਗਾ ਦੀ ਬੀਰਤਾ ਦੇ ਪ੍ਰਸ਼ੰਸਕ ਜ਼ਰੂਰ ਸਨ ਅਤੇ ਇਹ ਪ੍ਰਸ਼ੰਸਾ ਕਲਗੀਧਰ ਦੀ ਇਕ ਮਹਾਨ ਉਚੀ ਰੁਚੀ ਦਾ ਹੀ ਸਿੱਟਾ ਸੀ।** ਦੁਰਗਾ ਨੇ ਦੇਵਤਿਆਂ ਦੀ ਸਹਾਇਤਾ ਨਿਸ਼ਕਾਮ ਹੋ ਕੇ ਕੀਤੀ ਸੀ ਤੇ ਛਾਤ੍ਰ ਧਰਮ ਨੂੰ ਨਿਭਾਇਆ ਸੀ। ਆਪਣੇ ਬਲ, ਪ੍ਰਾਕ੍ਰਮ ਤੇ ਪੁਰਸ਼ਾਰਥ ਦੇ ਸਹਾਰੇ, ਮਹਾਂਬਲੀ ਰਾਖਸ਼ ਯੋਧਿਆਂ ਦਾ ਮੁਕਾਬਲਾ, ਨਿਡੱਰ ਹੋ ਕੇ ਕੀਤਾ ਸੀ। ਸੋ ਇਹ ਗੱਲ ਕੁਦਰਤੀ ਸੀ ਕਿ ਗੁਰੂ ਜੀ ਦੁਰਗਾ ਦੀ ਪ੍ਰਸ਼ੰਸਾ ਕਰਦੇ। **ਮੁਹਸਨ ਫ਼ਾਨੀ** "ਦਾਸਤਾਨ-ਏ-ਮਜ਼ਾਹਬ" ਨਾਮੀ ਫ਼ਾਰਸੀ ਵਿੱਚ ਲਿਖੀ ਪੁਸਤਕ ਵਿੱਚ ਦਸਦਾ ਹੈ ਕਿ ਗੁਰੂ ਸਾਹਿਬ ਪ੍ਰਮਾਤਮਾ ਦੀ ਏਕਤਾ ਵਿੱਚ ਵਿਸ਼ਵਾਸ ਰਖਦੇ ਹਨ—ਤੌਹੀਦ-ਪਰਸਤ ਹਨ, ਪਰ ਆਪ ਹਿੰਦੂਆਂ ਦੇ ਦੇਵੀ ਦੇਵਤਿਆਂ ਦਾ ਮਾਣ ਤੇ ਸਤਿਕਾਰ ਵੀ ਕਰਦੇ ਹਨ, ਜਦ ਕਿ ਉਹਨਾਂ ਦਾ ਇਸ਼ਟ ਦੇਵ, "ੴ" ਹੀ ਹੈ। ਸੋ ਇਸ ਗੁਰ-ਗੱਦੀ ਦੀ ਪਰੰਪਰਾ ਨੂੰ ਵੀ ਦੁਰਗਾ ਦੀ ਤਾਰੀਫ਼ ਕਰਕੇ ਗੁਰੂ ਜੀ ਨੇ ਨਿਭਾਇਆ। ਦੂਜੀ ਗੱਲ ਇਹ ਹੈ, ਕਿ ਜੋ ਲੋਕ ਇਸ ਵਾਰ ਨੂੰ ਪੜ੍ਹਨਗੇ। ਉਹਨਾਂ ਨੂੰ ਦੁਰਗਾ ਤੋਂ ਛਾਤ੍ਰ-ਧਰਮ ਦੀ ਪ੍ਰੇਰਣਾ ਮਿਲੇਗੀ ਤੇ ਉਹ ਲੋਕ ਆਪਣੇ ਦੇਸ਼ ਅਤੇ ਕੌਮ ਦੀ ਸੁਤੰਤਰਤਾ ਪ੍ਰਾਪਤ ਕਰਨ ਲਈ ਰਣ-ਭੂਮੀ ਵਿੱਚ ਹੱਸਦੇ ਹੱਸਦੇ ਕੁਰਬਾਨੀ ਦੇ ਦੇਣਗੇ ਅਤੇ ਮੁਕਤ ਪਦਾਰਥ ਹਾਸਲ ਕਰਨਗੇ, ਕਿਉਂਕਿ ਵਤਨ ਅਤੇ ਕੌਮ ਦੀ ਰੱਖਿਆ ਕਰਦਿਆਂ ਜੋ ਸੂਰਮਾ ਜਾਨ ਕੁਰਬਾਨ ਕਰਦਾ ਹੈ ਉਹ ਬੀਰ ਗਤੀ ਨੂੰ ਪ੍ਰਾਪਤ ਕਰਦਾ ਹੈ। ਤੀਜਾ ਭਾਵ ਇਹ ਨਜ਼ਰ ਆਉਂਦਾ ਹੈ ਕਿ ਦੁਰਗਾ ਦੀ ਬਹਾਦਰੀ ਅਤੇ ਬੀਰਤਾ ਨੂੰ ਦੇਖ ਕੇ ਦੁਰਗਾ ਦੇ ਰਚਣਹਾਰ ਦੀ ਯਾਦ ਆਏਗੀ, ਅਤੇ ਇਨਸਾਨ ਉਸ ਦੀ ਉਪਾਸਨਾ ਵਿੱਚ ਜੁਟ ਜਾਏਗਾ, ਤੇ ਇਸ ਤਰ੍ਹਾਂ ਮੁਕਤ ਪਦਾਰਥ ਹਾਸਲ ਕਰ ਲਏਗਾ। ਇਕ ਫ਼ਾਰਸੀ ਸ਼ਾਇਰ ਗੁਲਾਬ ਦੇ ਫੁਲ ਨੂੰ ਦੇਖਦਾ

Namdhari Elibrary NamdhariElibrary@gmail.com

ਹੈ, ਤੇ ਉਸਦੀ ਖੂਬਸੂਰਤੀ ਨੂੰ ਦੇਖ ਕੇ ਉਸ ਨੂੰ ਆਪਣੇ ਮਹਬੂਬ ਦੀ ਯਾਦ ਆ ਜਾਂਦੀ ਹੈ ਤੇ ਉਹ ਪੁਕਾਰ ਉਠਦਾ ਹੈ—**ਐ ਗੁਲ ਬਤੋ ਖੁਰਸੰਦਮ ਕਿ ਤੂ ਬੂਏ ਕਸੇ ਦਾਰੀ।** (ਹੇ ਫੂਲ ਮੈਂ ਤੈਨੂੰ ਦੇਖ ਕੇ ਖੁਸ਼ ਹਾਂ ਕਿਉਂਕਿ ਤੂੰ ਕਿਸੇ (ਮਹਬੂਬ) ਦੀ ਖੁਸ਼ਬੂ ਰਖਦਾ ਹੈਂ। ਸੋ ਠੀਕ ਇਸੇ ਤਰ੍ਹਾਂ ਦੁਰਗਾ ਦੀ ਬੀਰਤਾ ਤੋਂ ਉਤਸ਼ਾਹ ਤੇ ਪ੍ਰੇਰਣਾ ਲੈਕੇ ਯੋਧੇ ਲੋਕ ਹੱਸਦੇ ਹੱਸਦੇ ਆਪਣੀਆਂ ਕੁਰਬਾਨੀਆਂ ਦੇ ਦੇਣਗੇ ਤੇ ਮੁਕਤ ਪਦਾਰਥ ਹਾਸਲ ਕਰਨਗੇ। ਸ ਤੇ ਵਿਚਾਰ ਵਿੱਚ ਅਸਲੀਅਤ ਇਹ ਹੈ ਕਿ ਗੁਰੂ ਜੀ ਨੇ **ਦੁਰਗਾ** ਦਾ ਪ੍ਰਤੀਕ, ਏਥੇ ਕੇਵਲ **"ਸ੍ਰੀ ਭਗੌਤੀ"**—ਪਰਮਾਤਮਾ—ਲਈ ਮੁਕਰੱਰ ਕੀਤਾ ਹੈ। ਸੋ ਦੁਰਗਾ ਤੋਂ ਭਾਵ ਏਥੇ ਪਰਮਾਤਮਾ ਹੈ, ਜਿਸ ਦੀ ਤਾਰੀਫ਼ ਵਿੱਚ ਇਹ ਵਾਰ ਲਿਖੀ ਗਈ ਹੈ। ਪਰਮਾਤਮਾ ਨੇ ਰਾਮ, ਕ੍ਰਿਸ਼ਨ ਤੇ ਦੁਰਗਾ ਵਰਗੇ ਸੂਰਮੇ ਪੈਦਾ ਕੀਤੇ, ਜਿਨ੍ਹਾਂ ਨੇ ਆਪਣੀ ਬੀਰਤਾ ਤੇ ਆਤਮ-ਗਿਆਨ ਕਾਰਣ ਉਚ ਪਦਵੀਆ ਹਾਸਲ ਕੀਤੀਆਂ, ਇਸ ਲਈ ਜੀਵ ਇਸ ਵਾਰ ਨੂੰ ਸੁਣਕੇ, ਬੀਰਤਾ ਲਈ ਉਠ ਖੜਾ ਹੋਵੇਂਗਾ ਤੇ ਮੁਕਤ ਪਦਾਰਥ ਹਾਸਲ ਕਰੇਗਾ।

ਸਾਰ : ਇਤਿਹਾਸ ਤੋਂ ਪਤਾ ਚਲਦਾ ਹੈ ਕਿ **ਕਲਗੀਧਰ** ਦੇ ਸਮੇਂ ਹਿੰਦੂ ਤੇ ਮੁਸਲਮ ਸਮਾਜ ਦੀ ਹਾਲਤ ਬਹੁਤ ਹੀ ਨਾਜ਼ਕ ਸੀ। ਔਰੰਗਜ਼ੇਬ ਤੇ ਉਸ ਦੇ ਵਜ਼ੀਰ, ਅਮੀਰ ਤੇ ਮਸ਼ੀਰ, ਤਅੱਸਬ ਦੇ ਹੜ੍ਹ ਵਿੱਚ ਰੁੜ੍ਹ ਚੁਕੇ ਸਨ। ਸ਼ਾਸਕ ਵਰਗ ਦਾ ਜ਼ੁਲਮ ਸ਼ਿਖਰਾਂ ਉੱਪਰ ਪੁਜ ਚੁਕਾ ਸੀ। ਹਿੰਦੂ ਸਮਾਜ ਉਪਰ ਖ਼ਾਸ ਅਤਿਆਚਾਰ ਹੋ ਰਹੇ ਸਨ। ਇਹ ਜ਼ੁਲਮ ਧਰਮ ਦੀ ਆੜ ਲੈ ਕੇ ਕੀਤੇ ਜਾ ਰਹੇ ਸਨ। ਹਾਲਾਂਕਿ ਇਸ ਵਿੱਚ ਇਸਲਾਮ ਦਾ ਕੋਈ ਦੋਸ਼ ਨਹੀਂ ਸੀ। ਇਹ ਜ਼ੁਲਮ, ਅਤਿਆਚਾਰ, ਸਿਤਮ ਤੇ ਜ਼ਬਰਦਸਤੀਆਂ ਸ਼ਖਸੀ ਹਕੂਮਤ ਕਾਰਨ ਸਨ। ਹਿੰਦੂ ਲੋਕ ਤੇ ਬਾਕੀ ਜਨਤਾ ਵਾਸਤਵ ਵਿੱਚ ਭਾਰਤ ਦੀ ਮਾਲਕ ਸੀ, ਪਰ ਬਲਹੀਨ ਹੋਣ ਕਾਰਨ ਉਹ ਲੋਕ ਸ਼ਾਸਕ ਵਰਗ ਤੋਂ ਸਤਾਏ ਜਾ ਰਹੇ ਸਨ। ਸਤਿਗੁਰੂ ਨੇ ਜਨਤਾ ਵਿੱਚ ਜਾਗ੍ਰਤੀ ਪੈਦਾ ਕਰਨ ਲਈ, "ਵਾਰ ਸ੍ਰੀ ਭਗਉਤੀ ਜੀ ਕੀ" ਦੇ ਮਾਧਿਅਮ ਨਾਲ ਹਿੰਦੂਆਂ ਤੇ ਬਾਕੀ ਮਧੋਲੀ ਜਨਤਾ ਵਿੱਚ ਦਲੇਰੀ, ਬਹਾਦਰੀ, ਸੂਰਬੀਰਤਾ ਤੇ ਅਣਖ ਦਾ ਸੰਚਾਰ ਕਰਨ ਲਈ ਭਰਪੂਰ ਜਤਨ ਕੀਤਾ। ਦੇਵਤਿਆਂ ਦੇ ਪ੍ਰਤੀਕ ਵਿੱਚ ਆਮ ਜਨਤਾ ਨੂੰ ਇਸ ਤਰ੍ਹਾਂ ਜਗਾਇਆ ਕਿ ਜੇ ਦੇਵਤੇ ਪੁਰਸ਼ਾਰਥ ਤੋਂ ਕੰਮ ਲੈਂਦੇ, ਆਪਣੇ ਵਤਨ ਦੀ ਰਖਿਆ ਲਈ ਪੂਰਾ ਇੰਤਜਾਮ ਰਖਦੇ ਤਦ ਉਹਨਾਂ ਨੂੰ ਰਾਖਸ਼ਾਂ ਦੇ ਟਾਕਰੇ ਵਿੱਚ

Namdhari Elibrary NamdhariElibrary@gmail.com

ਹਾਰਨਾ ਨਾ ਪੈਂਦਾ । ਦੇਵਤਿਆਂ ਦੀ ਐਸ਼-ਪਰਸਤੀ ਨੇ ਉਹਨਾਂ ਨੂੰ ਨਿਕੰਮਾ, ਨਿਪੁੰਸਕ ਤੇ ਕਾਇਰ ਬਣਾ ਰਖਿਆ ਸੀ । ਇਸੇ ਕਾਰਣ ਉਹਨਾਂ ਨੂੰ ਵਤਨ ਛੱਡਣਾ ਪਿਆ ਤੇ ਉਹ ਆਖ਼ਰ ਮਾਤ-ਦੁਰਗਾ ਦੀ ਸ਼ਰਣ ਵਿੱਚ ਗਏ, ਜਿਸ ਨੇ ਸਹਾਇਤਾ ਕਰਕੇ, ਉਹਨਾਂ ਨੂੰ ਰਾਜ ਦਲਵਾਇਆ । ਇਹ ਤਦ ਹੀ ਹੋ ਸਕਿਆ ਜੋ ਦੇਵਤਿਆਂ ਨੇ ਮਾਂ ਦੀ ਬਹਾਦਰੀ ਤੋਂ ਉਤਸ਼ਾਹ ਲੈ ਕੇ, ਆਪਣੇ ਪੈਰਾਂ ਤੇ ਖੜਾ ਹੋਣਾ ਸਿਖਿਆ । ਮਤਲਬ ਇਹ ਹੈ ਕਿ ਦੇਵਤੇ ਮਾਂ-ਦੁਰਗਾ ਦੀ ਛਤ੍ਰ ਛਾਇਆ ਹੇਠ, ਰਾਖਸ਼ਾਂ ਦਾ ਮੁਕਾਬਲਾ ਕਰਦੇ ਰਹੇ, ਤੇ ਮੁੜ ਆਪਣੀ ਸੁਤੰਤਰਤਾ ਪ੍ਰਾਪਤ ਕਰ ਲਈ । ਸੋ ਜੇ ਭਾਰਤ ਵਾਸੀ, ਸ਼ਾਸਕ ਵਰਗ ਦਾ, ਭਾਰਤ-ਮਾਂ ਪਾਸੋਂ ਏਕਤਾ, ਤੇ ਇਤਫ਼ਾਕ ਦਾ ਹਥਿਆਰ ਲੈ ਕੇ, ਟਾਕਰਾ ਕਰਨਗੇ ਜ਼ਰੂਰ ਜਿੱਤ ਪ੍ਰਾਪਤ ਕਰਨਗੇ । ਉਸ ਵੇਲੇ ਦੇ ਕਸ਼ਮੀਰੀ ਪੰਡਤ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਵਿੱਚ ਆਏ ਸਨ, ਤੇ ਉਹਨਾਂ ਨੇ ਨਿਸ਼ਕਾਮ ਹੋ ਕੇ ਆਪਣੀ ਕੁਰਬਾਨੀ ਦਿੱਤੀ ਸੀ ਤੇ ਲੋਕਾਂ ਵਿੱਚ ਜਾਗ੍ਰਤੀ ਪੈਦਾ ਕੀਤੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਦਾ ਹੀ ਸਰੂਪ ਸਨ ਤੇ ਦਸਮ ਨਾਨਕ ਵੀ ਸਨ । ਆਪ ਜੀ ਨੇ ਮਧੋਲੀ ਹੋਈ ਜਨਤਾ ਦੀ ਸਹਾਇਤਾ ਲਈ ਕਈ ਲੜਾਈਆਂ ਮੁਗ਼ਲਾਂ ਨਾਲ ਲੜੀਆਂ । "ਵਾਰ ਸ੍ਰੀ ਭਗਉਤੀ ਜੀ ਕੀ ਵਿੱਚ" ਦੁਰਗਾ ਦੇ ਪਾਤਰ ਵਿੱਚ ਰੂਪੋਂ **ਕਲਗੀਧਰ** ਹੀ ਰਣ-ਭੂਮੀ ਵਿੱਚ ਉਤਰੇ ਹੋਏ ਹਨ, ਤੇ ਜ਼ਾਲਮ ਸ਼ਾਸਕ ਵਰਗ ਤੇ ਉਹਨਾਂ ਦੇ ਫ਼ੌਜੀਆਂ ਦੇ ਆਹੂ ਲਾਹ ਰਹੇ ਹਨ । ਗੁਰੂ ਜੀ ਨੇ ਜਨਤਾ ਨੂੰ ਉਤਸ਼ਾਹ ਦਿੱਤਾ ਕਿ ਜਦ ਤੁਹਾਡੀ ਰਾਹ ਨੁਮਾਈ ਕਰਨ ਲਈ ਗੁਰੂ ਨਾਨਕ-ਗੁਰਗਦੀ ਮੌਜੂਦ ਹੈ, ਤੁਹਾਨੂੰ ਡਰਨ ਦੀ ਕੋਈ ਜ਼ਰੂਰਤ ਨਹੀਂ । ਇਸ ਵਾਰ ਰਾਹੀਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਮੁੜ ਉਸ ਛਾਤ੍ਰ-ਧਰਮ ਨੂੰ ਜਗਾਇਆ, ਸੁਰਜੀਤ ਕੀਤਾ, ਜਿਸ ਦਾ ਪ੍ਰਚਾਰ ਕਿਸੇ ਵੇਲੇ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਨੇ ਕੀਤਾ ਸੀ, ਤੇ ਜਿਸ ਦੇ ਸਹਾਰੇ ਕਾਇਰਤਾ ਤੇ ਪੱਛਤਾਉ ਖ਼ਿਆਲਾਂ ਵਿੱਚ ਡੁਬੇ ਅਰਜੁਨ ਨੂੰ ਮਹਾਂਭਾਰਤ ਦੇ ਯੁੱਧ ਲਈ ਉਭਾਰਿਆ ਸੀ ।

कुतस्त्वा कश्मलमिदं, विषमे समुपस्थितम् ।।
अनार्यजुष्ट स्वर्ग्यमकीर्तिकरमर्जुन ।।
क्लैब्यं मा स्म गमः पार्थ नैतत्त्वय्युपपद्यते ।।
क्षुद्रं हृदयदौर्बल्यं त्यक्त्वोत्तिष्ठ परंतप ।।

Namdhari Elibrary NamdhariElibrary@gmail.com

[ਹੇ ਅਰਜਨ ! ਤੈਨੂੰ ਇਸ ਵਿਸ਼ੇ ਵਿੱਚ ਇਹ ਅਗਿਆਨ ਕਿਸ ਵਜ੍ਹਾ ਕਾਰਣ ਪ੍ਰਾਪਤ ਹੋਇਆ ਹੈ। ਕਿਉਂਕਿ ਇਹ ਨਾਂ ਤੇ ਉੱਤਮ ਪੁਰਖਾਂ ਤੋਂ ਪ੍ਰਯੋਗ ਕੀਤਾ ਗਿਆ ਹੈ, ਨਾ ਹੀ ਸੁਰਗ ਦਾ ਦੇਣ ਵਾਲਾ ਹੈ, ਨਾ ਹੀ ਜਸ-ਕੀਰਤੀ ਨੂੰ ਦੇਣ ਵਾਲਾ ਹੈ। ਇਸ ਲਈ ਹੇ ਅਰਜੁਨ ! ਨਿਪੁੰਸਕਤਾ ਨੂੰ ਪ੍ਰਾਪਤ ਨਾ ਹੋ, ਇਹ ਤੇਰੇ ਲਈ ਯੋਗ ਨਹੀਂ, ਹੇ ਪਰੰਤਪ ! ਤੁੱਛ ਹਿਰਦੇ ਦੀ ਨਿਰਬਲਤਾ ਨੂੰ ਤਿਆਗ ਕੇ ਯੁੱਧ ਲਈ ਤਿਆਰ ਹੋ ਜਾ] ।

ਸਤਿਗੁਰੂ ਨੇ ਇਕ ਹੋਰ ਵੱਡਾ ਉਪਕਾਰ ਸਾਡੇ ਤੇ ਇਹ ਕੀਤਾ ਹੈ ਕਿ ਉਸ ਵੇਲੇ ਇਸਤ੍ਰੀ ਸਮਾਜ ਬਿਲਕੁਲ ਹੀ ਅਗਿਆਨ ਅੰਧਕਾਰ ਦਾ ਸ਼ਿਕਾਰ ਹੋ ਚੁਕਿਆ ਸੀ। ਮਨੁੱਖ ਸਮਾਜ ਉਸ ਨੂੰ (ਇਸਤ੍ਰੀ ਨੂੰ) ਵਿਲਾਸ ਦਾ ਖਡੌਣਾ ਹੀ ਸਮਝ ਚੁਕਿਆ ਸੀ। ਸੋ ਗੁਰੂ ਦੇਵ ਨੇ ਵਾਰ ਦਾ ਨਾਇਕ ਕਿਸੇ ਆਦਮੀ ਦੀ ਥਾਂ ਦੁਰਗਾ ਨੂੰ ਚੁਣਿਆ ਹੈ। ਇਸਤ੍ਰੀ ਸਮਾਜ ਉੱਪਰ ਡੂੰਘਾ ਅਸਰ ਇਹ ਹੋਇਆ ਕਿ ਜੇ ਇਸਤ੍ਰੀ ਸਾਹਸ ਅਤੇ ਹੌਸਲੇ ਤੋਂ ਕੰਮ ਲਵੇ ਤਦ ਉਹ ਬੀਰੰਗਣਾ ਬਣ ਕੇ ਦੇਸ਼ ਅਤੇ ਕੌਮ ਦੀ ਰਖਿਆ ਕਰ ਸਕਦੀ ਹੈ। ਉਹ ਕੇਵਲ ਮਨੁੱਖ ਦੀਆਂ ਵਾਸ਼ਨਾਵਾਂ ਨੂੰ ਪੂਰਾ ਕਰਨ ਦਾ ਹੀ ਇਕ ਮਾਧਿਅਮ ਨਹੀਂ। ਉਹ ਮਾਂ ਦੇ ਰੂਪ ਵਿੱਚ ਦੇਸ਼ ਵਾਸੀਆਂ ਦੀ ਸਹਾਇਤਾ ਕਰ ਸਕਦੀ ਹੈ। ਸੋ ਇਕ ਬੰਨੇ ਤੇ ਇਸਤ੍ਰੀ ਜਾਤੀ ਨੇ ਦੁਰਗਾ ਦੇ ਪਾਤਰ ਤੋਂ ਪ੍ਰੇਰਣਾ ਲਈ ਤੇ ਦੂਜੇ ਬੰਨੇ ਕਾਇਰ ਤੇ ਨਿਪੁੰਸਕ ਮਨੁੱਖਾਂ ਨੇ ਇਹ ਉਤਸਾਹ ਲਿਆ ਕਿ ਜੇ ਇਕ ਇਸਤ੍ਰੀ ਵੱਡੇ ਵੱਡੇ ਯੋਧਿਆਂ ਦਾ ਮੁਕਾਬਲਾ ਕਰ ਸਕਦੀ ਹੈ, ਤਦ ਮਨੁੱਖ ਕਿਉਂ ਨਹੀਂ ਜ਼ੁਲਮ ਦਾ ਟਾਕਰਾ ਕਰ ਸਕਦਾ।

ਕਲਗੀਧਰ ਨੇ ਆਪਣੇ ਮੰਤਵ ਨੂੰ ਪੂਰਾ ਕਰਨ ਲਈ, ਇਸ ਵਾਰ ਰਾਹੀਂ, ਸੁਤੀ ਹੋਈ, ਤੇ ਅਸਲੀ ਮਾਰਗ ਤੋਂ ਭਟਕੀ ਹੋਈ ਜਨਤਾ ਨੂੰ, ਸੁਤੰਤਰਤਾ ਪ੍ਰਾਪਤ ਕਰਨ ਲਈ ਹਲੂਣਿਆਂ, ਲਲਕਾਰਿਆ ਤੇ ਜਗਾਇਆ। ਅਮਲੀ ਰੂਪ ਤੇ ਗੁਰੂ ਜੀ ਨੇ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਜ਼ਾਲਮ ਸ਼ਾਸਕ ਵਰਗ ਦੇ ਦੰਦ ਖੱਟੇ ਕਰ ਦਿੱਤੇ। ਜੀਵਨ ਦੇ ਨਾਲ ਨਾਲ ਹੀ ਆਪ ਨੇ ਬੀਰ-ਰਸੀ ਸਾਹਿਤ ਦੇ ਮਾਧਿਮ ਨਾਲ, ਬੀਰਤਾ ਦਾ ਸੰਚਾਰ ਕੀਤਾ। "ਚੰਡੀ ਦੀ ਵਾਰ" ਇਕ ਬੇ ਮਿਸਾਲ ਵਾਰ ਹੈ, ਜਿਸ ਨੇ ਇਕ ਬੰਨੇ ਸੁਤੇ ਹੋਏ ਭਾਰਤ ਵਾਸੀਆਂ ਨੂੰ ਬੀਰਤਾ ਦੀ ਪ੍ਰੇਰਣਾ ਦ

Namdhari Elibrary NamdhariElibrary@gmail.com

ਕੇ, ਸੁਤੰਤਰਤਾ ਲਈ ਉਤੇਜਤ ਕੀਤਾ ਤੇ ਦੂਜੇ ਬੰਨੇ ਇਕ ਪਰਮਾਤਮਾ ਦੀ ਉਪਾਸ਼ਨਾ ਦੀ ਪ੍ਰੇਰਣਾ ਦੇ ਕੇ, ਹਿੰਦੂਆਂ ਤੇ ਮੁਸਲਮਾਨਾਂ ਨੂੰ ਪਿਆਰ ਦੀ ਲੜੀ ਵਿੱਚ ਪਰੋਇਆ।

ਰੂਪ-ਪੱਖ : ਕਿਸੇ ਰਚਨਾ ਨੂੰ ਪਰਖਣ ਲਈ, ਉਸ ਦਾ ਰੂਪ-ਪੱਖ ਵੇਖਣਾ ਅਤਿ ਜ਼ਰੂਰੀ ਹੁੰਦਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਫ਼ਾਰਸੀ, ਸੰਸਕ੍ਰਿਤ, ਬ੍ਰਿਜ ਭਾਸ਼ਾ ਤੇ ਅਵਧੀ ਭਾਸ਼ਾ ਦੇ ਮਹਾਨ ਵਿਦਵਾਨ ਸਨ। ਅਰਬੀ ਭਾਸ਼ਾ ਦਾ ਵੀ ਆਪ ਜੀ ਨੂੰ ਕਾਫ਼ੀ ਗਿਆਨ ਸੀ, ਤੇ ਕੁਰਾਨ ਸ਼ਰੀਫ਼ ਦਾ ਅਧਿਐਨ ਆਪ ਜੀ ਨੇ ਅਰਥਾਂ ਸਹਿਤ ਕੀਤਾ ਹੋਇਆ ਸੀ। ਭਾਰਤੀ ਕਾਵਿ ਸ਼ਾਸਤ੍ਰ ਤੋਂ ਆਪ ਭਲੀ ਪ੍ਰਕਾਰ ਜਾਣੂ ਸਨ। **ਪੰਜਾਬੀ ਭਾਸ਼ਾ** ਆਪ ਜੀ ਦੀ ਮਾਤ-ਭਾਸ਼ਾ ਸੀ, ਜੋ ਮਾਤਾ ਗੁਜਰੀ ਦੀ ਪਵਿਤਰ ਗੋਦ ਵਿਚੋਂ ਮਿਲੀ ਸੀ। ਪੰਜਾਬੀ ਜ਼ਬਾਨ ਦੇ ਆਪ ਬੁਲੰਦ ਪਾਇਆ ਵਿਦਵਾਨ ਸਨ ਤੇ ਇਸ ਜ਼ਬਾਨ ਦੇ ਉੱਚ ਕੋਟੀ ਦੇ ਸ਼ਾਇਰ ਵੀ ਸਨ। ਬ੍ਰਿਜ ਭਾਸ਼ਾ ਵਿੱਚ ਆਪ ਨੇ ਉੱਚ ਕੋਟੀ ਦੇ ਬੀਰ ਰਸੀ ਕਾਵਿ ਦੀ ਰਚਨਾ ਕੀਤੀ। ਕਲਗ਼ੀਧਰ ਦਾ ਸਮਾਂ ਹਿੰਦੀ-ਸਾਹਿਤ ਅਨੁਸਾਰ **ਰੀਤੀਕਾਲ** ਦਾ ਸਮਾਂ ਸੀ, ਜਦ ਕਿ ਬ੍ਰਿਜ-ਭਾਸ਼ਾ ਦੇ ਕਵੀ, ਜਾਂ ਤੇ ਦਰਬਾਰੀ ਕਵਿਤਾ ਲਿਖਦੇ ਸਨ, ਜੋ ਆਮ ਤੌਰ ਤੇ ਰਾਜਿਆਂ ਦੀ ਪ੍ਰਸ਼ੰਸਾ ਵਿੱਚ ਲਿਖੀ ਜਾਂਦੀ ਸੀ ਜਾਂ ਰਾਜਿਆਂ ਨੂੰ ਖ਼ੁਸ਼ ਕਰਨ ਲਈ, ਉਹਨਾਂ ਦੀ ਰੁਚੀ ਅਨੁਸਾਰ, ਅਸ਼ਲੀਲਤਾ ਪੂਰਣ ਹੁੰਦੀ ਸੀ, ਜਾਂ ਫੇਰ ਕਾਮ-ਵਾਸ਼ਨਾ ਨੂੰ ਉਤੇਜਤ ਕਰਨ ਲਈ, ਕਵਿਤਾ ਦੀ ਰਚਨਾ ਹੁੰਦੀ ਸੀ, ਜਾਂ ਫੇਰ ਕਾਵਿ ਸ਼ਾਸਤ੍ਰ ਦੇ ਇਰਦ-ਗਿਰਦ ਘੁੰਮਦੀ ਸੀ। ਅਮੂਮਨ ਇਸ ਸਮੇਂ ਦੀ ਹਿੰਦੀ ਕਵਿਤਾ ਕਾਮ-ਵਾਸ਼ਨਾ ਦੀ ਪੂਰਤੀ ਲਈ ਹੀ ਰਚੀ ਜਾਂਦੀ ਸੀ। ਇਸ ਕਰੜੇ ਸਮੇਂ ਵਿੱਚ ਦੋ ਹੀ ਬ੍ਰਿਜ ਭਾਸ਼ਾ ਦੇ ਮਹਾਨ ਕਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਭੂਸ਼ਣ ਕਵੀ ਹੀ ਐਸੇ ਹੋਏ ਹਨ, ਕਿ ਜਿਨਾਂ **ਬੀਰ-ਰਸੀ** ਕਾਵਿ ਨੂੰ ਪ੍ਰਾਥਮਿਕਤਾ ਦਿੱਤੀ। ਦਸਮ-ਗ੍ਰੰਥ ਵਿੱਚ ਹਕਾਇਤਾਂ, ਗੁਰੂ ਸਾਹਿਬ ਰਚਿਤ ਨਹੀਂ ਹਨ, ਉਹਨਾਂ ਨੂੰ ਕਿਸੇ ਹੋਰ ਦਰਬਾਰੀ ਕਵੀ (ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ) ਨੇ ਰਚਿਆ ਹੈ, ਜੋ ਰੀਤੀਕਾਲ ਦੇ ਸਮੇਂ ਦੀ ਯਾਦ ਦਲਵਾਉਂਦੀਆਂ ਹਨ। **ਕਲਗੀਧਰ** ਨੇ ਖ਼ੁਦ ਬ੍ਰਿਜ-ਭਾਸ਼ਾ ਵਿੱਚ ਖਾਲਸ ਬੀਰ-ਰਸੀ ਕਾਵਿ ਦੀ ਹੀ ਰਚਨਾ ਕੀਤੀ ਹੈ, ਤੇ ਇਸ ਕਵਿਤਾ ਨੂੰ ਆਪ ਜੀ ਨੇ ਉਨਤੀ ਦੀਆਂ ਸ਼ਿਖਰਾਂ ਉੱਪਰ ਪੁਜਾ ਦਿੱਤਾ ਹੈ। ਪੰਜਾਬੀ ਵਿੱਚ ਆਪ ਜੀ ਦੀ

Namdhari Elibrary NamdhariElibrary@gmail.com

ਲੰਮੇਰੀ ਰਚਨਾ **"ਚੰਡੀ ਦੀ ਵਾਰ"** ਹੀ ਹੈ ਤੇ ਇਕ ਸ਼ਬਦ ਵੀ ਪੰਜਾਬੀ ਵਿੱਚ ਆਪ ਨੇ ਰਚਿਆ ਸੀ, ਜੋ ਆਪਣੇ ਆਪ ਵਿੱਚ ਬੇਮਿਸਾਲ ਹੈ। ਫ਼ਾਰਸੀ ਵਿੱਚ ਆਪ ਨੇ **ਜ਼ਫ਼ਰ ਨਾਮਾ** ਰਚਿਆ ਹੈ, ਜੋ ਸਾਡੀ ਨਜ਼ਰ ਵਿੱਚ, ਬਹਿਰ, ਜ਼ਬਾਨ, ਨਵੀਨਤਾ, ਸੰਖੇਪਤਾ ਅਤੇ ਕਾਵਿਕ ਵਿਸ਼ੇਸ਼ਤਾਵਾਂ ਅਨੁਸਾਰ ਫਰਦੌਸੀ ਦੇ ਸ਼ਾਹਨਾਮੇ ਨਾਲੋਂ ਘੱਟ ਨਹੀਂ, ਸਗੋਂ ਵਾਧੂ ਹੋ ਸਕਦਾ ਹੈ। ਸੋ ਇਹ ਕੁਦਰਤੀ ਗਲ ਸੀ, ਕਿ "ਵਾਰ ਸ੍ਰੀ ਭਗਉਤੀ ਜੀ ਕੀ" ਦੀ ਭਾਸ਼ਾ ਵਿੱਚ ਸਾਹਿਤਕ ਸ਼ਬਦਾਵਾਲੀ ਜ਼ਰੂਰੀ ਆ ਜਾਣੀ ਸੀ। ਰੂਪ-ਪੱਖ ਅਧੀਨ ਇਸ ਰਚਨਾ ਵਿੱਚ ਪ੍ਰਯੋਗ ਕੀਤੀ ਭਾਸ਼ਾ ਬਾਰੇ ਅਸੀਂ ਆਪਣੇ ਵਿਚਾਰ ਪਹਿਲੋਂ ਵਿਅਕਤ ਕਰਾਂਗੇ। ਤਾਕਿ ਅਸੀਂ ਸਾਹਿਬਾਂ ਦੀ ਭਾਸ਼ਾ ਬਾਰੇ ਕੁਝ ਵਿਸ਼ੇਸ਼ਤਾਵਾਂ ਦੱਸ ਸਕੀਏ।

ਭਾਸ਼ਾ : ਇਹ ਇਕ ਕੁਦਰਤੀ ਗੱਲ ਹੈ ਕਿ ਲੋਕ-ਬੋਲੀ ਅਤੇ ਸਾਹਿਤਕ ਬੋਲੀ ਵਿੱਚ ਬਾਰੀਕ ਜਿਹਾ ਅੰਤਰ ਜ਼ਰੂਰ ਹੁੰਦਾ ਹੈ। ਕਲਗੀਧਰ ਸੰਸਕ੍ਰਿਤ ਤੇ ਬ੍ਰਿਜ-ਭਾਸ਼ਾ ਆਦਿ ਦੇ ਮਹਾਨ ਵਿਦਵਾਨ ਤੇ ਕਵੀ ਸਨ, ਇਸ ਲਈ ਉਹਨਾਂ ਦੇ ਕਾਵਿ ਵਿੱਚ ਸੰਸਕ੍ਰਿਤ, ਫ਼ਾਰਸੀ, ਅਰਬੀ ਅਤੇ ਬ੍ਰਿਜੀ ਤੇ ਅਵਧੀ ਦੀ ਸ਼ਬਦਾਵਲੀ ਦਾ ਸ਼ਾਮਲ ਹੋ ਜਾਣਾ ਕੁਦਰਤੀ ਸੀ। ਆਪ ਆਨੰਦਪੁਰ ਸਾਹਿਬ ਹੀ ਰਹਿੰਦੇ ਰਹੇ ਤੇ ਮਾਝੀ ਬੋਲੀ ਦੇ ਖੇਤਰ ਵਿੱਚ ਨਹੀਂ ਆਏ। ਸੋ ਆਪ ਜੀ ਉੱਪਰ ਦੁਆਬੀ ਬੋਲੀ ਦਾ ਅਧਿਕ ਅਸਰ ਸੀ। ਇਸ ਲਈ "ਚੰਡੀ ਦੀ ਵਾਰ" ਦੀ ਭਾਸ਼ਾ ਸਾਹਿਤਕ ਪੰਜਾਬੀ ਹੈ, ਪਰ ਕਿਤੇ ਕਿਤੇ ਤੇ ਨਿਰੋਲ ਟਕਸਾਲੀ ਬੋਲੀ ਦੇ ਨੇੜੇ ਵੀ ਆ ਜਾਂਦੀ ਹੈ। ਅਸਲ ਵਿੱਚ ਬੀਰ ਰਸ ਨੂੰ ਉਘਾੜਨ ਲਈ, ਕਲਗੀਧਰ ਨੇ ਸਾਹਿਤਕ ਸ਼ਬਦਾਵਲੀ ਦੀ ਵਰਤੋਂ ਕੀਤੀ। ਇਸ ਬੋਲੀ ਦੇ ਅਨੇਕਾਂ ਸ਼ਬਦ—ਵਰਿਆਮੀ, ਅਲਾਮੀ, ਕੋਬਰ, ਕੋਜਮ, ਸਲਲੇ, ਪਾਖਰ, ਸੰਘਰ, ਦਸਤ, ਕੂਰਮ, ਗਿਰ, ਸਾਰ ਬਰਗਸਤਾਨ, —ਲੋਕ ਬੋਲੀ ਪੰਜਾਬੀ ਵਿਚੋਂ ਨਹੀਂ ਸਗੋਂ ਸਾਹਿਤਕ ਪ੍ਰਣਾਲੀ ਦੀ ਪੰਜਾਬੀ ਵਿਚੋਂ ਚੀਣੇ ਗਏ ਹਨ। ਗੁਰੂ ਦੇਵ ਸ਼ਬਦਾਂ ਦੀ ਦੁਨੀਆਂ ਦੇ ਸਮਰਾਟ ਸਨ ਤੇ ਨਵੇਂ-ਨਵੇਂ ਸਮਾਸ ਘੜਨ ਵਿੱਚ ਬੁਲੰਦ ਪਾਇਆ **ਕਲਾਕਾਰ** ਸਨ, ਇਸ ਲਈ ਕਈ ਸਥਲਾਂ ਉੱਪਰ ਉੱਚ ਕੋਟੀ ਦੇ ਸਮਾਸੀ ਸ਼ਬਦ ਵਰਤੇ ਹਨ ਜਿਵੇਂ **ਗੇਰੂ ਬਾਬਤ੍ਰਾ** ਸ਼ਬਦ ਨੂੰ ਦੇਖੋ, ਇਸ ਦੀ ਬਣਤਰ ਇਿੰਞ ਹੈ—ਗੇਰੂਬਾ+ਆਬ+ਉਤਰਾ =ਗੇਰੂ ਰੰਗਾ+ਅਬ +ਉਤਰਾ=ਗੇਰੂ ਰੰਗਾ-ਪਾਣੀ ਉਤਰਿਆ। ਇਸ ਪ੍ਰਕਾਰ ਦੇ ਹੋਰ ਵੀ ਸਮਾਸੀ

Namdhari Elibrary NamdhariElibrary@gmail.com

ਸ਼ਬਦ ਵਰਤਣ ਵਿੱਚ ਕਮਾਲ ਕਰ ਦਿਖਾਇਆ ਹੈ। ਪੰਜਾਬੀ ਪੇਸ਼ ਕਰਨ ਵਿੱਚ ਵੀ ਕਮਾਲ ਕੀਤਾ ਹੈ :—

ਲਖ ਨਗਾਰੇ ਵਜਣ ਆਹਮੋ ਸਾਹਮਣੇ ॥
ਸੀਹਾਂ ਵਾਂਗੂ ਗਜਣ ਸਭੇ ਸੂਰਮੇ ॥

ਬੀਰ ਰਸੀ ਜਜ਼ਬਿਆਂ ਨੂੰ ਨਿਖਾਰਨ ਲਈ, ਖ, ਭ, ੜ, ਢ ਤੇ ਣ ਆਦਿ ਧੁਨੀਆਂ ਦਾ ਵੀ ਕਲਾਤਮਕ ਢੰਗ ਨਾਲ ਪ੍ਰਯੋਗ ਕੀਤਾ ਹੈ। ਨਵੀਂ ਪ੍ਰਕਾਰ ਦੇ ਸਮਾਸ— ਸੰਗਲੀਆਲੇ, ਮੁਛਲੀਆਲੇ, ਜਟਾਲੇ, ਬਿਥਲੀਆਲੇ ਆਦਿ—ਵੀ ਘੜੇ ਹਨ। ਕਿਤੇ ਕਿਤੇ ਸ਼ਬਦਾਂ ਦੀ ਰਵਾਨੀ ਤੇ ਚਾਲ ਨੂੰ ਦਰੁਸਤ ਰਖਣ ਲਈ, ਸ਼ਬਦਾਂ ਨੂੰ ਨਵੀਂ ਤਰ੍ਹਾਂ ਘੜਿਆ ਹੈ ਜਿਵੇਂ—ਤਲਵਾਰ ਤੋਂ ਤਰਵਾਰ, ਹਿਲੀ ਤੋਂ ਹਾਲੀ, ਢਲੀ ਤੋਂ ਢਾਲੀ ਆਦਿ। ਸਮੁੱਚੇ ਤੌਰ ਤੇ ਵਾਰ ਦੀ ਬੋਲੀ ਦਾ ਪਿੰਡਾ ਪੰਜਾਬੀ ਦਾ ਹੈ, ਪਰ ਇਸ ਪਿੰਡੇ ਉੱਪਰ ਦੁਆਬੀ, ਫ਼ਾਰਸੀ, ਸੰਸਕ੍ਰਿਤ, ਬ੍ਰਿਜੀ, ਅਰਬੀ, ਰਾਜਸਥਾਨੀ ਤੇ ਅਵਧੀ ਆਦਿ ਦੇ ਸ਼ਬਦਾਂ ਦੇ ਪੁਸ਼ਾਕੇ ਪਹਿਨਾ ਕੇ, ਇਸ ਨੂੰ ਬੀਰ ਰਸ ਦਾ ਮੁਜੱਸਮਾ (ਮੂਰਤੀ) ਬਣਾ ਦਿੱਤਾ ਹੈ। ਬੀਰ ਰਸ ਦੇ ਨਾਲ ਨਾਲ ਹਾਸ ਰਸ ਦਾ ਵੀ ਪ੍ਰਯੋਗ ਇਸ ਬੋਲੀ ਵਿੱਚ ਹੋਇਆ ਹੈ। ਏਥੇ ਇਕ ਗੱਲ ਹੋਰ ਵੀ ਯਾਦ ਰਖਣੀ ਚਾਹੀਦੀ ਹੈ ਕਿ ਕਾਵਿ ਭਾਸ਼ਾ ਤੇ ਲੋਕ ਬੋਲੀ ਵਿੱਚ ਇਕ ਅੰਤਰ ਹੁੰਦਾ ਹੈ। ਕਵੀ ਕਿਸੇ ਗੱਲ ਨੂੰ ਥੋੜੇ ਜਿਹੇ ਸ਼ਬਦਾਂ ਵਿੱਚ ਇਸ ਪ੍ਰਕਾਰ ਕਹਿ ਜਾਂਦਾ ਹੈ, ਕਿ ਜੋ ਅਸਰ ਉਸ ਦੇ ਕਹਿਣ ਦਾ ਹੁੰਦਾ ਹੈ, ਉਹ ਸਿੱਧੀ ਤਰ੍ਹਾਂ ਗੱਲ ਕੀਤਿਆਂ ਨਹੀਂ ਹੁੰਦਾ। ਸੋ "ਚੰਡੀ ਦੀ ਵਾਰ" ਦੀ ਭਾਸ਼ਾ ਕਾਵਿਕ ਹੈ, ਜੋ ਅਸਰ ਕਰਨ ਵਿੱਚ ਬਹੁਤ ਹੀ ਜ਼ੋਰਦਾਰ ਹੈ।

ਸ਼ੈਲੀ : ਕਿਸੇ ਕਵੀ ਦੇ ਸ੍ਵੈ ਪ੍ਰਗਟਾਵੇ ਦੇ ਕਲਾਤਮਕ ਢੰਗ ਨੂੰ **ਸ਼ੈਲੀ** ਕਿਹਾ ਜਾਂਦਾ ਹੈ, ਸ਼ੈਲੀ ਵਾਸਤਵ ਵਿੱਚ ਕਿਸੇ ਸਾਹਿਤ ਜਾਂ ਕਾਵਿ ਦਾ ਤਕਨੀਕੀ ਪ੍ਰਧਾਨ ਤਤ੍ਵ ਹੁੰਦਾ ਹੈ। ਕਿਸੇ ਕਵਿਤਾ ਦੀ ਰੋਚਕਤਾ ਜਾਂ ਅਰੋਚਕਤਾ ਦਾ ਆਧਾਰ ਸ਼ੈਲੀ ਹੀ ਹੁੰਦੀ ਹੈ। ਇਨਸਾਨੀ ਜਜ਼ਬਿਆਂ, ਵਲਵਲਿਆਂ, ਮਨੋਭਾਵਾਂ, ਵਿਚਾਰਾਂ, ਖ਼ਿਆਲਾਂ, ਸਧੱਰਾਂ, ਰੀਝਾਂ ਅਤੇ ਸਿੱਕਾਂ ਦੇ ਪ੍ਰਗਟ ਕਰਨ ਦੀ ਰੀਤੀ ਨੂੰ ਹੀ ਸ਼ੈਲੀ ਨਾਮ ਦਿੱਤਾ ਜਾਂਦਾ ਹੈ। ਸ਼ੈਲੀ ਵਾਸਤਵ ਵਿੱਚ ਕਵੀ ਦਾ ਆਪਣਾ ਰੂਪ ਹੀ ਹੁੰਦਾ ਹੈ। ਇਸ ਲਈ ਕਾਵਿ, ਸ਼ੈਲੀ ਪੱਖੋਂ ਅੱਡ-ਅੱਡ ਹੁੰਦਾ ਹੈ। ਇਸ ਦੀ ਕੋਈ ਖ਼ਾਸ ਨਪੀ ਤੁਲੀ ਸ਼ੈਲੀ

Namdhari Elibrary NamdhariElibrary@gmail.com

ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਸ਼ੈਲੀ ਕਵੀ ਅਨੁਸਾਰ ਹੀ ਉਘੱੜਦੀ ਅਤੇ ਨਿਖਰਦੀ ਹੈ। "ਚੰਡੀ ਦੀ ਵਾਰ" ਦੀ ਸ਼ੈਲੀ ਨੂੰ ਪਰਖਿਆਂ, ਇਹ ਕੁਦਰਤੀ ਤੌਰ ਤੇ ਸਿੱਟਾ ਨਿਕਲਦਾ ਹੈ ਕਿ ਇਹ ਸ਼ੈਲੀ ਅਨੂਠੀ, ਬੇਮਿਸਾਲ, ਬੇਨਜ਼ੀਰ ਤੇ ਬੀਰ-ਰਸੀ ਹੈ। ਸਾਡੇ ਨਜ਼ਰੀਏ ਅਨੁਸਾਰ ਸ਼ੈਲੀ ਦੇ ਪਖੋਂ—ਚੰਡੀ ਦੀ ਵਾਰ—ਪੰਜਾਬੀ—ਵਾਰ ਸਾਹਿਤ ਵਿੱਚ ਅਦੁੱਤੀ ਹੈ ਤੇ ਇਕ ਚਾਨਣ ਮੁਨਾਰਾ ਵੀ। ਲੰਮੇ-ਲੰਮੇ ਵਾਕਿਆਤ (ਘਟਨਾਵਾਂ) ਨੂੰ, ਸੰਖੇਪ ਤੇ ਨਵੀਨਤਾ ਨੂੰ ਦ੍ਰਿਸ਼ਟੀ ਵਿੱਚ ਰਖਦਿਆਂ, ਗੁਰੂ ਜੀ ਨੇ ਸ਼ਬਦ-ਚਿੱਤ੍ਰਾਂ ਤੇ ਨਾਦ ਚਿੱਤ੍ਰਾਂ ਰਾਹੀਂ ਇਕ ਕਲਾਤਮਕ ਢੰਗ ਨਾਲ ਪੂਰਾ ਕਰ ਦਿੱਤਾ ਹੈ। ਯੁੱਧਾਂ ਦੇ ਨਕਸ਼ ਖਿੱਚਣ ਵਿੱਚ ਕਮਾਲ ਦਰਜੇ ਦੀ ਸ਼ਬਦ-ਚੋਣ ਕੀਤੀ ਹੈ। ਯੁੱਧ ਨੂੰ ਪੜ੍ਹਨ ਵਾਲਾ ਪਾਠਕ ਤੇ ਸਰੋਤਾ ਪੜ੍ਹ ਕੇ ਸੁਣਕੇ ਦੋਹਵੇਂ ਹੈਰਾਨ ਤੇ ਮੁਗਧ ਹੋ ਜਾਂਦੇ ਹਨ, ਕਿਉਂਕਿ ਯੁੱਧ ਸ਼ਾਬਦਿਕ ਹੀ ਨਹੀਂ ਰਹਿ ਜਾਂਦਾ ਸਗੋਂ ਸਾਕਾਰ ਰੂਪ ਵਿੱਚ ਅਖੀਆਂ ਗੋਚਰ ਹੋ ਜਾਂਦਾ ਹੈ। ਤਲਵਾਰਾਂ ਤੇ ਦੂਜਿਆਂ ਹਥਿਆਰਾਂ ਦੀ ਖਣਕਾਰ ਤੇ ਛਣਕਾਰ ਸੁਣਾਈ ਦੇਣ ਲਗ ਪੈਂਦੀ ਹੈ। ਮੁਨਾਰਿਆਂ ਤੇ ਵੱਡੇ ਮੌਛਿਆਂ ਵਰਗੇ ਸੂਰਬੀਰ ਅਖਾਂ ਅੱਗੇ ਭਿੜਦੇ ਨਜ਼ਰ ਔਣ ਲਗ ਜਾਂਦੇ ਹਨ, ਲਹੂ ਤੇ ਮਿੰਝ ਦੀ ਨਦੀਆਂ ਠਾਠਾਂ ਮਾਰਦੀਆਂ ਅੱਖਾਂ ਗੋਚਰ ਹੋ ਜਾਂਦੀਆਂ ਹਨ, ਇੱਲਾਂ, ਗਿਰਝਾਂ ਤੇ ਕਾਂ ਆਦਿ ਪੰਛੀ ਮੁਰਦਾ ਲੋਥਾਂ ਨੂੰ ਖਾਂਦੇ ਨਜ਼ਰ ਆ ਜਾਂਦੇ ਹਨ। ਸੋ ਇਸ ਵਾਰ ਦੀ ਸ਼ੈਲੀ ਬੀਰ-ਰਸ ਭਰਪੂਰ ਹੈ ਤੇ ਕਲਗੀਧਰ ਦਾ ਸਰੂਪ ਹੀ ਬਣ ਗਈ ਹੈ।

ਅਲੰਕਾਰ : ਇਹ ਇਕ ਮੰਨੀ ਪਰਮੰਨੀ ਹਕੀਕਤ ਹੈ ਕਿ ਕਵੀ ਕਾਵਿ ਨੂੰ ਖੂਬਸੂਰਤ ਬਣਾਉਣ ਲਈ ਤੇ ਆਪਣੇ ਆਸ਼ਿਆਂ ਨੂੰ ਸਪੱਸ਼ਟ ਕਰਨ ਲਈ ਅਲੰਕਾਰਾਂ ਦਾ ਪ੍ਰਯੋਗ ਕਰਦਾ ਹੈ। ਇਕ ਮਹਾਨ ਕਲਾਕਾਰ ਔਸ ਅਲੰਕਾਰ ਪ੍ਰਯੋਗ ਕਰਦਾ ਹੈ, ਆਪਣੇ ਦੁਆਲੇ ਤੇ ਨਿੱਤ ਦੇ ਜੀਵਨ ਦੀਆਂ ਵਰਤੋਂ ਦੀਆਂ ਚੀਜ਼ਾਂ ਵਿਚੋਂ ਅਲੰਕਾਰ ਚੁਣਦਾ ਹੈ ਜੋ ਆਮ ਸੂਝ-ਬੂਝ ਦੇ ਨੇੜੇ ਹੋਣ ਕਾਰਨ, ਆਮ ਪਧੱਰੀ ਦਾ ਇਨਸਾਨ ਵੀ ਇਨ੍ਹਾਂ ਤੋਂ ਲਾਭ ਉਠਾ ਲੈਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਮ ਜੀਵਨ ਵਿਚੋਂ ਅਲੰਕਾਰ ਚੁਣੇ ਹਨ। ਬਹੁਤ ਕਰਕੇ ਉਪਮਾ ਤੇ ਰੂਪਕ ਅਲੰਕਾਰਾਂ ਦੀ ਹੀ ਵਰਤੋਂ ਕੀਤੀ ਹੈ। ਸਾਡੀ ਨਜ਼ਰ ਵਿੱਚ, ਗੁਰੂ ਦੇਵ ਦੇ ਅਲੰਕਾਰ ਹਨ ਤੇ ਆਮ ਜੀਵਨ ਵਿਚੋਂ ਲਏ ਗਏ, ਪਰ ਹਨ ਇਹ ਸਾਰੇ ਅਛੂਤੇ ਤੇ ਅਨੂਠੇ। ਦੁਰਗਾ ਨੇ ਰਣ

Namdhari Elibrary NamdhariElibrary@gmail.com

ਭੂਮੀ ਵਿਚੋਂ ਦੈਂਤ ਸਿਪਾਹੀਆਂ ਤੇ ਸੈਨਾਪਤੀਆਂ ਦੇ ਆਹੂ ਲਾ ਦਿੱਤੇ। ਵੱਡੇ-ਵੱਡੇ ਆਕਾਰ ਵਾਲੇ ਸੂਰਮਿਆਂ ਨੂੰ ਯੁੱਧ ਭੂਮੀ ਵਿੱਚ ਏਧਰ ਓਧਰ ਰੁਲਦਿਆਂ, ਤੇ ਲਹੂ ਦੀ ਨਦੀ ਵਿੱਚ ਤਰਦਿਆਂ ਦਸੱਣ ਲਈ ਜੋ ਉਪਮਾ ਤੇ ਰੂਪਕ ਕਲਗੀਧਰ ਨੇ ਵਰਤੇ ਹਨ ਕਮਾਲ ਕਰ ਦਿੱਤਾ ਹੈ, ਜਿਵੇਂ

1. ਇਕ ਵਢੇ ਤੇਗੀ ਤੜਫੀਅਨ ਮਦ ਪੀਤੇ ਲੋਟਨਿ ਬਾਵਲੇ ॥
2. ਜਣ ਡਸੇ ਭੁਜੰਗਮ ਸਾਵਲੇ। ਮਰ ਜਾਵਣ ਬੀਰ ਰੋਹਾਵਲੇ ॥
3. ਮਾਰੇ ਜਾਪਨ ਬਿਜਲੀ ਸਿਰ ਭਾਰ ਮੁਨਾਰੇ ॥
4. ਡਿਗੇ ਜਾਣ ਜਾਨਿ ਮੁਨਾਰੇ ਮਾਰੇ ਬਿਜ ਦੇ ॥
5. ਸੁਤੇ ਜਾਣਿ ਜਟਾਲੇ ਭੰਗਾਂ ਖਾਇਕੇ ॥
6. ਵਢੇ ਗਨ ਤਿਖਾਣੀ ਮੂਏ ਖੇਤਿ ਵਿਚਿ ॥
7. ਜਣੁ ਲੈ ਕਟੇ ਆਰੇ ਦਰਖਤ ਬਾਢੀਆਂ ॥
8. ਜਾਪਨ ਅੰਬਰਿ ਤਾਰੇ ਡਿਗਨ ਸੂਰਮੇ ॥
9. ਜਣ ਮਦ ਖਾਇ ਮਦਾਰੀ ਘੂਮਨ ਸੂਰਮੇ ॥
10. ਜਾਪੇ ਖੇਡਿ ਖਿਡਾਰੀ ਸੁਤੇ ਫਾਗ ਨੂੰ ॥
11. ਜੋਧੇ ਜੇਹੁ ਮੁਨਾਰੇ ਦਿਸਣ ਖੇਤ ਵਿੱਚ ॥
12. ਲੋਹੂ ਫਾਥੀ ਜਾਲੀ ਲੋਥੀ ਜਮਧੜੀ ॥
13. ਜਾਪੇ ਕੱਟੇ ਬਾਢੀਆਂ ਚੰਦਨ ਆਰੀ ॥

ਦੁਰਗਾ ਦੀ ਬਹਾਦਰੀ ਨੂੰ ਦਰਸਾਉਣ ਲਈ ਕਮਾਲ ਦਰਜੇ ਦੇ ਅਲੰਕਾਰ ਵਰਤੇ ਗਏ ਹਨ :—

1. ਚੱਲੇ ਸਉਹੇ ਦੁਰਗਸਾਹ ਜਣ ਕਾਬੇ ਹਾਜੀ ॥
2. ਇਕ ਘਾਇਲ ਘੂਮਨ ਸੂਰਮੇ ਜਣ ਮਕਤਬ ਕਾਜੀ ॥
3. ਇਕ ਬੀਰ ਪਰੋਤੇ ਬਰਛੀਏਂ ਜਿਉ ਝੁਕ ਪਉਣ ਨਿਵਾਜੀ ॥
4. ਇਕ ਧਾਵਨ ਦੁਰਗਾ ਸਾਮਣੇ ਜਿਉ ਭੁਖਿਆਏ ਪਾਜੀ ॥
5. ਜਾਣ ਹਲਵਾਈ ਸੀਖ ਨਾਲ ਵਿੰਨ ਵੜੇ ਉਤਾਰੇ ॥
6. ਬੀਰ ਪਰੋਤੇ ਬਰਛੀਏ ਜਣੁ ਡਾਲਿ ਚਮੁਟੇ ਆਵਲੇ ॥

Namdhari Elibrary NamdhariElibrary@gmail.com

ਇਸੇ ਪ੍ਰਕਾਰ ਦੇ ਹੋਰ ਅਲੰਕਾਰ ਵਰਤੇ ਗਏ ਹਨ। ਗੁਰੂ ਦੇਵ ਨੇ ਇਕ ਸਥਲ ਤੇ ਅਤਿਸ਼ਯੋਕਤੀ ਅਲੰਕਾਰ ਦੀ ਵਰਤੋਂ ਕੀਤੀ ਹੈ, ਜਿਸ ਤੋਂ ਇਹ ਭਰਮ ਪੈਣ ਦੀ ਗੁੰਜਾਇਸ਼ ਹੋ ਜਾਂਦੀ ਹੈ ਕਿ ਸ਼ਾਇਦ ਕਲਗੀਧਰ ਮਿਥਿਹਾਸ ਵਿੱਚ ਵਿਸ਼ਵਾਸ ਰਖਦੇ ਸਨ। ਐਸਾ ਸੋਚਣਾ ਕੇਵਲ ਭਰਮ ਹੀ ਭਰਮ ਹੈ, ਕਿਉਂਕਿ ਅਲੰਕਾਰ ਵਿੱਚ ਉਹਨਾਂ ਦਾ ਨਿਜੀ ਵਿਸ਼ਵਾਸ ਨਹੀਂ, ਸਗੋਂ ਦੇਵੀ ਦੀ ਸੂਰਮਤਾ ਤੇ ਬਹਾਦਰੀ ਨੂੰ ਦਰਸਾਉਣਾ ਸੀ। ਉਹ ਅਲੰਕਾਰ ਇਹ ਹਨ :—

ਚੰਡੀ ਰਾਖਸ ਖਾਣੀ ਵਾਹੀ ਦੈਂਤ ਨੂੰ ॥
ਕੋਪਰ ਚੂਰ ਚਵਾਣੀ ਲਥੀ ਕਰਕ ਲੈ ॥
ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ ॥
ਲੈਂਦੀ ਅਗਾਂ ਸਿਧਾਣੀ ਸਿੰਗਾਂ ਧਉਲ ਦੀਆਂ ॥
ਕੂਰਮ ਸਿਰ ਲਹਲਾਣੀ ਦੁਸਮਨ ਮਾਰ ਕੈ ॥

ਹਾਲੀ ਸ਼ਾਇਰ ਨੇ "ਮੁਕੱਦਮਾ ਸ਼ਿਅਰੋ ਸ਼ਾਇਰੀ" ਵਿੱਚ ਸਪੱਸ਼ਟ ਕੀਤਾ ਹੈ ਕਿ ਸ਼ਾਇਰ ਨਵੀਨ ਖਿਆਲ ਰਖਦਿਆਂ ਹੋਇਆਂ ਵੀ ਆਪਣੇ ਪ੍ਰਾਚੀਨ ਵਿਸ਼ਵਾਸਾਂ ਤੋਂ ਪੂਰੀ ਪੂਰੀ ਤਰ੍ਹਾਂ ਨਹੀਂ ਟੁੱਟ ਸਕਦਾ, ਕਿਉਂਕਿ ਉਸ ਨੂੰ ਬਹੁਤ ਸਾਰੇ ਆਸ਼ੇ ਮਿਥਿਹਾਸ ਦੇ ਪ੍ਰਸੰਗ ਨਾਲ ਸਪੱਸ਼ਟ ਕਰਨੇ ਹੁੰਦੇ ਹਨ। ਸੋ ਗੁਰੂ ਜੀ ਨੇ ਇਸ ਅਲੰਕਾਰ ਨੂੰ ਵਰਤਣ ਵਿੱਚ ਦੇਵੀ ਦੇ ਬਲ ਅਤੇ ਪ੍ਰਾਕਰਮ ਨੂੰ ਹੀ ਸਪੱਸ਼ਟ ਕਰਨਾ ਸੀ, ਬਾਕੀ ਉਹਨਾਂ ਦਾ ਨਿਜੀ ਵਿਸ਼ਵਾਸ ਇਸ ਬਾਣੀ ਵਿੱਚ ਸੀ :—

ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

ਇਕ ਹੋਰ ਅਲੰਕਾਰ ਵੀ, ਲੋਕਾਂ ਦੇ ਵਹਿਮ ਉੱਪਰ ਆਧਾਰਤ, ਵਰਤਿਆ ਗਿਆ ਹੈ, ਜਿਸ ਵਿੱਚ ਕਲਗੀਧਰ ਦਾ ਵਿਸ਼ਵਾਸ ਨਹੀਂ ਸਗੋਂ ਮਹਿਖੇ ਦੈਂਤ ਦੀ ਬੁਰੀ ਘੜੀ ਨੂੰ

Namdhari Elibrary NamdhariElibrary@gmail.com

ਦਰਸਾਇਆ ਗਿਆ ਹੈ। ਜਿਸ ਵੇਲੇ ਚੰਡੀ ਸਾਹਮਣੇ ਮਹਿਖਾ ਦੈਂਤ ਗਾਲਾਂ ਕਢੱਦਾ ਤੇ ਬਕਵਾਸ ਕਰਦਾ ਆਇਆ, ਤਦ ਚੰਡੀ ਨੇ ਉਸ ਉੱਪਰ ਭਰਪੂਰ ਤਲਵਾਰ ਦਾ ਹੱਥ ਚਲਾਇਆ। ਇਸ ਸਮੇਂ ਨੂੰ ਸਾਹਿਬਾਂ ਨੇ ਧੂਮ ਕੇਤੁ ਤਾਰੇ (ਪੂਛਲ ਤਾਰੇ, ਬੋਦੀ ਵਾਲੇ ਤਾਰੇ) ਨਾਲ ਉਪਮਾ ਦਿੱਤੀ ਹੈ, ਕਿਉਂਕਿ ਮਹਿਖੇ ਲਈ ਮਾਨੋ ਇਹ ਘੜੀ ਬੜੀ ਹੀ ਅਸ਼ੁਭ ਸੀ।

ਦੇਵੀ ਦਸਤ ਨਚਾਈ ਸੀਹਣ ਸਾਰ ਦੀ ॥
ਪੇਟ ਮਲੰਦੇ ਲਾਈ ਮਹਿਖੇ ਦੈਤ ਨੂੰ ॥
ਗੁਰਦੇ ਆਂਦਾ ਖਾਈ ਨਾਲੇ ਰੁਕੜੇ ॥
ਜੇਹੀ ਦਿਲ ਵਿਚ ਆਈ ਕਹੀ ਸੁਣਾਇਕੈ ॥
ਚੋਟੀ ਜਾਣੁ ਦਿਖਾਈ ਤਾਰੇ ਧੂਮ ਕੇਤ ॥

ਕਥਾ ਵਸਤੂ ਦੀਆਂ ਕੜੀਆਂ ਨੂੰ ਜੋੜੀ ਰਖਣ ਲਈ ਆਪ ਜੀ ਨੇ ਸ਼ਬਦ ਚਿੱਤ੍ਰਾਂ ਦੀ ਵਰਤੋਂ ਕੀਤੀ ਹੈ। ਜਿਵੇਂ ਇਕ ਸ਼ਬਦ **ਮੇਦਨੀ** ਵਰਤਣ ਨਾਲ ਮਧੁਕੈਟਭ ਦੇ ਪੰਜ ਹਜ਼ਾਰ ਸਾਲ ਦੇ ਯੁੱਧ ਦਾ ਨਕਸ਼ਾ ਖਿੱਚ ਕੇ ਰਖ ਦਿੱਤਾ ਹੈ, ਹਾਲਾਂਕਿ ਇਸ ਯੁੱਧ ਦਾ ਜ਼ਿਕਰ ਨਹੀਂ ਕੀਤਾ। ਸੋ ਅਲੰਕਾਰਾਂ ਦੇ ਪਖੋਂ ਇਹ ਵਾਰ ਬਹੁਤ ਹੀ ਉੱਚੀ ਤੇ ਸੁੱਚੀ ਹੈ।

ਰਸ : ਭਾਰਤੀ ਕਾਵਿ ਸ਼ਾਸਤ੍ਰ ਅਨੁਸਾਰ ਕਿਸੇ ਕਾਵਿ ਵਿਚ ਰਸਾਂ ਦਾ ਹੋਣਾ ਜ਼ਰੂਰੀ ਹੈ ਤੇ ਰਸ ਬਗੈਰ ਕਵਿਤਾ ਜਾਨ-ਵਿਹੀਨ ਮੁਰਦਾ ਸਰੀਰ ਹੈ। ਰਸ ਨੌਂ ਦਸੇ ਜਾਂਦੇ ਹਨ। ਚੰਡੀ ਦੀ ਵਾਰ **ਬੀਰ-ਰਸੀ** ਕਾਵਿ ਹੈ। ਸੋ ਇਸ ਵਿੱਚ ਪ੍ਰਧਾਨ ਰਸ ਬੀਰ-ਰਸ ਹੀ ਹੈ ਤੇ ਬਾਕੀ ਰਸਾਂ ਦਾ ਕਿਤੇ ਆਭਾਸ ਹੈ ਜਾਂ ਗੌਣ ਰੂਪ ਵਿੱਚ ਵਰਤੇ ਗਏ ਹਨ। ਮਿਸਾਲ ਵਜੋਂ ਅਸੀਂ ਕੁਝ ਰਸ ਪੇਸ਼ ਕਰ ਰਹੇ ਹਾਂ।

ਭਾਰਤੀ ਕਾਵਿ ਦੀ ਜਾਨ **ਰਸ** ਹਨ। ਜੇ ਕਿਸੇ ਕਾਵਿ ਵਿੱਚ ਰਸਾਂ ਦੀ ਵਰਤੋਂ ਦਾ ਸੰਜੋਗ ਠੀਕ ਤਰ੍ਹਾਂ ਨ ਕੀਤਾ ਹੋਵੇ, ਉਹ ਕਾਵਿ ਨਾ ਤੇ ਅਲੌਕਿਕ ਹੋ ਸਕਦਾ ਹੈ ਅਤੇ ਨਾ ਹੀ ਮਨੋਰੰਜਕ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ **ਮੰਤਵ** ਇਸ ਵਾਰ-ਕਾਵਿ ਨੂੰ ਲਿਖਣ ਦਾ ਇਹ ਸੀ ਕਿ ਜ਼ਾਲਮ ਸ਼ਾਸਕ-ਵਰਗ ਦੇ ਜ਼ੁਲਮ-ਮਿੱਧੇ, ਲੋਕਾਂ ਨੂੰ, ਆਪਣੇ ਹਕ-ਹਕੂਕ ਤੇ ਖੋਹੀ ਹੋਈ ਸੁਤੰਤਰਤਾ ਨੂੰ ਪ੍ਰਾਪਤ ਕਰਨ ਲਈ, ਆਪਣੇ ਪੈਰਾਂ ਤੇ ਖੜਾ ਕੀਤਾ ਜਾਵੇ ਅਤੇ ਉਹਨਾਂ ਦੇ ਦਿਲਾਂ ਵਿਚਲੀ ਸੁੱਤੀ ਹੋਈ

Namdhari Elibrary NamdhariElibrary@gmail.com

ਅਣਖ ਨੂੰ ਹਲੂਣ ਕੇ, ਜਿਹਨੀ ਗੁਲਾਮੀ ਨੂੰ ਦੂਰ ਕਰਕੇ, ਜ਼ਬਰਦਸਤ ਹਕੂਮਤ ਨਾਲ ਟੱਕਰ ਲੈਣ ਲਈ ਉਤਸਾਹਿਤ ਕੀਤਾ ਜਾਵੇ। ਇਸ ਉਤਮ ਤੇ ਉਤਕ੍ਰਿਸ਼ਟ ਅਤੇ ਦੇਸ਼-ਪ੍ਰੇਮ ਦੀ ਭਾਵਨਾ ਨਾਲ ਭਰਪੂਰ ਮਕੱਸਦ ਨੂੰ "ਵਾਰ ਸ੍ਰੀ ਭਗਉਤੀ ਜੀ ਕੀ" ਦੇ ਮਾਧਿਅਮ ਨਾਲ ਉਤੇਜਤ ਕੀਤਾ ਜਾਵੇ। ਸੋ ਕੁਦਰਤੀ ਤੌਰ ਤੇ ਇਸ ਰਚਨਾ ਦਾ ਆਧਾਰ **ਬੀਰ-ਰਸ** ਨੂੰ ਬਣਾਇਆ ਗਿਆ, ਤੇ ਉਹਨਾਂ ਦਾ ਆਪਣਾ ਮਹਾਂਬਲੀ ਤੇ ਸੂਰਬੀਰਤਾ ਭਰਪੂਰ ਵਿਅਕੱਤਤਵ ਇਸ ਰਚਨਾ ਵਿੱਚ ਘੁਲ ਮਿਲ ਕੇ ਇਕ ਜਾਨ ਹੋ ਗਿਆ। ਸ਼ੁਰੂ ਤੋਂ ਲੈਕੇ ਅਖ਼ੀਰ ਤਕ ਇਸ ਰਚਨਾ ਦਾ ਇੱਕ ਇੱਕ ਸ਼ਬਦ ਵੀਰ ਸਿਪਾਹੀ ਹੈ, ਜੋ ਨਿਜੀ ਸੁਤੰਤਰਤਾ ਦੀ ਪ੍ਰਾਪਤੀ ਲਈ, ਘਮਸਾਣ ਦਾ ਯੁੱਧ ਕਰ ਰਿਹਾ ਹੈ। ਕਿਤੇ ਕਿਤੇ ਜ਼ਰੂਰ ਦੂਜੇ ਰਸਾਂ ਦਾ ਆਭਾਸ, ਜਾਂ ਉਹ ਧੁੰਧਲੇ ਰੂਪ ਵਿੱਚ ਨਜ਼ਰ ਆ ਜਾਂਦੇ ਹਨ, ਪਰ ਉਹ ਰਸ ਵੀ **ਬੀਰ-ਰਸ** ਦੇ ਸਹਾਇਕ ਹੀ ਸਾਬਤ ਹੁੰਦੇ ਹਨ :-

1. **ਸ਼ਾਂਤ-ਰਸ :** ਕਲਗੀਧਰ ਨੇ ਜਿਥੇ ਨਿਰਗੁਣ ਨਿਰੰਕਾਰ ਦੀ ਭਗਤੀ ਲਈ ਪ੍ਰੇਰਣਾ ਦਿੱਤੀ ਹੈ ਉਥੇ ਸ਼ਾਂਤ-ਰਸ ਦਾ ਨਿਰੂਪਣ ਹੋਇਆ ਹੈ।

ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ ॥

2. **ਸ਼ਿੰਗਾਰ-ਰਸ :** ਇਸ ਰਚਨਾ ਵਿਚ ਸ਼ਿੰਗਾਰ-ਰਸ ਦਾ ਆਭਾਸ ਜ਼ਰੂਰ ਮਿਲਦਾ ਹੈ, ਪਰ ਅਸਲ ਵਿੱਚ ਉਹ ਬੀਰ ਰਸ ਦੀ ਪੁਸ਼ਟੀ ਲਈ ਉਪਮਾ ਦੇ ਰੂਪ ਵਿੱਚ ਵਰਤਿਆ ਹੋਇਆ ਜਾਪਦਾ ਹੈ।

ਸੁੰਭ ਪਲਾਣੋ ਡਿਗਿਆ ਉਪਮਾ ਬੀਚਾਰੀ ॥
ਡੁਬ ਰਤੂ ਨਾਲਹੁ ਨਿਕਲੀ ਬਰਛੀ ਦੁਧਾਰੀ ॥
ਜਾਣ ਰਜਾਦੀ ਉਤਰੀ ਪੈਨ੍ਹ ਸੂਹੀ ਸਾਰੀ ॥

3. **ਕਰੁਣ-ਰਸ :** ਕਰੁਣ-ਰਸ ਦਾ ਆਭਾਸ, ਰਾਖਸ਼ਾਂ ਦੇ ਪੱਖ ਵਿੱਚ ਨਜ਼ਰ ਆਉਂਦਾ ਹੈ, ਕਿਉਂਕਿ ਜਦ ਚੰਡੀ ਕਿਸੇ ਸੈਨਾਪਤੀ ਨੂੰ ਉਸ ਦੀ ਫ਼ੌਜ ਸਹਿਤ ਮੌਤ ਦੇ ਘਾਟ ਉਤਾਰ ਦਿੰਦੀ ਹੈ, ਤਦ ਸੁੰਭ ਨੂੰ ਥੋੜੀ ਦੇਰ ਲਈ ਚਿੰਤਾ ਘੇਰ ਲੈਂਦੀ ਹੈ ਤੇ ਉਹ ਜੰਗੀ ਮਸ਼ਵਰਾ ਕਰਨ ਲਗ ਜਾਂਦਾ ਹੈ।

Namdhari Elibrary NamdhariElibrary@gmail.com

ਸੁੰਭ ਸੁਣੀ ਕਰ ਹਾਲੀ ਸ੍ਰਣਵਤ ਬੀਜ ਦੀ ॥
ਰਣ ਵਿਚਿ ਕਿਨੈ ਨ ਝਾਲੀ ਦੁਰਗਾ ਆਂਵਦੀ ॥

4. ਹਾਸ-ਰਸ : ਗੁਰੂ ਜੀ ਨੇ ਜਿਥੇ ਰਾਕਸ਼ਾ ਦੀ ਸ਼ਰੀਰਕ ਤਸਵੀਰ ਖਿੱਚੀ ਹੈ, ਉਥੇ ਹਾਸ-ਰਸ ਦਾ ਆਭਾਸ ਪੈਦਾ ਹੋ ਗਿਆ ਹੈ।

ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ ॥
ਉਖਲੀਆ ਨਾਸਾਂ ਜਿਨਾ ਮੁਹ ਜਾਪਨ ਆਲੇ ॥
ਧਾਏ ਦੇਵੀ ਸਾਹਮਣੇ ਬੀਰ ਮੁਛਲੀਆਲੇ ॥

5. ਰੌਦ੍ਰ-ਰਸ : ਯੁੱਧਾਂ ਦੇ ਸਮੇਂ ਚੰਡੀ ਵੀ ਰੋਸ ਵਿਚ ਆ ਜਾਂਦੀ ਹੈ ਅਤੇ ਉਸ ਦੇ ਟਾਕਰੇ ਲਈ ਆਏ ਦੈਂਤ ਸੈਨਾਪਤੀ ਵੀ ਰੋਹ ਵਿਚ ਭਰ ਦਿਖਾਈ ਦਿੰਦੇ ਹਨ। ਇਨ੍ਹਾਂ ਮੌਕਿਆਂ ਤੇ ਰੌਦ੍ਰ-ਰਸ ਦੀ ਵਿਤੁਪਤੀ ਹੋ ਜਾਂਦੀ ਹੈ।

ਰੋਸ ਸਿਧਾਈਆ ਚਕ੍ਰਪਾਣ, ਕਰ ਨੰਦਾ ਖੜਗ ਉਠਾਇਕੇ ॥

6. ਬੀਰ-ਰਸ : ਇਸ ਰਚਨਾ ਦਾ ਇੱਕ ਇੱਕ ਸ਼ਬਦ ਬੀਰ-ਰਸ ਭਰਪੂਰ ਹੈ।

ਚੋਬੀ ਧਉਸਾ ਪਾਈਆਂ ਦਲਾਂ ਮੁਕਾਬਲਾ ॥
ਦਸਤੀ ਧੂਹ ਨਚਾਈਆਂ ਤੇਗਾਂ ਨੰਗੀਆਂ ॥

7. ਭਯ-ਰਸ : ਚੰਡੀ ਦੇ ਟਾਕਰੇ ਵਿੱਚ ਜਦ ਦੈਂਤ ਹਾਰ ਖਾਂਦੇ ਹਨ, ਤਦ ਉਥੇ ਭੈ ਉਤਪਨ ਹੋ ਜਾਂਦਾ ਹੈ।

ਭੱਨੇ ਦੈਤ ਪੁਕਾਰੇ ਰਾਜੇ ਸੁੰਭ ਥੈ ॥
ਲੋਚਨ ਧੂਮ ਸੰਘਾਰੇ ਸਣੇ ਸਿਪਾਹੀਆਂ ॥
ਦੈਤਾਂ ਦੇ ਦਲ ਹਾਰੇ ਦਹਸਤ ਖਾਇਕੇ ॥

8. ਵੀਭਤਸ-ਰਸ : ਜਿਥੇ ਰਾਖਸ਼ਾਂ ਨੂੰ ਮਾਰ ਪੈਂਦੀ ਹੈ, ਤੇ ਉਹ ਡਿਗ ਪੈਂਦੇ ਹਨ, ਉਹਨਾਂ ਦੀਆਂ ਲਾਸ਼ਾਂ ਨੂੰ ਇੱਲਾਂ ਨੋਚ ਨੋਚ ਖਾਂਦੀਆਂ ਹਨ, ਉਥੇ ਵੀਭਤਸ-ਰਸ ਦਾ ਨਿਰੂਪਣ ਹੋ ਜਾਂਦਾ ਹੈ :—

ਭੂਤਾਂ ਇਲਾਂ ਕਾਗੀ .ਗੋਸ਼ਤ ਭਖਿਆ ॥

Namdhari Elibrary NamdhariElibrary@gmail.com

9. ਅਦਭੁਤ-ਰਸ : ਚੰਡੀ ਜਦ ਰਾਖਸ਼ਾਂ ਨੂੰ ਅਨੋਖੇ ਢੰਗਾਂ ਨਾਲ ਮਾਰਦੀ ਹੈ, ਤਦ ਫ਼ਰਿਸ਼ਤਿਆਂ ਤਕ ਉਸ ਦੀ ਜੰਗ ਵੇਖਣ ਆ ਜਾਂਦੇ ਹਨ, ਏਥੇ ਅਦਭੁਤ-ਰਸ ਦੀ ਵਿਤੁਪਤੀ ਹੋਈ ਹੈ :—

ਕਟ ਤੁਰੰਗੀ ਕੇਸਰੀ ਦਲੁ ਗਾਹਿ ਨਿਕਥੇ ॥
ਵੇਖਣ ਜੰਗ ਫਰੇਸਤੇ ਅਸਮਾਨੋ ਲਥੇ ॥

ਛੰਦ : ਅੱਜ ਕਲ ਤੇ ਕਵੀਆਂ ਵਿੱਚ ਇਹ ਪਰਿਵਿਰਤੀ ਚਲੀ ਹੋਈ ਹੈ ਕਿ ਵਜ਼ਨ ਦੀ ਕੋਈ ਜ਼ਰੂਰਤ ਹੀ ਨਹੀਂ, ਪਰ ਭਾਰਤੀ ਕਾਵਿ ਸ਼ਾਸਤ੍ਰ ਅਨੁਸਾਰ ਵਜ਼ਨ ਦਾ ਹੋਣਾ ਵੀ ਜ਼ਰੂਰੀ ਹੈ, ਤੇ ਪੁਰਾਣੇ ਜਿਨ੍ਹੇ ਵੀ ਬੀਰ-ਰਸੀ ਕਾਵਿ ਹਨ, ਉਹ ਕਿਸੇ ਛੰਦ ਵਿੱਚ ਹੀ ਲਿਖੇ ਹੋਏ ਹਨ। ਵਾਰ ਸ੍ਰੀ ਭਗੌਤੀ ਜੀ ਕੀ ਨੂੰ ਕੁਲ 55 ਪਉੜੀਆਂ ਵਿੱਚ ਰਚਿਆ ਗਿਆ ਹੈ ਅਤੇ ਸਿਰਖੰਡੀ ਛੰਦ ਦਾ ਪ੍ਰਯੋਗ ਕੀਤਾ ਹੈ, ਦੋਹਰੇ ਦਾ ਵੀ ਪ੍ਰਯੋਗ ਹੋਇਆ ਹੈ। ਪਉੜੀ ਦੀਆਂ ਤੁਕਾਂ ਦੀਆਂ ਮਾਤ੍ਰਾਂ, ਵਿਸ਼ੇ ਅਨੁਸਾਰ ਘਟਾ ਵਧਾ ਲਈਆਂ ਹਨ। ਪਉੜੀ ਦੀ ਆਖ਼ਰੀ ਤੁਕ ਛੋਟੀ ਰਖੀ ਹੈ, ਤਾਂਕਿ ਆਖਰ ਵਿੱਚ ਜ਼ੋਰ ਦਿੱਤਾ ਜਾ ਸਕੇ। ਵਾਰ ਨੂੰ ਪੜ੍ਹਦਿਆਂ ਇਕ ਖ਼ਾਸ ਲੈ ਤੇ ਘੂਕਰ ਪੈਦਾ ਹੋ ਜਾਂਦੀ ਹੈ, ਜੋ ਬੁਜ਼ਦਿਲਾਂ ਨੂੰ ਲੜ-ਮਰਨ ਦਾ ਉਤਸ਼ਾਹ ਦਿੰਦੀ ਹੈ।

ਮੌਲਿਕ ਰਚਨਾ : ਅਸੀਂ ਪਹਿਲੋਂ ਵੀ ਸੰਕੇਤ ਕਰ ਆਏ ਹਾਂ, ਕਿ ਚੰਡੀ ਚਰਿਤ੍ਰ ਪਹਿਲਾ ਤੇ ਦੂਜਾ ਮੌਲਿਕ ਰਚਨਾਵਾਂ ਨਹੀਂ ਸਗੋਂ ਅਨੁਵਾਦ ਦੇ ਰੂਪ ਵਿੱਚ ਪੇਸ਼ ਕੀਤੀਆਂ ਗਈਆਂ ਹਨ। ਮੰਤਵ ਇਨ੍ਹਾਂ ਦੋਹਾਂ ਰਚਨਾਵਾਂ ਦੇ ਅਨੁਵਾਦਨ ਦਾ ਵੀ ਭਾਰਤਵਾਸੀਆਂ ਵਿੱਚ ਬੀਰ-ਰਸ ਦਾ ਸੰਚਾਰ ਕਰਨਾ ਹੀ ਸੀ, ਪਰ ਗੁਰੂ ਜੀ ਨੇ ਮਾਰਕੰਡੇ ਪੁਰਾਣ ਵਿੱਚ ਆਈ ਕਥਾ ਨੂੰ ਹੀ ਅਨੁਵਾਦਿਆ ਹੈ, ਇਸ ਅਨੁਵਾਦ ਵਿੱਚ ਕਲਗੀਧਰ ਨੇ ਸ਼ਬਦ ਚੋਣ ਇਤਨੀ ਜ਼ਬਰਦਸਤ ਕੀਤੀ ਹੈ, ਕਿ ਅਸਲ ਨਾਲੋਂ ਇਹ ਅਨੁਵਾਦ ਬਹੁਤ ਅਗੇ ਵਧ ਗਿਆ ਹੈ ਤੇ ਬੀਰ-ਰਸ ਦਾ ਮਾਨੋ ਸੋਮਾ ਬਣ ਗਿਆ ਹੈ। ਇਤਿਹਾਸਕ ਹਵਾਲਿਆਂ ਵਿੱਚ ਕਿਸੇ ਕਿਸਮ ਦੀ ਤਬਦੀਲੀ ਨਹੀਂ ਕੀਤੀ ਗਈ, ਪਰ "ਵਾਰ ਸ੍ਰੀ ਭਗਉਤੀ ਜੀ ਕੀ" ਦੀ ਕਹਾਣੀ ਤੇ ਮਾਰਕੰਡੇ ਪੁਰਾਣ ਵਾਲੀ ਹੈ, ਪਰ ਇਸ ਵਿਚ ਕਲਗੀਧਰ ਦਾ ਵਿਅਕਤੀਤਵ, ਜੀਵਨ ਤਜਰਬਾ ਤੇ ਉਹਨਾਂ ਦੀ ਵਿਦਵਤਾ, ਘੁਲ ਮਿਲ ਗਈ ਹੈ, ਤੇ ਇਹ ਰਚਨਾ ਮੌਲਿਕ ਰੂਪ ਵਿੱਚ ਨਿਖਰੀ ਹੈ।

Namdhari Elibrary NamdhariElibrary@gmail.com

1. "ਚੰਡੀ ਦੀ ਵਾਰ" ਦਾ ਆਰੰਭ ਮੰਗਲਾ–ਚਰਨ ਨਾਲ ਕੀਤਾ ਹੈ, ਤੇ ਆਪਣੇ ਇਸ਼ਟ ਦੇਵ ਭਗਉਤੀ—ਮੂਲ ਸ਼ਕਤੀ—ਨੂੰ ਅਰਾਧਿਆ ਹੈ, ਤੇ ਨੌ ਗੁਰੂਆ ਅਗੇ ਅਰਦਾਸ ਕੀਤੀ ਹੈ, ਜਦ ਕਿ ਚੰਡੀ ਚਰਿਤ੍ਰ ਵਿੱਚ ਇਸ ਤਰ੍ਹਾਂ ਨਹੀਂ ਕੀਤਾ ਗਿਆ।

2. ਅਵਤਾਰ ਵਾਦ ਦਾ ਖੰਡਣ ਕਰਨ ਲਈ ਆਪਨੇ, ਰਾਮ ਕ੍ਰਿਸ਼ਨ ਅਤੇ ਦੁਰਗਾ ਨੂੰ ਮੂਲ-ਸ਼ਕਤੀ ਪਾਸੋਂ, ਸ਼ਕਤੀ ਪ੍ਰਾਕ੍ਰਮ ਤੇ ਬਲ ਲਿਆ ਦੱਸਿਆ ਹੈ ਉਹਨਾਂ ਦਾ ਆਪਣਾ ਬਲ ਕੋਈ ਨਹੀਂ ਹੈ।

3. ਇਸ ਰਚਨਾ ਦੀ ਕਹਾਣੀ ਭਾਵੇਂ ਮਾਰਕੰਡੇ ਪੁਰਾਣ ਵਿਚੋਂ ਹੀ ਲਈ ਹੈ, ਪਰ ਇਸ ਨੂੰ ਆਪਣੇ ਵਿਅਕਤੱਤਵ ਵਿੱਚ ਰੰਗ ਕੇ, ਬ੍ਰਿਜ-ਭਾਸ਼ਾ ਦੀ ਥਾਂ ਪੰਜਾਬੀ ਭਾਸ਼ਾ ਵਿੱਚ ਰਚਿਆ ਹੈ।

4. ਮਾਰ-ਕੰਡੇ ਪੁਰਾਣ ਵਿੱਚ ਆਏ ਲੰਮੇ-ਲੰਮੇ ਯੁੱਧਾਂ ਨੂੰ, ਜਿਨ੍ਹਾਂ ਵਿੱਚ ਮਿਥਿਹਾਸ ਚਮਕ ਰਿਹਾ ਹੈ, ਸੰਖੇਪ ਵਿੱਚ ਪੇਸ਼ ਕੀਤਾ ਹੈ ਤੇ ਇਹ ਯੁੱਧ ਯਥਾਰ ਉੱਪਰ ਆਧਾਰਤ ਹਨ, ਚਮਤਕਾਰਾਂ, ਕਰਾਮਾਤਾਂ, ਮੁਅਜਜ਼ਿਆਂ, ਕ੍ਰਿਸ਼ਮਿਆਂ ਤੋਂ ਕੰਮ ਨਹੀਂ ਲਿਆ ਗਿਆ।

5. ਯੁੱਧਾਂ ਦਾ ਨਕਸ਼ਾ ਇਸ ਤਰ੍ਹਾਂ ਖਿੱਚਿਆ ਹੈ ਕਿ ਉਹ ਸਾਹਿਤਕ ਯੁੱਧ ਹੋਣ ਦੀ ਥਾਂ, ਅੱਖਾਂ ਅਗੇ ਹੁੰਦੇ ਨਜ਼ਰ ਆਉਣ ਲਗ ਜਾਂਦੇ ਹਨ।

6. ਮਾਰ-ਕੰਡੇ ਪੁਰਾਣ ਵਿੱਚ ਬਹੁਤ ਸਾਰੇ ਯੁੱਧ ਹਨ, ਪਰ ਇਸ ਰਚਨਾ ਵਿੱਚ ਛੇ ਚੰਡੀ ਤੇ ਰਾਖਸ਼ਾਂ ਦੇ ਯੁੱਧ ਹਨ ਅਤੇ ਦੋ ਦੇਵਤਿਆਂ ਤੇ ਮਹਿਖੇ ਅਤੇ ਨਿਸੁੰਭ ਤੇ ਸੁੰਭ ਦੇ ਦਰਮਿਆਨ ਹਨ।

7. ਇਸ ਵਾਰ ਵਿੱਚ ਘਰੋਗੀ ਅਲੰਕਾਰ ਵਰਤੇ ਗਏ ਹਨ, ਜਦ ਕਿ ਚੰਡੀ ਚਰਿਤ੍ਰ ਵਿੱਚ ਸਾਹਿਤਕ ਅਲੰਕਾਰ ਵਰਤੇ ਹਨ। ਚੰਡੀ ਚਰਿਤ੍ਰ ਵਿੱਚ ਕਈ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ, ਜਦ ਕਿ "ਚੰਡੀ ਦੀ ਵਾਰ" ਵਿੱਚ ਸਿਰਖੰਡੀ ਛੰਦ ਦੀ ਵਰਤੋਂ ਕੀਤੀ ਗਈ ਹੈ।

Namdhari Elibrary NamdhariElibrary@gmail.com

8. ਮੂਲ-ਸੋਮੇਂ ਵਿੱਚ ਚੰਡੀ ਉਪਾਸ਼ਨਾ ਦਾ ਸੋਮਾਂ ਹੈ, ਪਰ ਇਸ ਰਚਨਾ ਵਿੱਚ ਦੁਰਗਾ, ਇਸਤ੍ਰੀ ਸਮਾਜ ਦੀ ਮਹਾਬਲੀ ਨੇਤਾ ਹੈ, ਅਤੇ ਉਪਾਸਨਾ ਦਾ ਸੋਮਾਂ ਮੂਲ-ਸ਼ਕਤੀ ਹੈ।

9. ਰਾਖਸ਼ਾਂ ਦੇ ਨਾਮ ਪੰਜਾਬੀ ਭਾਸ਼ਾ ਅਨੁਸਾਰ, ਇਸ ਰਚਨਾ ਵਿੱਚ ਢਾਲੇ ਗਏ ਹਨ, ਜਿਨ੍ਹਾਂ ਨੇ ਇਸ ਵਾਰ ਨੂੰ ਮੌਲਿਕਤਾ ਪ੍ਰਦਾਨ ਕੀਤੀ ਹੈ।

10. ਨਾਰਦ ਤੇ ਕਲ ਦਾ ਰਵਾਇਤੀ ਤੇ ਪਰੰਪਰਾ ਗਤ ਹਵਾਲਾ ਵੀ ਇਸ ਰਚਨਾ ਨੂੰ ਮੌਲਕਿਤਾ ਦੇ ਰੰਗ ਵਿੱਚ ਰੰਗਦਾ ਹੈ।

11. ਅੰਤ ਵਿੱਚ ਦੁਰਗਾ ਸ਼ਬਦ ਨੂੰ ਪਰਮਾਤਮਾ ਦੇ ਪ੍ਰਤੀਕ ਵਿੱਚ ਵਰਤ ਕੇ ਲੋਕਾਂ ਨੂੰ ਇਕ ਨਿਰੰਕਾਰ ਦੀ ਪੂਜਾ ਕਰਨ ਲਈ ਉਤਸਾਹਿਤ ਕੀਤਾ ਹੈ।

ਨੇਕੀ ਦੀ ਬਦੀ ਉੱਪਰ ਜਿੱਤ : ਇਹ ਇਕ ਹਕੀਕਤ ਹੈ ਕਿ ਸੰਸਾਰ ਦੀ ਉਤਪੱਤੀ ਕਰਨ ਵਾਲੀ ਇਕ ਹੀ **ਮੂਲ-ਸ਼ਕਤੀ** ਹੈ। ਗੁਰਮਤਿ ਵਿੱਚ ਇਸ ਤੱਥ ਨੂੰ ਪੂਰੀ ਤਰ੍ਹਾਂ ਮੰਨਿਆ ਵੀ ਗਿਆ ਹੈ ਤੇ ਅਮਲੀ ਜਾਮਾ ਵੀ ਪਹਿਨਾਇਆ ਗਿਆ ਹੈ।

ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥

ਸੋ ਇਸ ਸਿਧਾਂਤ ਅਨੁਸਾਰ ਦੇਵਤੇ ਅਤੇ ਰਾਖਸ਼ ਇਕ ਹੀ ਮੂਲ ਸੋਮੇਂ ਦੀ ਉਪਜ ਹਨ। ਰਾਮ ਅਤੇ ਰਾਵਣ ਇਕ ਪਰਮਾਤਮਾ ਦੇ ਪੈਦਾ ਕੀਤੇ ਹੋਏ ਸਨ, ਪਰ ਰਾਵਣ ਆਪਣੇ ਅਮਲਾਂ ਕਾਰਨ ਬਦੀ ਦਾ ਪ੍ਰਤੀਕ ਬਣਿਆ ਤੇ ਰਾਮ ਨੇਕੀ ਦੇ ਪ੍ਰਤੀਕ ਸਨ ਅਤੇ ਨੇਕੀ ਕਾਰਨ ਅੱਜ ਤੱਕ ਤੇ ਰਹਿੰਦੀ ਦੁਨੀਆਂ ਤਕ ਬੇਸ਼ੁਮਾਰ ਲੋਕਾਂ ਦੇ ਦਿਲ ਦਿਮਾਗ਼ ਉੱਪਰ ਰਾਜ ਕਰਦੇ ਰਹਿਣਗੇ। ਰਾਮ ਦੀ ਜਿੱਤ ਨੇਕੀ ਦੀ ਜਿੱਤ ਸੀ। ਠੀਕ ਇਸੇ ਤਰ੍ਹਾਂ ਕ੍ਰਿਸ਼ਨ ਦੀ ਜਿੱਤ ਕੰਸ ਉਪਰ ਨੇਕੀ ਦੀ ਫਤਹ ਸੀ। ਠੀਕ ਇਵੇਂ ਹੀ ਦੁਰਗਾ ਦੀ ਜਿੱਤ, ਮਹਿਖਾਸਰ ਅਤੇ ਸੁੰਭ ਨਿਸੁੰਭ ਉੱਪਰ ਨੇਕੀ ਦੀ ਜਿੱਤ ਸੀ। ਸੋ ਸਤਿਗੁਰੂ ਨੇ ਇਸ ਰਚਨਾ ਰਾਹੀਂ ਦੇਸ਼ ਵਾਸੀਆਂ ਅਤੇ ਸਾਰੀ ਮਾਨਵ ਜਾਤੀ ਨੂੰ ਨੇਕੀ ਦੇ ਜਜ਼ਬੇ ਨੂੰ ਪ੍ਰਾਪਤ ਕਰਨ ਦਾ ਉਤਸ਼ਾਹ ਦਿੱਤਾ ਹੈ ਅਤੇ ਬਦਾਂ ਦਾ ਨਾਸ ਕਰਨ ਲਈ ਪ੍ਰੇਰਨਾ ਦਿੱਤੀ ਤੇ ਜਾਤੂ ਧਰਮ ਅਤੇ ਵਤਨ-ਪਰਸਤੀ ਦਾ ਪਾਠ ਪੜ੍ਹਾਇਆ। ਆਪਣੇ ਦੇਸ, ਕੌਮ, ਸੁਤੰਤਰਤਾ ਤੇ ਮਾਨਵਤਾ ਦੀ ਰਖਿਆ ਕਰਦਿਆਂ

Namdhari Elibrary NamdhariElibrary@gmail.com

ਹੋਇਆ ਜੇ ਜ਼ਾਲਮਾਂ, ਅਤਿਆਚਾਰੀਆਂ ਤੇ ਦੇਸ਼-ਧ੍ਰੋਹੀਆਂ ਅਤੇ ਦੇਸ਼ ਦੁਸ਼ਮਨਾਂ ਦਾ ਟਾਕਰਾ ਕਰਨਾ ਪਵੇ, ਤਦ ਉਹਨਾਂ ਨੂੰ ਰਿਸ਼ਤੇਦਾਰ ਸਮਝ ਕੇ ਅਰਜੁਨ ਵਾਂਗ, ਹਥਿਆਰ ਨਹੀਂ ਤਿਆਗ ਦੇਣੇ ਚਾਹੀਦੇ ਸਗੋਂ ਉਹਨਾਂ ਦਾ ਟਾਕਰਾ ਡੱਟ ਕੇ ਕਰਨਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਗਰੀਬਾਂ, ਸੰਤਾਂ, ਸੂਫੀਆਂ, ਨੇਕਾਂ ਦੀ ਰਖਿਆ ਕਰਨੀ ਇਨਸਾਨ ਦਾ ਪਹਿਲਾ ਧਰਮ ਹੈ। ਗੁਰੂ ਜੀ ਨੂੰ ਰਾਖਸ਼ਾਂ ਨਾਲ ਕੋਈ ਵੈਰ ਨਹੀਂ ਸੀ, ਹਾਂ ਉਨ੍ਹਾਂ ਦੇ ਬਦ ਅਮਲਾਂ ਨਾਲ ਘਿਰਣਾ ਸੀ। ਸ਼ੇਖ ਸਾਅਦੀ ਨੇ ਵੀ ਇਹੋ ਤਾਲੀਮ ਦਿੱਤੀ ਹੈ ਕਿ ਜੇ ਇਕ ਸ਼ੇਰ, ਬਘਿਆੜ ਜਾਂ ਸੱਪ ਨੂੰ ਮਾਰ ਦਿੱਤਾ ਜਾਵੇਗਾ, ਤਦ ਅਨੇਕ ਜੀਵ ਜੰਤੂਆਂ ਤੇ ਇਨਸਾਨਾਂ ਦੀ ਰਖਿਆ ਹੋ ਜਾਵੇਗੀ। ਇਸ ਲਈ ਖੂੰਖਾਰ ਪਸ਼ੂ ਦੇ ਮਾਰਨ ਨਾਲ ਕੋਈ ਪਾਪ ਨਹੀਂ ਲਗਦਾ।

ਪੰਜਾਬੀ ਵਾਰ ਸਾਹਿਤ ਵਿੱਚ "ਚੰਡੀ ਦੀ ਵਾਰ" ਦਾ ਯੋਗ ਸਥਾਨ : ਸ੍ਰੀ ਗੁਰੂ ਨਾਨਕ ਦੇਵ ਤੋਂ ਪਹਿਲੋਂ ਪੰਜਾਬ ਨਿਵਾਸੀਆਂ ਦੀ ਅਣਖ ਨੂੰ ਜਗਾਈ ਰਖਣ ਲਈ, ਤੇ ਵਤਨ-ਪਰਸਤੀ ਦੇ ਜਜ਼ਬੇ ਨੂੰ ਉਭਾਰੀ ਰਖਣ ਲਈ, ਮਿਰਾਸੀ, ਢਾਡੀ, ਭੱਟ ਜਾਂ ਕੁਝ ਹੋਰ ਸ਼ਾਇਰ ਸੂਰਬੀਰਤਾ ਭਰਪੂਰ ਵਾਰਾਂ ਰਚਦੇ ਸਨ, ਜੋ ਲੋਕ-ਬੁਲ੍ਹਾਂ ਉੱਪਰ ਪਰਚਲਿਤ ਹੁੰਦੀਆਂ ਸਨ। ਪਿੰਡਾਂ ਦੀਆਂ ਮਜਲਸਾਂ, ਵਿਆਹ-ਸ਼ਾਦੀਆਂ ਦੀਆਂ ਸਭਾਵਾਂ, ਮੇਲਿਆਂ ਜਾਂ ਹੋਰ ਸਮਾਜਕ ਇਕੱਠਾਂ ਵਿੱਚ ਇਹ ਬੀਰ-ਰਸੀ ਵਾਰਾਂ ਗਾਈਆਂ ਜਾਂਦੀਆਂ ਸਨ। ਦੇਸ਼ ਦੇ ਗਭਰੂ ਆਪਣਾ ਧਰਮ, ਇਸਤ੍ਰੀ-ਸਮਾਜ, ਬਚਿਆਂ-ਬੁਢਿੱਆਂ ਤੇ ਮਾਲ-ਧਨ ਨੂੰ ਬਚਾਉਣ ਲਈ ਇਨ੍ਹਾਂ ਵਾਰਾਂ ਤੋਂ ਪ੍ਰੇਰਣਾ ਲੈਕੇ ਦੁਸ਼ਮਣ ਦਾ ਟਾਕਰਾ ਕਰਦੇ ਸਨ। ਦੇਸ਼ ਦੀ ਇਕ ਚੱਪਾ-ਚੱਪਾ ਜ਼ਮੀਨ ਲਈ ਕੁਰਬਾਨੀਆਂ ਦਿੰਦੇ ਸਨ। ਇਨ੍ਹਾਂ ਵਾਰਾਂ ਵਿੱਚ ਕੋਈ ਰਾਜਾ, ਸਰਦਾਰ, ਅਵਤਾਰ ਜਾਂ ਸੈਨਾਪਤੀ, ਜਾਂ ਕੋਈ ਸਿਪਾਹੀ ਜਾਂ ਇਕ ਵਿਅਕਤੀ **ਨਾਇਕ** ਹੁੰਦਾ ਸੀ, ਜਿਸ ਦਾ **ਆਧਾਰ** ਨੇਕੀ ਹੁੰਦੀ ਸੀ। ਜ਼ਾਤੀ ਤੌਰ ਤੇ ਨਾਇਕ ਦਾ ਚਰਿੱਤ੍ਰ ਬਹੁਤ ਉੱਚਾ ਤੇ ਸੁੱਚਾ ਹੁੰਦਾ ਸੀ। ਭਾਰਤ ਵਿੱਚ ਇਹ ਪਰੰਪਰਾ ਬੜੀ ਪੁਰਾਣੀ ਪ੍ਰਾਚੀਨ ਸਮਿਆਂ ਤੋਂ ਚਲੀ ਆ ਰਹੀ ਸੀ; **ਰਾਮਾਇਣ, ਮਹਾਂ ਭਾਰਤ** ਅਤੇ **ਰਾਸੋ** ਆਦਿ ਗ੍ਰੰਥ ਇਸੇ ਪਰੰਪਰਾ ਦੀ ਇਕ ਲੜੀ ਦੇ ਉੱਘੇ ਮੋਤੀ ਹਨ। ਪੰਜਾਬੀਆਂ ਨੂੰ ਤੇ ਆਰੀਆਂ ਦੇ ਸਮੇਂ ਤੋਂ ਲੈਕੇ, ਸਗੋਂ ਇਸ ਤੋਂ ਵੀ ਪਹਿਲੋਂ ਤੋਂ—ਜੇ ਇਹ ਗੱਲ ਸੱਚੀ ਹੋਵੇ, ਕਿ ਆਰੀਆ ਲੋਕ ਬਾਹਰੋਂ ਆਏ ਸਨ—ਏਥੋਂ ਦੇ ਵਸਨੀਕਾਂ ਨੂੰ ਬਾਹਰੀ ਹਮ-

Namdhari Elibrary NamdhariElibrary@gmail.com

ਲਿਆਂ ਦਾ ਡੱਟ ਕੇ ਮੁਕਾਬਲਾ ਕਰਨਾ ਪੈਂਦਾ ਰਿਹਾ। ਇਸ ਲਈ ਬੀਰ-ਰਸੀ ਸਾਹਿਤ ਸਮੇਂ ਸਮੇਂ ਵਿੱਚ ਇਨ੍ਹਾਂ ਨੂੰ ਪ੍ਰੋਤਸਾਹਨ ਦੇਣ ਲਈ ਰਚਿਆ ਜਾਂਦਾ ਰਿਹਾ। ਆਦਿ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਪਹਿਲੋਂ, ਇਨ੍ਹਾਂ ਵਾਰਾਂ ਦੀ ਤਕਨੀਕ, ਪਉੜੀ ਤੇ ਸ਼ਲੋਕ ਵਾਲੀ ਬਣ ਚੁਕੀ ਸੀ। ਨਾਇਕ, ਨੇਕੀ ਦਾ ਪ੍ਰਤੀਕ, ਖਲਨਾਇਕ, ਬਦੀ ਦੇ ਪ੍ਰਤੀਕ ਨੂੰ ਜਾਨ ਉੱਪਰ ਖੇਡ ਕੇ ਮੌਤ ਦੇ ਘਾਟ ਉਤਾਰਦਾ ਸੀ। ਇਸ ਤਰ੍ਹਾਂ ਨੇਕੀ ਦੀ ਜਿੱਤ ਬਦੀ ਉਪਰ ਦਰਸਾਈ ਜਾਂਦੀ ਰਹੀ। ਪਰ ਇਨ੍ਹਾਂ ਵਾਰਾਂ ਦਾ ਨਾਇਕ ਤੇ ਖਲਨਾਇਕ ਮਨੁੱਖ ਹੀ ਹੁੰਦੇ ਸਨ। ਯੁੱਧ ਖੇਤਰ ਵਿੱਚ ਪ੍ਰਾਚੀਨ ਆਰੀਆਂ ਦੇ ਸਮੇਂ ਪਤਨੀ ਨੂੰ ਜਾਣ ਦੀ ਆਗਿਆ ਵੀ ਦਿੱਤੀ ਜਾਂਦੀ ਸੀ, ਜੋ ਆਪਣੇ ਪਤੀ ਦਾ ਧਿਆਨ ਰਖਦੀ ਸੀ। ਕੈਕਈ ਦੀ ਮਿਸਾਲ ਹੀ ਏਥੇ ਪੇਸ਼ ਕਰ ਦੇਣੀ ਕਾਫ਼ੀ ਹੈ। ਸੰਸਾਰ ਸਾਹਿਤ ਵਿੱਚ ਵੀ ਬਹਾਦਰੀ ਦੇ ਗੀਤ ਗਾਏ ਜਾਂਦੇ ਸਨ, ਜਿਨ੍ਹਾਂ ਵਿਚ ਆਮ ਤੌਰ ਤੇ ਨਾਇਕ ਆਪਣੀ ਪ੍ਰੀਤਮਾਂ ਨੂੰ ਯੋਧਿਆਂ ਨਾਲ ਲੜਾਈ ਕਰਕੇ ਲੈ ਜਾਂਦਾ ਸੀ। ਜਿਵੇਂ ਪ੍ਰਿਥਵੀ ਰਾਜ ਰਾਸੋ ਵਿਚ ਇਹੋ ਘਟਨਾ ਪੇਸ਼ ਕੀਤੀ ਗਈ ਹੈ। ਫਰਾਂਸ, ਇੰਗਲੈਂਡ, ਯੂਨਾਨ, ਰੋਮ-ਰਾਜ ਆਦਿ ਦੇਸ਼ਾਂ ਦੇ ਸਾਹਿਤ ਵਿਚ ਵੀ ਇਹੋ ਕੁਝ ਵੇਖਿਆ ਜਾਂਦਾ ਹੈ। ਭਾਰਤ ਵਿਚ ਜਦ ਰਾਜਪੂਤ ਲੜਾਈ ਦੇ ਮੈਦਾਨ ਵਿਚ ਮਰ ਜਾਂਦੇ ਸਨ, ਤਦ ਉਹਨਾਂ ਦੀਆਂ ਬੀਰਾਂਗਨ ਪਤਨੀਆਂ ਜੌਹਰ ਦੀ ਰਸਮ ਅਦਾ ਕਰਦੀਆਂ ਸਨ, ਪਰ ਦੁਸ਼ਮਣ ਦੇ ਹੱਥ ਨਹੀਂ ਸੀ ਆਉਂਦੀਆਂ। **ਸ੍ਰੀ ਗੁਰੂ ਨਾਨਕ ਦੇਵ, ਪਹਿਲੇ ਮਹਾਨ ਸੰਤ ਕਵੀ ਹਨ, ਜਿਨਾਂ ਨੇ ਸੰਸਾਰਕ ਵਾਰਾਂ ਨੂੰ ਅਧਿਆਤਮਿਕ ਵਾਰਾਂ ਦਾ ਰੂਪ ਦਿੱਤਾ। ਪਰਮਾਤਮਾ** ਨੂੰ ਇਨਾਂ ਵਾਰਾਂ ਦਾ ਨਾਇਕ ਥਾਪ ਕੇ ਗੁਰਮੁਖ ਨੂੰ ਸੈਨਾਪਤੀ ਥਾਪਿਆ ਜੋ ਨੇਕੀਆਂ ਤੇ ਸੁਭ ਕਰਮਾਂ ਰੂਪੀ ਸੈਨਾ ਦੀ ਅਗਵਾਈ ਕਰਦਾ ਹੈ। **ਮਨ** ਨੂੰ ਖਲ ਨਾਇਕ, ਜਿਸ ਦੀ ਫ਼ੌਜ ਬਦੀਆਂ ਦੇ ਸਿਪਾਹੀਆਂ ਉਪਰ ਆਧਾਰਤ ਹੈ, ਥਾਪਿਆ। ਇਸ ਤਰ੍ਹਾਂ, ਗੁਰਮੁਖ ਜੋ ਪਰਮਾਤਮਾ ਰੂਪ ਪਤੀ ਦੀ ਪਤਨੀ ਵੀ ਹੈ ਤ ਸੈਨਾਪਤੀ ਵੀ, ਬਦੀਆਂ ਨੂੰ ਜਿੱਤ ਕੇ ਨਾਇਕ ਦੀ ਪ੍ਰਾਪਤੀ ਕਰਦਾ ਹੈ। ਇਹ ਵਾਰਾਂ ਪਹਿਲੀਆਂ ਵਾਰਾਂ ਨਾਲੋਂ ਅਧਿਕ ਪ੍ਰਭਾਵਸ਼ਾਲੀ ਸਾਬਤ ਹੋਈਆਂ. ਕਿਉਂਕਿ ਇਨਾ ਵਾਰਾਂ ਵਿਚੋਂ ਇਕ ਬੰਨੇ ਤੇ ਯੁੱਧ ਕਰਨ ਦੀ ਪ੍ਰੇਰਣਾ ਮਿਲਦੀ ਹੈ ਤੇ ਦੂਜੇ ਬੰਨੇ ਆਤਮ-ਬੋਧ ਹੋ ਕੇ ਮੌਤ ਦਾ ਡਰ ਖ਼ਤਮ ਹੋ ਜਾਂਦਾ ਹੈ। ਇਸ ਤਰ੍ਹਾਂ ਆਤਮਕ ਬਲ ਦੇ ਕੇ ਗੁਰੂ ਨਾਨਕ ਦੇਵ ਨੇ ਪੰਜਾਬ ਨਿਵਾਸੀਆਂ ਤੇ ਹੋਰ ਸੰਸਾਰ ਦੇ ਲੋਕਾਂ ਨੂੰ ਕਾਇਰਤਾ ਤੋਂ ਉੱਪਰ ਉਠਾਇਆ। ਗੁਰੂ ਨਾਨਕ ਤੋਂ

Namdhari Elibrary NamdhariElibrary@gmail.com

ਪਹਿਲੋਂ ਦੀਆਂ ਚੰਦ ਇਕ ਵਾਰਾਂ ਦੀਆਂ ਥੋੜੀਆਂ ਜਿਹੀਆਂ ਤੁਕਾਂ ਮਿਲਦੀਆਂ ਹਨ, ਜਿਨਾਂ ਦੀ ਧੁਨੀ ਉੱਪਰ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਵਾਰਾਂ ਦੇ ਗਾਉਣ ਦਾ ਹੁਕਮ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਦੀ ਨਜ਼ਾਕਤ ਨੂੰ ਦੇਖ ਕੇ "ਵਾਰ ਸ੍ਰੀ ਭਗੌਤੀ ਜੀ ਕੀ" ਰਚਨਾ ਕੀਤੀ। ਇਹ ਪਹਿਲਾ ਮੌਕਿਆ ਹੈ, ਜਦ ਕਿਸੇ ਵਾਰ ਦੀ ਨਾਇਕ ਇਸਤ੍ਰੀ ਥਾਪੀ ਗਈ ਹੋਵੇ। **ਦੁਰਗਾ** ਦਾ ਪਾਤਰ, ਇਕੱਲਾ ਹੀ ਅਸੰਖ ਦੈਂਤਾਂ ਦੇ ਆਹੂ ਲਾਹ ਰਿਹਾ ਹੈ। ਹਰ ਕਿਸਮ ਦੇ ਹਥਿਆਰ ਚਲਾਉਣ ਵਿੱਚ ਚੰਡੀ ਪ੍ਰਬੀਨ ਹੈ। **ਇਕ ਬੰਨੇ ਦੁਰਗਾ ਧਨੁਖ ਚਲਾਉਣ ਵਿਚ ਰਾਮ ਅਤੇ ਅਰਜੁਨ ਦਾ ਪ੍ਰਾਕ੍ਰਮ ਦਿਖਾ ਰਹੀ ਹੈ। ਗਦਾ-ਯੁੱਧ ਵਿੱਚ ਉਹ ਹਨੂਮਾਨ, ਭੀਮ, ਬਿਸ਼ਨੂ ਆਦਿ ਨਾਲੋਂ ਅਗੇ ਦਿਖਾਈ ਦਿੰਦੀ ਹੈ। ਇਕ ਬੰਨੇ ਉਹ ਮਾਂ ਦਾ ਕਰਤੱਵ ਪਾਲ ਰਹੀ ਹੈ, ਦੂਜੇ ਬੰਨੇ ਉਹ ਨਿਸ਼ਕਾਮ ਸੇਵਾ ਕਰ ਰਹੀ ਹੈ।** ਮਾਂ ਦੁਰਗਾ ਇਤਨੀ ਜ਼ਬਰਦਸਤ ਸ਼ਕਤੀ ਦੀ ਮਾਲਕ ਹੈ ਕਿ ਕੋਈ ਸੂਰਮਾ ਉਸ ਦਾ ਮੁਕਾਬਲਾ ਨਹੀਂ ਕਰ ਸਕਦਾ। ਹਰ ਯੁੱਧ ਵਿੱਚ ਉਸ ਦੀ ਜਿੱਤ ਹੁੰਦੀ ਹੈ। ਉਹ ਨਿਰਭਉ ਹੈ। **ਉਹ ਆਪਣੇ ਕਿਸੇ ਰਾਜ ਜਾਂ ਸ਼ਕਤੀ ਲਈ ਨਹੀਂ ਲੜ ਰਹੀ ਸਗੋਂ ਨਿਆਸਰਿਆਂ ਤੇ ਨਿਓਟਿਆਂ ਦੀ ਸਹਾਇਤਾ ਕਰ ਰਹੀ ਹੈ।** ਸੰਸਾਰ ਸਾਹਿਤ ਵਿਚ **ਦੁਰਗਾ** ਵਰਗਾ ਬਹਾਦਰ, ਨਿਸ਼ਕਾਮ, ਦੂਰਦਰਸ਼ੀ, ਜੰਗਜੂ ਕੋਈ ਕਿਰਦਾਰ (ਪਾਤਰ) ਨਹੀਂ ਮਿਲਦਾ। ਜਾਨ ਆਫ ਆਰਕ ਜਾਂ ਕੁਝ ਥੋੜੀਆਂ ਜਿਹੀਆਂ ਹੋਰ ਇਸਤ੍ਰੀਆਂ ਪ੍ਰਾਕ੍ਰਮ ਦਿਖਾਉਂਦੀਆਂ ਨਜ਼ਰ ਆਉਂਦੀਆਂ ਹਨ, ਪਰ ਦੁਰਗਾ ਸਾਹਮਣੇ ਸਭ ਮਾਤ ਪੈ ਜਾਂਦੀਆਂ ਹਨ। **ਭਾਰਤ ਵਿਚ ਲਕਸ਼ਮੀ ਬਾਈ ਨੇ ਦੁਰਗਾ ਦੇ ਯੁੱਧਾਂ ਤੋਂ ਪ੍ਰੇਰਣਾ ਲੈਕੇ ਸੂਰਮਗਤੀ ਦੇ ਹੱਥ ਦਿਖਾਏ ਸਨ। ਕਲਗੀਧਰ** ਨੇ ਦੁਰਗਾ ਦੇ ਪਾਤਰ ਨੂੰ ਇਸ ਤਰ੍ਹਾਂ ਚਿਤ੍ਰਿਆ ਹੈ ਕਿ ਦੁਨੀਆਂ ਦਾ ਕੋਈ ਬਹਾਦਰ ਉਸ ਦੇ ਟਾਕਰੇ ਵਿਚ ਨਹੀਂ ਰਖਿਆ ਜਾ ਸਕਦਾ ਕਿਉਂਕਿ ਪਰੋਖ ਰੂਪ ਵਿਚ ਖੁਦ ਕਲਗੀਧਰ ਦੁਰਗਾ ਦੇ ਪ੍ਰਾਕ੍ਰਮ ਦੇ ਆਧਾਰ ਸਨ। ਇਸ ਦੇ ਨਾਲ ਗੁਰੂ ਪਰੰਪਰਾ ਨੂੰ ਵੀ ਕਾਇਮ ਰਖਣ ਲਈ, ਇਕ ਪ੍ਰਮਾਤਮਾ ਦੀ ਉਪਾਸਨਾ ਦੀ ਪ੍ਰੇਰਣੀ ਦਿੱਤੀ ਹੈ। ਸੋ ਸਾਡੇ ਵਿਚਾਰ ਵਿੱਚ ਚੰਡੀ ਦੀ ਵਾਰ ਇਕ ਅਦੁੱਤੀ, ਬੇਮਿਸਾਲ ਬੇਨਜ਼ੀਰ ਵਾਰ ਹੈ, ਜੋ ਲੋਕ ਵਾਰਾਂ ਨੂੰ ਤੇ ਅਧਿਆਤਮਕ ਵਾਰਾਂ ਨੂੰ ਪ੍ਰੇਰਣਾ ਦੇ ਰਹੀ ਹੈ।

Namdhari Elibrary NamdhariElibrary@gmail.com

ਸਾਹਿਤਕ ਵਿਸ਼ੇਸ਼ਤਾ : ਸਾਹਿਤ ਸਮਾਜ ਦਾ ਸ਼ੀਸ਼ਾ ਹੈ। ਸਮਾਜ ਅਤੇ ਸਾਹਿਤ ਦਾ ਚੋਲੀ-ਦਾਮਨ ਦਾ ਸਾਥ ਹੈ। ਸਾਹਿਤ ਸਮਾਜ ਵਿਚੋਂ ਪੈਦਾ ਹੁੰਦਾ ਹੈ ਅਤੇ ਸਮਾਜ ਦੀ ਉੱਨਤੀ ਦੇ ਨਾਲ-ਨਾਲ ਇਸ ਦੀ ਵੀ ਉੱਨਤੀ ਹੁੰਦੀ ਹੈ। ਕਿਸੇ ਵੇਲੇ ਜਦ ਸਮਾਜ, ਵਕਤੀ ਪ੍ਰਸਥਿਤੀਆਂ ਦੇ ਕਾਰਨ, ਗਿਰਾਵਟ ਵਲ ਵਧਦਾ ਹੈ ਤੇ ਗ਼ੁਲਾਮੀ ਦੇ ਟੋਏ ਵਿੱਚ ਡਿੱਗਦਾ ਹੈ, ਤਦ ਉਸ ਦਾ ਸਾਹਿਤ ਹੀ ਉਸ ਨੂੰ ਉਤਸ਼ਾਹ ਦੇ ਕੇ ਮੁੜ ਸਿੱਧੇ ਰਸਤੇ ਉਪਰ ਟੋਰਦਾ ਹੈ। ਸਮਾਜ ਨੂੰ ਗਲਤ ਰਸਤਿਆਂ ਉੱਪਰ ਟੁਰਨ ਨਹੀਂ ਦਿੰਦਾ। ਸੋ ਸਮਾਜ ਸਾਹਿਤ ਦਾ ਸਿਰਜਣਹਾਰ ਹੈ, ਤੇ ਸਾਹਿਤ ਸਮਾਜ ਦਾ ਸਹਾਇਕ ਹੈ। ਜੇ ਕਿਸੇ ਕੌਮ ਦਾ ਆਪਣਾ ਕੋਈ ਸਾਹਿਤ ਨਹੀਂ, ਤਦ ਉਹ ਸੰਸਾਰ ਦੇ ਪੰਨੇ ਉਪਰੋਂ ਸਦਾ ਲਈ ਮਿਟ ਜਾਂਦੀ ਹੈ। ਜਦ ਤਕ **ਵੇਦ** ਮੌਜੂਦ ਹਨ, ਤਦ ਤਕ ਹਿੰਦੂ ਜਾਤੀ ਨੂੰ ਕੋਈ ਨਹੀਂ ਮਿਟਾ ਸਕਦਾ। ਸ੍ਰੀ ਗੁਰੂ **ਗ੍ਰੰਥ ਸਾਹਿਬ** ਦੀ ਮੌਜੂਦਗੀ ਵਿਚ, ਕੋਈ ਗ਼ੈਰ ਜਾਂ ਆਪਣਾ **ਸਿਖ ਕੌਮ** ਦੀ ਵਾ ਵਲ ਨਹੀਂ ਵੇਖ ਸਕਦਾ। (ਬਾਇਬਲ) ਅੰਜੀਲ ਤੇ ਕੁਰਾਨ ਦੀ ਛਤ੍ਰ-ਛਾਇਆ ਹੇਠ, ਇਸਾਈ ਧਰਮ ਤੇ ਇਸਲਾਮ ਸਦਾ ਫੁਲਦੇ ਫਲਦੇ ਰਹਿਣਗੇ। **ਪੰਜਾਬ** ਵਿੱਚ ਪੈਦਾ ਹੋਏ ਦੱਸ ਗੁਰੂ, ਕੇਵਲ ਪੰਜਾਬ ਨਿਵਾਸੀਆਂ ਦੇ ਹੀ ਗੁਰੂ ਨਹੀਂ ਸਨ, ਸਗੋਂ ਉਹ ਜਗਤ ਗੁਰੂ ਸਨ ਤੇ ਹਨ। ਸਾਹਿਤਕਾਰ ਗੁਰੂ ਜਾਣਦੇ ਸਨ ਕਿ ਸਾਹਿਤ ਕੌਮ ਦੀ ਜਿੰਦ-ਜਾਨ ਹੁੰਦਾ ਹੈ। ਔਖਿਆਂ ਤੇ ਕਠਿਆਂ ਸਮਿਆਂ ਵਿੱਚ ਸਾਹਿਤ ਕੌਮ ਦਾ ਸਹਾਇਕ ਹੁੰਦਾ ਹੈ। ਡਿਗੀਆਂ ਹੋਈਆਂ ਕੌਮਾਂ ਨੂੰ **ਫ਼ਰਸ਼** ਤੋਂ ਚੁਕ ਕੇ **ਅਰਸ਼** ਉੱਪਰ ਪਹੁੰਚਾਂਦਾ ਹੈ। ਗ਼ੁਲਾਮੀ ਦੀਆਂ ਕੈਦਾਂ ਨੂੰ ਤੁੜਵਾ ਕੇ ਕੌਮ ਨੂੰ ਸ਼ਹਿਨਸ਼ਾਹੀ ਸਿੰਘਾਸਣਾਂ ਉੱਪਰ ਬਿਠਾਉਂਦਾ ਹੈ। ਇਸ ਹਕੀਕਤ ਨੂੰ ਮੁੱਖ ਰੱਖ ਕੇ ਹੀ ਗੁਰੂਆਂ ਨੇ ਸਾਹਿਤ ਰਚਨਾ ਕੀਤੀ। ਭਾਰਤ ਇਨ੍ਹਾਂ ਸਮਿਆ ਵਿੱਚ ਨਾਜ਼ਕ ਦੌਰ ਵਿਚੋਂ ਗੁਜ਼ਰ ਰਿਹਾ ਸੀ। ਪੁਰਸ਼ਾਰਥ ਅਤੇ ਸਾਹਸ ਨੂੰ ਲੋਕ ਛੱਡ ਬੈਠੇ ਸਨ। ਧਰਮ ਖੋਖਲਾ ਹੋ ਚੁਕਿਆ ਸੀ। ਧਰਮ ਉੱਪਰ ਭਾਰਤੀ ਸਮਾਜ ਦੀ ਇਮਾਰਤ ਖੜੀ ਸੀ। ਸੋ ਕੁਦਰਤੀ ਤੌਰ ਤੇ ਧਰਮ ਨੀਹ ਦੇ ਥੋਥੇ ਹੋਣ ਕਾਰਨ ਸਮਾਜ ਦੀਆਂ ਚੂਲਾਂ ਢਿਲੀਆਂ ਹੋ ਚੁਕੀਆਂ ਸਨ। ਵਿਅਕਤੀਗਤ ਸੁਤੰਤਰਤਾ ਖ਼ਤਮ ਹੋ ਚੁਕੀ ਸੀ। ਸ੍ਰੀ ਗੁਰੂ ਨਾਨਕ ਦੇਵ ਨੇ ਇਸ ਸਥਿਤੀ ਨੂੰ ਡੂੰਘੀ ਨਜ਼ਰ ਨਾਲ ਦੇਖਿਆ ਤੇ ਆਪਣੇ ਸਮੇਂ ਵਿੱਚ ਸਮਾਜ ਦੀ ਡੁੱਬਦੀ ਕਿਸ਼ਤੀ ਨੂੰ ਆਪਣੇ ਸਾਹਿਤ ਰਾਹੀਂ ਡੋਲਣੋਂ ਰੋਕਿਆ ਤੇ ਅਡੋਲਤਾ ਬਖਸ਼ੀ। ਦੂਜੇ ਗੁਰੂ ਸਾਹਿਬਾਨ ਨੇ ਇਸ ਕਿਸ਼ਤੀ ਨੂੰ ਕਿਨਾਰੇ ਉੱਪਰ ਲਿਆਉਣ ਲਈ ਆਪਣੇ

Namdhari Elibrary NamdhariElibrary@gmail.com

ਸਾਹਿਤਕ ਜਤਨ ਜਾਰੀ ਰਖੇ। ਦਸਮ ਗੁਰੂ ਦੇ ਵੇਲੇ ਮੁੜ ਭਾਰਤੀ ਸਮਾਜ ਦੀ ਕਿਸ਼ਤੀ ਡਾਵਾਂ ਡੋਲ ਹੋ ਗਈ। ਕਲਗੀਧਰ ਨੇ ਇਨ੍ਹਾਂ ਘੁੰਮਣ ਘੇਰੀਆਂ ਵਿੱਚ ਫਸੀ ਕਿਸ਼ਤੀ ਨੂੰ ਪਾਰ ਲਾਉਣ ਲਈ ਸਾਹਿਤ ਨੂੰ ਮਾਧਿਅਮ ਬਣਾਇਆ। ਜਿਸ ਵਿੱਚ ਆਪ ਸਫਲ ਰਹੇ। "ਚੰਡੀ ਦੀ ਵਾਰ" ਰਚ ਕੇ ਗੁਰੂ ਦੇਵ ਨੇ ਕੌਮ ਉੱਪਰ ਇਕ ਬਹੁਤ ਹੀ ਵੱਡਾ ਸਾਹਿਤਕ ਉਪਕਾਰ ਕੀਤਾ। ਸ੍ਰੀ ਗੁਰੂ ਨਾਨਕ ਦੇਵ ਨੇ ਇਸਤ੍ਰੀ ਸਮਾਜ ਨੂੰ ਉਚਾ ਕਰਨ ਲਈ ਭਗਤੀ ਲਹਿਰ ਦੇ ਸਮੇਂ ਆਪਣੀ ਆਵਾਜ਼ ਬੁਲੰਦ ਕੀਤੀ ਤੇ ਪੁਕਾਰ ਕੇ ਕਿਹਾ :–

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਕਲਗੀਧਰ ਨੇ ਆਦਿ ਗੁਰੂ ਦੇ ਸਮਾਜ ਸੁਧਾਰ ਨੂੰ ਹੋਰ ਅਗੇ ਵਧਾਇਆ ਤੇ ਚੰਡੀ ਦੀ ਵਾਰ ਦਾ ਮੁਖ ਪਾਤਰ ਕਿਸੇ ਮਨੁੱਖ ਨੂੰ ਚੁਣਨ ਦੀ ਬਜਾਏ ਇਸਤ੍ਰੀ ਪਾਤਰ ਦੁਰਗਾ ਨੂੰ ਚੁਣਿਆ। ਦੁਰਗਾ ਦੀਆਂ ਲੜਾਈਆਂ ਨੂੰ ਐਸੇ ਸਾਹਿਤਕ ਰੰਗ ਵਿੱਚ ਰੰਗੀਨ ਕੇ ਪੇਸ਼ ਕੀਤਾ, ਕਿ ਜਿਨ੍ਹਾਂ ਨੂੰ ਸੁਣਕੇ ਹਰੇਕ ਦੇਸ਼ ਵਾਸੀ ਦੀਆਂ ਰਗਾਂ ਵਿੱਚ ਖ਼ੂਨ ਉਬਲ ਪਿਆ ਤੇ ਜ਼ਾਲਮ ਸ਼ਾਸਕ ਵਰਗ ਦਾ ਟਾਕਰਾ ਕਰਨ ਲਈ ਉਠ ਖੜਾ ਹੋਇਆ। ਇਸ ਸਾਹਿਤ ਦੀ ਮਿਹਰਬਾਨੀ ਸੀ ਕਿ ਸਮਾਜ ਨੇ ਇਤਨੇ ਵੱਡੇ ਸਾਮਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ। "ਚੰਡੀ ਦੀ ਵਾਰ" ਨੇ ਇਕ ਬੰਨੇ ਤੇ (ਧਾਰਮਿਕ) ਅਧਿਆਤਮਕ ਵਾਰਾਂ ਦੀ ਸਾਹਿਤ ਪਰੰਪਰਾ ਨੂੰ ਕਾਇਮ ਰਖਿਆ ਤੇ ਦੂਜੇ ਬੰਨੇ ਬੀਰ-ਰਸੀ ਵਾਰਾਂ ਨੂੰ ਅਗੇ ਟੋਰਿਆ। ਲਵ-ਕੁਸ਼ ਤੇ ਕਾਨ੍ਹ-ਕ੍ਰਿਸ਼ਨ ਦੀਆਂ ਵਾਰਾਂ, "ਚੰਡੀ ਦੀ ਵਾਰ" ਤੋਂ ਪ੍ਰੇਰਣਾ ਲੈਕੇ ਲਿਖੀਆਂ ਗਈਆਂ। ਇਸ ਵਾਰ ਨੇ ਲੋਕ ਵਾਰਾਂ ਦੀ ਪਰੰਪਰਾ ਨੂੰ ਵੀ ਨਵੀਂ ਜ਼ਿੰਦਗੀ ਬਖਸ਼ੀ ਤੇ ਨਜਾਬਤ ਦੀ ਵਾਰ, ਬਠਿੱਆਂ ਦੀ ਵਾਰ ਆਦਿ ਕਈ ਵਾਰਾਂ ਲਿਖੀਆਂ ਗਈਆਂ। ਏਥੋਂ ਤਕ ਕਿ ਆਧੁਨਿਕ ਕਾਲ ਵਿੱਚ ਇਨਸਾਨ ਦੀ ਵਾਰ ਲਿਖੀ ਗਈ। ਕਿਸੇ ਹੱਦ ਤਕ ਮੌਜੂਦਾ ਦੌਰ ਦੀਆਂ ਵਾਰਾਂ ਨੇ "ਚੰਡੀ ਦੀ ਵਾਰ" ਪਾਸੋਂ ਹੀ ਪ੍ਰੇਰਣਾ ਲਈ ਜਾਪਦੀ ਹੈ। ਦੁਰਗਾ ਦੇ ਪਾਤਰ ਨੇ ਇਕ ਬੰਨੇ ਇਸਤ੍ਰੀ ਸਮਾਜ ਨੂੰ ਜ਼ਿੰਦ-ਜਾਨ ਬਖ਼ਸ਼ੀ ਤੇ ਦੂਜੇ ਬੰਨੇ ਮਨੁੱਖ ਸਮਾਜ ਦੀ ਸੁਤੀ ਅਣਖ ਨੂੰ ਹਲੂਣਿਆ। ਸੋ ਸਾਡੀ ਜਾਚੇ "ਚੰਡੀ ਦੀ ਵਾਰ" ਦੀ ਸਾਹਿਤਕ ਵਿਸ਼ੇਸ਼ਤਾ ਬਹੁਤ ਹੀ ਵੱਡੀ ਹੈ, ਜੋ ਇਕ ਬੰਨੇ ਤੇ ਇਨਸਾਨੀ

Namdhari Elibrary NamdhariElibrary@gmail.com

ਸਮਾਜ ਨੂੰ ਪਰਮਾਤਮਾ ਦੀ ਏਕਤਾ ਵਿੱਚ ਦ੍ਰਿੜ ਵਿਸ਼ਵਾਸ ਬੰਨ੍ਹਾ ਕੇ ਇਨਸਾਨੀਅਤ ਦੀ ਲੜੀ ਵਿੱਚ ਪਰੋਂਦੀ ਹੈ, ਅਤੇ ਪਿਆਰ ਦਾ ਪਾਠ ਪੜ੍ਹਾਉਂਦੀ ਹੈ, ਤੇ ਦੂਜੇ ਬੰਨੇ ਸੂਰਬੀਰਤਾ, ਦਲੇਰੀ, ਦੇਸ਼-ਪ੍ਰੇਮ ਨੂੰ ਕੌਮ ਵਿੱਚ ਪਰਚਾਰਦੀ ਤੇ ਪਰਸਾਰਦੀ ਹੈ। ਤੀਜੀ ਇਹ ਵਿਸ਼ੇਸ਼ਤਾ ਹੈ ਕਿ ਮੁਰਦਾ ਦਿਲਾਂ ਵਿੱਚ ਨਵੀਂ ਰੂਹ ਦਾ ਸੰਚਾਰ ਕਰਦੀ ਹੈ। ਚੋਖੇ ਪੰਜਾਬੀ ਸ਼ਾਇਰਾਂ, ਲੇਖਕਾਂ ਤੇ ਸਾਹਿਤਕਾਰਾਂ ਨੂੰ **ਪੰਜਾਬੀ** ਵਿੱਚ ਲਿਖਣ ਦਾ ਉਤਸ਼ਾਹ ਤੇ ਪ੍ਰੇਰਣਾ ਦਿੰਦੀ ਹੈ। ਇਸ ਵਾਰ ਤੋਂ ਇਸਤ੍ਰੀ ਜਾਤੀ ਨੂੰ ਇਹ ਪ੍ਰੇਰਣਾ ਮਿਲਦੀ ਹੈ ਕਿ ਔਰਤ ਵਿਲਾਸਤਾ ਦਾ ਹੀ ਸਾਧਨ ਨਹੀਂ ਸਗੋਂ ਆਪਣੇ ਬਚਿਆਂ ਦੀ ਰਖਿਆ ਵੀ ਕਰ ਸਕਦੀ ਹੈ ਅਤੇ ਵੱਡੀ ਤੋਂ ਵੱਡੀ ਮੁਸ਼ਕਲ ਦਾ ਟਾਕਰਾ ਕਰ ਸਕਦੀ ਹੈ।

ਸ਼ਬਦ ਚੋਣ : ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਥੇ ਲੋਕ-ਸਮੂਹ ਦੇ ਗੁਰੂ ਅਤੇ ਫੌਜਾਂ ਦੇ ਸੈਨਾਪਤੀ, ਲੋਕ-ਤੰਤ੍ਰੀ ਭਾਵਨਾ ਦੇ ਬੀਰ ਸਿਪਾਹੀ, ਆਨੰਦਪੁਰ ਦੇ ਕਵੀ-ਵਿਰਵ-ਵਿਦਿਅਲਾ ਦੇ ਕੁਲਪਤੀ ਸਨ, ਉਥੇ ਸ਼ਬਦਾਂ ਦੀ ਦੁਨੀਆਂ ਦੇ ਸਮਰਾਟ ਸਨ। "ਵਾਰ ਸ੍ਰੀ ਭਗੌਤੀ ਜੀ ਕੀ" ਦੀ ਰਚਨਾ ਲਈ ਆਪ ਜੀ ਨੇ ਢੁਕਵੇਂ ਸ਼ਬਦਾਂ ਦੀ ਚੋਣ ਕੀਤੀ ਹੈ, ਜਿਨ੍ਹਾਂ ਦੇ ਕਾਰਨ ਇਹ ਰਚਨਾ ਸੰਸਾਰ ਸਾਹਿਤ ਵਿੱਚ ਇਕ ਅਦੁੱਤੀ, ਬੇਮਿਸਾਲ ਤੇ ਬੇਨਜ਼ੀਰ ਹੈ। ਅਸੀਂ ਹੇਠਾਂ ਕੁਝ ਸ਼ਬਦ ਉਦਾਹਰਣ ਵਜੋਂ ਪੇਸ਼ ਕਰ ਰਹੇ ਹਾਂ, ਜਿਨ੍ਹਾਂ ਦਾ ਸੰਬੰਧ ਇਤਿਹਾਸ, ਮਿਥਿਹਾਸ ਤੇ ਬੀਰ-ਰਸ ਨਾਲ ਹੈ :

ਭਗੌਤੀ=ਮੂਲ-ਸ਼ਕਤੀ, ਨਿਰਗੁਣ ਬ੍ਰਹਮ, ਭਗਉਤੀ=ਤਲਵਾਰ, ਸ਼ਮਸ਼ੀਰ। ਬ੍ਰਹਮਾ=ਸ੍ਰਿਸ਼ਟੀ ਰਚਿਤਾ, ਬਿਸ਼ਨੂ=ਸੰਸਾਰ ਪਾਲਕ। ਮਹੇਸ਼=ਸੰਸਾਰ ਦਾ ਸੰਘਾ-ਰਕ ਤੇ ਨਿਆਇਧੀਸ਼। ਰਾਮ=ਰਾਵਣ ਦੇ ਮਾਰਨ ਹਾਰ। **ਦੁਰਗਾ**=ਰਾਖਸ਼ਾਂ ਦੀ ਦੁਸ਼ਮਣ ਦੇਵੀ। ਦਹਿਸਰ=ਰਾਵਣ। ਕ੍ਰਿਸ਼ਨ=ਕੰਸ ਦੇ ਸੰਘਾਰਕ। ਕੰਸ=ਕ੍ਰਿਸ਼ਨ ਦਾ ਮਾਮਾ। ਕੇਸੀ=ਕੰਸ ਦਾ ਸੈਨਾਪਤੀ। ਸਤਜੁਗ=ਯੁਗ, ਜਿਸ ਦੀ ਉਮਰ 172800 ਸਾਲ ਹੈ। ਕਲ=ਕਲਪਤ ਪਾਤਰ ਕਲਾ। ਨਾਰਦ=ਰਿਸ਼ੀ, ਚੁਗਲ ਖੋਰ। ਮਹਿਖਾਸੁਰ=ਮਹਿਖਾ ਦੈਂਤ॥ ਸੁੰਭ ਨਿਸੁੰਭ=ਦੈਂਤ-ਰਾਜ ਗਿਰ ਕੈਲਾਸ਼=ਕੈਲਾਸ਼ ਪਰਬਤ। ਅਮਰਾਵਤੀ=ਸੁਰਗ। ਮਹਾ ਮਾਈ=ਜਗਤ-ਮਾਤਾ, ਦੁਰਗਾ, ਚੰਡੀ=ਚੰਡ ਨੂੰ ਮਾਰਨ ਵਾਲੀ ਦੁਰਗਾ। ਧੂਮ ਕੇਤ=ਬੋਦੀ ਵਾਲਾ ਤਾਰਾ। ਜਟ-

Namdhari Elibrary NamdhariElibrary@gmail.com

ਧਾਰੀ = ਸ਼ਿਵਜੀ। ਧਉਲ = ਚਿੱਟੇ ਰੰਗ ਦਾ ਬਲਦ। ਕੂਰਮ = ਕਛੂ-ਕੁੱਮਾ। ਈਸ਼ਰ = ਮਹੇਸ਼। ਭਵਾਨੀ = ਦੁਰਗਾ। ਲੋਚਨ ਧੂਮ = ਸੁੰਭ ਦਾ ਸੈਨਾਪਤੀ। ਚੰਡ = ਸੁੰਭ ਦਾ ਸੈਨਾਪਤੀ। ਚੰਡ-ਮੁੰਡ = ਸੁੰਭ ਦੇ ਦੋ ਸੈਨਾਪਤੀ। ਸ੍ਰਣਵਤ ਬੀਜ = ਸੁੰਭ ਦਾ ਸੈਨਾਪਤੀ। ਇੰਦਰ = ਸੁਰਗ ਦਾ ਰਾਜਾ। ਕਾਲੀ = ਦੇਵੀ, ਕਾਲਿਕਾ। ਨੰਦਾ = ਦੁਰਗਾ। ਜੋਗਣੀਆਂ = ਰਾਕਸ਼ ਖਾਣੀਆਂ ਦੇਵੀਆਂ। ਕਾਬਾ = ਇਸਲਾਮ ਦੀ ਧਰਮ ਕੇਂਦਰ ਮਸਜਦ, ਰਬ ਦਾ ਘਰ। ਨਉਨਿਧਿ = ਨੌ ਖਜ਼ਾਨੇ। ਖੰਡਾ = ਦੋ ਧਾਰਾ ਹਥਿਆਰ, ਏਥੇ ਸੰਸਾਰ। ਮੇਦਨੀ = ਮਧੁ-ਕੈਟਭ ਦੀ ਮਿਝ ਤੋਂ ਬਣੀ ਪ੍ਰਿਥਵੀ। ਬੈਣ = ਵੈਣ। ਜੰਗ ਮੁਸਾਫਾ = ਜੰਗੀ ਬਿਗਲ। ਕਰਹਾਲੀ = ਵਰਲਾਪ। ਸੂਲ = ਤ੍ਰਿਸ਼ੂਲ। ਕੰਗਾਂ = ਕਵੱਚ ਪਹਿਨੇ ਸਿਪਾਹੀ। ਖਿੰਗ = ਨੁਕਰਾ ਘੋੜਾ। ਫਰੇਸਤੇ = ਦੇਵਤੇ। ਵਰਜਾਗਨਿ = ਪ੍ਰਜਵਲਿਤ ਅੱਗ। ਰਜਾਦੀ = ਸ਼ਾਏਜ਼ਾਦੀ, ਰਾਜ ਕੁਮਾਰੀ। ਪਜੂਤੇ = ਪ੍ਰਯੁਕਤ। ਅਭਿਖੇਖ = ਰਾਜ-ਤਿਲਕ। ਠਕੁਰਾਈ = ਪਾਤਸ਼ਾਹੀ। ਸੀਹਣ ਸਾਰਦੀ = ਫੌਲਾਦੀ ਤਲਵਾਰ। ਸ਼ੀਹ = ਸ਼ੇਰ। ਲਾੜੀਆਂ = ਸਾਲੀਆਂ। ਗੋਸ਼ਤ-ਗਿਧੀਆਂ = ਖੂਨ ਪੀਣੀਆਂ ਤਲਵਾਰਾਂ। ਮਲਦੇ = ਬਕਵਾਸੀ। ਗੇਰੂ ਬਾਬਤ੍ਰਾ = ਗੇਰੂਆ ਪਾਣੀ ਉਤਰਿਆ। ਕੋਟੀ = ਧਨੁਖ ਦਾ ਗੋਸ਼ਾ। ਖਾਨ = ਸੈਨਾਪਤੀ। ਤੇਗ = ਤਲਵਾਰ। ਦਮਾਮਾ = ਢੋਲ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ—ਨਿਰਗੁਣ ਭਗਤੀ ਸੂਚਕ ਸ਼ਬਦ, ਸਰਗੁਣ ਭਗਤੀ ਸੂਚਕ ਸ਼ਬਦ, ਸ਼ਾਕਤ ਧਰਮ ਸੂਚਕ ਸ਼ਬਦ, ਸ਼ੈਵ ਧਰਮ ਸੂਚਕ ਸ਼ਬਦ, ਸਿਧ-ਧਰਮ ਸੂਚਕ ਸ਼ਬਦ, ਇਸਲਾਮ ਸੂਚਕ ਸ਼ਬਦ ਮਿਥਿਹਾਸ ਸੂਚਕ ਸ਼ਬਦ, ਇਤਿਹਾਸ ਸੂਚਕ ਸ਼ਬਦ, ਸੂਰਮਿਆਂ ਦੇ ਵੇਸਭੂਸ਼ ਸੰਬੰਧੀ ਸ਼ਬਦ, ਜੰਗੀ ਸਾਮਾਨ ਸੂਚਕ ਸ਼ਬਦ ਆਦਿ ਕਲਾਤਮਕ ਢੰਗ ਨਾਲ ਵਰਤੇ ਹਨ। ਫ਼ਾਰਸੀ, ਅਰਬੀ, ਡਿੰਗਲ ਮੁਲਤਾਨੀ, ਖੜੀ ਬੋਲੀ, ਦਖਣੀ ਦੁਆਬੀ, ਬ੍ਰਿਜੀ ਲਹਿੰਦੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਇਕ ਮਹਾਨ ਕਲਾਕਾਰ ਦੇ ਨਾਤੇ, ਪ੍ਰਭਾਵਸ਼ਾਲੀ ਢੰਗ ਨਾਲ, ਕਲਗੀਧਰ ਨੇ ਪ੍ਰਯੁਕਤ ਕੀਤੀ ਹੈ, ਤੇ ਇਸ ਤਰ੍ਹਾਂ "ਚੰਡੀ ਦੀ ਵਾਰ" ਨੂੰ ਇਕ ਅਦੁੱਤੀ ਸਾਹਿਤਕ, ਪ੍ਰੇਰਣਾ ਦਾ ਇਕ ਚਾਨਣ ਮੁਨਾਰਾ ਬਣਾ ਦਿੱਤਾ ਹੈ ਤੇ ਸ਼ਬਦਾਂ ਦੇ ਪਖੋਂ ਇਕ ਖ਼ੁਸ਼ਬੂਦਾਰ ਰੰਗ-ਬਰੰਗਾ ਗੁਲਦਸਤਾ ਵੀ।

— 0 —

Namdhari Elibrary NamdhariElibrary@gmail.com

੩

ਭਗਉਤੀ

ਜਾਂ

ਭਗੌਤੀ

ਵਿਦਵਾਨਾਂ ਨੇ ਭਗਉਤੀ ਦੇ ਦੋ ਅਰਥ—ਤਲਵਾਰ ਜਾਂ ਸ਼ਕਤੀ (ਭਵਾਨੀ-ਦੇਵੀ)—ਕੀਤੇ ਹਨ ਅਤੇ ਇਸ ਤੋਂ ਇਹ ਭਾਵ ਲਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਕਤੀ ਪੂਜਕ ਸਨ। ਦੂਜਾ ਪ੍ਰਮਾਣ ਇਸ ਦੀ ਪੁਸ਼ਟੀ ਵਿਚ ਦਿੱਤਾ ਜਾਂਦਾ ਹੈ ਕਿ ਗੁਰੂ ਜੀ ਨੇ ਇਕ ਬਹੁਤ ਵੱਡਾ ਚੰਡੀ ਦਾ ਹਵਨ ਵੀ ਤੇ ਕੀਤਾ ਸੀ। "ਵਾਰ ਸ੍ਰੀ ਭਗਉਤੀ ਜੀ ਕੀ" ਤੋਂ ਇਲਾਵਾ ਚੰਡੀ ਚਰਿਤ੍ਰ—1, ਚੰਡੀ ਚਰਿਤ੍ਰ—2 ਵੀ ਲਿਖੇ ਹਨ। ਸਾਡੇ ਵਿਚਾਰ ਵਿਚ ਦੇਵੀ ਪੂਜਾ ਦਾ ਖ਼ਿਆਲ ਇਕ ਭ੍ਰਾਂਤੀ ਹੈ ਅਤੇ ਇਸ ਵਿਚ ਕੋਈ ਸਚਾਈ ਨਹੀਂ ਹੈ।

ਦਬਸਤਾਨ-ਏ-ਮਜ਼ਾਹਬ ਦੇ ਲੇਖਕ ਨੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਗੁਰੂ ਸਾਹਿਬਾਨ ਪ੍ਰਮਾਤਮਾ ਦੀ ਏਕਤਾ (ਅਦ੍ਵੈਤ-ਤੌਹੀਦ) ਵਿਚ ਵਿਸ਼ਵਾਸ ਰਖਦੇ ਸਨ, ਪਰ ਹਿੰਦੂਆਂ ਦੇ ਦੇਵੀ ਦੇਵਤਿਆਂ ਦਾ ਨਾਂ ਬੜੇ ਆਦਰ ਅਤੇ ਸਤਿਕਾਰ ਨਾਲ ਲੈਂਦੇ ਸਨ। ਇਸ ਦਾ ਇਹ ਮਤਲਬ ਹੈ ਕਿ ਪ੍ਰਮਾਤਮਾ ਬਾਰੇ ਸਾਰੇ ਗੁਰੂਆਂ ਦੇ ਵਿਚਾਰ ਉਹੀ ਸਨ ਜੋ ਸਤਿਗੁਰੂ ਨਾਨਕ ਦੇਵ ਜੀ ਨੇ 'ਨਿਰੰਕਾਰ' ਬਾਰੇ ਮੂਲ ਸਿਧਾਂਤ ਸਥਾਪਤ ਕੀਤੇ ਸਨ।

ਸ਼ੁਰੂ ਤੋਂ ਲੈ ਕੇ ਆਖਰ ਤਕ ਜੇ ਅਸੀਂ ਗੁਰ-ਗੱਦੀ ਦਾ ਅਧਿਐਨ ਕਰੀਏ ਤਦ ਅਸੀਂ ਇਸ ਸਿੱਟੇ ਉਪਰ ਪੁੱਜਦੇ ਹਾਂ—ਕਿ ਜਿਸ ਧਰਮ ਦੀ ਸਥਾਪਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ, ਪਰਮਾਤਮਾ, ਮਨੁੱਖ, ਪ੍ਰਾਕ੍ਰਿਤੀ ਅਤੇ ਸੰਸਾਰ ਬਾਰੇ ਜੋ ਮੂਲ ਸਿਧਾਂਤ ਬੰਨ੍ਹੇ ਸਨ, ਬਾਕੀ ਗੁਰੂ ਸਾਹਿਬਾਨ ਨੇ ਪੂਰੀ ਤਰ੍ਹਾਂ ਉਸ ਉੱਪਰ ਆਪਣੀ

Namdhari Elibrary NamdhariElibrary@gmail.com

ਆਸਥਾ (ਯਕੀਨ) ਬਣਾਈ ਰਖਿਆ ਅਤੇ ਉਨ੍ਹਾਂ ਹੀ ਮੂਲ ਸਿਧਾਂਤਾਂ ਦੀ ਵਿਆਖਿਆ ਆਪਣੇ ਕਾਵਿ ਵਿਚ ਕੀਤੀ ਹੈ। ਪਰ ਬਾਹਰੀ ਤੌਰ ਤੇ ਜਿਨ੍ਹਾਂ ਸਿਧਾਂਤਾਂ ਨੂੰ ਬਦਲਣ ਦੀ ਜ਼ਰੂਰਤ ਪਈ, ਉਥੇ ਪਰਿਵਰਤਨ ਲਿਆਉਣ ਤੋਂ ਸੰਕੋਚ ਨਹੀਂ ਕੀਤਾ। ਉਦਾਹਰਣ ਲਈ ਚਰਨਾਮ੍ਰਿਤ ਦੀ ਥਾਂ ਅੰਮ੍ਰਿਤ ਦੀ ਰਸਮ ਜਾਰੀ ਕੀਤੀ। ਗੁਰੂ ਅਰਜਨ ਦੇਵ ਜੀ ਨੇ ਮਸੰਦਾਂ ਦੀ ਸਥਾਪਨਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਪਹਿਲੇ ਸਮਿਆਂ ਨਾਲੋਂ ਬਹੁਤ ਹੀ ਕਰੜਾ ਹੋ ਗਿਆ ਸੀ। ਹਕੂਮਤ ਦੀ ਧਾਰਮਿਕ ਨੀਤੀ ਅਕਬਰ ਦੀ ਨੀਤੀ ਨਾਲੋਂ ਬਿਲਕੁਲ ਵੱਖ ਹੋ ਗਈ ਸੀ। ਸਮਾਜ ਦੀ ਸਥਿਤੀ ਬਹੁਤ ਵਿਗੜ ਗਈ ਸੀ। ਦਾਸਤਾ ਨੇ ਸਮਾਜ ਵਿਚੋਂ ਸੰਗਠਨ ਅਤੇ ਸਦਾਚਾਰ ਨੂੰ ਖ਼ਤਮ ਕਰ ਦਿੱਤਾ ਸੀ। ਸੂਰਬੀਰਤਾ ਪਰ ਲਾ ਕੇ ਉਡ ਗਈ ਸੀ। ਦੇਸ਼-ਭਗਤੀ ਤੇ ਅਣਖ ਸੌਂ ਚੁਕੀਆਂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਮੇਂ ਦਾ ਜਾਇਜ਼ਾ ਡੂੰਘੀ ਅਤੇ ਐਕਸਰੇ ਨਜ਼ਰ ਨਾਲ ਲਿਆ ਅਤੇ ਇਸ ਨਿਸਚੇ ਤੇ ਪਹੁੰਚੇ ਕਿ ਸਮਾਜ ਦੀ ਸੁਤੀ ਹੋਈ ਅਣਖ ਨੂੰ ਟੁੰਬਣਾ ਚਾਹੀਦਾ ਹੈ, ਕਾਇਰਤਾ ਦਾ ਨਾਸ਼ ਕਰਨਾ ਅਤੀ ਜ਼ਰੂਰੀ ਹੈ, ਹੁਬੁਲਵਤਨ (ਦੇਸ਼-ਪ੍ਰੇਮ) ਦੇ ਜਜ਼ਬੇ ਨੂੰ ਪੈਦਾ ਕਰਨਾ ਵੀ ਜ਼ਰੂਰੀ ਹੈ। ਇਸ ਕਾਰਜ ਲਈ ਉਨ੍ਹਾ ਬੀਰ-ਰਸੀ ਸਾਹਿਤ ਨੂੰ ਮਾਧਿਅਮ ਬਣਾਇਆ।

ਸਤਿਗੁਰੂ ਜਿਥੇ ਮਹਾਨ ਵਿਦਵਾਨ, ਮਹਾਨ ਸਾਹਿਤਕਾਰ ਅਤੇ ਮਹਾਨ ਸੂਰਬੀਰ ਸਨ, ਉਥੇ ਮਨੋ-ਵਿਗਿਆਨ ਤੋਂ ਵੀ ਪੂਰੀ ਤਰ੍ਹਾਂ ਜਾਣੂ ਸਨ। ਆਪ ਜੀ ਨੇ ਮਨੋ-ਵਿਗਿਆਨ ਨੂੰ ਦ੍ਰਿਸ਼ਟੀ ਵਿਚ ਰਖਦਿਆਂ, ਪਰਮਾਤਮਾ ਨੂੰ ਹਥਿਆਰਾਂ, ਤਲਵਾਰ, ਖੜਗ ਆਦਿ ਦੇ ਰੂਪਕ ਨਾਲ ਸੰਬੋਧਨ ਕੀਤਾ ਹੈ, ਤਾਕਿ ਜਨ-ਸਮੂਹ ਨੂੰ ਹਥਿਆਰਾਂ ਤੋਂ ਕਿਸੇ ਪ੍ਰਕਾਰ ਦਾ ਡਰ ਨਾ ਰਹਿ ਜਾਵੇ। ਪਰ ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਂਤ ਤੋਂ ਕੋਈ ਵੱਖ 'ਨਿਰੰਕਾਰ' ਨੂੰ ਨਹੀਂ ਮੰਨਿਆ ਆਪ ਜੀ ਨੇ ਪਰਮਾਤਮਾ ਨੂੰ ਸਰਬ ਸ਼ਕਤੀਮਾਨ, ਰੰਗ ਰੂਪ ਅਤੇ ਰੇਖ ਦੀਆਂ

Namdhari Elibrary NamdhariElibrary@gmail.com

ਸੀਮਾਵਾਂ ਤੋਂ ਪਰੇ ਅਨੰਤ ਤੇ ਅਸੀਮ [1]ਸ਼ਕਤੀ ਦੇ ਰੂਪ ਵਿਚ ਮੰਨਿਆ ਹੈ। ਆਪ ਜੀ ਨੇ ਸਪਸ਼ਟ ਤੌਰ ਤੇ ਸਕਤੀ, ਸਿਵਾ ਨਾਵਾਂ ਨਾਲ ਮਹਾਂ ਕਾਲ ਨੂੰ ਸੰਬੋਧਨ ਕੀਤਾ ਹੈ :—

ਨਮਸਕਾਰ ਸ੍ਰੀ ਖੜਗ ਕਉ ਕਰੌ ਸੁ ਹਿਤ ਚਿਤੁ ਲਾਇ ॥
ਪੂਰਨ ਕਰੋ ਗ੍ਰੰਥ ਇਹ ਤੁਮ ਮੁਹਿ ਕਰਹੁ ਸਹਾਇ ॥

(ਬਚਿਤ੍ਰ ਨਾਟਕ)

... ...

1. ਦੇਖੋ "The Cultural Heritage of India", Vol III ਸਫਾ 447—

The Precise nature of identity of Siva-Sakti has been a matter of Considerable metaphysical discussion. Bhaskar araya, Ramisbvara, Laksmidhara, and other writers and Commentators have stoutly defended the non-duality of Siva and Sakti Vis-a-Vis the Mayavada Position as regards Brahman and its Maya. Sakti is distinguishable from Siva only in theoretical and Conventional analysis, but in realization, She is identical with Siva. Hence if Siva is Sat (Being in itself). Sakti is Sat (Being in itself as power to be such), if Siva is Cit (Pure perfect Consciousness), Sakti is Cit (Consciousness as Power), and if Siva is Ananda (Perfect Bliss) Sakti is Parmananda Sandoha-Rnpa and Parmananda-lahri (The verysoul of Anand and its 'wave' of absolute play). If Siva is Brahman; She is Brahmayi. Should this relation be Called Advaita (Non-duality) or not ? ਵਾਸਤਵ ਵਿਚ ਸਤਿਗੁਰੂ ਨੇ ਪ੍ਰਮਾਤਮਾ ਤੇ ਉਸ ਦੀ ਸਕਤੀ ਨੂੰ ਇਕ ਰੂਪ ਮੰਨਿਆ ਹੈ। ਉਹ ਪ੍ਰਮਾਤਮਾ ਵੀ ਹੈ ਅਤੇ ਸ਼ਕਤੀ ਵੀ ਹੈ ਉਹ ਪਿਤਾ ਵੀ ਹੈ, ਉਹ ਮਾਤਾ ਵੀ ਹੈ, ਉਹ ਸਭ ਕੁਝ ਹੈ।

Namdhari Elibrary NamdhariElibrary@gmail.com

ਮੂਰਤੀ ਪੂਜਾ ਬਾਰੇ ਗੁਰੂ ਜੀ ਦਾ ਵਿਚਾਰ ਵੀ ਵੇਖਣਾ ਚਾਹੀਦਾ ਹੈ :—

ਨ ਰੂਪੰ ਨ ਰੇਖੰ ਨ ਰੰਗੰ ਨ ਰਾਗੰ ॥
ਨ ਨਾਮੰ ਨ ਠਾਮੰ ਮਹਾ ਜੋਤਿ ਜਾਗੰ ॥
ਨ ਦ੍ਵੈਖੰ ਨ ਭੇਖੰ ਨਿਰੰਕਾਰ ਨਿਤਿਯੰ ॥
ਮਹਾਂ ਜੋਗ ਜੋਗੰ ਸੁ ਪਰਮ ਪਵਿਤ੍ਰਯੰ ॥

(ਬਚਿਤ੍ਰ ਨਾਟਕ)

ਅਲਖ ਰੂਪ ਅਛੈ ਅਨ ਭੇਖਾ ॥
ਰਾਗ ਰੰਗ ਜਿਹ ਰੂਪ ਨ ਰੇਖਾ ॥
ਬਰਨ ਚਿਹਨ ਸਭ ਹੂੰ ਤੇ ਨਿਆਰਾ ॥
ਆਦ ਪੁਰਖ ਅਦ੍ਵੈ ਅਬਿਕਾਰਾ ॥
ਬਰਣ ਚਿਹਨ ਜਿਹ ਜਾਤ ਨਾ ਪਾਤਾ ॥
ਸਤ੍ਰ ਮਿਤ੍ਰ ਜਿਹ ਤਾਤ ਨਾ ਮਾਤਾ ॥
ਸਭਨ ਤੇ ਦੂਰ ਸਭਨ ਤੇ ਨੇਰਾ ॥
ਜਲ ਥਲ ਮਹੀਅਲ ਜਾਹੇ ਬਸੇਰਾ ॥

(ਸ੍ਰੀ ਗੁਰੂ ਗੋਬਿੰਦ ਸਿੰਘ)

... ...

ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚਹਾਰੇ ॥
ਭੇਦ ਨ ਪਾਇ ਸਕਿਓ ਅਨਭੇਦ ਕੋ ਖੇਦਤ ਹੈ ਅਨਛੇਦ ਪੁਕਾਰੇ ॥
ਰਾਗ ਨ ਰੂਪ ਨ ਰੇਖ ਨ ਰੰਗ ਨ ਸਾਕ ਨ ਸੋਗ ਨ ਸੰਗ ਤਿਹਾਰੇ ।
ਆਦਿ ਅਨਾਦਿ ਅਗਾਧ ਅਭੇਖ ਅਦ੍ਵੈਖ ਜਪਿਓ ਤਿਨ ਹੀ ਕੁਲਤਾਰੇ ॥

(ਸਵੱਯੇ)

... ...

ਸ੍ਰੀ ਰਾਮ ਚੰਦ੍ਰ ਜੀ, ਸ੍ਰੀ ਕ੍ਰਿਸ਼ਨ ਜੀ ਅਤੇ ਹੋਰ ਅਵਤਾਰਾਂ ਬਾਰੇ ਆਪ ਜੀ ਦੇ ਇਹ ਵਿਚਾਰ ਹਨ :—

ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ ॥
ਕਿਤੇ ਰਾਮ ਸੇ ਮੇਟਿ ਡਾਰੇ ਉਪਾਏ ॥

... ...

Namdhari Elibrary NamdhariElibrary@gmail.com

ਜਿਤੇ ਅਉਲੀਆ ਅੰਬੀਆ ਹੋਏ ਬੀਤੇ ॥
ਤਿਤਯੋ ਕਾਲ ਨ ਜੀਤਾ ਤੇ ਕਾਲ ਜੀਤੇ ॥
ਜਿਤੇ ਰਾਮ ਸੇ ਕ੍ਰਿਸਨ ਹੋਏ ਬਿਸਨ ਆਏ ॥
ਤਿਤਯੋ ਕਾਲ ਖਾਪਿਓ ਨ ਤੇ ਕਾਲ ਘਾਏ ॥

... ...

ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ ॥
ਤਿਯਤਿਓ ਕਾਲ ਖਾਪਾ ਨ ਤੇ ਕਾਲ ਘਾਏ ॥
ਜਿਤੇ ਅਉਲੀਆ ਅੰਬੀਆ ਗਾਉਸ ਹੁਵੈ ਹੈ ॥
ਸਭੈ ਕਾਲ ਕੇ ਅੰਤ ਦਾੜਾ ਤਲੈ ਹੈ ॥

... ...

ਜਿਤੇ ਰਾਮ ਹੂਏ। ਸਭੈ ਅੰਤਿ ਮੂਏ ॥
ਜਿਤੇ ਕ੍ਰਿਸ਼ਨ ਹੁਇ ਹੈ। ਸਭੈ ਅੰਤ ਜੈਹੈ ॥

... ...

ਜਿਤੇ ਦੇਵ ਹੋਸੀ। ਸਭੈ ਅੰਤ ਜਾਸੀ ॥
ਜਿਤੇ ਬੋਧ ਹੁਇ ਹੈ। ਸਭੈ ਅੰਤ ਛੈਹੈ ॥

ਮੂਰਤੀ ਪੂਜਾ ਬਾਰੇ ਗੁਰੂ ਜੀ ਦਾ ਵਿਚਾਰ ਵੀ ਦੇਖਣਾ ਚਾਹੀਦਾ ਹੈ :—

ਪਾਇ ਪਰੋ ਪ੍ਰਮੇਸਰ ਕੇ ਜੜ ਪਾਹਨ ਮੇ ਪ੍ਰਮੇਸਰ ਨਾਹੀ ॥

(ਬਚਿਤ੍ਰ ਨਾਟਕ)

ਉਪਰੋਕਤ ਗੁਰੂ ਦੇਵ ਦੇ ਮੂਲ ਸਿਧਾਂਤਾਂ ਨੂੰ ਪੜ੍ਹ ਕੇ ਇਹ ਸਚਾਈ ਸਪਸ਼ਟ ਹੋ ਜਾਂਦੀ ਹੈ ਕਿ ਕਲਗੀਧਰ ਕਿਸੇ ਦੇਵੀ ਜਾਂ ਅਵਤਾਰ, ਵਿਚ ਸਰਗੁਣ ਭਗਤੀ ਅਨੁਸਾਰ, ਵਿਸ਼ਵਾਸ ਨਹੀਂ ਰਖਦੇ ਹਨ, ਹਾਂ ਇਨ੍ਹਾਂ ਸਭਨਾਂ ਨੂੰ ਪਰਮਾਤਮਾ ਦੀ ਰਚਨਾ, ਮਹਾਨ ਆਗੂ, ਮਹਾਨ ਹਸਤੀਆਂ ਮੰਨਦੇ ਹਨ, ਜੋ ਬਾਕੀ ਸੰਸਾਰ ਵਾਂਗ ਨਾਸ਼ਵਾਨ ਹਨ। ਗੁਰੂ ਪਰੰਪਰਾ ਅਤੇ ਭਾਰਤੀ ਸੰਸਕ੍ਰਿਤੀ ਅਨੁਸਾਰ ਹਰ ਭਾਰਤੀ ਦੇਵਤੇ ਅਤੇ ਅਵਤਾਰਾਂ ਦਾ ਨਾਂ ਜ਼ਰੂਰ ਸਤਿਕਾਰ ਨਾਲ ਲੈਂਦੇ ਹਨ ਅਤੇ ਇਹੋ ਨੀਤੀ ਆਪ ਨੂੰ ਸ਼ੋਭਾ ਵੀ ਦਿੰਦੀ ਹੈ।

Namdhari Elibrary NamdhariElibrary@gmail.com

ਮੂਰਤੀ ਪੂਜਾ ਵਿਚ ਆਪ ਜੀ ਦੀ ਕੋਈ ਆਸਥਾ ਨਹੀਂ ਸੀ ਅਤੇ ਆਪ ਜੀ ਸਤਿਗੁਰੂ ਦੇ ਸਥਾਪਤ ਕੀਤੇ ਹੇਠਲੇ ਅਸੂਲ (ਸਿਧਾਂਤ) ਨਾਲ ਪੂਰੀ ਤਰ੍ਹਾਂ ਸਹਿਮਤ ਸਨ :—

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥

ਪੰਜਾਬੀ ਸਾਹਿਤ ਦੇ ਅਧਿਐਨ ਤੋਂ ਸਾਨੂੰ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਨਾਨਕ ਦੇ ਸਿਧਾਂਤਾਂ (ਗੁਰਮਤਿ ਸਿਧਾਂਤਾਂ) ਦਾ ਪ੍ਰਭਾਵ ਪੰਜਾਬ ਦੇ ਲੋਕ ਜੀਵਨ ਉਪਰ ਬਹੁਤ ਹੀ ਡੂਘਾ ਪਿਆ, ਇਥੋਂ ਤਕ ਕਿ ਅਕਬਰ ਦੇ ਵੇਲੇ ਹੀ ਸਾਹਿਤਕਾਰਾਂ ਨੇ ਦੇਵੀ, ਗਣੇਸ਼ ਜਾਂ ਕਿਸੇ ਹੋਰ ਦੇਵਤੇ ਦੀ ਥਾਂ, ਪਰਮਾਤਮਾ ਨੂੰ ਹੀ ਸਿਮਰਿਆ ਹੈ। ਜਿਵੇਂ ਦਮੋਦਰ ਲਿਖਦਾ ਹੈ :—

ਅੱਵਲ ਨਾਮ ਸਾਹਿਬ ਦਾ ਲਈਏ ਜਿਨ ਇਹ ਜਗਤ ਉਪਾਯਾ ॥
ਜਿਮੀ ਅਸਮਾਨ ਪਲਕ ਦਰੁਸਤੀ ਕੁਦਰਤ ਨਾਲ ਟਿਕਾਯਾ ॥
ਚੌਰ ਕਮਰ ਖੁਰਸ਼ੇਦੋਂ ਸੀਤੇ ਕੋ ਹਰ ਜਾ ਇਕੁ ਸਾਇਆ ॥

(ਹੀਰ ਦਮੋਦਰ)

ਗੁਰਮਤਿ ਦਾ ਅਸਰ ਦੂਜਿਆਂ ਕਵੀਆਂ ਉਪਰ ਡੂੰਘਾ ਪੈ ਰਿਹਾ ਸੀ ਫੇਰ ਭਲਾ ਇਹ ਕਿਵੇਂ ਹੋ ਸਕਦਾ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਦਸਵੀਂ ਜੋਤ ਗੁਰੂ ਨਾਨਕ) ਪਰਮਾਤਮਾ ਨੂੰ ਸਿਮਰਨ ਦੀ ਥਾਂ ਕਿਸੇ ਦੇਵੀ ਜਾਂ ਦੇਵਤੇ ਦੀ ਅਰਾਧਨਾ ਕਰਦੇ। ਆਪ ਜੀ ਨੇ ਸ੍ਰੀ ਗੁਰੂ ਨਾਨਕ ਤੋਂ ਪਹਿਲੋਂ **'ਭਗਉਤੀ'** ਨੂੰ ਸਿਮਰਿਆ ਹੈ, ਤੇ ਮਗਰੋਂ ਸ੍ਰੀ ਗੁਰੂ ਨਾਨਕ ਤੇ ਇਸ ਪਿਛੋਂ ਬਾਕੀ ਗੁਰੂ ਸਾਹਿਬਾਨ ਨੂੰ ਸਹਾਇਤਾ ਲਈ ਯਾਦ ਕੀਤਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਧਰਮ ਦੀ ਇਹੋ ਨੀਂਹ ਤੇ ਪਰੰਪਰਾ ਸੀ। ਕਲਗੀਧਰ ਨੇ ਇਸ ਵਾਰ ਵਿਚ ਖੁਦ ਹੀ ਇਹ ਸਪਸ਼ਟ ਕਰ ਦਿੱਤਾ ਹੈ ਕਿ 'ਭਗਉਤੀ' ਤੋਂ ਭਾਵ ਆਪ ਜੀ ਦਾ ਅਕਾਲ-ਸ਼ਕਤੀ, ਪ੍ਰਭੂ-ਸਤਾ

Supreme Power—ੴ ਤੋਂ ਹੈ ਅਤੇ ਇਹ ਅਨੰਤ ਰੂਪਾ, ਅਸੀਮ ਸ਼ਕਤੀ ਹੀ ਸਾਰੇ ਸੰਸਾਰ ਨੂੰ ਬਲ ਦਿੰਦੀ ਹੈ। ਨਾ ਇਹ ਸ਼ਕਤੀ ਇਸਤ੍ਰੀ ਹੈ ਅਤੇ ਨਾ ਹੀ

Namdhari Elibrary NamdhariElibrary@gmail.com

ਪੁਰਖ, ਬਸ ਇਹ ਤੇ ਇਕ ਮੂਲ ਸ਼ਕਤੀ ਹੈ ਜੋ ਸਭ ਜੀਵਾਂ, ਚਾਰੇ ਖਾਣੀਆਂ, ਦੇਵੀਆਂ ਦੇਵਤਿਆਂ ਨੂੰ ਆਪਣੀ ਸ਼ਕਤੀ ਨਾਲ ਕਾਇਮ ਰਖਦੀ ਹੈ। ਉਸੇ ਮਹਾਨ ਸ਼ਕਤੀ ਦੇ ਸਹਾਰੇ, ਅਵਤਾਰ, ਦੇਵਤੇ, ਅਉਲੀਆ ਅੰਬੀਆ, ਸੰਸਾਰ ਵਿਚ ਆਪਣੇ-ਆਪਣੇ ਕਰਤਵ ਦਾ ਪਾਲਣ ਕਰਕੇ ਸੰਸਾਰ ਤੋਂ ਚਲੇ ਜਾਂਦੇ ਹਨ। ਇਸ ਵਿਚਾਰ ਧਾਰਾ ਅਤੇ ਆਪਣੇ ਵਿਸ਼ਵਾਸ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ :-

ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥
ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨਿ ਰਹਾਇਆ ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥

ਉਪਰੋਕਤ ਪੰਕਤੀ ਤੋਂ ਇਹ ਤੱਥ ਸਪਸ਼ਟ ਹੋ ਰਿਹਾ ਹੈ ਕਿ ਮੇਰਾ ਇਸ਼ਟ ਦੇਵ ਉਹ **ਸ਼ਕਤੀ** ਹੈ ਜਿਸ ਨੇ ਮਾਇਆ ਸੰਸਾਰ, ਬ੍ਰਹਮਾ ਬਿਸ਼ਨ, ਮਹੇਸ਼, ਦੇਵੀ, ਦੇਵਤੇ ਅਤੇ ਰਾਖਸ਼ ਆਦਿ ਨੂੰ ਜਨਮ ਦਿਤਾ ਹੈ। ਹੁਣ ਵਿਚਾਰ ਕਰਨ ਦੀ ਇਹ ਗਲ ਹੈ ਕਿ ਸਤਿਗੁਰੂ ਇਸ ਸਥਲ ਉਪਰ ਦਸੱਦੇ ਹਨ ਕਿ ਦੇਵਤੇ ਤੇ ਦਾਨੋ ਜਦ ਪ੍ਰਮਾਤਮਾ ਨੇ ਪੈਦਾ ਕਰ ਦਿਤੇ ਤਦ ਉਹਨਾਂ ਵਿਚ ਝਗੜਾ ਪੈਦਾ ਹੋ ਗਿਆ। ਰਾਖਸ਼ਾਂ ਨੇ ਦੇਵ-ਤਿਆਂ ਨੂੰ ਜਿੱਤ ਕੇ ਸੁਰਗ ਵਿਚੋਂ ਕਢ ਦਿੱਤਾ। ਦੇਵਤੇ ਆਪਣੇ ਰਾਜਾ ਇੰਦਰ ਸਹਿਤ ਦੁਰਗਾ ਦੀ ਸ਼ਰਣ ਵਿਚ ਗਏ। ਦੁਰਗਾ ਨੇ ਦੇਵਤਿਆਂ ਦੀ ਅਰਦਾਸ ਤੇ ਦੈਂਤਾਂ ਨਾਲ ਯੁੱਧ ਕੀਤਾ ਅਤੇ ਉਨ੍ਹਾਂ ਨੂੰ ਜਿੱਤ ਕੇ ਮੁੜ ਦੇਵਤਿਆਂ ਨੂੰ ਰਾਜ ਬਖਸ਼ਿਆ। ਦੁਰਗਾ ਦੀ ਸ਼ਕਤੀ ਆਪਣੀ ਨਹੀਂ ਸੀ ਬਲਕਿ ਇਹ ਸ਼ਕਤੀ ਵੀ ਮੇਰੇ ਇਸ਼ਟ ਦੇਵ ਮਹਾਨ ਸ਼ਕਤੀ (ਪ੍ਰਮਾਤਮਾ) ਪਾਸੋਂ ਦੁਰਗਾ ਨੂੰ ਮਿਲੀ ਸੀ। ਦੁਰਗਾ ਉਹ 'ਭਗਉਤੀ' ਨਹੀਂ, ਸਗੋਂ ਦੁਰਗਾ 'ਭਗਉਤੀ' ਪਾਸੋਂ ਦੈਂਤਾਂ ਨੂੰ ਮਾਰਨ ਲਈ ਤਾਕਤ ਪ੍ਰਾਪਤ ਕਰਦੀ ਹੈ।

ਤੈਂਹੀ ਦੁਰਗਾ ਸਾਜਿਕੈ ਦੈਂਤਾਂ ਦਾ ਨਾਸ ਕਰਾਇਆ ॥

ਇਸ ਪੰਕਤੀ ਤੋਂ ਸਾਫ ਪ੍ਰਗਟ ਹੈ ਕਿ ਕਲਗੀਧਰ ਦੁਰਗਾ ਨੂੰ 'ਭਗਉਤੀ' ਦੀ ਰਚਨਾ ਦਸਦੇ ਹਨ, ਇਸ ਲਈ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਗੁਰੂ ਜੀ

Namdhari Elibrary NamdhariElibrary@gmail.com

ਦਾ ਵਿਸ਼ਵਾਸ ਦੁਰਗਾ ਪੂਜਾ ਵਿਚ ਸੀ, ਆਪ ਜੀ ਤੇ ਦੁਰਗਾ ਨੂੰ ਇਕ ਰਚਨਾ ਮੰਨਦੇ ਹਨ। ਇਥੋਂ ਤਕ ਹੀ ਨਹੀਂ, ਸਗੋਂ ਹੋਰ ਇਸ ਤੋਂ ਅਗੇ ਵਧ ਕੇ ਕਲਗੀਧਰ ਇਸ **'ਅਸੀਮ ਸ਼ਕਤੀ'** ਦੀ ਵਿਆਖਿਆ ਸਪਸ਼ਟ ਰੂਪ ਵਿਚ ਕਰ ਦਿੰਦੇ ਹਨ, ਜਿਸ ਪਿਛੋਂ ਕਿਸੇ ਸ਼ਕ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਪ੍ਰਾਚੀਨ ਸਮਿਆਂ ਤੋਂ ਲੈ ਕੇ ਅਜ ਤੱਕ, ਸਰਗੁਣ ਭਗਤੀ ਦੇ ਖੇਤਰ ਵਿਚ, ਸ੍ਰੀ ਰਾਮ ਚੰਦ੍ਰ ਅਤੇ ਕ੍ਰਿਸ਼ਨ ਨੂੰ, ਵਿਸ਼ਨੂੰ ਦਾ ਅਵਤਾਰ ਮੰਨਿਆ ਜਾਂਦਾ ਹੈ। ਤੁਲਸੀ ਦਾਸ ਜੀ ਨੇ ਤੇ ਰਾਮ ਨੂੰ, ਪ੍ਰਮਾਤਮਾ ਮੰਨਿਆ ਹੈ ਇੰਞ ਹੀ ਭਾਗਵਤ ਪੁਰਾਣ ਵਿਚ ਸ੍ਰੀ ਕ੍ਰਿਸ਼ਨ ਜੀ ਨੂੰ ਸੋਲ੍ਹਾਂ ਕਲਾ ਸੰਪੂਰਨ ਪ੍ਰਮਾਤਮਾ ਸਿਧ ਕਰਨ ਦਾ ਜਤਨ ਕੀਤਾ ਹੈ, ਪਰ ਸਤਿਗੁਰੂ ਨੇ **'ਭਗਉਤੀ'** ਨੂੰ ਰਾਮ ਅਤੇ ਕ੍ਰਿਸ਼ਨ ਦਾ ਮੂਲ ਸੋਮਾ ਮੰਨਿਆ ਹੈ। ਰਾਮ ਅਤੇ ਕ੍ਰਿਸ਼ਨ ਦੀ ਸੰਸਾਰਕ ਸ਼ਕਤੀ, ਇਸ ਮਹਾਨ ਸ਼ਕਤੀ ਪਾਸੋਂ ਹੀ ਪ੍ਰਾਪਤ ਹੋਈ ਸੀ।

ਫੁਰਮਾਉਂਦੇ ਹਨ—

ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ ॥

ਉਪਰੋਕਤ ਵਿਚਾਰ ਧਾਰਾ ਤੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਕਲਗੀ-ਧਰ, ਪ੍ਰਮਾਤਮਾ ਵਿਚ ਵਿਸ਼ਵਾਸ ਰਖਦੇ ਹਨ ਅਤੇ ਉਸ ਪਾਰਬ੍ਰਹਮ ਦੇ ਹੀ ਉਪਾਸ਼ਕ ਹਨ। ਹਾਂ ਇਹ ਗਲ ਠੀਕ ਹੈ ਕਿ ਉਹ ਕੌਮ ਨੂੰ ਆਪਣੇ ਸਾਹਿਤ ਰਾਹੀਂ ਉਚਾ ਲੈ ਜਾਣਾ ਚਾਹੁੰਦੇ ਸਨ। ਸਮੇਂ ਦੀ ਬਦੀ ਜ਼ੁਲਮ ਦਾ ਟਾਕਰਾ ਕਰਨ ਲਈ, ਕੌਮ ਨੂੰ ਬੀਰ-ਰਸੀ ਸਾਹਿਤ ਰਾਹੀਂ ਆਪਣੇ ਪੈਰਾਂ ਤੇ ਖੜਾ ਕਰਨ ਲਈ, ਗੁਰੂ ਜੀ ਨੇ ਇਹ ਜਤਨ ਕੀਤਾ 'ਵਾਰ ਸ੍ਰੀ ਭਗਉਤੀ ਜੀ ਕੀ' ਰਚਨਾ ਆਮ ਲੋਕਾਂ ਲਈ ਸੀ, ਜਿਸ ਰਾਹੀਂ ਆਪ ਨੇ ਇਕ ਬੰਨੇ ਆਤਮਕ ਬਲ, ਤੇ ਦੂਜੇ ਬੰਨੇ ਸ਼ਰੀਰਕ ਬਲ ਨੂੰ ਉਤਸ਼ਾਹ ਦਿੱਤਾ ਹੈ। ਆਪ ਕੇਵਲ ਕਵੀ ਨਹੀਂ ਸਨ, ਸਗੋਂ ਮਹਾਨ ਬਲਵਾਨ, ਯੁੱਧ ਵਿਦਿਆ ਵਿਚ ਨਿਪੁੰਨ, ਸ਼ਸਤਰਾਂ ਦੇ ਪ੍ਰੇਮੀ ਸਨ, ਇਸ ਲਈ ਉਨ੍ਹਾਂ ਨੇ ਇਕ ਸੂਰਬੀਰ ਦੀ ਹੈਸੀਅਤ ਵਿਚ ਪ੍ਰਮਾਤਮਾ ਨੂੰ ਖੜਗ, ਤਲਵਾਰ, ਤੇ ਭਗਉਤੀ ਆਦਿ ਨਾਵਾਂ ਨਾਲ ਵੀ ਯਾਦ ਕੀਤਾ ਹੈ:—

Namdhari Elibrary NamdhariElibrary@gmail.com

ਨਮੋ ਖੜਗ ਖੰਡੇ ਕ੍ਰਿਪਾਣੰ ਕਟਾਰੰ ॥
ਸਦਾ ਏਕ ਰੂਪੰ ਸਦਾ ਨਿਰਬਿਕਾਰੰ ॥
ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ ॥
ਜਿਨੈ ਚੌਦਹੂੰ ਲੋਕ ਜੋਤੰ ਬਿਥਾਰਿਯੰ ॥

ਕੁਝ ਵਿਦਵਾਨ ਹੇਠ ਲਿਖੀਆਂ ਪੰਕਤੀਆਂ ਨੂੰ ਗੁਰੂ ਜੀ ਦੀ ਸ਼ਕਤੀ (ਦੇਵੀ ਪੂਜਾ) ਪੂਜਾ ਬਾਰੇ, ਉਦਾਹਰਣ ਵਜੋਂ ਪੇਸ਼ ਕਰਕੇ ਸਿਧ ਕਰਨ ਦਾ ਜਤਨ ਕਰਦੇ ਹਨ ਕਿ ਇਹ ਪੰਕਤੀਆਂ ਸਾਫ ਦਸ ਰਹੀਆਂ ਹਨ ਕਿ ਕਲਗੀਧਰ ਦੀ ਪੂਰੀ ਪੂਰੀ ਆਸਥਾ 'ਦੇਵੀ' ਵਿਚ ਸੀ :—

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥
ਫੇਰ ਨ ਜੂਨੀ ਆਇਆ ਜਿਨੀ ਇਹ ਗਾਇਆ ॥

ਇਨ੍ਹਾਂ ਦੋਹਾਂ ਪੰਕਤੀਆਂ ਬਾਰੇ ਸਾਡੀ ਨਿਜੀ ਰਾਇ ਇਹ ਹੈ ਕਿ ਗੁਰੂ ਦੇਵ ਇਕ ਵਿਸਮਾਦ ਪਸੰਦ ਕਵੀ ਤੇ ਅਨੁਵਾਦਕ ਸਨ। ਆਪ ਜੀ ਨੇ ਚੰਡੀ ਚਰਿਤ੍ਰ ਦੇ ਸਮੰਧ ਬਾਰੇ ਸਪਸ਼ਟ ਕਰ ਦਿੱਤਾ ਹੈ ਕਿ ਇਹ ਕਥਾ ਮਾਰਕੰਡ ਪੁਰਾਣ ਵਿਚੋਂ ਲਈ ਗਈ ਹੈ, ਇਸ ਲਈ ਇਕ ਸਚੇ ਤੇ ਸੁਚੱ ਅਨੁਵਾਦਕ ਦੇ ਰੂਪ ਵਿਚ ਪਲਾਟ ਪੇਸ਼ ਕੀਤਾ ਹੈ, ਇਸ ਵਿਚ ਉਨ੍ਹਾਂ ਦੀ ਸ਼ਰਧਾ ਨਹੀਂ ਕਿ ਕਿਸੇ ਦੇਵੀ ਜਾ ਦੇਵਤਾ ਦੀ ਪੂਜਾ ਨਾਲ ਮਨੁੱਖ ਮੁਕਤੀ ਪਾ ਸਕਦਾ ਹੈ, ਇਥੇ ਕੇਵਲ ਦੁਰਗਾ ਤੋਂ ਭਾਵ ਭਗਉਤੀ ਦਾ ਲਿਆ ਹੈ। ਆਪ ਜੀ ਦੇ ਸੁਭਾ ਵਿਚ ਸੂਰਬੀਰਤਾ, ਸਚਾਈ, ਨੇਕੀ ਆਦਿ ਗੁਣ ਕੂਟ ਕੂਟ ਕੇ ਭਰੇ ਹੋਏ ਸਨ। ਆਪ ਜੀ ਨੇ ਦੁਰਗਾ ਦੀਆਂ ਲੜਾਈਆਂ ਦੀ ਵਧ ਚੜ੍ਹ ਕੇ ਪ੍ਰਸੰਸਾ ਕੀਤੀ ਪਰ ਦੈਂਤਾਂ ਦੀ ਬਹਾਦਰੀ ਨੂੰ ਵੀ ਸਲਾਹਿਆ ਹੈ।

ਸ਼ਾਬਾਸ ਸਲੋਣੇ ਖਾਣ ਕਉ, ਸਦ ਸ਼ਾਬਾਸ ਤੇਰੇ ਤਾਣ ਕਉ ॥
ਤਾਰੀਫਾਂ ਪਾਨ ਜ਼ਬਾਨ ਕਉ, ਸਦ ਰਹਮਤ ਕੈਫਾ ਖਾਨ ਕਉ ॥

ਕਿਸੇ ਦਾ ਸਤਿਕਾਰ ਕਰਨਾ, ਮਹਾ ਪੁਰਖਾਂ ਲਈ ਜਾਇਜ਼ ਹੈ, ਪਰ ਇਸ ਦਾ ਇਹ ਭਾਵ ਨਹੀਂ ਕਿ ਜਿਸ ਦਾ ਉਹ ਸਤਿਕਾਰ ਕਰਦੇ ਹਨ ਉਹ ਉਸ ਦਾ ਇਸ਼ਟ

1

Namdhari Elibrary NamdhariElibrary@gmail.com

ਹੈ। ਇਥੇ ਗੁਰੂ ਜੀ ਦਾ [1]"ਭਗਉਤੀ' ਤੋਂ ਭਾਵ-ਈਸ਼ਵਰ, ਕਰਤਾ ਪੁਰਖ ੧ ਓ, ਜਿਸ ਨੇ ਸਾਰੇ ਸੰਸਾਰ, ਜੀਵ, ਪਤਾਲ, ਅਕਾਸ਼ ਪੈਦਾ ਕੀਤੇ ਹਨ—ਹੈ। ਕਿਸੇ ਦੇਵੀ ਦੇਵਤੇ ਤੋਂ ਭਾਵ ਨਹੀਂ ਹੈ।

ਸਾਡੇ ਵਿਚਾਰ ਵਿਚ ਇਹ ਇਕ ਬੜੀ ਭੁਲ ਹੈ, ਜੇ ਅਸੀਂ ਗੁਰੂ ਦੇਵ ਨੂੰ ਸ਼ਕਤੀ ਪੂਜਕ ਸਿਧ ਕਰੀਏ। ਮਿਥਿਹਾਸ ਸਾਡਾ ਪ੍ਰਾਚੀਨ ਵਿਰਸਾ ਹੈ। ਗੁਰੂ ਨਾਨਕ ਦੇਵ ਤੇ ਦੂਜੇ ਗੁਰੂ ਸਾਹਿਬਾਨ ਨੇ ਮਿਥਿਹਾਸ ਰਾਹੀਂ ਆਪਣੀਆਂ ਭਾਵਾਂ ਨੂੰ ਸਪਸ਼ਟ ਕੀਤਾ ਹੈ। ਕਲਗੀਧਰ ਨੇ ਉਸ ਮਿਥਿਹਾਸ ਰਾਹੀਂ ਜਨਤਾ ਨੂੰ ਬੀਰ-ਰਸ ਦੀ ਪ੍ਰੇਰਣਾ ਦਿੱਤੀ ਹੈ, ਪਰ ਉਪਾਸ਼ਨਾ ਨਿਰੰਕਾਰ ਦੀ ਹੀ ਕਾਇਮ ਕੀਤੀ ਹੈ।

— o —

1. ਮੌਲਾਨਾ ਰੂਮ ਲਿਖਦੇ ਹਨ :—

ਖ਼ੁਸ਼ਤਰ ਆਂ ਬਾਸ਼ਦ ਕਿ ਸੱਰੇ ਦਿਲਬਰਾਂ
ਗੁਫਤਾ ਆਯਦ ਦਰ ਹਦੀਸ ਦੀਗਰਾਂ

(ਪ੍ਰੀਤਮ ਦੀ ਯਾਦ ਦੂਜਿਆਂ ਦੀਆਂ ਗੱਲਾਂ ਪਾ ਕੇ ਕਰਨੀ ਠੀਕ ਹੈ) ਸਤਿਗੁਰੂ ਗੋਬਿੰਦ ਸਿੰਘ ਜੀ ਨੇ 'ਦੁਰਗਾ' ਦੇ ਪ੍ਰਾਕਰਮ ਅਤੇ ਯੁੱਧਾਂ ਦੀ ਚਰਚਾ ਰਾਹੀਂ ਆਪਣੇ ਪ੍ਰੀਤਮ ਨੂੰ ਚੇਤੇ ਕੀਤਾ ਹੈ।

ਕਲਗੀਧਰ ਨੇ ਅੰਤਲੀਆਂ ਤੁਕਾਂ ਵਿਚ **"ਦੁਰਗਾ"** ਨੂੰ ਦੇਵਤਿਆਂ, ਦੈਂਤਾਂ ਤੇ ਹੋਰ ਸੰਸਾਰਕ ਜੀਵ-ਜੰਤੂਆਂ ਨਾਲੋਂ ਪ੍ਰਾਕਰਮੀ ਅਤੇ ਬਲਵਾਨ ਦਸਿਆ ਹੈ ਅਤੇ ਜ਼ੁਲਮ ਦੇ ਟਾਕਰੇ ਵਿਚ ਅਟੱਲ ਤੇ ਦ੍ਰਿੜ ਦਿਖਾਇਆ ਹੈ, ਪਰ ਇਸ ਵਿਚ ਇਕ ਰਹਿਸਵਾਦੀ ਸੰਕੇਤ ਕੀਤਾ ਹੈ ਕਿ ਇਸ ਦੁਰਗਾ ਪਾਠ ਪੜ੍ਹਨ ਤੋਂ ਸਾਨੂੰ **'ਭਗਉਤੀ'** ਦੀ ਯਾਦ ਆਵੇਗੀ ਜਿਸ ਨੇ ਇਸ ਮਹਾਂ ਬਲਵਾਨ ਦੁਰਗਾ ਨੂੰ ਸਾਜਿਆ ਹੈ। ਇਹ ਈਸ਼ਵਰੀ ਗਿਆਨ ਜਾਂ ਪ੍ਰਭੂ-ਯਾਦ ਹੀ ਮੁਕਤੀ ਦਾ ਕਾਰਨ ਬਣ ਜਾਵੇਗੀ। ਅਸਲਵਿਚ ਏਥੇ ਦੁਰਗਾ **'ਭਗਉਤੀ'** ਦੀ ਪ੍ਰਤੀਕ ਹੈ, ਦੈਂਤਾਂ ਨਾਲ ਲੜਨ ਵਾਲੀ ਦੁਰਗਾ ਨਹੀਂ।

Namdhari Elibrary NamdhariElibrary@gmail.com

੪

"ਵਾਰ ਸ੍ਰੀ ਭਗਉਤੀ ਜੀ ਕੀ"

ਵਿਚ

ਨਿਰਗੁਣ ਭਗਤੀ ਦੀ ਪ੍ਰੇਰਨਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਦੀ ਧਾਰਮਿਕ ਸਿਥਤੀ ਵੈਦਿਕ ਕਾਲ ਦੀ ਸਿਥਤੀ ਤੇ ਧਰਮ ਤੋਂ ਬਹੁਤ ਦੂਰ ਜਾ ਚੁਕੀ ਸੀ। ਝੂਠੇ ਅਡੰਬਰ, ਪਖੰਡ, ਭੇਡੀਆਂ ਤੇ ਕੋਝੀਆਂ ਰਸਮਾਂ ਧਰਮ ਦਾ ਅੰਗ ਬਣ ਚੁਕੀਆਂ ਸਨ। ਅਨੇਕ ਦੇਵੀ ਦੇਵਤਿਆਂ ਦੀ ਉਪਾਸ਼ਨਾ ਸ਼ੁਰੂ ਹੋ ਚੁਕੀ ਸੀ। ਸ਼ੰਕਰਾਚਾਰੀਆ ਦਾ ਅਦ੍ਵੈਤਵਾਦ ਲੋਕ ਭੁਲਦੇ ਜਾ ਰਹੇ ਸਨ। ਧਰਮ ਇਕ ਉਲਝਣ ਬਣ ਗਈ ਸੀ। ਦਖਣੀ ਭਾਰਤ ਤੋਂ ਭਗਤੀ ਲਹਿਰ ਉਠੀ, ਜੋ ਅਗੇ ਜਾ ਕੇ ਦੋ ਹਿੱਸਿਆਂ—ਨਿਰਗੁਣ ਤੇ ਸਰਗੁਣ ਭਗਤੀ—ਵਿਚ ਵੰਡੀ ਗਈ। ਨਿਰਗੁਣ ਭਗਤੀ ਅਗੋਂ ਦੋ ਹਿਸਿਆਂ—ਗਿਆਨ ਮਾਰਗ ਅਤੇ ਪ੍ਰੇਮ ਮਾਰਗ—ਵਿਚ ਵਿਭਕਤ ਹੋ ਗਈ। ਉਤਰੀ ਭਾਰਤ ਵਿਚ ਕਬੀਰ ਜੀ ਨੇ ਗਿਆਨ ਮਾਰਗ ਨੂੰ ਅਪਣਾਇਆ ਅਤੇ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਇਸ ਦਾ ਪ੍ਰਚਾਰ ਕੀਤਾ। ਪੰਜਾਬ ਵਿਚ ਗਿਆਨ ਮਾਰਗ ਦੇ ਮੋਢੀ ਅਤੇ ਸੰਚਾਲਕ ਤੇ ਸੰਸਥਾਪਕ ਸ੍ਰੀ **ਗੁਰੂ ਨਾਨਕ ਦੇਵ** ਜੀ ਸਨ। ਆਪ ਜੀ ਨੇ ਭ੍ਰਾਂਤੀ ਮੂਲਕ ਸ਼ਬਦਾਂ ਨੂੰ ਛੱਡ ਕੇ

ਕੇਵਲ, ਉਪਨਿਸ਼ਦਾਂ ਵਿਚ ਪ੍ਰਯੁਕਤ 'ਓ' ਪਰਮਾਤਮਾ ਸੂਚਕ ਸ਼ਬਦ ਨੂੰ ਚੁਣਿਆ ਅਤੇ ਉਸ ਤੋਂ ਪਹਿਲੋਂ '੧' ਅੰਕ ਨੂੰ ਜੋੜ ਕੇ ਇਸ ਤੱਥ ਨੂੰ ਪਕਾ ਕੀਤਾ ਕਿ ਕੇਵਲ ਇਕ (੧) ਪਰਮਾਤਮਾ ਹੀ ਸੰਸਾਰ ਦਾ ਰਚਨਹਾਰ ਹੈ, ਉਸ ਨੂੰ ਕਿਸੇ ਦੂਜੀ ਹਸਤੀ ਦੀ ਸਹਾਇਤਾ ਦੀ ਜ਼ਰੂਰਤ ਨਹੀਂ, ਪ੍ਰਭੂ ਜਦ ਸੁੰਨ ਅਵਸਥਾ ਵਿਚ ਹੁੰਦਾ ਹੈ, ਤਦ ਸਭ ਸ਼ਕਤੀਆਂ ਉਸ ਵਿਚ ਕੇਂਦ੍ਰਤ ਰਹਿੰਦੀਆਂ ਹਨ, ਇਸ ਨਿਰੰਕਾਰੀ ਅਵਸਥਾ ਨੂੰ **"ਅਫੁਰ"** ਕਿਹਾ ਜਾਂਦਾ ਹੈ ਅਤੇ ਇਹ ਸਿਥਤੀ ਨਿਰਗੁਣ ਬ੍ਰਹਮ ਦੀ ਹੈ, ਜਦ ਇਸ

Namdhari Elibrary NamdhariElibrary@gmail.com

ਅਪਾਰ ਸ਼ਕਤੀ ਅੰਦਰ ਫੁਰਨਾ ਪੈਦਾ ਹੁੰਦਾ ਹੈ ਤਦ ਸਾਰੀਆਂ ਨਿਰੰਕਾਰੀ ਸ਼ਕਤੀਆਂ ਆਪਣੇ ਆਪਣੇ ਕਾਰਜ ਵਿਚ ਸਲਗਨ ਹੋ ਜਾਂਦੀਆਂ ਹਨ ਅਤੇ ਇਸ ਫੁਰਨੇ ਦੇ ਫਲ ਸਰੂਪ ਸੰਸਾਰ ਰਚਨਾ ਹੋ ਜਾਂਦੀ ਹੈ। ਨਿਰੰਕਾਰ ਦੀ ਇਸ ਅਵਸਥਾ ਨੂੰ **'ਸਫੁਰ'** ਕਿਹਾ ਜਾਂਦਾ ਹੈ, ਇਸ ਦਾ ਦੂਜਾ ਨਾਂ ਸਰਗੁਣ ਬ੍ਰਹਮ ਹੈ ਜਿਸ ਨੂੰ ਈਸ਼ਵਰ ਵੀ ਕਿਹਾ ਜਾਂਦਾ ਹੈ। ੧ ਓ ਕੇਵਲ ਸੁਨਯ ਹੀ ਨਹੀਂ ਉਹ ਖੁਦ ਹੀ ਕਰਤਾ ਪੁਰਖ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਬ੍ਰਹਮ ਦਾ ਸਰੂਪ ਇਨ੍ਹਾਂ ਸ਼ਬਦਾਂ ਰਾਹੀਂ ਪੇਸ਼ ਕੀਤਾ ਹੈ :–

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ
ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ
ਗੁਰ ਪ੍ਰਸਾਦਿ ॥ ਜਪੁ ॥

ਉਪਰੋਕਤ ਬਾਣੀ ਨੂੰ ਮੂਲ ਮੰਤ੍ਰ ਕਿਹਾ ਜਾਂਦਾ ਹੈ, ਬਾਕੀ ਗੁਰੂ ਸਾਹਿਬਾਨ ਨੇ ਇਸੇ ਬਾਣੀ ਦੀ ਵਿਆਖਿਆ ਕੀਤੀ ਅਤੇ ਪਰਮ ਤਮਾ ਦੀ ਇਸ ਅਵਸਥਾ ਵਿਚ ਹੀ ਉਹਨਾਂ ਦਾ ਦ੍ਰਿੜ ਅਤੇ ਪੱਕਾ ਵਿਸ਼ਵਾਸ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਸੇ ਮੂਲ ਸਿਧਾਂਤ ਵਿਚ ਆਸਥਾ, ਸ਼ਰਧਾ ਅਤੇ ਵਿਸ਼ਵਾਸ ਰਖਦੇ ਸਨ। ਪਰ ਆਪ ਜੀ ਨੇ ਇਕ ਮਹਾਨ ਸਾਹਿਤਕਾਰ ਦੇ ਤੌਰ ਤੇ ਭਾਰਤ ਦੇ ਇਤਿਹਾਸਕ ਖਜ਼ਾਨੇ ਤੋਂ ਵੀ ਲਾਭ ਉਠਾਇਆ ਹੈ ਅਤੇ ਉਸ ਵਿਰਸੇ ਤੋਂ ਕੌਮ ਵਿਚ ਸੰਗਠਨ, ਜਾਗ੍ਰਤੀ ਆਦਿ ਪੈਦਾ ਕਰਨ ਦਾ ਇਸ ਨੂੰ ਮਾਧਿਅਮ ਬਣਾਇਆ ਹੈ, ਪਰ ਆਪ ਜੀ ਨੇ ਇਸ ਸਾਹਿਤ ਰਾਹੀਂ ਦੇਵੀ ਦੇਵਤਿਆਂ ਦੀ ਉਪਾਸ਼ਨਾ ਦੀ ਪ੍ਰੇਰਣਾ ਨਹੀਂ ਦਿਤੀ ਬਲਕਿ ਇਸ ਮਾਧਿਮ ਰਾਹੀਂ ਗਿਆਨ ਮਾਰਗ (ਨਿਰਗੁਣ ਭਗਤੀ) ਦਾ ਹੀ ਪ੍ਰਚਾਰ ਕੀਤਾ ਹੈ। ਬਹੁਤ ਸਾਰੇ ਵਿਦਵਾਨ ਹੇਠ ਲਿਖੀਆਂ ਪੰਕਤੀਆਂ ਨੂੰ ਪੇਸ਼ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਕਤੀ-ਉਪਾਸ਼ਨਾ ਨੂੰ ਸਾਬਤ ਕਰਦੇ ਹਨ :–

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥
ਫੇਰਿ ਨਾ ਜੂਨੀ ਆਇਆ, ਜਿਨੀ ਇਹੁ ਗਾਇਆ ॥

Namdhari Elibrary NamdhariElibrary@gmail.com

ਕੁਝ ਹੋਰ ਵਿਦਵਾਨ ਕਲਗੀਧਰ ਦੇ ਸ਼ਕਤੀ-ਹਵਨ ਬਾਰੇ ਹਵਾਲਾ ਦਿੰਦੇ ਹੋਏ ਸਾਬਤ ਕਰਦੇ ਹਨ ਕਿ ਗੁਰੂ ਜੀ ਸ਼ਕਤੀ ਪੂਜਾ ਵਿਚ ਪੂਰਾ-ਪੂਰਾ ਵਿਸ਼ਵਾਸ, ਕਾਮਲ ਯਕੀਨ ਰਖਦੇ ਸਨ।

ਕੁਝ ਹੋਰ ਆਲੋਚਕ, "ਵਾਰ ਸ੍ਰੀ ਭਗਉਤੀ ਜੀ ਕੀ" ਬਾਰੇ ਆਪਣੀ ਰਾਏ ਦਿੰਦੇ ਹੋਏ ਇਹ ਕਹਿੰਦੇ ਸੁਣੇ ਗਏ ਹਨ ਕਿ ਇਸ ਵਾਰ ਤੋਂ ਸ਼ਕਤੀ ਪੂਜਾ ਦੀ ਪ੍ਰੇਰਣਾ ਮਿਲਦੀ ਹੈ, ਕਿਉਂਕਿ ਗੁਰੂ ਜੀ ਨੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਦੁਰਗਾ ਦੀਆਂ ਲੜਾਈਆਂ ਦਾ ਵਰਣਨ ਕੀਤਾ ਹੈ, ਦੁਰਗਾ ਨੂੰ ਕਿਤੇ ਵੀ, ਰਾਖਸ਼ਾਂ ਦੇ ਮੁਕਾਬਲੇ ਵਿਚ ਨੀਵੀਂ ਨਹੀਂ ਦਿਖਾਇਆ ਗਿਆ। ਦੇਵਤਿਆਂ ਦੇ ਨਾਲ ਹੁੰਦਿਆਂ ਕੇਵਲ ਦੁਰਗਾ ਦੀ ਪਾਤ੍ਰ ਉਸਾਰੀ ਇਸ ਪ੍ਰਕਾਰ ਕੀਤੀ ਹੈ ਕਿ ਜਿਵੇਂ ਉਹ ਉਹਨਾਂ ਦਾ ਇਸ਼ਟ ਦੇਵ ਹੋਵੇ ਅਤੇ ਚੰਡੀ ਚਰਿਤ੍ਰ ਪਹਿਲੇ ਵਿਚ ਆਪ ਜੀ ਨੇ ਇਹ ਸ਼ਬਦ ਵੀ ਕਹੇ ਹਨ '**ਦੇਹ ਸ਼ਿਵਾ ਬਰ ਮੋਹੀ**' ਜੋ ਸਪਸ਼ਟ ਰੂਪ ਵਿਚ ਸੰਕੇਤ ਕਰ ਰਹੇ ਹਨ ਕੀ ਕਲਗੀਧਰ "ਸ਼ਕਤੀ" (ਦੇਵੀ) ਵਿਚ ਆਸਥਾ ਰਖਦੇ ਸਨ।

ਅਸੀਂ ਪਿਛੇ ਇਸ ਸਚਾਈ ਵਲ ਸੰਕੇਤ ਕਰ ਆਏ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਂਤਾਂ ਨੂੰ ਹੀ ਮੰਨਦੇ ਸਨ। ਆਪ ਇਕ ਪਰਮਾਤਮਾਂ ਵਿਚ ਹੀ ਵਿਸ਼ਵਾਸ ਰੱਖਦੇ ਸਨ ਅਤੇ ਇਹ ਤੱਥ ਆਪ ਜੀ ਦੀ ਬਾਣੀ ਤੋਂ ਸਪਸ਼ਟ ਹੈ। ਵਾਸਤਵ ਵਿਚ ਆਪ ਜੀ ਨੇ ਦੋ ਪ੍ਰਕਾਰ ਦੇ ਸਾਹਿਤ ਦੀ ਰਚਨਾ ਕੀਤੀ ਹੈ ਜਦ ਕਿ ਆਪ ਤੋਂ ਪਹਿਲੇ ਸਾਹਿਤਕਾਰ ਗੁਰੂਆਂ ਨੇ ਕੇਵਲ ਅਧਿਆਤਮਕ ਵਾਦ ਨੂੰ ਮੁਖ ਰਖਿਆ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਦੋ ਪ੍ਰਕਾਰ ਦੀ ਸਾਹਿਤ ਰਚਨਾ ਕੀਤੀ, ਇਕ ਰਚਨਾ ਵਿਚ ਤੇ ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਪਤ ਕੀਤੇ ਹੋਏ ਮੂਲ ਸਿਧਾਂਤਾਂ ਉੱਪਰ ਆਪਣਾ ਆਧਾਰ ਰਖਿਆ, ਜਿਨ੍ਹਾਂ ਵਿਚ ਆਪ ਜੀ ਦੀ ਆਸਥਾ ਸੀ ਅਤੇ ਇਸ ਸਾਹਿਤ ਰਾਹੀਂ ਮਨੁੱਖ ਦੀ ਆਤਮਿਕ ਅਵਸਥਾ ਨੂੰ ਉਨਤੀ ਕਰਨ ਦੀ ਪ੍ਰੇਰਣਾ ਬਖਸ਼ੀ। ਦੂਜੀ ਪ੍ਰਕਾਰ ਦੀ ਸਾਹਿਤ ਰਚਨਾ ਦਾ ਵਿਸ਼ਾ ਵਸਤੂ ਪੁਰਾਣਾਂ ਵਿਚੋਂ ਲਿਆ ਜਿਸ ਰਾਹੀਂ ਲੋਕ ਸਮੂਹ ਦੀ ਸੁੱਤੀ ਹੋਈ ਅਣਖ ਨੂੰ ਹਲੂਣ ਕੇ ਜ਼ੁਲਮ ਦੇ ਟਾਕਰੇ ਲਈ ਤਿਆਰ ਕੀਤਾ।

Namdhari Elibrary NamdhariElibrary@gmail.com

ਬੀਰ-ਰਸ ਪੈਦਾ ਕਰਨ ਲਈ ਇਸ ਤੋਂ ਵਧ ਕੇ ਹੋਰ ਕੋਈ ਰਚਨਾ ਹੋ ਨਹੀਂ ਸੀ ਸਕਦੀ। ਪਰ ਇਸ ਰਚਨਾ ਵਿਚ ਮੁੱਖ ਰੂਪ ਵਿਚ ਮੂਲ ਸਿਧਾਂਤਾਂ ਦਾ ਵੀ ਪ੍ਰਚਾਰ ਕੀਤਾ ਅਤੇ ਇਕ ਪਰਮਾਤਮਾ ਵਿਚ ਹੀ ਦ੍ਰਿੜ ਵਿਸ਼ਵਾਸ ਰਖਣ ਲਈ ਜ਼ੋਰ ਦਿੱਤਾ।

ਹੁਣ ਅਸੀਂ ਹੇਠ ਗੁਰੂ ਜੀ ਦੀ ਆਪਣੀ ਬਾਣੀ ਵਿਚੋਂ ਕੁਝ ਉਦਾਹਰਣਾ ਲੈ ਕੇ ਆਪਣੇ ਕਥਨ ਦੀ ਪੁਸ਼ਟੀ ਕਰਦੇ ਹਾਂ :-

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਰਤੀ ਪੂਜਾ ਦਾ ਖੰਡਣ ਬੜੇ ਜ਼ੋਰਦਾਰ ਅਤੇ ਦਲੀਲਾਂ-ਭਰਪੂਰ ਬਾਣੀ ਰਾਹੀਂ ਕੀਤਾ :-

ਥਾਪਿਆ ਨਾ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥ (ਜਪੁ)

... ...

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥
(ਜਪੁ)

... ...

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥ (ਆਸਾ ਦੀ ਵਾਰ)

ਕਲਗੀਧਰ ਵੀ ਫੋਕੇ ਕਰਮ ਕਾਂਡਾਂ ਦੇ ਵਿਰੁਧ ਸਨ। ਆਪ ਜੀ ਆਪਣੀ ਬਾਣੀ ਵਿਚ ਮੂਰਤੀ ਪੂਜਾ ਨੂੰ ਪਰਮਾਤਮਾ ਦੀ ਪੂਜਾ ਨਹੀਂ ਦਸਦੇ, ਸਗੋਂ ਇਸ ਪੂਜਾ ਨੂੰ ਆਤਮਿਕ ਉੱਨਤੀ ਦੇ ਰਾਹ ਦਾ ਇਕ ਰੋੜਾ ਦਸੱਦੇ ਹਨ :-

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥
(ਤ੍ਵਪ੍ਰਸਾਦਿ ਸਵਯੇ)

... ...

Namdhari Elibrary NamdhariElibrary@gmail.com

ਪਾਇ ਪਰੇ ਪਰਮੇਸਰ ਕੇ ਜੜ ਪਾਹਨ ਮੈ ਪਰਮੇਸਰ ਨਾਹੀ ॥
ਮੋਨ ਭਜੇ ਨਹੀ ਮਾਨ ਤਜੇ ਨਹੀ ਭੇਖ ਸਜੇ ਨਹੀ ਮੂੰਡ ਮੁੰਡਾਏ ॥
ਕੰਠ ਨ ਕੰਠੀ ਕਠੋਰ ਧਰੇ ਨਹੀ ਸੀਸ ਜਟਾਨ ਕੇ ਜੂਟ ਸੁਹਾਏ ॥

(ਬਚਿਤ੍ਰ ਨਾਟਕ)

... .

ਤੀਰਥ ਨਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੇ ॥
ਬੇਦ ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੇ ॥
ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰ ਕੇ ਦੇਖੇ ॥
ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨ ਏਕ ਨ ਲੇਖੇ ॥

(ਤ੍ਵਪ੍ਰਸਾਦਿ ਸਵੱਯੇ)

ਉਪਰੋਕਤ ਬਾਣੀ ਤੋਂ ਸਾਫ ਪ੍ਰਗਟ ਹੈ ਕਿ ਕਲਗੀਧਰ ਮੂਰਤੀ ਪੂਜਾ ਅਤੇ ਫੋਕਟ ਕਰਮ ਕਾਂਡ ਵਿਚ ਕੋਈ ਆਸਥਾ ਨਹੀਂ ਰਖਦੇ ਸਨ, ਸਗੋਂ ਪ੍ਰੇਰਣਾ ਦਿੰਦੇ ਹਨ ਕਿ ਸਿਵਾਏ ਪਰਮਾਤਮਾ ਦੀ ਪੂਜਾ ਦੇ ਬਾਕੀ ਸਭ ਪ੍ਰਕਾਰ ਦੀ ਪੂਜਾ ਨਿਸਫਲ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿਚ ਪਰਮਾਤਮਾ ਨੂੰ **'ਅਜੂਨੀ'** ਕਹਿ ਕੇ ਅਵਤਾਰ ਵਾਦ ਦਾ ਖੰਡਣ ਕੀਤਾ ਸੀ ਅਤੇ ਦੱਸਿਆ ਸੀ ਕਿ ਪਰਮਾਤਮਾ ਰੰਗ ਰੂਪ ਅਤੇ ਰੇਖ ਤੋਂ ਪਰੇ ਹੈ ਉਹ ਕਿਸੇ ਮਾਤਾ ਦੇ ਗਰਭ ਰਾਹੀਂ ਪੈਦਾ ਨਹੀਂ ਹੁੰਦਾ, ਹਾਂ ਉਸ ਅਪਾਰ ਸ਼ਕਤੀ ਤੋਂ ਬਲ ਲੈ ਕੇ ਸੰਸਾਰ ਵਿਚ ਮਹਾਨ ਹਸਤੀਆਂ ਪੈਦਾ ਹੁੰਦੀਆਂ ਹਨ ਅਤੇ ਉਹ ਨੇਕੀ ਦੇ ਰਾਹ ਉੱਪਰ ਜਨਤਾ ਨੂੰ ਪਾਉਂਦੀਆਂ ਹਨ, ਪਰ ਉਹ ਪਰਮਾਤਮਾ ਨਹੀਂ ਹੁੰਦੀਆਂ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ ਇਸ ਮੂਲ ਸਿਧਾਂਤ ਦੇ ਪਰੌਕਾਰ ਹਨ ।

ਆਪ ਲਿਖਦੇ ਹਨ—

ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਬਨਾਏ ॥
ਕਿਤੇ ਰਾਮ ਸੇ ਮੇਟ ਡਾਰੇ ਉਪਾਏ ॥

(ਬਚਿਤ੍ਰ ਨਾਟਕ)

Namdhari Elibrary NamdhariElibrary@gmail.com

ਜਿਤੇ ਦੇਵ ਹੋਸੀ ॥ ਸਭੇ ਅੰਤ ਜਾਸੀ ॥

... ...

ਜਿਤੇ ਦੇਵ ਕਖੇ ॥ ਸਭੇ ਅੰਤ ਜਾਖੇ ॥
ਜਿਤੇ ਦਈਤ ਏਸੰ ॥ ਤਿਤਖੇ ਕਾਲ ਲੇਸੰ ॥
ਨਰਸਿੰਘਾ ਅਵਤਾਰੰ ॥ ਵਹੈ ਕਾਲ ਮਾਰੇ ॥
ਬਡੋ ਡੰਡ ਧਾਰੀ ॥ ਹਣਿਓ ਕਾਲ ਭਾਰੀ ॥
ਜਿਤੇ ਬਾਵਨੇਅੰ ॥ ਹਣਿਓ ਕਾਲ ਤੇਖੇ ॥ (ਬਚਿਤ੍ਰ ਨਾਟਕ)

... ...

'ਇਕ ਪਰਮਾਤਮਾ ਵਿਚ ਵਿਸ਼ਵਾਸ ਰਖਣ ਦੀ ਪ੍ਰੇਰਨਾ ਇੰਜ ਦਿੰਦੇ ਹਨ :–

ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨ ਮਾਨਯੋ ॥
ਸਿਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥

ਉਪਰੋਕਤ ਬਾਣੀ ਪੜ੍ਹਿਆਂ ਇਹ ਸਚਾਈ ਸਪਸ਼ਟ ਹੋ ਜਾਂਦੀ ਹੈ ਕਿ ਕਲਗੀ-ਧਰ ਨਿਰਗੁਣ ਬ੍ਰਹਮ (ਗਿਆਨ ਮਾਰਗ) ਦੇ ਉਪਾਸ਼ਕ ਸਨ। ਸਿਵਾਏ ਪਰਮਾਤਮਾ ਦੇ ਆਪ ਹੋਰ ਸੰਸਾਰ ਦੀ ਕਿਸੇ ਵਸਤੂ, ਦੇਵੀ, ਦੇਵਤੇ, ਅਉਲੀਆ, ਅੰਬੀਆਂ, ਗੌਸ, ਪੈਗ਼ੰਬਰ ਆਦਿ ਨੂੰ ਪਰਮਾਤਮਾ ਨਹੀਂ ਮੰਨਦੇ ਸਨ, ਪਰ ਉਨ੍ਹਾਂ ਨੂੰ ਪਰਮਾਤਮਾ ਦੇ ਭੇਜੇ ਹੋਏ ਦੂਤ ਖਿਆਲ ਕਰਦਿਆਂ ਸਤਿਕਾਰ ਨਾਲ ਯਾਦ ਕਰਦੇ ਸਨ ਅਤੇ ਇਹ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੂਲ ਸਿਧਾਂਤ ਹੈ :–

ਕਿਸੇ ਦੇਵੀ ਜਾਂ ਦੇਵਤੇ ਦਾ ਨਾ ਮਾਣ ਅਤੇ ਸਤਿਕਾਰ ਨਾਲ ਲੈਣਾ, ਉਸ ਨੂੰ ਪਰਮਾਤਮਾ ਸਮਝਣਾ ਨਹੀਂ ਸਗੋਂ ਇਹ ਇਕ ਉਚ ਸੰਸਕ੍ਰਿਤੀ ਦਾ ਸਬੂਤ ਹੈ, ਮਹਾਂ ਪੁਰਖ ਕਿਸੇ ਨੂੰ ਨਫ਼ਰਤ ਨਾਲ ਯਾਦ ਨਹੀਂ ਕਰਦੇ। ਬਲਕਿ ਪੰਜਾਬੀ ਸਭਿਅਤਾ ਦਾ ਉਚ ਸਬੂਤ ਇਹ ਹੈ ਕਿ ਨੀਵੀਆਂ ਜਾਤਾਂ ਵਾਲਿਆਂ ਨੂੰ ਸਤਿਕਾਰ ਦੇ ਤੌਰ ਤੇ ਉਚ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਜਿਵੇਂ–ਨਾਈ (ਰਾਜਾ), ਤੇਲੀ (ਮਲਿਕ), ਮਾਸ਼ਕੀ (ਬਹਿਸ਼ਤੀ), ਨਾਇਣ (ਰਾਣੀ); ਕਮ੍ਹਾਰ (ਪ੍ਰਜਾ ਪਤ), ਚੂਹੜਾ (ਮਿਹਤਰ)

Namdhari Elibrary NamdhariElibrary@gmail.com

ਭੀਰ 'ਪੰਚ' ਅਰਾਈਂ "ਮਹਿਰ" ਆਦਿ। ਸੋ ਜੋ ਕਲਗੀਧਰ ਨੇ ਭਾਰਤੀ ਸਭਿਅਤਾ ਦੇ ਮਿਥਿਹਾਸਕ ਦੇਵਤਿਆਂ ਬਾਰੇ ਸਤਿਕਾਰ ਨਾਲ ਨਾਂ ਲਿਆ ਹੈ ਇਸ ਦਾ ਇਹ ਭਾਵ ਨਹੀਂ ਕਿ ਉਨ੍ਹਾਂ ਨੇ ਆਪਣੇ ਮੂਲ ਸਿਧਾਂਤ ਨੂੰ ਛੱਡ ਦਿੱਤਾ ਹੈ।

ਹੁਣ ਅਸੀਂ ਗੁਰੂ ਦੇਵ ਦੀ ਰਚਨਾ 'ਵਾਰ ਸ੍ਰੀ ਭਗਉਤੀ ਜੀ ਕੀ' ਨੂੰ ਜ਼ਰਾ ਡੂੰਘੀ ਨਜ਼ਰ ਨਾਲ ਦੇਖਦੇ ਹਾਂ। ਪਿਛੇ ਅਸੀਂ ਇਹ ਦੱਸ ਆਏ ਹਾਂ ਕਿ **'ਭਗਉਤੀ'** ਤੋਂ ਭਾਵ ਆਪ ਜੀ ਦਾ ੧ ਓ ਪਰਮਾਤਮਾ ਤੋਂ ਹੀ ਹੈ, ਜਿਸ ਨੂੰ ਆਪ ਗੁਰੂ ਨਾਨਕ ਦੇਵ ਤੋਂ ਪਹਿਲੋਂ ਸਿਮਰਦੇ ਹਨ ਅਤੇ ਅਗੇ ਜਾ ਕੇ ਇਸ ਤੱਥ ਦੀ ਸਪਸ਼ਟਤਾ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ :-

ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ, ਸਾਜਿ, ਕੁਦਰਤੀ ਦਾ ਖੇਲ ਰਚਾਇ ਬਣਾਇਆ ॥
ਸਿੰਧ ਪਰਬਤ ਮੇਦਿਨੀ ਬਿਨ ਥੰਮ੍ਹਾ ਗਗਨ ਰਹਾਇਆ ॥
ਸਿਰਜੇ ਦਾਨੇ ਦੇਵਤੇ ਤਿਨ ਅੰਦਰ ਬਾਦੁ ਰਚਾਇਆ ॥
ਤੈਂਹੀ ਦੁਰਗਾ ਸਾਜਿਕੈ ਦੈਂਤਾਂ ਦਾ ਨਾਸੁ ਕਰਾਇਆ ॥
ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਸਿਰ ਘਾਇਆ ॥
ਤੈਥੋਂ ਹੀ ਬਲ ਕ੍ਰਿਸ਼ਨ ਲੈ ਕੰਸੀ ਕੇਸੀ ਪਕੜਿ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨ ਤਾਇਆ ॥
ਕਿਨੀ ਤੇਰਾ ਅੰਤੁ ਨਾ ਪਾਇਆ ॥

ਇਸ ਵਾਰ ਦੀ ਕਥਾ ਅਰੰਭ ਕਰਨ ਤੋਂ ਪੂਰਣ ਸਤਿਗੁਰੂ ਨੇ ਸਪਸ਼ਟ ਸ਼ਬਦਾਂ ਵਿਚ ਪ੍ਰਮਾਤਮਾ ਦੀ ਉਪਾਸ਼ਨਾ ਦੀ ਪ੍ਰੇਰਣਾ ਦਿੱਤੀ ਹੈ। ਦੇਵਤਿਆਂ, ਦੈਂਤਾਂ, ਦੇਵੀ ਅਤੇ ਦੈਂਤਾਂ ਦੇ ਯੁੱਧ ਨੂੰ ਪਿਛੋਂ ਪੇਸ਼ ਕੀਤਾ ਹੈ। ਦੇਵੀ ਅਤੇ ਦੈਂਤਾਂ ਦਾ ਯੁੱਧ ਦਾ ਨਕਸ਼ਾ ਪੇਸ਼ ਕਰਕੇ ਇਹ ਦੱਸਿਆ ਕਿ ਦੇਵੀ ਕਿਤਨੀ ਬਲਵਾਨ ਹੈ, ਜੋ ਇਕੱਲੀ ਇਤਨੇ ਮਹਾਂ ਬਲੀ ਰਾਖਸ਼ਾਂ ਉੱਪਰ ਜਿਤ ਪ੍ਰਾਪਤ ਕਰਦੀ ਹੈ, ਜਿਨ੍ਹਾਂ ਇੰਦ੍ਰ ਜਿਹੇ ਬਲਵਾਨ ਦੇਵਤਿਆਂ ਨੂੰ ਹਰਾਇਆ ਸੀ, ਪਰ ਇਸ ਦੁਰਗਾ ਨੇ ਇਹ ਸਾਰੀ ਸ਼ਕਤੀ ਪ੍ਰਮਾਤਮਾ ਪਾਸੋਂ ਹੀ ਪਾਈ ਸੀ, ਇਸ ਲਈ ਜੇ ਦੇਵੀ ਇਤਨੀ ਮਹਾਨ ਹੈ ਤਦ ਉਹ ਆਦਿ **ਸ਼ਕਤੀ** ਕਿਤਨੀ ਮਹਾਨ ਹੈ, ਜਿਸ ਨੇ ਸਭ ਅਵਤਾਰਾਂ, ਦੇਵੀਆਂ, ਦੈਂਤਾਂ,

Namdhari Elibrary NamdhariElibrary@gmail.com

ਅਉਲੀਆ, ਪੈਗੰਬਰਾਂ ਨੂੰ ਆਪਣੀ ਜ਼ਰਾ ਭਰ ਸ਼ਕਤੀ ਦੇ ਕੇ ਸੰਸਾਰ ਵਿਚ ਇਤਨੇ ਵਡੇ ਕੰਮ ਕਰਵਾਏ। ਸੋ ਇਸ ਲਈ ਇਹ ਕਹਿਣਾ ਕਿ ਇਸ ਵਾਰ ਤੋਂ ਸਾਨੂੰ ਦੇਵੀ ਦੇਵਤਿਆਂ ਦੀ ਉਪਾਸ਼ਨਾ ਦੀ ਪ੍ਰੇਰਣਾ ਮਿਲਦੀ ਹੈ, ਨਿਰਾਰਥਕ ਹੈ। ਅੱਜ ਵੀ ਸਿਖ ਧਰਮ ਵਿਚ ਹਰ ਕਾਰਜ ਅਰਦਾਸ ਕਰਨ ਨਾਲ ਸੰਪੂਰਨ ਸਮਝਿਆ ਜਾਂਦਾ ਹੈ ਅਤੇ ਇਹ ਅਰਦਾਸ ਕਿਸੇ ਦੇਵੀ ਦੀ ਨਹੀਂ ਸਗੋਂ ਅਨੰਤ ਤੇ ਅਸੀਮ **'ਸ਼ਕਤੀ'** ਪ੍ਰਮਾਤਮਾ ਦੀ ਹੈ। ਸੋ ਸਾਨੂੰ ਇਸ ਵਾਰ ਤੋਂ 'ਨਿਰਗੁਣ' ਉਪਾਸ਼ਨਾ ਦਾ ਹੀ ਪਾਠ ਪੜ੍ਹਾਇਆ ਗਿਆ ਹੈ। **'ਸ਼ਿਵਾ'** ਤੋਂ ਭਾਵ ਵੀ **'ਭਗਉਤੀ'** ਹੀ ਹੈ, ਜਿਸ ਨੂੰ ਸ਼ੁਭ ਕਾਰਜ ਦੀ ਸਹਾਇਤਾ ਲਈ ਅਰਾਧਿਆ ਗਿਆ ਹੈ। ਹੁਣ ਰਹੀ ਗਲ 'ਦੁਰਗਾ* ਪਾਠ ਬਣਾਇਆ' ਇਹ ਅਨੁਵਾਦ ਹੈ 'ਦੁਰਗਾ ਸਪਤ ਸ਼ਤੀ ਦਾ' ਜਿਸ ਨੂੰ ਗੁਰੂ ਜੀ ਨੇ ਇਕ ਸਚੇ ਅਨੁ-ਵਾਦਕ ਦੇ ਤੌਰ ਤੇ ਪੇਸ਼ ਕੀਤਾ ਹੈ। ਹਵਨ ਬਾਰੇ ਸਭ ਜਾਣਦੇ ਹਨ ਕਿ ਆਪ ਜੀ ਨੇ ਲਖਾਂ ਰੁਪੈ ਖਰਚ ਕਰਕੇ ਇਸ ਦੰਭ ਨੂੰ ਤੋੜਿਆ ਸੀ। ਪੰਡਤ ਕੇਸੋ ਤੇ ਰਾਤ ਨੂੰ ਹੀ ਭੱਜ ਗਿਆ ਸੀ। ਆਪ ਜੀ ਨੇ ਇਹ ਦੱਸਿਆ ਕਿ ਉਸ ਅਪਾਰ ਸ਼ਕਤੀ ਦੀ ਹੀ ਪੂਜਾ ਕਰਨੀ ਚਾਹੀਦੀ ਹੈ ਜਿਸ ਨੇ ਸਾਨੂੰ ਆਪਣੀ ਰਖਿਆ ਕਰਨ ਲਈ ਸ਼ਮਸ਼ੀਰ ਬਖਸ਼ੀ ਹੈ।

ਜਿਸ ਤਰ੍ਹਾਂ ਆਪ ਬਾਕੀ ਸੰਸਾਰ ਨੂੰ ਉਸ ਪ੍ਰਮਾਤਮਾ ਦੀ ਖੇਡ ਮੰਨਦੇ ਹਨ,ਠੀਕ ਇਵੇਂ ਹੀ ਭਵਾਨੀ ਨੂੰ ਪ੍ਰਮਾਤਮਾ ਦੀ ਰਚਨਾ ਦੱਸ ਕੇ ਇਸ ਭਰਮ ਨੂੰ ਤੋੜਿਆ ਹੈ।

ਲਿਖਦੇ ਹਨ– **ਅਨਹਦ ਰੂਪ ਅਨਾਹਦ ਬਾਨੀ ॥**
ਚਰਨ ਸਰਨ ਜਿਹ ਬਸਤ ਭਵਾਨੀ ॥
ਬ੍ਰਹਮ-ਬਿਸਨ ਅੰਤ ਨਹੀਂ ਪਾਇਓ ॥
ਨੇਤ ਨੇਤ ਮੁਖ ਚਾਰ ਬਤਾਇਓ ॥
ਕੋਟ ਇੰਦ੍ਰ ਉਪ ਇੰਦ੍ਰ ਬਣਾਏ ॥
ਬ੍ਰਹਮਾ ਰੁਦ੍ਰ ਉਪਾਇ ਖਪਾਏ ॥
ਲੋਕ ਚਤ੍ਰ ਦਸ ਖੇਲ ਰਚਾਇਓ ॥
ਬਹੁਰ ਆਪ ਹੀ ਬੀਚ ਮਿਲਾਇਓ ॥

* ਦੁਰਗਾ ਤੋਂ ਭਾਵ "ਭਗਉਤੀ" ਹੀ ਹੈ। ਇਸ ਸ਼ਬਦ ਦੇ ਅਰਥ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਣ ਵਾਲੀ ਸ਼ਕਤੀ। ਦੁਰਗਮ ਸ਼ਕਤੀ–ਭਾਵ ਪ੍ਰਮਾਤਮਾ "ੴ"।

Namdhari Elibrary NamdhariElibrary@gmail.com

ਉਪਰੋਕਤ ਬਾਣੀ ਦੱਸ ਰਹੀ ਹੈ ਕਿ ਕਲਗੀਧਰ ਨੇ ਉਪਾਸ਼ਨਾ ਤੇ ਕੇਵਲ ਪ੍ਰਮਾਤਮਾ ਦੀ ਹੀ ਕਰਨ ਵਾਸਤੇ ਕਿਹਾ ਹੈ, ਹਾਂ ਦੇਵੀ ਦੇਵਤਿਆਂ ਦੀ ਸੂਰਬੀਰਤਾ ਤੋਂ ਪ੍ਰੇਰਣਾ ਲੈ ਕੇ ਸੰਸਾਰਕ ਕਰਤੱਵਾਂ ਦਾ ਪਾਲਣ ਕਰਨਾ ਚਾਹੀਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨ-ਕਥਾ (ਜਨਮ-ਸਾਖੀ) ਲਿਖੀ ਜਾ ਚੁਕੀ ਸੀ। ਜਿਸ ਵਿਚ ਸਪਸ਼ਟ ਰੂਪ ਵਿਚ ਦੇਵੀ-ਪੂਜਾ ਦਾ ਖੰਡਣ ਕੀਤਾ ਗਿਆ ਸੀ। ਸ੍ਰੀ ਅੰਗਦ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਰਣ ਆਉਣ ਤੋਂ ਪੂਰਵ ਦੇਵੀ ਉਪਾਸ਼ਕ ਸਨ। ਪਰ ਗੁਰੂ ਦੇਵ ਦੀ ਸੰਗਤ ਦਾ ਪਹਿਲਾ ਅਸਰ ਇਹ ਹੋਇਆ ਕਿ ਦੇਵੀ ਦੇ ਦਰਸ਼ਨ ਕਰਨ ਲਈ ਜਾਂਦਿਆਂ ਜਾਂਦਿਆਂ, ਉਸ ਨਿਸ਼ਚੇ ਤੋੜ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੀਰਥ ਅਸ਼ਨਾਨ ਵਿਚ ਆਸਥਾ ਸੀ ਪਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿਚ ਆਉਣ ਨਾਲ ਅਨੰਦ ਦੀ ਪਰਾਪਤੀ ਹੋਈ, ਜੋ ਕਈ ਸਾਲ ਤੀਰਥ ਗਮਨ ਤੋਂ ਨਹੀਂ ਹੋਈ ਸੀ।

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆ ॥

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਧਾਰਨ ਕੀਤੀ। ਉਸ ਵੇਲੇ ਉਨ੍ਹਾਂ ਕਿਸੇ ਦੇਵੀ ਜਾ ਦੇਵਤੇ ਦੀ ਸਹਾਇਤਾ ਨਹੀਂ ਲਈ, ਉਸੇ ਅਪਾਰ ਸ਼ਕਤੀ (ਵਾਹਿਗੁਰੂ-ਪ੍ਰਮਾਤਮਾ) ਤੋਂ ਹੀ ਪ੍ਰੋਤਸਾਹਨ ਲਿਆ। ਇਸ ਲਈ ਇਸ ਸਾਰੇ ਇਤਿ-ਹਾਸ ਨੂੰ ਮੁੱਖ ਰਖਦਿਆਂ ਹੋਇਆ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਵਿਰਸੇ ਤੋਂ ਦੋ ਲਾਭ ਉਠਾਉਣ ਦਾ ਸੱਚਾ ਉਪਰਾਲਾ ਕੀਤਾ ਹੈ। ਇਕ ਬੰਨੇ ਪ੍ਰਮਾਤਮਾ ਦੀ ਯਾਦ ਦਾ ਸਬਕ ਪੜ੍ਹਾਇਆ ਹੈ ਤੇ ਦੂਜੇ ਬੰਨੇ ਚੰਡੀ ਵਾਂਗ ਜ਼ੁਲਮ ਦਾ ਟਾਕਰਾ ਕਰਨਾ ਸਿਖਾਇਆ ਹੈ, ਪਰ ਇਸ ਪਾਠ ਤੋਂ 'ਨਿਰੰਕਾਰ' ਦੀ ਹੀ ਭਗਤੀ ਦੀ ਪ੍ਰੇਰਣਾ ਬਖਸ਼ੀ ਹੈ।

— o —

Namdhari Elibrary NamdhariElibrary@gmail.com

ਪ

ਬੋਲੀ, ਸ਼ੈਲੀ ਅਤੇ ਅਲੰਕਾਰ

(ੳ) ਬੋਲੀ :—

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਇਹ ਪ੍ਰੇਰਣਾ ਦਿੱਤੀ ਸੀ ਕਿ ਮਾਤ ਭਾਸ਼ਾ ਵਿਚ ਸਾਹਿਤ ਰਚਨਾ ਕਵੀ ਦਾ ਪਹਿਲਾ ਫਰਜ਼ ਹੈ ਅਤੇ ਆਪ ਜੀ ਨੇ ਲੋਕ ਬੋਲੀ ਵਿਚ ਹੀ ਆਪਣੇ ਕਾਵਿ ਦੀ ਰਚਨਾ ਕੀਤੀ। ਇਹ ਗੱਲ ਠੀਕ ਹੈ ਕਿ ਇਸ ਬੋਲੀ ਵਿਚ ਸਾਧ ਭਾਸ਼ਾ ਪ੍ਰਧਾਨ ਹੈ, ਕਿਉਂਕਿ ਉਸ ਵੇਲੇ ਇਸ ਮਿੱਸੀ ਪੰਜਾਬੀ ਨੂੰ ਹੀ ਜ਼ਿਆਦਾ ਤਰ ਸਮਝਿਆ ਜਾਂਦਾ ਸੀ। ਅਸੀਂ ਇਹ ਵੀ ਜਾਣਦੇ ਹਾਂ ਕਿ ਕਵੀ ਆਪਣੇ ਸਮੇਂ ਦੇ ਵਾਯੂ ਮੰਡਲ, ਸਮਾਜ ਅਤੇ ਸਾਹਿਤ ਰੁਚੀਆਂ ਤੋਂ ਪ੍ਰਭਾਵਤ ਹੋ ਕੇ ਆਪਣੇ ਜਜ਼ਬਿਆਂ ਦੇ ਚਿੱਤ੍ਰਣ ਵਿਚ ਸਫਲ ਹੁੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪੂਰਵ ਅਧਿਆਤਮਕ ਵਾਰਾਂ ਅਤੇ ਬੀਰ-ਰਸੀ ਵਾਰਾਂ ਪ੍ਰਚਲਤ ਸਨ। ਭਾਈ ਗੁਰਦਾਸ ਨੇ, ਬੋਲੀ ਦੇ ਅਧਾਰ ਉੱਪਰ ਵਾਰ ਸਾਹਿਤ ਦੀ ਇਕ ਨਵੀਂ ਪਰਿਪਾਟੀ ਨੂੰ ਜਨਮ ਦਿੱਤਾ। ਆਪ ਜੀ ਦੇ ਮੁਹਾਵਰੇ ਦੇ ਅਧਾਰ ਉੱਪਰ ਅਧਿਆ-ਤਮਕ ਵਾਰਾਂ ਤਿਆਰ ਕੀਤੀਆਂ, ਪਰ ਨਾਲ ਹੀ ਬ੍ਰਿਜੀ ਭਾਸ਼ਾ ਦੇ ਅਧਾਰ ਉਪਰ ਸਾਹਿਤ ਵੀ ਤਿਆਰ ਕੀਤਾ। ਉਸ ਸਮੇਂ ਤੋਂ ਅਗੇ ਬ੍ਰਿਜ ਭਾਸ਼ਾ ਦੀ ਮਹਤਤਾ ਵਧਦੀ ਗਈ। ਕਲਗੀਧਰ ਦੇ ਬਵੰਜਾਂ ਕਵੀਆਂ ਦੀ ਸਾਹਿਤਕ ਭਾਸ਼ਾ ਵੀ ਆਮ ਤੌਰ ਤੇ ਬ੍ਰਿਜੀ ਸੀ ਅਤੇ ਇਸ ਵੇਲੇ ਬ੍ਰਿਜੀ ਸਾਹਿਤਕ ਤੌਰ ਤੇ ਪੰਜਾਬ ਤੋਂ ਲੈ ਕੇ ਬੰਗਾਲ ਤਕ ਛਾਈ ਹੋਈ ਸੀ। ਉਸ ਸਮੇਂ ਵਿਦਵਤਾ ਦੀ ਨਿਸ਼ਾਨੀ ਬ੍ਰਿਜ ਭਾਸ਼ਾ ਹੀ ਸਮਝੀ ਜਾਂਦੀ ਸੀ। ਸਤਿਗੁਰੂ ਦੀ ਦੇਖ ਰੇਖ ਵਿਚ ਜੋ ਪੁਰਾਣਕ ਗ੍ਰੰਥ ਅਨੁਵਾਦੇ ਗਏ ਉਨ੍ਹਾਂ ਦੀ ਭਾਸ਼ਾ ਬ੍ਰਿਜੀ ਹੀ ਸੀ। ਗੁਰੂ ਦੇਵ ਨੇ ਚੰਡੀ ਚਰਿਤ੍ਰ—1, ਚੰਡੀ ਚਰਿਤ੍ਰ—2, ਬ੍ਰਿਜੀ

Namdhari Elibrary NamdhariElibrary@gmail.com

ਵਿਚ ਹੀ ਲਿਖੇ, ਭਾਵੇਂ ਇਹ ਬ੍ਰਿਜੀ ਦੂਸਰਿਆਂ ਕਵੀਆਂ ਦੀ ਭਾਸ਼ਾ ਨਾਲੋਂ ਵਖਰਾ-ਪਨ ਹੀ ਰਖਦੀ ਹੈ, ਇਸ ਨੂੰ ਅਸੀਂ ਵਿਸ਼ੇਸ਼ ਰੂਪ ਕਾਰਨ ਪੰਜਾਬ ਦੀ ਬ੍ਰਿਜੀ ਕਹਿ ਸਕਦੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਰਚਨਾ ਤੋਂ ਪਿਛੋਂ ਇਹ ਅਨੁਭਵ ਕੀਤਾ ਕਿ ਚੰਡੀ ਚਰਿਤ੍ਰ ਦੀ ਭਾਸ਼ਾ ਪੰਡਤਾਊ ਅਤੇ ਸਾਹਿਤਕ ਹੈ। ਇਸ ਕਾਰਨ ਆਮ ਲੋਕ ਇਸ ਨੂੰ ਸਮਝ ਨਹੀਂ ਸਕਦੇ। ਇਸ ਲਈ ਸਤਿਗੁਰੂ ਆਪਣੇ ਮੰਤਵ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਦੇ ਸਨ ਅਤੇ ਆਪ ਜੀ, ਸਤਿਗੁਰੂ ਨਾਨਕ ਦੇਵ ਜੀ ਵਾਂਗ ਆਪਣੇ ਸਾਹਿਤ ਨੂੰ ਲੋਕ-ਕਲਿਆਣ ਦਾ ਮਾਧਿਅਮ ਬਣਾਉਣਾ ਚਾਹੁੰਦੇ ਸਨ। ਇਸ ਲਈ ਆਪ ਜੀ ਨੇ ਲੋਕ ਬੋਲੀ ਵਿਚ ਇਸ ਵਾਰ ਦੀ ਰਚਨਾ ਕੀਤੀ, ਜਿਸ ਵਿਚ ਅਨੁਵਾਦ ਦੇ ਨਾਲ-ਨਾਲ ਮੌਲਿਕਤਾ ਵੀ ਆ ਗਈ ਹੈ। ਪਰ ਆਪ ਜੀ ਦੀ ਬੋਲੀ ਪਰਖਣ ਤੋਂ ਪਹਿਲੋਂ ਹੇਠ ਲਿਖੇ ਤਥਾਂ ਨੂੰ ਦ੍ਰਿਸ਼ਟੀ ਕੋਣ ਵਿਚ ਰਖਣਾ ਚਾਹੀਦਾ ਹੈ।

1. ਆਪ ਜੀ ਸੰਸਕ੍ਰਿਤ, ਪ੍ਰਾਕ੍ਰਿਤ, ਫ਼ਾਰਸੀ, ਅਰਬੀ, ਸਾਧ ਭਾਸ਼ਾ, ਗੁਰੂ ਗ੍ਰੰਥ ਸਾਹਿਬ ਦੀ ਬੋਲੀ, ਬ੍ਰਿਜ ਭਾਸ਼ਾ, ਹਿੰਦੀ, ਬਿਹਾਰੀ ਆਦਿ ਬੋਲੀਆਂ ਤੋਂ ਭਲੀ ਪ੍ਰਕਾਰ ਜਾਣੂ ਸਨ, ਸੰਸਕ੍ਰਿਤ, ਫ਼ਾਰਸੀ ਅਤੇ ਬ੍ਰਿਜੀ ਦੇ ਮਹਾਨ ਵਿਦਵਾਨ ਤੇ ਕਲਾਕਾਰ ਵੀ ਸਨ।

2. ਆਪ ਜੀ ਦੀ ਮੁਢੱਲੀ ਅਵਸਥਾ (ਛੇ ਸਾਲ) ਪਟਨੇ ਵਿਚ ਬਤੀਤ ਹੋਈ, ਜਿਸ ਕਾਰਨ ਬਚਪਨ ਵਿਚ ਅਵਧੀ, ਬਿਹਾਰੀ ਬੋਲੀਆਂ ਦੇ ਸ਼ਬਦ ਆਪ ਜੀ ਦੀ ਤੋਤਲੀ ਜ਼ਬਾਨ ਉਪਰ ਚੜ੍ਹ ਗਏ।

3. ਆਦਿ ਗ੍ਰੰਥ, ਜੋ ਭਾਸ਼ਾ ਵਿਗਿਆਨ ਦੇ ਦ੍ਰਿਸ਼ਟੀ ਕੋਣ ਤੋਂ ਇਕ ਅਮੋਲ ਖਜ਼ਾਨਾ ਹੈ, ਦੇ ਅਧਿਐਨ ਕਾਰਨ ਆਪ ਜੀ ਦੀ ਭਾਸ਼ਾ ਵਿਚ ਸਾਧ ਭਾਸ਼ਾ ਦਾ ਅਸਰ ਹੋਣਾ ਜ਼ਰੂਰੀ ਸੀ।

4. ਫ਼ਾਰਸੀ ਅਰਬੀ ਦੇ ਆਪ ਉਚ ਵਿਦਵਾਨ ਸਨ ਇਸ ਲਈ, ਇਨ੍ਹਾਂ ਭਾਸ਼ਾਵਾਂ ਦੇ ਸ਼ਬਦਾਂ ਦਾ ਲੋਕ ਰੁਚੀਆਂ ਅਨੁਸਾਰ ਆਪ ਜੀ ਦੀ ਬੋਲੀ ਵਿਚ ਆਉਣਾ ਆਵਸ਼ਕ ਸੀ।

5. ਚੂੰਕਿ ਆਪ ਮਾਝੇ ਵਿਚ ਕਦੀ ਨਹੀਂ ਗਏ ਸਨ, ਪਰ ਦੁਆਬੀ ਬੋਲੀ ਖੇਤਰ ਵਿਚ ਹੀ ਆਪ ਨੇ ਇਸ ਵਾਰ ਦੀ ਰਚਨਾ ਕੀਤੀ, ਇਸ ਲਈ ਦੁਆਬੀ

Namdhari Elibrary NamdhariElibrary@gmail.com

ਬੋਲੀ ਦਾ ਅਸਰ ਹੋਣਾ ਲਾਜ਼ਮੀ ਸੀ ।

ਉਪਰੋਕਤ ਵਿਚਾਰ ਮਗਰੋਂ ਇਸ ਵਾਰ ਦੀ ਬੋਲੀ ਦੇ ਅਧਿਐਨ ਪਿਛੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਇਹ ਬੋਲੀ ਨਿਰੋਲ ਮਾਝੀ ਬੋਲੀ (ਜਾਂ ਟਕਸਾਲੀ ਪੰਜਾਬੀ) ਨਹੀਂ ਹੈ । ਇਸ ਵਾਰ ਦੀ ਬੋਲੀ ਦਾ ਪਿੰਡਾ ਤੇ ਜ਼ਰੂਰ ਪੰਜਾਬੀ ਹੈ ਪਰ ਇਸ ਨੂੰ ਠੇਠ ਪੰਜਾਬੀ ਨਹੀਂ ਕਹਿ ਸਕਦੇ । ਗੁਰੂ ਜੀ ਦਾ ਇਕ ਮਹਾਨ ਵਿਦਵਾਨ ਹੋਣ ਦੇ ਨਾਤੇ ਤੇ ਹੋਰ ਬੋਲੀਆਂ ਦੇ ਜਾਣੂ ਹੋਣ ਕਾਰਨ, ਕੁਦਰਤੀ ਤੌਰ ਤੇ ਇਸ ਪੰਜਾਬੀ ਨੇ ਮਿੱਸੀ ਬਣ ਜਾਣਾ ਸੀ । ਅਜ ਵੀ ਅਸੀਂ ਵੇਖਦੇ ਹਾਂ ਕਿ ਪੜ੍ਹੇ ਸ਼ਹਿਰੀਆਂ ਦੀ ਪੰਜਾਬੀ ਬੋਲੀ ਅਤੇ ਅਨਪੜ੍ਹ ਪੇਂਡੂਆਂ ਦੀ ਪੰਜਾਬੀ ਬੋਲੀ ਵਿਚ ਅੰਤਰ ਹੈ, ਸੋ ਇਸ ਲਈ ਕਲਗੀਧਰ ਦੀ ਪੰਜਾਬੀ ਨੇ ਜ਼ਰੂਰ ਹੀ ਸਾਹਿਤਕ ਅਸਰ ਹੇਠ ਆ ਜਾਣਾ ਸੀ । ਇਸ ਬੋਲੀ ਦੇ ਅਨੇਕਾਂ ਸ਼ਬਦ—ਵਰਿਆਮੀ, ਸੁਰਗਾਮੀ, ਅਲਾਮੀ, ਕੈਬਰ, ਕੇਜਮ, ਸਲਲੇ, ਪਾਖਰ, ਸੰਘਰ, ਦਸਤ, ਕ੍ਰੂਰਮ, ਗਿਰ, ਸ ਰ, ਬਰਗਸਤਾਨ ਆਦਿ—ਲੋਕ ਬੋਲੀ ਵਿਚੋਂ ਨਹੀਂ ਸਗੋਂ ਸਾਹਿਤਕ ਪ੍ਰਣਾਲੀ ਦੀ ਪੰਜਾਬੀ ਬੋਲੀ ਵਿਚੋਂ ਲਏ ਗਏ ਹਨ । ਕਿਤੇ-ਕਿਤੇ ਵਿਦਵਤਾ ਭਰਪੂਰ ਸਮਾਸ ਘੜ ਲਏ ਗਏ ਹਨ, ਜੋ ਲੋਕ ਬੋਲੀ ਪੰਜਾਬੀ ਤੋਂ ਬਹੁਤ ਉਚੇ ਹਨ ਤੇ ਕੇਵਲ ਵਿਦਵਾਨਾਂ ਦੀ ਪਹੁੰਚ ਦੇ ਕਿਹੇ ਜਾ ਸਕਦੇ ਹਨ ਜਿਵੇਂ - ਗੇਰੂ ਬਾਬਤ੍ਰਾ (ਗੇਰੂਬਾ + ਆਬ + ਉਤਰਾ = ਬ ਬ + ਉਤਰਾ = ਗੇਰੂਆ ਪਾਣੀ ਉਤਰਿਆ) ਖਬਾ + ਦਸਤ ਆਦਿ । ਪਰ ਕਿਤੇ ਕਿਤੇ ਨਿਰੋਲ ਪੰਜਾਬੀ ਵਰਤਣ ਵਿਚ ਵੀ ਕਮਾਲ ਕਰ ਦਿਤਾ ਹੈ ।

ਲਖ ਨਗਾਰੇ ਵਜਣ ਆਹਮੋ ਸਾਮ੍ਹਣੇ ॥
ਸੀਹਾਂ ਵਾਂਗੂ ਗਜਣ ਸਭੇ ਸੂਰਮੇ ॥
ਇੰਦ੍ਰ ਜੇਹਾ ਜੋਧਾ ਮੈਥਉ ਭਜਿਆ ॥
ਕਉਣ ਵਿਚਾਰੀ ਦੁਰਗਾ ਜਿਨ ਰਣ ਸਜਿਆ ॥

ਆਪਣੇ ਬੀਰ-ਰਸੀ ਜਜ਼ਬਿਆਂ ਨੂੰ ਚਿਤ੍ਰਣ ਲਈ ਢੁਕਵੇਂ ਅਤੇ ਫਬਵੇਂ ਸ਼ਬਦਾਂ ਦੀ ਚੋਣ ਕੀਤੀ ਹੈ. ਬੀਰ-ਰਸ ਪ੍ਰਗਟ ਕਰਨ ਲਈ—ਘ, ਝ, ੜ, ਢ, ਣ ਆਦਿ ਵਿਅੰਜਨਾਂ ਤੋਂ ਵੀ ਕੰਮ ਲਿਆ ਹੈ । ਨਵੀਂ ਪ੍ਰਕਾਰ ਦੇ ਸੁਚੱਜੇ ਢੰਗ ਨਾਲ ਸਮਾਸ ਬਣਾਏ ਹਨ ਜਿਵੇਂ—ਸੰਗਲੀਆਲੇ, ਮੁਛਲੀਆਲ, ਜਟਾਲ, ਬਿੰਬਲੀਆਲ,

Namdhari Elibrary NamdhariElibrary@gmail.com

ਚਾਵਲੇ ਆਦਿ। ਕਿਤੇ-ਕਿਤੇ ਸ਼ਬਦਾਂ ਦੀ ਚਾਲ ਨੂੰ ਦਰੁਸਤ ਰਖਣ ਲਈ ਉਨ੍ਹਾਂ ਨੂੰ ਨਵੀਂ ਤਰ੍ਹਾਂ ਘੜਿਆ ਗਿਆ ਹੈ ਜਿਵੇਂ—ਤਲਵਾਰ ਤੋਂ ਤਰਵਾਰ, ਹਿਲੀ ਤੋਂ ਹਾਲੀ, ਚਲੀ ਤੋਂ ਚਾਲੀ ਆਦਿ।

ਹੁਣ ਬੋਲੀ ਬਾਰੇ ਇਹ ਸਿੱਟਾ ਨਿਕਲਿਆ ਕਿ ਗੁਰੂ ਜੀ ਦੀ ਇਸ ਵਾਰ ਦੀ ਬੋਲੀ ਪੰਜਾਬੀ ਪਿੰਡਾ ਰਖਦੀ ਹੈ, ਪਰ ਇਸ ਪਿੰਡੇ ਉੱਤੇ, ਦੁਆਬੀ, ਫ਼ਾਰਸੀ, ਅਰਬੀ, ਰਾਜਸਥਾਨੀ ਦੇ ਸ਼ਬਦਾਂ ਦਾ ਰੰਗ ਵੀ ਦਿੱਤਾ ਗਿਆ ਹੈ। ਹਿੰਦੀ, ਉਰਦੂ ਦੀ ਝਲਕ ਵੀ ਇਸ ਵਿਚ ਨਜ਼ਰ ਆ ਜਾਂਦੀ ਹੈ। ਇਸ ਪੰਜਾਬੀ ਵਿਚ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਗੁਰੂ ਜੀ ਨੇ ਅੰਗੂਠੀ ਵਿਚ ਨਗੀਨੇ ਵਾਂਗ ਜੜ ਦਿੱਤੇ ਹਨ। ਇਸ ਬੋਲੀ ਵਿਚ ਮਿੱਠਾ-ਮਿੱਠਾ ਹਾਸ ਰਸ ਵੀ ਕਿਤੇ ਪ੍ਰਗਟ ਕੀਤਾ ਹੈ, ਬੀਰ-ਰਸ ਤੇ ਬਹੁਤ ਹੀ ਪ੍ਰਧਾਨ ਹੈ, ਸਗੋਂ ਇਹ ਕਹਿਣਾ ਠੀਕ ਹੋਵੇਗਾ ਕਿ ਇਸ ਬੋਲੀ ਦਾ ਇਕ ਇਕ ਸ਼ਬਦ ਇਕ ਬੀਰ ਸਿਪਾਹੀ ਹੈ, ਜੋ ਯੁੱਧ ਵਿਚ ਰੁੱਝਾ ਹੋਇਆ ਹੈ।

(ਅ) ਸ਼ੈਲੀ :—

ਕਿਸੇ ਕਵੀ ਦੀ ਸ਼ੈਲੀ ਤੋਂ ਭਾਵ ਹੈ ਉਸ ਦੇ ਸ੍ਵੈ ਪ੍ਰਗਟਾਵੇ ਦਾ ਕਲਾਤਮਿਕ ਢੰਗ। ਸ਼ੈਲੀ ਕਿਸੇ ਸਾਹਿਤ ਜਾਂ ਕਾਵਿ ਦਾ ਤਕਨੀਕੀ ਪ੍ਰਧਾਨ ਤਤ ਹੁੰਦਾ ਹੈ। ਕਵਿਤਾ ਦੀ ਰੌਚਕਤਾ ਜਾਂ ਅਰੋਚਕਤਾ ਦਾ ਆਧਾਰ ਕਵੀ ਦੀ ਸ਼ੈਲੀ ਹੁੰਦੀ ਹੈ। ਕੋਮਲ ਤੋਂ ਕੋਮਲ ਸੁੰਦਰ ਤੋਂ ਸੁੰਦਰ ਕਪੜਾ, ਇਕ ਮੂਰਖ ਦਰਜ਼ੀ ਦੀ ਵਿਉਂਤ ਨਾਲ ਕੋਝਾ ਤੇ ਕਰੂਪ ਬਣ ਜਾਂਦਾ ਹੈ, ਪਰ ਇਕ ਤਜਰਬੇਕਾਰ, ਕਲਾ-ਪੂਰਣ ਦਰਜ਼ੀ ਦੇ ਹਥ ਵਿਚ ਇਕ ਸਾਦਾ ਕਪੜਾ ਵੀ ਸਜੀਵ ਹੋ ਉਠਦਾ ਹੈ, ਉਸ ਵਿਚ ਜਾਨ ਪੈ ਜਾਂਦੀ ਹੈ। ਕਵੀ ਦੀ ਬੋਲੀ, ਕਹਿਣ ਢੰਗ ਤੇ ਵਿਸ਼ੇ ਦਾ ਪ੍ਰਗਟਾਵਾ—ਇਹ ਤਿੰਨ ਮਹੱਤਵ ਪੂਰਣ ਤਤ ਹਨ ਜਿਹੜੇ ਸ਼ੈਲੀ ਦਾ ਨਿਰਮਾਣ ਕਰਦੇ ਹਨ। ਇਸ ਪ੍ਰਕਾਰ ਸ਼ੈਲੀ ਦਾ ਸਿਧਾ ਸੰਬੰਧ ਕਵੀ ਦੀ ਸ਼ਖਸੀਅਤ, ਬੋਲੀ ਅਤੇ ਵਿਸ਼ੇ ਨਾਲ ਜਾ ਜੁੜਦਾ ਹੈ। ਜੇਕਰ ਸ਼ੈਲੀ ਵਿਸ਼ੇ ਦੇ ਅਨੁਕੂਲ ਨਾ ਰਹੇ ਤਦ ਵਿਸ਼ੇ ਦੀ ਸੁੰਦਰਤਾ ਅਤੇ ਸਜੀਵਤਾ ਨਸ਼ਟ ਹੋ ਜਾਂਦੀ ਹੈ।

ਮਨੁੱਖੀ ਜਜ਼ਬਿਆਂ, ਵਲਵਲਿਆਂ ਮਨੌਤਾਵਾਂ, ਵਿਚਾਰਾਂ, ਖਿਆਲਾਂ, ਸਧਰਾਂ, ਸਿੱਕਾਂ ਅਤੇ ਰੀਝਾਂ ਨੂੰ ਪ੍ਰਗਟ ਕਰਨ ਦੀ ਰੀਤੀ ਨੂੰ ਸ਼ੈਲੀ ਕਿਹਾ ਜਾਂਦਾ ਹੈ। ਹਰ

Namdhari Elibrary NamdhariElibrary@gmail.com

ਕਲਾਕਾਰ (ਸਾਹਿਤਕਾਰ, ਕਵੀ) ਆਪਣੀਆਂ ਸਾਹਿਤਕਤ ਰੁਚੀਆਂ ਨੂੰ ਆਪਣੇ ਨਿਜੀ ਢੰਗ ਨਾਲ ਪ੍ਰਗਟ ਕਰਦਾ ਹੈ। ਇਸ ਕਾਰਨ ਸਾਰੇ ਸਾਹਿਤ ਦੀ ਇਕ ਨਪੀ ਤੁਲੀ ਨਿਸਚਤ ਸ਼ੈਲੀ ਨਹੀਂ ਹੋ ਸਕਦੀ, ਪਰ ਵਾਕ ਅੰਸ਼ਾਂ ਦਾ ਪ੍ਰਯੋਗ, ਵਾਕ ਲੜੀ ਵਿਚ ਸ਼ਬਦ ਮੋਤੀਆਂ ਦਾ ਪਰੋਣਾ, ਕ੍ਰਿਆਪਦਾਂ ਦੀ ਚੋਣ ਵਾਕਾਂ ਅਤੇ ਸ਼ਬਦਾਂ ਦੀ ਧੁਨੀ ਆਦਿ ਸ਼ੈਲੀ ਦੇ ਉਘੇ ਅੰਗ ਹੁੰਦੇ ਹਨ।

ਉਪਰੋਕਤ ਕਸੌਟੀ ਉਪਰ ਜੇ ਅਸੀਂ ਇਸ ਵਾਰ ਨੂੰ ਪਰਖਦੇ ਹਾਂ, ਤਦ ਸਤਿਗੁਰੂ ਦੀ ਇਹ ਸ਼ੈਲੀ ਅਨੂਠੀ ਅਤੇ ਬੇਮਿਸਾਲ ਸਿੱਧ ਹੁੰਦੀ ਹੈ। ਅਜ ਤਕ ਪੰਜਾਬੀ ਵਿਚ ਇਹ ਵਾਰ, ਸ਼ੈਲੀ ਅਨੁਸਾਰ ਅਦੁੱਤੀ ਹੈ, ਤੇ ਅਗੇ ਵੀ ਸ਼ਾਇਦ ਹੀ ਕੋਈ ਕਵੀ ਇਸ ਦੀ ਪੈਰਵੀ ਕਰ ਸਕੇ। ਇਸ ਵਾਰ ਦੀ ਕਥਾ-ਵਸਤੂ ਮਾਰਕੰਡੇ ਪੁਰਾਣ ਵਿਚ ਬਹੁਤ ਲੰਮੇਰੀ ਹੈ, ਪਰ ਗੁਰੂ ਜੀ ਨੇ ਇਨ੍ਹਾਂ ਲੰਮੀਆਂ ਕਥਾਵਾਂ, ਪ੍ਰਸੰਗਾਂ ਅਤੇ ਰਵਾਇਤਾਂ ਨੂੰ ਸ਼ਬਦ ਚਿਤ੍ਰਾਂ ਅਤੇ ਨਾਦ ਚਿਤ੍ਰਾਂ ਰਾਹੀਂ ਇਕ ਕਲਾਤਮਕ ਢੰਗ ਨਾਲ ਪੂਰਾ ਕਰ ਦਿੱਤਾ ਹੈ, ਜਿਥੇ ਕਿਤੇ ਲੜਾਈ ਦੇ ਮੈਦਾਨ ਦਾ ਨਕਸ਼ਾ ਖਿਚਿੱਆ ਹੈ, ਉਥੇ ਸਬਦ ਚੋਣ ਇਸ ਪ੍ਰਕਾਰ ਦੀ ਕੀਤੀ ਹੈ ਕਿ ਉਨ੍ਹਾਂ ਸ਼ਬਦਾਂ ਵਿਚੋਂ ਸੰਖਾਂ, ਭੇਰੀਆਂ ਅਤੇ ਨਗਾਰਿਆਂ ਦੀ ਅਵਾਜ਼ ਕੰਨਾਂ ਵਿਚ ਗੂੰਜ ਉਠਦੀ ਹੈ। ਹਥਿਆਰਾਂ ਦੀ ਅਵਾਜ਼ ਤੇ ਠਣਕਾਰ, ਸੂਰਮਿਆਂ ਦਾ ਰਣ ਵਿਚ ਡਿੱਗਣਾ ਅਖਾਂ ਅਗੇ ਹੂ-ਬਹੂ ਫਿਰ ਜਾਂਦਾ ਹੈ। ਗੁਰੂ ਜੀ ਦੀ ਇਹ ਸ਼ੈਲੀ ਬੀਰ-ਰਸ ਭਰਪੂਰ ਹੈ ਅਤੇ ਆਪ ਜੀ ਆਪਣੀ ਇਸ ਨਿਜੀ ਸ਼ੈਲੀ ਦੇ ਆਧਾਰ ਤੇ ਬੇਨਜ਼ੀਰ ਅਤੇ ਬੇਮਿਸਾਲ ਹਨ, ਇਹ ਠੀਕ ਹੈ ਕਿ ਆਪ ਜੀ ਨੇ ਲਕ ਪ੍ਰਚਲਤ ਨਿਸ਼ਾਨੀ ਛੰਦ ਨੂੰ ਹੀ ਅਪਨਾਇਆ ਹੈ, ਪਰ ਆਪ ਜੀ ਦਾ ਕਹਿਣ ਢੰਗ ਬਹੁਤ ਸੁਚੱਜਾ ਅਤੇ ਪ੍ਰਭਾਵਸ਼ਾਲੀ ਹੈ ਜੋ ਇਸ ਦੇ ਕਥਾ ਵਸਤੂ ਦੇ ਅਨੁਕੂਲ ਹੈ। ਬੋਲੀ ਵੀ ਵਿਸ਼ੇ ਦੇ ਅਨੁਕੂਲ ਹੈ। ਇਸ ਸ਼ੈਲੀ ਨੇ ਇਸ ਵਾਰ ਨੂੰ ਮੂੰਹ ਬੋਲਦੀ ਤਸਵੀਰ ਬਣਾ ਦਿੱਤਾ ਹੈ।

(ੲ) ਅਲੰਕਾਰ

ਅਲੰਕਾਰ, ਕਾਵਿ ਬਲਕਿ ਆਮ ਬੋਲੀ ਦੀ ਜਿੰਦ ਜਾਨ ਹੁੰਦੇ ਹਨ, ਜਿਨ੍ਹਾਂ ਤੋਂ ਬਗੈਰ ਕਵਿਤਾ ਦੀ ਸੁੰਦਰਤਾ ਤੇ ਜਮਾਲ ਕਾਇਮ ਨਹੀਂ ਹੋ ਸਕਦਾ। ਇਕ ਆਮ ਤੋਂ ਆਮ ਮਨੁੱਖ ਵੀ ਜਦ ਜੋਸ਼ ਅਤੇ ਕ੍ਰੋਧ ਵਿਚ ਭਰ ਜਾਂਦਾ ਹੈ, ਤਦ ਜੋ ਕੁਝ ਉਸ

Namdhari Elibrary NamdhariElibrary@gmail.com

ਦੀ ਜ਼ਬਾਨ ਵਿਚੋਂ ਨਿਕਲਦਾ ਹੈ ਉਹ ਉਪਮਾ ਜਾਂ ਰੂਪਕ ਦੇ ਸਾਂਚੇ ਵਿਚੋਂ ਢਲਕੇ ਨਿਕਲਦਾ ਹੈ, ਗ਼ਮ ਅਤੇ ਰੰਜ ਦੀ ਅਵਸਥਾ ਵਿਚ, ਕਵਿਤਾ ਜਾਂ ਕਲਾ ਦਾ ਕਿਸੇ ਨੂੰ ਖ਼ਿਆਲ ਨਹੀਂ ਹੁੰਦਾ, ਪਰ ਇਸ ਹਾਲਤ ਵਿਚ ਵੀ ਬਦੋਂ ਬਦੀ ਰੂਪਕ ਜ਼ਬਾਨ ਵਿਚੋਂ ਨਿਕਲ ਆਉਂਦੇ ਹਨ, ਜਿਵੇਂ ਕਿਸੇ ਦਾ ਕੋਈ ਬਹੁਤ ਹੀ ਪਿਆਰਾ ਨਜ਼ਦੀਕੀ ਗੁਜ਼ਰ ਜਾਂਦਾ ਹੈ ਤਦ ਉਹ ਪੁਕਾਰ ਉਠਦਾ ਹੈ, 'ਹਾਏ ਮੇਰਾ ਸੀਨਾ ਫਟ ਗਿਆ ! ਮੇਰੇ ਉਪਰ ਅਸਮਾਨ ਟੁੱਟ ਪਿਆ, ਉਹ ਪਿਆਰਿਆ ! ਤੈਨੂੰ ਕੀਹਦੀ ਨਜ਼ਰ ਖਾ ਗਈ, ਮੇਰਾ ਚਿਤ ਬੁਝ ਗਿਆ !' ਇਹ ਸਭ ਰੂਪਕ ਹੀ ਤੇ ਹਨ।

ਵਿਦਵਾਨ ਇਹ ਵੀ ਦਸੱਦੇ ਹਨ ਕਿ ਕਵਿਤਾ ਇਕ ਸਜ-ਵਹੁਟੀ ਹੈ ਅਤੇ ਜਿਵੇਂ ਵਹੁਟੀ ਨੂੰ ਅਧਿਕ ਸੁੰਦਰ ਬਣਾਉਨ ਲਈ ਗਹਿਣੇ ਪਹਿਨਾਏ ਜਾਂਦੇ ਹਨ, ਪਰ ਗਹਿਣੇ ਇਸ ਨਿਸਬਤ ਨਾਲ ਪਹਿਨਾਏ ਜਾਣੇ ਚਾਹੀਦੇ ਹਨ, ਕਿ ਦੁਲਹਨ ਦੀ ਅਸਲੀ ਸੁੰਦਰਤਾ ਇਨ੍ਹਾਂ ਦੇ ਥੱਲੇ ਦਬੀ[1] ਨਾ ਜਾਵੇ।

ਅਲੰਕਾਰ ਸਾਦੇ ਅਤੇ ਘਰੋਗੀ ਹੋਣੇ ਚਾਹੀਦੇ ਹਨ। ਰੋਜ਼ਾਨਾ ਜੀਵਨ ਵਿਚੋਂ ਚੁਣੇ ਜਾਣ ਤਾਕਿ ਕਵੀ ਦੇ ਜਜ਼ਬੇ ਠੀਕ ਤਰ੍ਹਾਂ ਉਘੱੜ ਆਉਣ, ਤੇ ਪਾਠਕ ਕਵੀ ਦੇ ਭਾਵ ਨੂੰ ਸਪਸ਼ਟ ਰੂਪ ਵਿਚ ਸਮਝ ਸਕਣ। ਜੇ ਮੁਸ਼ਕਲ ਤੇ ਕਠਿਨ ਅਲੰਕਾਰਾਂ ਦਾ ਪ੍ਰਯੋਗ ਕੀਤਾ ਜਾਵੇਗਾ ਤਦ ਕਵੀ ਆਪਣੇ ਭਾਵਾਂ ਨੂੰ ਖ਼ੁਦ ਹੀ ਸਮਝ ਸਕਦਾ ਹੈ, ਪਾਠਕ ਨੂੰ ਉਸ ਤੋਂ ਕੁਝ ਲਾਭ ਨਹੀਂ ਪਹੁੰਚਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਪੰਜਾਬੀ ਬੋਲੀ ਦੀ ਪ੍ਰੇਰਣਾ ਦਿੱਤੀ ਸੀ ਉਥੇ ਇਕ ਆਗੂ ਲੋਕ ਕਵੀ ਹੋਣ ਦੇ ਨਾਤੇ ਅਲੰਕਾਰ ਵੀ ਪ੍ਰਕ੍ਰਿਤਕ ਅਤੇ ਘਰੋਗੀ ਚੁਣੇ ਸਨ, ਜਦ ਕਿ ਉਸ ਵੇਲੇ ਦੇ ਕੁਝ ਮੁਸਲਮਾਨ ਸ਼ਾਇਰ ਈਰਾਨੀ ਤਸ਼ਬੀਹਾਂ ਅਤੇ ਇਸਤਿਆਰੇ (ਰੂਪਕ) ਵਰਤਦੇ ਸਨ, ਜਿਨ੍ਹਾਂ ਦਾ ਸਮਝਣਾ ਹੀ ਮੁਸ਼ਕਲ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ

---

1. ਜੇ ਵਹੁਟੀ ਨੂੰ ਹਦ ਤੋਂ ਜ਼ਿਆਦਾ ਗਹਿਣੇ ਪਹਿਨਾਏ ਜਾਣਗੇ ਤਦ ਉਸ ਦੀ ਸੁੰਦਰਤਾ ਦਬ ਜਾਵੇਗੀ। ਠੀਕ ਇਵੇਂ ਹੀ ਜੇ ਕਾਵਿ ਵਹੁਟੀ ਨੂੰ ਅਲੰਕਾਰਾਂ ਨਾਲ ਲਦਿੱਆ ਜਾਵੇਗਾ, ਤਦ ਕਵੀ ਦਾ ਮੰਤਵ ਨਸ਼ਟ ਹੋ ਜਾਵੇਗਾ, ਜੋ ਕਾਵਿ ਅਸਲੀ ਸੁੰਦਰਤਾ ਹੈ।

Namdhari Elibrary NamdhariElibrary@gmail.com

ਨਾਨਕ ਦੇਵ ਦੀਆਂ ਪਾਈਆਂ ਲੀਹਾਂ ਉਤੇ ਤੁਰਦਿਆਂ ਅਲੰਕਾਰ ਬੜੇ ਸਾਦੇ ਤੇ ਘਰੋਗੀ ਇਸ ਵਾਰ ਵਿਚ ਵਰਤੇ ਹਨ। ਬਹੁਤ ਕਰਕੇ ਉਪਮਾ ਅਤੇ ਰੂਪਕ ਅਲੰਕਾਰਾਂ ਦੇ ਮਾਧਿਅਮ ਨਾਲ ਆਪਣੇ ਆਸ਼ੇ ਨੂੰ ਸਪਸ਼ਟ ਕੀਤਾ ਹੈ। ਸ਼ਬਦ ਅਲੰਕਾਰਾਂ ਦਾ ਵੀ ਪ੍ਰਯੋਗ ਕੀਤਾ ਹੈ। ਅਸੀਂ ਹੇਠ ਆਪ ਜੀ ਦੇ ਕੁਝ ਇਕ ਅਲੰਕਾਰਾਂ ਦੀ ਉਦਾਹਰਣ ਇਸ ਵਾਰ ਵਿਚੋਂ ਦੇ ਰਹੇ ਹਾਂ :—

ਉਪਮਾ ਅਲੰਕਾਰ ਬੜੇ ਸੁਚੱਜੇ ਢੰਗ ਨਾਲ ਵਰਤਿਆ ਹੈ। ਕੁਝ ਵਿਦਵਾਨਾਂ ਦੇ ਅਨੁਸਾਰ ਇਨ੍ਹਾਂ ਅਲੰਕਾਰਾਂ ਵਿਚ ਕੋਈ ਬਾਰੀਕੀ ਜਾਂ ਸਾਹਿਤਕ ਖ਼ੂਬੀਆਂ ਨਹੀਂ ਹਨ, ਪਰ ਸਾਡਾ ਇਹ ਵਿਚਾਰ ਹੈ ਕਿ ਜਿਸ ਵਿਸ਼ੇ ਅਤੇ ਜਜ਼ਬੇ ਲਈ ਇਹ ਵਰਤੇ ਗਏ ਹਨ, ਉਨ੍ਹਾਂ ਲਈ ਬਹੁਤ ਢੁਕਵੇਂ ਤੇ ਫਬਵੇਂ ਹਨ। ਲੜਾਈ ਦੇ ਮੈਦਾਨ ਵਿਚ ਨੇਜ਼ਿਆਂ ਨਾਲ ਵਿਨ੍ਹੇ ਹੋਏ ਬੀਰ ਤੇ ਦੁਰਗਾ ਦੀ ਅਗੰਮੀ ਤਾਕਤ ਦਾ ਨਜ਼ਾਰਾ ਇੰਜ ਪੇਸ਼ ਕਰਦੇ ਹਨ।

ਬੀਰ ਪਰੋਤੇ ਬਰਛੀਏਂ ਜਣ ਡਾਲਿ ਚਮੁੱਟੇ ਆਵਲੇ ॥

... ...

ਇਕ ਬੀਰ ਪਰੋਤੇ ਬਰਛੀਏਂ, ਜਿਉਂ ਝੁਕ ਪਊਨ ਨਿਵਾਜੀ ॥

ਸੂਰਮਿਆਂ ਦਾ ਰਣ ਵਿਚ ਡਿੱਗਣਾ, ਮਰਨਾ, ਸਰੀਰਾਂ ਦੇ ਟੋਟਿਆਂ, ਲਹੂ ਮਿਝ ਦਾ ਨਕਸ਼ਾ ਅਲੰਕਾਰਾਂ ਰਾਹੀਂ ਇੰਜ ਪੇਸ਼ ਕਰਦੇ ਹਨ :—

ਜਣ ਡਸੇ ਭੁਜੰਗਮ ਸਾਵਲੇ, ਮਰ ਜਾਵਨ ਬੀਰ ਰੁਹਾਵਲੇ ॥

...

ਮਾਰੇ ਜਾਪਣ ਬਿਜਲੀ ਸਿਰ ਭਾਰ ਮੁਨਾਰੇ ॥

ਰੂਪਕ ਅਲੰਕਾਰ ਉਪਮਾ ਨਾਲੋਂ ਵੀ ਜ਼ੋਰਦਾਰ ਹੁੰਦਾ ਹੈ ਉਸ ਦੀ ਵਰਤੋਂ ਵੀ ਬੜੇ ਸੋਹਣੇ ਢੰਗ ਨਾਲ ਕੀਤੀ ਗਈ ਹੈ :—

ਦੇਵੀ ਦਸਤ ਨਚਾਈ ਸੀਹਣ ਸਾਰ ਦੀ ॥

... ...

ਚੋਟੀ ਜਾਣ ਦਿਖਾਈ ਧੂਮ ਕੇਤ ॥

Namdhari Elibrary NamdhariElibrary@gmail.com

ਅਤਿਸੁਕਤੀ ਅਲੰਕਾਰ (ਮੁਬਾਲਗਾ) ਦੀਆਂ ਵੀ ਦੋ ਮਿਸਾਲਾਂ ਮਿਲ ਜਾਂਦੀਆਂ ਹਨ ।

ਚੰਡੀ ਰਾਖਸ਼ ਖਾਣੀ ਵਾਹੀ ਦੈਤ ਨੂੰ ॥
ਕੋਪਰ ਚੂਰ ਪਲਾਣੀ ਲਥੀ ਕਰਗ ਲੈ ॥
ਪਾਖਰ ਤੁਰਾ ਪਲਾਣੀ ਰੜਕੀ ਧਉਲ ਜਾਇ ॥
ਲੈਂਦੀ ਅਘਾਂ ਸਿਧਾਣੀ [1]ਸਿੰਗਾਂ ਧਉਲ ਦਿਆਂ ॥
ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰ ਕੈ ॥

ਉਪਰੋਕਤ ਉਦਾਹਰਨਾਂ ਨੂੰ ਦੇਖ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਜੀ ਨੇ ਆਪਣੇ ਇਸ ਬੀਰ-ਰਸੀ ਕਾਵਿ ਲਈ ਜਿਨੇ ਵੀ ਅਲੰਕਾਰ ਚੁਣੇ ਹਨ ਉਹ ਸਭ ਵਿਸ਼ੇ ਦੇ ਅਨੁਕੂਲ ਹਨ । ਉਹ ਸਭ ਘਰੇਲੂ ਜਾਂ ਮਿਥਿਹਾਸ ਨਾਲ ਸੰਬੰਧ ਰਖਦੇ ਹਨ, ਪਰ ਪਾਠਕਾਂ ਦੇ ਦਿਲ ਅਤੇ ਦਿਮਾਗ ਉਪਰ ਸਿੱਧਾ ਅਸਰ ਕਰਦੇ ਹਨ । ਪਾਠਕਾਂ ਨੂੰ ਸਮਝਣ ਵਿਚ ਕੋਈ ਮੁਸ਼ਕਲ ਨਹੀਂ ਪੈਂਦੀ ਸਗੋਂ ਅਸਲੀ ਜਜ਼ਬਾ ਸਪਸ਼ਟ ਹੋ ਜਾਂਦਾ ਹੈ ।

— o —

1. ਇਸ ਅਲੰਕਾਰ ਤੋਂ ਇਹ ਨਹੀਂ ਸਮਝਣਾ ਚਾਹੀਦਾ ਕਿ ਕਲਗੀਧਰ ਦਾ ਇਹ ਵਿਸ਼ਵਾਸ ਸੀ ਕਿ ਜ਼ਮੀਨ ਨੂੰ ਕਿਸੇ ਬਲਦ ਨੇ ਸਿੰਙਾਂ ਉਪਰ ਚੁਕਿਆ ਹੈ, ਇਹ ਅਲੰਕਾਰ ਕੇਵਲ ਬੀਰ-ਰਸ ਨੂੰ ਚਮਕਾਉਣ ਖਾਤਰ ਵਰਤਿਆ ਹੈ ਉਨ੍ਹਾਂ ਦਾ ਵਿਸ਼ਵਾਸ ਤੇ ਸਤਿਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਂਤ ਵਿਚ ਹੀ ਸੀ :—
ਜੇ ਕੋ ਬੁਝੈ ਹੋਵੈ ਸਚਿਆਰੁ । ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰ । ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ (ਜਪੁਜੀ)

Namdhari Elibrary NamdhariElibrary@gmail.com

੬

ਮੰਤਵ

[ਮੁੱਦਾ = ਮਕਸਦ]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇਸ਼ ਤੇ ਦੇਸ਼ ਵਾਸੀਆਂ ਦੀ ਹਾਲਤ ਬਹੁਤ ਹੀ ਨਾਜ਼ਕ ਹੋ ਚੁਕੀ ਸੀ। ਇਸ ਵੇਲੇ ਭਾਰਤ ਸ਼ਖਸੀ ਹਕੂਮਤ ਦੇ ਪੰਜੇ ਵਿਚ ਜਕੜਿਆ ਹੋਇਆ ਸੀ, ਅਤੇ ਉਸ ਸਮੇਂ ਦੀ ਰਾਜਨੀਤੀ ਧਾਰਮਿਕ ਜਨੂਨ ਤੇ ਤਅੱਸਬ ਉਪਰ ਆਧਾਰਤ ਸੀ। ਦੇਸ਼ ਸੂਬਿਆਂ ਵਿਚ ਵੰਡਿਆ ਹੋਇਆ ਸੀ। ਛੋਟੇ ਦੇਸੀ ਰਜਵਾੜੇ ਕੇਂਦਰੀ ਸ਼ਾਸਨ ਦੇ ਅਧੀਨ ਕਠਪੁਤਲੀਆਂ ਬਣ ਚੁਕੇ ਸਨ। ਜਾਗੀਰਦਾਰੀ ਨੇ ਗਰੀਬਾਂ ਨੂੰ ਲਤਾੜਿਆ ਹੋਇਆ ਸੀ। ਦੱਖਣ ਵਿਚ ਸ਼ਿਵਾ ਜੀ ਨੇ ਦਾਸਤਾ ਤੋਂ ਛੁਟਕਾਰਾ ਪਾਉਣ ਲਈ ਸੁਤੰਤਰਤਾ ਦੇ ਖੇਤਰ ਵਿਚ ਕਦਮ ਰਖਿਆ, ਪਰ ਉਤਰੀ ਭਾਰਤ ਵਿਚ ਕੋਈ ਵੀ ਐਸਾ ਰਜਵਾੜਾ ਨਹੀਂ ਸੀ ਜੋ ਰਾਣਾ ਪ੍ਰਤਾਪ ਵਾਂਗ ਧਰਮ ਯੁੱਧ ਲਈ ਯਤਨ ਸ਼ੀਲ ਹੋਵੇ। ਪਹਾੜੀ ਰਾਜੇ ਪੁਰਾਣੇ ਰਸਮਾਂ ਰਿਵਾਜਾਂ ਦੇ ਸ਼ਿਕਾਰ ਬਣੇ ਹੋਏ ਸਨ ਅਤੇ ਉਨ੍ਹਾਂ ਵਿਚ ਈਰਖਾ ਦੀ ਅੱਗ ਭੜਕ ਰਹੀ ਸੀ। ਇਹੋ ਜਿਹੀ ਰਾਜ ਨੀਤੀ ਹੇਠ ਲੋਕ ਆਪਣੇ ਕਰਮਾਂ ਧਰਮਾਂ ਅਤੇ ਆਪਦੇ ਫਰਜ਼ਾਂ ਨੂੰ ਭੁਲ ਚੁਕੇ ਸਨ। ਹਿੰਦੂ ਜਨਤਾ ਦਾਂ ਸ੍ਵੈਮਾਣ, ਗੌਰਵ ਅਤੇ ਉਤਸ਼ਾਹ ਮਿਟ ਗਿਆ ਸੀ, ਹਿੰਦੂਆਂ ਦੇ ਮੰਦਰ ਉਨ੍ਹਾਂ ਸਾਮ੍ਹਣੇ ਢਾਏ ਜਾਂਦੇ ਸਨ। ਇਹ ਨੀਤੀ ਹਿੰਦੂਆਂ ਤਕ ਹੀ ਸੀਮਤ ਨਹੀਂ ਸੀ ਬਲਕਿ ਇਸ ਦਾ ਸ਼ਿਕਾਰ ਸਰਮਦ ਅਤੇ ਦਾਰਾ ਸ਼ਿਕੋਹ ਹੋ ਚੁੱਕੇ ਸਨ। ਵੀਰਤਾ ਦਾ ਜਜ਼ਬਾ ਬਿਲਕੁਲ ਠੰਡਾ ਹੋ ਚੁਕਿਆ ਸੀ। ਕਵੀ ਜਨ ਰੀਤੀ ਕਾਲੀਨ ਸਾਹਿਤ ਦੀ ਰਚਨਾ ਕਰਨ ਵਿਚ ਜੁੱਟ ਗਏ ਸਨ। ਮੁਕਦੀ ਗੱਲ ਇਹ ਕਿ ਇਸ ਸਮੇਂ ਸ਼ਖਸੀ ਹਕੂਮਤ ਦੀ ਨੀਤੀ ਸਖਤੀ ਦੇ ਸਿਖਰ ਤਕ ਪਹੁੰਚ ਚੁਕੀ ਸੀ,

Namdhari Elibrary NamdhariElibrary@gmail.com

ਜਿਸ ਦੇ ਫਲ ਸਰੂਪ ਭਾਰਤ ਦਾ ਸਮਾਜਕ ਢਾਂਚਾ ਢਿੱਲਾ ਹੋ ਚੁਕਾ ਸੀ। ਰਾਜਨੀਤੀ ਦਾ ਡੂੰਘਾ ਪ੍ਰਭਾਵ ਸਮਾਜ ਸੰਗਠਨ ਉੱਪਰ ਪੈਂਦਾ ਹੈ। ਇਸ ਵੇਲੇ ਧਰਮ ਪਰਿਵਰਤਨ ਦਾ ਅੰਦੋਲਨ, ਚਲ ਪਿਆ। ਇਕ ਥੰਨੇ ਤੇ ਲੋਕਾਂ ਨੇ ਆਪਣੀ ਸੁਰਖਿਆ ਲਈ ਸੋਚ ਵਿਚਾਰ ਸ਼ੁਰੂ ਕੀਤੀ ਦੂਜੇ ਥੰਨੇ ਇਕ ਚੇਤੰਨਤਾ ਵਿਚ ਸੰਕੀਰਣਤਾ ਵੀ ਆ ਗਈ ਕਿਉਂਕਿ ਹਿੰਦੂਆਂ ਦਾ ਉੱਚ ਵਰਗ ਆਪਣੀ ਪਵਿਤਰਤਾ ਨੂੰ ਕਾਇਮ ਰਖਣ ਲਈ ਬਹੁਤ ਹੀ ਸੀਮਤ ਜਿਹੇ ਖੇਤਰ ਵਿਚ ਸਿਮਟਦਾ ਗਿਆ। ਛੂਤ ਦੇ ਮਸਲੇ ਬਹੁਤ ਹੀ ਸਖਤ ਹੋ ਗਏ। ਕਰਮ ਕਾਂਡ ਨੂੰ ਬਹੁਤ ਹੀ ਮਹੱਤਤਾ ਦਿੱਤੀ ਗਈ। ਛਤ੍ਰੀ ਆਪਣਾ ਧਰਮ ਛੱਡ ਬੈਠੇ। ਹਿੰਦੂ ਸਮਾਜ ਇਸ ਵੇਲੇ ਬਹੁਤ ਸਾਰੇ ਸਮਾਜਕ ਬੀਮਾਰੀਆਂ ਅਤੇ ਕੁਰੀਤੀਆਂ ਦੇ ਜਾਲ ਵਿਚ ਫਸੀ ਹੋਈ ਮੱਛੀ ਵਾਂਗ ਤੜਪ ਰਿਹਾ ਸੀ।

ਭਾਰਤ ਦਾ ਪੁਰਾਣਾ ਧਨ ਕਲਗੀਧਰ ਤੋਂ ਪਹਿਲੋਂ ਹੀ ਬਾਹਰੀ ਆਕਰਮਣ-ਕਾਰੀਆਂ ਦ ਹੱਥਾਂ ਵਿਚ ਜਾ ਚੁਕਾ ਸੀ। ਜਿਹੜਾ ਬਚਿਆ ਖੁਚਿਆ ਧਨ ਸੀ, ਉਹ ਸਮੇਂ ਦੇ ਸ਼ਾਸਕਾਂ ਅਤੇ ਜਾਗੀਰਦਾਰਾਂ ਦੀ ਵਿਲਾਸਤਾ ਅਤੇ ਐਸ਼ ਪਰਸਤੀ ਲਈ, ਉਨ੍ਹਾਂ ਪਾਸ ਸੰਚਿਤ ਹੋ ਰਿਹਾ ਸੀ। ਵਿਦੇਸ਼ੀ ਵਪਾਰ ਵੀ ਹਿੰਦੂਆਂ ਦੇ ਹਥੋਂ ਨਿਕਲ ਕੇ ਮੁਸਲਮਾਨ ਸ਼ਾਸਕ ਵਰਗ ਦੇ ਹੱਥ ਵਿਚ ਜਾ ਚੁਕਿਆ ਸੀ। ਖੇਤੀ-ਬਾੜੀ ਨੂੰ ਵੀ ਭਾਰਾ ਧੱਕਾ ਲਗਾ ਸੀ, ਕਿਉਂਕਿ ਜ਼ਿਮੀਦਾਰਾ ਦੀ ਭੋਂ ਤੇ ਜਾਗੀਰਦਾਰ ਦੀ ਸੀ, ਉਹ ਉਸ ਦੇ ਅਗੇ ਕਾਰਿੰਦੇ ਸਨ। ਧਾਰਮਿਕ ਸਿਥਤੀ ਹੋਰ ਵੀ ਵਿਗੜੀ ਹੋਈ ਸੀ। ਜੋ ਧਰਮ ਨੀਤੀ ਅਕਬਰ ਨੇ ਚਲਾਈ ਸੀ, ਉਹ ਨੀਤੀ ਉਸ ਪਿਛੋਂ ਜਹਾਂਗੀਰ, ਸ਼ਾਹ-ਜਹਾਨ ਦੇ ਰਾਜ ਕਾਲ ਸਮੇਂ ਬਹੁਤ ਹੀ ਵਖ ਪ੍ਰਕਾਰ ਦੀ ਹੋ ਚੁਕੀ ਸੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੇ ਉਸ ਵਿਚ ਇਤਨਾ ਪਰਿਵਰਤਨ ਆ ਗਿਆ ਸੀ ਕਿ ਉਸ ਸਮੇਂ ਦੇ ਸ਼ਾਸਕ ਹਿਕ ਦੇ ਜ਼ੋਰ ਨਾਲ ਧਰਮ ਪਰਿਵਰਤਨ ਲਈ ਰਾਤ ਦਿਨ ਕੰਮ ਕਰ ਰਹੇ ਸਨ। ਕਸ਼ਮੀਰੀ ਬ੍ਰਾਹਮਣ ਆਪਣੇ ਧਰਮ ਦੀ ਰਖਿਆ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਣ ਵਿਚ ਆਏ ਸਨ। ਉਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਵਲ ਨੌਂ ਸਾਲ ਦੇ ਸਨ। ਉਨ੍ਹਾਂ ਦੇ ਪੂਜਯ ਪਿਤਾ ਦੀ ਕੁਰਬਾਨੀ ਵੀ ਇਸ ਧਰਮ ਰਖਿਆ ਲਈ ਹੋਈ। ਕਲਗੀਧਰ ਦੇ ਸਾਹਮਣੇ ਹੋਰ ਵੀ ਇਸ ਕਿਸਮ ਦੇ ਵਰਤਾਰੇ ਹੋਏ। ਗੁਰੂ ਜੀ ਦੇ ਮਨ ਪੁਰ ਭਾਰਤ ਵਾਸੀਆਂ ਦੀ ਇਸ ਦੁਰਦਸ਼ਾ ਦਾ

Namdhari Elibrary NamdhariElibrary@gmail.com

ਡੂੰਘਾ ਅਸਰ ਪਿਆ। ਆਪ ਜੀ ਨੇ ਭਾਰਤ ਦੇ ਪੁਰਾਣੇ ਸਾਹਿਤ ਦਾ ਅਧਿਐਨ ਕੀਤਾ। ਰਾਮਾਇਣ, ਮਹਾਂ ਭਾਰਤ ਅਤੇ ਗੀਤਾ ਆਦਿ ਦੀ ਸਿਖਿਆ ਉਪਰ ਵੀ ਵਿਚਾਰ ਕੀਤੀ ਅਤੇ ਆਪ ਜੀ ਇਸ ਸਿੱਟੇ ਉਪਰ ਪੁਜੇ :–

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨ ਪਕਰਿ ਪਛਾਰੋ ॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝਿ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥

ਆਪਣੇ ਨੀਅਤ ਕਾਰਜ ਨੂੰ ਅਮਲੀ ਜਾਮਾ ਪਹਿਨਾਉਣ ਲਈ ਗੁਰੂ ਦੇਵ ਨੇ ਸਭ ਤੋਂ ਪਹਿਲੋਂ ਆਪਣੇ ਪਿਆਰੇ ਪਿਤਾ ਦੀ ਕੁਰਬਾਨੀ ਦਿੱਤੀ। ਖ਼ਾਲਸਾ ਪੰਥ ਸਾਜਿਆ ਆਪਣੇ ਬਚਿਆਂ ਦੀ ਕੁਰਬਾਨੀ ਦਿੱਤੀ। ਰਾਤ ਦਿਨ ਕੌਮ ਦੀ ਸੁਤੰਤਰਤਾ ਪ੍ਰਾਪਤ ਕਰਨ ਵਾਸਤੇ ਜੁੱਟੇ ਰਹੇ। ਆਪ ਜੀ ਇਕ ਮਹਾਨ ਵਿਦਵਾਨ ਸਨ, ਇਸ ਲਈ ਆਪ ਜੀ ਨੇ ਇਹ ਸੋਚਿਆ ਕਿ ਇਨ੍ਹਾਂ ਕੁਰਬਾਨੀਆਂ ਦੇ ਨਾਲ-ਨਾਲ ਉੱਤਮ ਸਾਹਿਤ ਦੀ ਵੀ ਜ਼ਰੂਰਤ ਹੈ, ਕਿਉਂਕਿ ਜੇਕਰ ਸਾਹਿਤ ਕੌਮ ਦਾ ਆਪਣਾ ਹੋਵੇਗਾ, ਤਾਂ ਜਦ ਤਕ ਉਹ ਸਾਹਿਤ ਰਹੇਗਾ ਤਦ ਤਕ ਉਹ ਕੌਮ ਬਣੀ ਰਹੇਗੀ। ਕੌਮ ਵਿਚ ਸੰਗਠਨ, ਤੇ ਸੁੱਤੀ ਅਣਖ ਦੀ ਜਾਗ੍ਰਤੀ ਸਾਹਿਤ ਦੇ ਮਾਧਿਅਮ ਨਾਲ ਹੀ ਪੈਦਾ ਕੀਤੀ ਜਾ ਸਕਦੀ ਹੈ। "ਵਾਰ ਸ੍ਰੀ ਭਗਉਤੀ ਜੀ ਕੀ" ਦੀ ਰਚਨਾ ਦਾ ਮੰਤਵ ਅਸਲ ਵਿਚ ਤੇ ਕਲਗੀਧਰ ਹੀ ਜਾਣਦੇ ਸਨ, ਪਰ ਅਸੀਂ ਇਥੇ ਆਪਣੀ ਅਲਪ ਬੁੱਧੀ ਦੇ ਅਨੁਸਾਰ ਇਸ ਰਚਨਾ ਦੇ ਲਿਖਤ ਬਧ ਕਰਨ ਦੇ ਮੁੱਦੇ ਉਪਰ ਵਿਚਾਰ ਪੇਸ਼ ਕਰਦੇ ਹਾਂ :—

1. ਗੱਲਾਂ ਬਾਤਾਂ ਰਾਹੀਂ ਸਿਖਿਆ ਉਪਸਿਥਤ ਜਨਤਾ ਤਕ ਸੀਮਤ ਰਹਿੰਦੀ ਹੈ, ਤੇ ਉਹ ਸਿਖਿਆ ਮਗਰੋਂ ਹਵਾ ਵਿਚ ਮਿਲ ਕੇ ਹਵਾ ਹੋ ਜਾਂਦੀ ਹੈ, ਆਉਣ

Namdhari Elibrary NamdhariElibrary@gmail.com

ਵਾਲੀਆ ਨਸਲਾਂ ਉਸ ਤੋਂ ਪੂਰਾ ਲਾਭ ਨਹੀਂ ਉਠਾ ਸਕਦੀਆਂ ਕਿਉਂਕਿ ਸੁਣੀਆਂ-ਸੁਣਾਈਆਂ ਗੱਲਾਂ ਵਿਚ ਅਸਲੀਅਤ ਮਿਟ ਜਾਂਦੀ ਹੈ ਤੇ ਕਹਿਣ ਵਾਲੇ ਲੋਕਾਂ ਦੇ ਆਪਣੇ ਜਜ਼ਬੇ ਉਸ ਵਿਚ ਸ਼ਾਮਲ ਹੋ ਜਾਂਦੇ ਹਨ। ਸਾਡਾ ਇਥੇ ਕਹਿਣ ਦਾ ਮੁੱਦਾ ਇਹ ਹੈ ਕਿ ਗੁਰੂ ਪਾਸੋਂ ਸੁਣੀ ਹੋਈ ਸਿਖਿਆ ਸਿਖ ਅਗੇ ਕਿਸੇ ਨੂੰ ਦਸ ਸਕਦਾ ਹੈ ਅਤੇ ਇਹ ਸਿਲਸਿਲਾ ਨਸਲਾਂ ਤਕ ਚਲ ਕੇ ਰਲਾ ਪੈ ਸਕਦਾ ਹੈ। ਇਸ ਆਸ਼ੇ ਨੂੰ ਮੁਖ ਰਖ ਕੇ ਗੁਰੂ ਦੇਵ ਨੇ ਜਿਸ ਕਥਾ ਨੂੰ ਕੌਮ ਦੀ ਬੇਹਤਰੀ ਵਾਸਤੇ ਚੁਣਿਆ, ਉਸ ਨੂੰ ਲਿਖਤ ਬਧ ਕਰ ਦਿੱਤਾ, ਤਾਕਿ ਆਉਣ ਵਾਲੀਆਂ ਨਸਲਾਂ ਵੀ ਇਸ ਤੋਂ ਲਾਭ ਪ੍ਰਾਪਤ ਕਰਦੀਆਂ ਰਹਿਣ। ਜਦ ਤਕ ਦੁਨੀਆਂ ਕਾਇਮ ਰਹੇਗੀ ਕਲਗੀਧਰ ਦਾ ਮੰਤਵ ਪੂਰਾ ਹੁੰਦਾ ਰਹੇਗਾ। ਲੋਕ ਇਸ ਸਾਹਿਤ ਤੋਂ ਉਤਸ਼ਾਹ ਪ੍ਰਾਪਤ ਕਰਦੇ ਰਹਿਣਗੇ।

2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪੁਰਾਣਾਂ, ਰਾਮਾਇਣ ਅਤੇ ਮਹਾਂ ਭਾਰਤ ਆਦਿ ਦਾ ਪਾਠ ਕੇਵਲ ਦਿਖਾਵੇ ਵਾਸਤੇ ਕੀਤਾ ਜਾਂਦਾ ਸੀ ਜਾਂ ਇਸ ਪਾਠ ਦੇ ਕਾਰਨ ਨਾਲ, ਬਗੈਰ ਕੋਈ ਅਮਲ ਕੀਤੇ ਮੋਖ ਪ੍ਰਾਪਤ ਹੋ ਜਾਵੇਗੀ, ਇਸ ਪ੍ਰਕਾਰ ਦੀ ਰੁਚੀ ਜਨਤਾ ਦੇ ਦਿਲ ਦਿਮਾਗ਼ ਵਿਚ ਕੰਮ ਕਰ ਰਹੀ ਸੀ। ਗੁਰੂ ਜੀ ਨੇ ਇਸ ਦਾ ਅਹਿਸਾਸ ਕੀਤਾ ਤੇ ਇਸ ਪੁਰਾਣਿਕ ਸਾਹਿਤ ਨੂੰ ਕੌਮ ਵਿਚ ਜੋਸ਼, ਸੰਗਠਨ ਤੇ ਸੁਤੰਤਰਤਾ ਪ੍ਰਾਪਤੀ ਦਾ ਮਾਧਿਅਮ ਬਣਾਇਆ। ਇਸ ਨੂੰ ਕੇਵਲ ਕਥਾ-ਵਾਰਤਾ ਤਕ ਸੀਮਤ ਨਹੀਂ ਰਹਿਣ ਦਿੱਤਾ। ਇਸ ਢੰਗ ਨਾਲ ਮਾਰਕੰਡੇ ਪੁਰਾਣ ਵਿਚੋਂ ਕਥਾ ਵਸਤੂ ਲੈ ਕੇ, ਇਸ ਵਾਰ ਨੂੰ ਪੇਸ਼ ਕੀਤਾ ਕਿ ਜਿਸ ਦੇ ਸੁਣਨ ਨਾਲ ਮੁਰਦਾ ਦਿਲਾਂ ਵਿਚ ਜਾਨ ਪੈ ਜਾਵੇ ਅਤੇ ਆਪ ਜੀ ਦਾ ਇਹ ਉਪਰਾਲਾ ਉਸੇ ਕਿਸਮ ਦਾ ਹੈ, ਜਿਵੇਂ ਯੂਨਾਨ ਵਿਚ ਕਿਸੇ ਵੇਲੇ ਦੋ ਟਾਪੂਆਂ ਵਿਚ ਲੜਾਈ ਚਲ ਰਹੀ ਸੀ, ਇਕ ਟਾਪੂ ਨੂੰ ਬਾਰ ਬਾਰ ਹਾਰ ਹੋਈ ਅੰਤ ਵਿਚ ਉਥੋਂ ਦੀ ਹਕੂਮਤ ਨੇ ਪ੍ਰਤੀਬੰਧ ਲਗਾ ਦਿੱਤਾ ਕਿ ਜੋ ਕੋਈ ਦੂਸਰੇ ਟਾਪੂ ਉੱਪਰ ਹਲਾ ਬੋਲਣ ਲਈ ਉਕਸਾਏਗਾ ਉਸ ਨੂੰ ਫਾਂਸੀ ਦੇ ਦਿੱਤੀ ਜਾਵੇਗੀ। ਇਕ ਕਵੀ ਨੇ ਕੌਮ ਦੀ ਇਸ ਗਿਰਾਵਟ ਦਾ ਅਹਿਸਾਸ ਕੀਤਾ ਤੇ ਆਪਣੇ ਆਪ ਨੂੰ ਪਾਗ਼ਲ ਸਾਬਤ ਕਰਕੇ ਇਕ ਕਵਿਤਾ ਜਨਤਾ ਵਿਚਕਾਰ ਪੜ੍ਹੀ ਜਿਸ ਦੇ ਸੁਣਦਿਆਂ ਲੋਕਾਂ ਵਿਚ ਜੋਸ਼ ਦਾ ਤੂਫ਼ਾਨ ਪੈਦਾ ਹੋ ਗਿਆ ਅਤੇ ਉਨ੍ਹਾਂ

Namdhari Elibrary NamdhariElibrary@gmail.com

ਨੇ ਆਪਣੇ ਪੁਰਾਣੇ ਦੁਸ਼ਮਣ ਉਪਰ ਜਿੱਤ ਪ੍ਰਾਪਤ ਕੀਤੀ। ਕਲਗੀਧਰ ਦੇ ਇਸ ਸਾਹਿਤ ਨੇ ਉਸ ਸਮੇਂ ਦੇ ਸੁੱਤੇ ਹੋਏ ਸਮਾਜ ਨੂੰ ਹਲੂਣਿਆ ਅਤੇ ਲੋਕਾਂ ਦੇ ਦਿਲਾਂ ਵਿਚ ਉਤਸ਼ਾਹ ਭਰ ਦਿੱਤਾ ਤੇ ਇੰਜ ਆਪ ਜੀ ਦਾ ਮੰਤਵ ਪੂਰ· ਹੋਇਆ ਤੇ ਅਗੇ ਹੁੰਦਾਂ ਰਹੇਗਾ।

3. ਭਗਤੀ ਲਹਿਰ ਦੇ ਭਾਰਤੀ ਸੰਤਾਂ ਨੇ ਜਨਤਾ ਵਾਸਤੇ ਬਹੁਤ ਸ਼ੁਭ ਕਾਰਜ ਕੀਤਾ। ਸਮਾਜ ਸੁਧਾਰ ਦਾ ਉਪਰਾਲਾ ਕੀਤਾ। ਅਧਿਆਤਮਕ ਵਿਦਿਆ ਦਾ ਪ੍ਰਚਾਰ ਕੀਤਾ। ਮਨੁੱਖ ਨੂੰ ਅਸਲੀ ਮਨੁੱਖ ਬਨਾਉਣ ਦਾ ਜਤਨ ਕੀਤਾ, ਪਰ ਸਿਵਾਏ ਗੁਰੂ ਨਾਨਕ ਦੇਵ ਦੇ ਹੋਰ ਕਿਸੇ ਸੰਤ ਨੇ ਇਸਤ੍ਰੀ ਸਮਾਜ ਦੇ ਸੁਧਾਰਣ ਬਾਰੇ ਇਕ ਸ਼ਬਦ ਵੀ ਨਹੀਂ ਕਿਹਾ ਸਗੋਂ ਕਬੀਰ ਜੈਸੇ ਵਿਸ਼ਾਲ-ਹਿਰਦੇ ਸੰਤ ਨੇ ਇਸਤ੍ਰੀ ਜਾਤੀ ਨੂੰ ਨਿੰਦਿਆ, ਗੋਰਖ ਆਦਿ ਸੰਤਾਂ ਨੇ ਇਸਤ੍ਰੀ ਨੂੰ ਮੋਖ ਦੇ ਰਾਹ ਦਾ ਇਕ ਰੋੜਾ ਸਾਬਤ ਕੀਤਾ, ਕੇਵਲ ਪੰਜਾਬ ਦੇ ਭਕਤੀ ਲਹਿਰ ਦੇ ਪ੍ਰਤੀਨਿਧ ਦੇ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਜਾਤੀ ਦੇ ਪਖ ਨੂੰ ਨਿਆਇ ਭਰਪੂਰ ਦ੍ਰਿਸ਼ਟੀ ਕੋਣ ਨਾਲ ਪੇਸ਼ ਕੀਤਾ ਅਤੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ :—

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥

ਕਲਗੀਧਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਅਪਣਾਈ ਰਖਿਆ ਹੈ ਤੇ ਉਨ੍ਹਾਂ ਸਿਧਾਂਤਾਂ ਦੀ ਵਿਆਖਿਆ ਵਿਚ ਕੋਈ ਕਸਰ ਬਾਕੀ ਨਹੀਂ ਰਖੀ। ਗੁਰੂ ਜੀ ਨੇ ਇਸਤ੍ਰੀ ਦੇ ਮਾਣ ਅਤੇ ਸਤਿਕਾਰ ਵਿਚ ਵਾਧਾ ਕਰਨ

Namdhari Elibrary NamdhariElibrary@gmail.com

ਲਈ ਤੇ ਗੁਰੂ ਨਾਨਕ ਦੇਵ ਦੇ ਇਸਤ੍ਰੀ ਸਮਾਜ ਸੁਧਾਰ ਨੂੰ ਜਗਤ ਮਾਤ ਸਿਧ ਕਰਕੇ ਕੇਵਲ ਮਾਤਾ ਰੂਪ ਵਿਚ ਹੀ ਸੀਮਤ ਨਹੀਂ ਰਖਿਆ ਸਗੋਂ ਉਸ ਨੂੰ ਬਚਿਆਂ ਦੀ ਰਖਿਆ ਕਰਨ ਵਿਚ ਸੂਰਬੀਰਤਾ ਦੇ ਚਿਨ੍ਹ ਵਿਚ ਸਥਾਪਤ ਕੀਤਾ ਅਤੇ ਦਸਿੱਆ ਕਿ ਇਸਤ੍ਰੀ ਕੇਵਲ ਮਾਤਾ ਹੀ ਨਹੀਂ ਸਗੋਂ ਉਹ ਆਪਣਿਆਂ ਬਚਿਆਂ ਵਾਸਤੇ ਛੱਤ ਛਾਂ ਵੀ ਹੈ ਅਤੇ ਉਹ ਆਪਣੇ ਬਚਿੱਆਂ ਦੀ ਰਖਿਆ ਲਈ ਵਡੇ ਤੋਂ ਵਡਾ ਕਾਰਜ ਕਰ ਸਕਦੀ ਹੈ, ਇਸ ਲਈ ਇਸਤ੍ਰੀ ਜਾਤੀ ਨਿੰਦਣ ਜੋਗ ਨਹੀਂ ਸਗੋਂ ਸ਼ਲਾਘਾ ਜੋਗ ਅਤੇ ਪੂਜਨੀਯ ਹੈ। ਉਹ ਮੋਖ ਦੇ ਰਾਹ ਦਾ ਰੋੜਾ ਨਹੀਂ ਸਗੋਂ ਮੋਖ ਦਾਤੀ ਹੈ, ਕਿਉਂ ਜੋ ਉਹ ਜੀਵਨ ਦਾਨ ਦਿੰਦੀ ਹੈ ਅਤੇ ਇਸ ਮਨੁੱਖਾ ਜੀਵਨ ਰਾਹੀਂ ਮਨੁੱਖ ਪ੍ਰਭੂ ਪ੍ਰਾਪਤੀ ਕਰ ਸਕਦਾ ਹੈ।

੮. ਅਭਿਮਾਨ ਮਨੁੱਖ ਨੂੰ ਰਾਖਸ਼ ਬਣਾ ਦਿੰਦਾ ਹੈ ਅਤੇ ਅੰਤ ਉਸ ਦਾ ਨਾਸ਼ ਹੋ ਜਾਂਦਾ ਹੈ। ਜੇ ਦੇਵਤੇ ਵੀ ਆਪਣੇ ਕਰਤੱਵ ਨੂੰ ਭੁਲ ਜਾਣਗੇ, ਤਦ ਉਹਨਾਂ ਦੀ ਹਾਲਤ ਵਿਗੜ ਜਾਵੇਗੀ ਤੇ ਉਹ ਆਪਣੇ ਪਦ, ਮਾਣ ਅਤੇ ਮਰਯਾਦਾ ਨੂੰ ਖੋ ਬੈਠਣਗੇ। ਦੁਖਾਂ ਤੇ ਤਕਲੀਫਾਂ ਦਾ ਸ਼ਿਕਾਰ ਹੋ ਜਾਣਗੇ। ਦਰ-ਦਰ ਦੇ ਧੱਕੇ ਖਾਣੇ ਪੈਣਗੇ। ਪਰ ਜੇ ਉਹ ਸੰਭਲ ਕੇ [1]ਜਗ-ਮਾਤ ਦੀ ਸ਼ਰਨ ਵਿਚ ਜਾ ਕੇ ਆਪਣੀ ਅਸਲੀਅਤ ਨੂੰ ਸਮਝ ਲੈਣਗੇ, ਤਦ ਮੁੜ ਉਹ ਆਪਣਾ ਖੋਇਆ ਹੋਇਆ ਮਾਣ ਪ੍ਰਾਪਤ ਕਰ ਲੈਣਗੇ। ਬਚਿੱਤਰ ਨਾਟਕ ਵਿਚ ਕਲਗੀਧਰ ਦਸਦੇ ਹਨ :—

ਜਬ ਪਹਿਲੇ ਹਮ ਸ੍ਰਿਸ਼ਟਿ ਬਨਾਈ ॥
ਦਈਤ ਰਚੇ ਦੁਸ਼ਟ ਦੁਖਦਾਈ ॥
ਤੇ ਭੁਜ ਬਲ ਬਵਰੇ ਹ੍ਵੈ ਗਏ ॥
ਪੂਜਤ ਪਰਮ ਪੁਰਖ ਰਹਿ ਗਏ ॥
ਤੇ ਹਮ ਤਮਕਿ ਤਨਕ ਮੋ ਖਾਪੇ ॥
ਤਿਨ੍ਹਕੀ ਠਉਰ ਦੇਵਤਾ ਥਾਪੇ ॥

---

1. ਜਗ-ਮਾਤ = ਪਰਮਾਤਮਾ ਹੀ ਸਾਰੇ ਜਗਤ ਦੀ ਮਾਤਾ ਹੈ ਜੋ ਸਾਰੇ ਦੇਵਤਿਆ ਅਤੇ ਦੁਰਗਾ ਆਦਿ ਦੇਵੀਆਂ ਦੀ ਸਾਜਣ-ਹਾਰ ਹੈ।

Namdhari Elibrary NamdhariElibrary@gmail.com

ਤੇ ਭੀ ਬਲ ਪੂਜਾ ਉਰਝਾਏ ॥
ਆਪਨ ਹੀ ਪਰਮੇਸਰ ਕਹਾਏ ॥
ਮਹਾ ਦੇਵ ਅਚੁਤ ਕਹਵਾਯੋ ॥
ਬਿਸਨ ਆਪ ਹੀ ਕੋ ਠਹਰਾਯੋ ॥
ਬ੍ਰਹਮ ਆਪ ਪਾਰਬ੍ਰਹਮ ਬਖਾਨਾ ॥
ਪ੍ਰਭੂ ਕੋ ਪ੍ਰਭੂ ਨ ਕਿਨਹੂੰ ਜਾਨਾ ॥

ਉਪਰੋਕਤ ਵਿਚਾਰ ਦਾ ਭਾਵ ਇਹ ਹੈ ਕਿ ਜਦ-ਜਦ ਦੇਵਤੇ ਵੀ ਅਭਿਮਾਨ ਵਿਚ ਆਏ, ਤਦ ਉਹਨਾਂ ਦਾ ਅਭਿਮਾਨ ਤੋੜਨ ਲਈ ਰਾਖਸ਼ ਪੈਦਾ ਕੀਤੇ, ਜਦ ਉਹ ਜ਼ਾਲਮ ਹੋ ਗਏ, ਤਦ ਪ੍ਰਭੂ ਨੂੰ ਕੋਈ ਐਸੀ ਸ਼ਕਤੀ ਸੰਸਾਰ ਵਿਚ ਭੇਜਣੀ ਪਈ ਜਿਸ ਨੇ ਰਾਖਸ਼ਾਂ, ਭੈੜਿਆਂ ਅਤੇ ਅਤਿਆਚਾਰੀਆਂ ਦਾ ਨਾਸ਼ ਕੀਤਾ ਅਤੇ ਜਨਤਾ ਨੂੰ ਸਿੱਧੇ ਰਾਹੇ ਪਾਇਆ। ਇਸ ਵਾਰ ਵਿਚ ਕਲਗੀਧਰ ਮੁੱਢ ਵਿਚ ਹੀ ਨਾਟਕੀ ਢੰਗ ਨਾਲ ਦਸਦੇ ਹਨ :—

ਅਭਿਮਾਨ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ ॥

ਸੋ ਇਸ ਸਾਹਿਤ ਰਚਨਾ ਦਾ ਮਕਸਦ ਇਹ ਸੀ ਕਿ ਕੌਮ ਵਿਚੋਂ ਝੂਠੇ ਅਭਿਮਾਨ ਨੂੰ ਦੂਰ ਕੀਤਾ ਜਾਵੇ, ਕਿਉਂਕਿ ਹੰਕਾਰ ਮਨੁੱਖ ਦੇ ਸ਼ੁਭ ਗੁਣਾਂ ਦਾ ਨਾਸ਼ ਕਰ ਦਿੰਦਾ ਹੈ ਤੇ ਉਹ ਆਪਣੀ ਮਾਣ ਮਰਯਾਦਾ ਖੋ ਬੈਠਦਾ ਹੈ, ਅਭਿਮਾਨ ਨੂੰ ਤਰਕ ਕਰਕੇ ਆਪਣੇ ਕਰਤੱਵ ਦੇ ਪਾਲਣ ਕਰਨ ਲਈ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ।

5. ਇਸਤ੍ਰੀ ਕੇਵਲ ਵਿਲਾਸਤਾ ਦਾ ਚਿਨ੍ਹ ਨਹੀਂ, ਉਹ ਸੰਸਾਰ ਵਿਚ ਵੱਡੇ ਤੋਂ ਵੱਡਾ ਯੁੱਧ ਕਰ ਸਕਦੀ ਹੈ। ਉਹ ਕੇਵਲ ਪਰਦੇ ਵਿਚ ਰਖਣ ਲਈ ਨਹੀਂ ਉਹ ਯੁੱਧ ਦੇ ਮੈਦਾਨਾਂ ਵਿਚ ਰਣ-ਚੰਡੀ ਬਣ ਸਕਦੀ ਹੈ। ਉਹ ਕੇਵਲ ਕੋਮਲ ਅੰਗਾਂ ਦਾ ਮੁਜੱਸਮਾ ਨਹੀਂ, ਸਗੋਂ ਉਹ ਬਜ੍ਰ ਨਾਲੋਂ ਵੀ ਜ਼ਿਆਦਾ ਸਖਤ ਹੋ ਸਕਦੀ ਹੈ, ਉਹ ਕੇਵਲ ਮਿੱਠੇ ਮਿੱਠੇ ਗੀਤ ਹੀ ਗਾਉਣ ਲਈ ਨਹੀਂ ਸਗੋਂ ਸਿੰਘ ਅਤੇ ਬਿਜਲੀ ਵਾਂਗ ਬੁਕ ਕੇ ਕੜਕ ਸਕਦੀ ਹੈ। ਇਸ ਸਾਹਿਤ ਰਾਹੀਂ ਗੁਰੂ ਜੀ ਨੇ ਇਸਤ੍ਰੀ ਜਾਤੀ ਨੂੰ ਉਤਸ਼ਾਹ ਦਿੱਤਾ ਹੈ ਕਿ ਉਹ ਮਨੁੱਖਾਂ (ਆਪਣੀ ਔਲਾਦ) ਨੂੰ ਸੁਤੰਤਰਤਾ ਦਿਲਵਾ

Namdhari Elibrary NamdhariElibrary@gmail.com

ਸਕਦੀ ਹੈ। ਉਹ ਮਨੁੱਖਾਂ ਦੀ ਵਿਲਾਸਤਾ ਜਾਂ ਲਿੰਗ ਵਾਸ਼ਨਾ ਦਾ ਸਾਧਨ ਨਹੀਂ ਸਗੋਂ ਉਸ ਦੀ ਰਖਿਅਕ ਵੀ ਕਰਦੀ ਹੈ। ਉਹ ਵੱਡੇ-ਵੱਡੇ ਰਾਖਸ਼ਾਂ ਨੂੰ ਰਣ ਵਿਚ ਜਿੱਤ ਸਕਦੀ ਹੈ, ਇੰਦਰ ਜਿਹੇ ਦੇਵਤਿਆਂ ਦੀ ਹਥਿਆਰ-ਬੰਦ ਹੋ ਕੇ ਸਹਾਇਤਾ ਕਰ ਸਕਦੀ ਹੈ, ਉਹ ਕੇਵਲ ਗਹਿਣੇ ਕਪੜੇ ਹੀ ਪਹਿਨਣ ਲਈ ਨਹੀਂ, ਸਗੋਂ ਜਿਰਾ-ਬਕਤਰ ਤੇ ਯੁੱਧ ਦੇ ਹਥਿਆਰਾਂ ਨਾਲ ਲੈਸ ਹੋਣ ਲਈ ਵੀ ਹੈ, ਉਹ ਮਨੁੱਖਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਅਗੇ ਵਧ ਸਕਦੀ ਹੈ। ਸੋ ਇਸ ਵਾਰ ਤੋਂ ਇਸਤ੍ਰੀ ਜਾਤੀ ਨੂੰ ਉਚਾ ਲੈ ਜਾਣ ਦਾ ਗੁਰੂ ਦੇਵ ਦਾ ਮੰਤਵ ਸੀ ਅਤੇ ਜਿਸ ਵਿਚ ਆਪ ਜੀ ਸਫਲ ਹੋਏ, ਕਿਉਂਕਿ ਕਲਗੀਧਰ ਦੇ ਆਪਣੇ ਹੀ ਸਮੇਂ ਵਿਚ ਇਸਤ੍ਰੀ ਜਾਤੀ ਨੇ ਸਿੰਘਣੀਆਂ ਬਣ ਕੇ ਆਪ ਦੇ ਮੰਤਵ ਦੀ ਪੂਰਤੀ ਕਰ ਦਿੱਤੀ ਸੀ।

6. ਇਸ ਸਾਹਿਤ ਰਾਹੀਂ ਜਿੱਥੇ ਕਲਗੀਧਰ ਨੇ ਇਸਤ੍ਰੀ ਜਾਤੀ ਨੂੰ ਉਚਿਆ-ਇਆ ਉਥੇ ਪੁਰਖਾਂ ਦੀ ਅਣਖ ਨੂੰ ਵੰਗਾਰਿਆ ਤੇ ਲਲਕਾਰਿਆ ਹੈ ਤੇ ਇਸ ਸਾਹਿਤ ਮਾਧਿਅਮ ਰਾਹੀਂ ਦਸਿੱਆ ਕਿ ਜੇ ਇਸਤ੍ਰੀ ਇਕ ਵੱਡੀ ਸ਼ਕਤੀ ਦਾ ਮੁਕਾਬਲਾ ਕਰ ਸਕਦੀ ਹੈ ਤਦ ਪੁਰਖ ਕਿਉਂ ਨਹੀਂ ਕਰ ਸਕਦਾ। ਇਹੋ ਕਾਰਨ ਸੀ ਕਿ ਸਿੰਘਾਂ ਵਿਚ ਇਸ ਸਾਹਿਤ ਦੇ ਸੁਣਨ ਨਾਲ ਜੋਸ਼ ਦੇ ਤੂਫਾਨ ਉਠ ਖੜੇ ਹੁੰਦੇ ਸਨ ਅਤੇ ਉਹ ਵੱਡੀ ਤੋਂ ਵੱਡੀ ਔਕੜ ਦਾ ਮੁਕਾਬਲਾ ਕਰਨ ਲਈ ਖੜੇ ਹੋ ਜਾਂਦੇ ਸਨ। ਇਸ ਮੰਤਵ ਵਿਚ ਗੁਰੂ ਦੇਵ ਸਫਲ ਹੋਏ।

7. ਗੁਰੂ ਜੀ ਨੇ ਇਸ ਗੱਲ ਦਾ ਪ੍ਰਣ ਕੀਤਾ ਸੀ ਕਿ ਮੈਂ ਆਪਣੇ ਇਕ-ਇਕ ਸੂਰਮੇ ਨੂੰ ਲਖਾ ਨਾਲ ਲੜਾਵਾਂਗਾ ਅਤੇ ਚਿੜੀਆਂ ਤੋਂ ਬਾਜ਼ ਮਰਵਾਵਾਂਗਾ। ਇਸ ਮਕਸਦ ਨੂੰ ਪੂਰਾ ਕਰਨ ਲਈ ਗੁਰੂ ਜੀ ਨੇ "ਵਾਰ ਸ੍ਰੀ ਭਗਉਤੀ ਜੀ ਕੀ" ਦੀ ਰਚਨਾ ਇਸ ਕਲਾਤਮਕ ਢੰਗ ਨਾਲ ਕੀਤੀ ਕਿ ਜਿਸ ਵਿਚ ਇਕ ਦੁਰਗਾ ਨੂੰ ਹੀ ਬੇਸ਼ੁਮਾਰ ਰਾਖਸ਼ਾਂ ਨਾਲ ਲੜਦਿਆਂ ਦਿਖਾਇਆ ਗਿਆ ਹੈ। ਉਹ ਲਖਾ ਦੁਸ਼ਮਣਾਂ ਨੂੰ ਦੇਖ ਕੇ ਰੋਹ ਵਿਚ ਆਉਂਦੀ ਹੈ, ਆਪਣਾ ਦਿਲ ਨਹੀਂ ਤੋੜਦੀ ਸਗੋਂ ਉਹ ਇਕ ਇਕੱਲੀ, ਮੁਨਾਰਿਆਂ ਜਿਡੇ ਰਾਖਸ਼ਾਂ ਦੇ ਪੂਰਾਂ ਨੂੰ ਖਪਾ ਰਹੀ ਹੈ :—

ਘੇਰ ਲਈ ਵਰਿਆਮੀ ਦੁਰਗਾ ਆਇਕੈ ॥
ਰਾਕਸ ਵਡੇ ਅਲਾਮੀ ਭਜ ਨ ਜਾਣਦੇ ॥

Namdhari Elibrary NamdhariElibrary@gmail.com

ਅੰਤ ਹੋਏ ਸੁਰਗਾਮੀ ਮਾਰੇ ਦੇਵਤਾ ॥

... ...

ਧੂਹ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ ॥
ਚੰਡੀ ਰਾਖਸ਼ ਖਾਣੀ ਵਾਹੀ ਦੈਂਤ ਨੂੰ ॥
ਵਢੇ ਗਨ ਤਿਖਾਣੀ ਮੂਏ ਖੇਤ ਵਿਚ ॥

... ...

ਪਕੜ ਪਛਾੜੇ ਰਾਕਸਾਂ ਦਲ ਦੈਂਤਾਂ ਅੰਦਰ ਜਾਇਕੈ ॥
ਬਹੁ ਕੇਸੀ ਪਕੜ ਪਛਾੜਿਅਨਿ ਤਿਨ ਅੰਦਰਿ ਧੂਮ ਰਚਾਇਕੈ ॥
ਬਡੇ ਬਡੇ ਚੁਣ ਸੂਰਮੇ ਗਹਿ ਕੋਟੀ ਦਏ ਚਲਾਇਕੈ ॥

ਇਸ ਮਕਸਦ ਵਿਚ ਕਲਗੀਧਰ ਸਫਲ ਹੋਏ। ਆਪ ਜੀ ਦੇ ਸਾਹਿਬਜ਼ਾਦਿਆਂ ਨੇ ਲਖਾਂ ਫ਼ੌਜਾਂ ਦਾ ਵੀਰ ਅਭਮਨੂ ਵਾਂਗ ਚਮਕੌਰ ਵਿਚ ਟਾਕਰਾ ਕੀਤਾ, ਮਗਰੋਂ ਮੁਗਲਾਂ ਦੀ ਵਿਸ਼ਾਲ ਸ਼ਕਤੀ ਨਾਲ ਬੰਦੇ ਬਹਾਦਰ ਦਾ ਟਾਕਰਾ, ਬਾਬਾ ਦੀਪ ਸਿੰਘ ਦੀ ਲੜਾਈ, ਇਸ ਬੀਰ-ਰਸੀ ਸਾਹਿਤ ਦਾ ਹੀ ਤੇ ਫਲ ਸੀ। ਅਜ ਵੀ ਇਹ ਸਾਹਿਤ ਵਿਅਕਤੀਗਤ ਵੀ ਮਨੁੱਖ ਨੂੰ ਜ਼ੁਲਮ ਦੇ ਟਾਕਰੇ ਵਾਸਤੇ ਉਤਸਾਹ ਬਖਸ਼ਦਾ ਹੈ ਅਤੇ ਅੱਜ ਵੀ ਦੁਸ਼ਮਨ ਦਾ ਮੁਕਾਬਲਾ ਕਰਨ ਲਈ ਇਸ ਸਾਹਿਤ ਦੇ ਅਧਿਐਨ ਦੀ ਲੋੜ ਹੈ।

8. ਸੰਸਾਰ ਵਿਚ ਮੁੱਢ ਕਦੀਮਾਂ ਤੋਂ ਬਦੀ ਅਤੇ ਨੇਕੀ ਦੇ ਦੋ ਧੜੇ ਰਹੇ ਹਨ। ਪਹਿਲੋਂ ਬਦੀ ਨੇਕੀ ਉਪਰ ਗ਼ਲਬਾ ਆ ਜਾਂਦੀ ਹੈ, ਤੇ ਅੰਤ ਵਿਚ ਨੇਕੀ ਦੀ ਜਿੱਤ ਹੁੰਦੀ ਹੈ। ਇਸ ਮੰਤਵ ਨੂੰ ਸਪਸ਼ਟ ਕਰਨ ਲਈ ਆਪ ਜੀ ਨੇ ਸਮੇਂ ਦੀ ਹਕੂਮਤ ਨੂੰ ਬਦੀ (ਰਾਖਸ਼ਾਂ) ਦੇ ਰੂਪ ਵਿਚ ਬੰਨਿਆ ਅਤੇ ਜ਼ੁਲਮ ਦੀ ਪਿਸਦੀ ਹੋਈ ਜਨਤਾ ਨੂੰ ਦੇਵਤਿਆਂ ਦੇ ਰੂਪ ਵਿਚ ਪੇਸ਼ ਕੀਤਾ, ਤੇ ਪੁਰਸ਼ਾਰਥ ਨੂੰ ਚੰਡੀ ਦੇ ਰੂਪਕ ਰਾਹੀਂ ਸਪਸ਼ਟ ਕਰਕੇ ਜ਼ੁਲਮ-ਲਿਤਾੜੀ ਜਨਤਾ ਨੂੰ ਸਮੇਂ ਦੀ ਹਕੂਮਤ ਦੇ ਜ਼ੁਲਮ ਵਿਰੁਧ ਖੜਾ ਕੀਤਾ ਅਤੇ ਆਪਣੇ ਜੀਵਨ ਵਿਚ ਬਹੁਤ ਹਦ ਤਕ ਸਫਲ ਹੋਏ। ਨਿਹੱਥੇ ਮਨੁੱਖਾਂ ਨੇ ਇਸ ਜਜ਼ਬੇ ਹੇਠ ਮੁਗ਼ਲ ਰਾਜ ਨਾਲ ਟੱਕਰ ਲਈ, ਤੇ ਗੁਰੂ ਜੀ ਦੇ ਮੰਤਵ ਨੂੰ ਪੂਰਾ ਕੀਤਾ।

Namdhari Elibrary NamdhariElibrary@gmail.com

9. ਕਲਗੀਧਰ ਇਸ ਵਾਰ ਤੋਂ ਪਹਿਲੋਂ ਚੰਡੀ ਚਰਿਤ੍ਰ–1 ਤੇ 2 ਲਿਖ ਚੁਕੇ ਸਨ। ਪਰ ਇਹ ਦੋਵੇਂ ਰਚਨਾਵਾਂ ਸਾਹਿਤਕ–ਭਾਸ਼ਾ ਬ੍ਰਿਜੀ ਸਨ, ਜੋ ਕੇਵਲ ਸਾਹਿਤ–ਕਾਰਾਂ ਤੇ ਵਿਦਵਾਨਾਂ ਦੀ ਸੂਝ ਬੂਝ ਤਕ ਸੀਮਤ ਸਨ। ਇਨ੍ਹਾਂ ਦਾ ਲਾਭ ਆਮ ਜਨਤਾ ਨਹੀਂ ਸੀ ਉਠਾ ਸਕਦੀ। ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਆਪਣੇ ਵਿਚਾਰਾਂ ਨੂੰ ਆਮ ਜਨਤਾ ਤਕ ਪਹੁੰਚਾਉਣ ਲਈ ਪੰਜਾਬੀ ਅਤੇ ਸਾਧ ਭਾਸ਼ਾ ਪ੍ਰਧਾਨ ਪੰਜਾਬੀ ਨੂੰ ਅਪਣਾਇਆ ਸੀ। ਸੋ ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲੋਕ ਸਮੂਹ ਤਕ ਆਪਣੀ ਅਵਾਜ਼ ਨੂੰ ਪਹੁੰਚਾਣ ਲਈ 'ਵਾਰ ਸ੍ਰੀ ਭਗਉਤੀ ਜੀ ਕੀ' ਪੰਜਾਬੀ ਭਾਸ਼ਾ ਵਿਚ ਲਿਖੀ, ਜਿਸ ਦਾ ਪ੍ਰਭਾਵ ਅੱਜ ਵੀ ਸਪਸ਼ਟ ਹੈ। ਜਿਨ੍ਹਾਂ ਪ੍ਰਭਾਵ ਜਪੁਜੀ ਸਾਹਿਬ ਨੇ ਲੋਕ ਸਮੂਹ ਵਿਚ ਪਾਇਆ, ਜਿਨਾ ਪ੍ਰਭਾਵ ਮੌਲਾਨਾ ਰੂਮ ਦੀ ਮਸਨਵੀ ਨੇ ਫ਼ਾਰਸੀ ਦਾਨ ਦੁਨੀਆਂ ਵਿਚ ਪੈਦਾ ਕੀਤਾ, ਉਤਨਾ ਹੀ ਪ੍ਰਭਾਵ ਸਿੰਘਾਂ ਸੂਰਮਿਆਂ ਵਿਚ ਇਸ ਵਾਰ ਦਾ ਹੈ।

10. ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੋਂ ਪੰਜਾਬੀ ਵਿਚ ਸੂਰਬੀਰਾਂ ਦੇ ਜਸ ਵਿਚ ਵਾਰਾਂ ਲਿਖੀਆਂ ਜਾਂਦੀਆਂ ਸਨ, ਪਰ ਉਹਨਾਂ 'ਚ ਕੇਵਲ ਦੋ ਛੋਟੇ-ਛੋਟੇ ਰਾਜਪੂਤ ਰਾਜਿਆਂ ਜਾਂ ਜਾਗੀਰਦਾਰਾਂ ਦੇ ਯੁੱਧ, ਜੋ ਬੀਰ–ਰਸ ਭਰਪੂਰ ਹੁੰਦੇ ਸਨ, ਹਿੰਦੀ ਜਗਤ ਵਿਚ, ਰਾਸੋ ਨਾਮੀ ਬੀਰ–ਰਸੀ ਅਤੇ ਸ਼ਿੰਗਾਰ ਰਸੀ ਕਵਿਤਾ ਪ੍ਰਚਲਤ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਸਾਹਿਤ ਵਿਚ ਇਕ ਨਵਾਂ ਮੋੜ ਲਿਆਂਦਾ ਅਤੇ ਕਵਿਤਾ ਦੇ ਇਸ ਰੂਪ ਨੂੰ ਅਧਿਆਤਮਕ ਜਜ਼ਬਿਆਂ ਨੂੰ ਪ੍ਰਗਟਾਉਣ ਦਾ ਮਾਧਿਅਮ ਬਣਾਇਆ, ਆਸਾ ਦੀ ਵਾਰ ਤੇ ਗੁਰੂ ਗ੍ਰੰਥ ਵਿਚ ਲਿਖੀਆਂ ਹੋਰ ਵਾਰਾਂ, ਇਸ ਨਵੇਂ ਮੋੜ ਦਾ ਫਲ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ—3 ਦੀ ਵਾਰ ਰਚ ਕੇ ਇਕ ਬੰਨੇ ਸੂਰਬੀਰਤਾ ਤੇ ਦੂਜੇ ਬੰਨੇ ਅਧਿਆਤਮਕਤਾ ਨੂੰ ਉਜਾਗਰ ਕੀਤਾ। ਇਕ ਹੀ ਵਾਰ ਪਾਸੋਂ ਦੋ ਮੰਤਵ ਪ੍ਰਾਪਤ ਕੀਤੇ ਤੇ ਇਕ ਨਵੀਂ ਪ੍ਰਕਾਰ ਦੀ ਵਾਰ ਪੰਜਾਬੀ ਸਾਹਿਤ ਨੂੰ ਦਿੱਤੀ ਜੋ ਅੱਜ ਤਕ ਬੇ-ਮਿਸਾਲ ਹੈ।

11. ਪੁਰਾਣਕ ਕਥਾ ਵਿਚੋਂ ਗੁਰੂ ਜੀ ਨੇ ਪਲਾਟ ਚੁਣ ਕੇ ਜਨਤਾ ਵਿਚ ਸੰਗਠਨ ਪੈਦਾ ਕੀਤਾ ਤੇ ਏਕਤਾ ਦੇ ਮੰਤਵ ਦੀ ਪੂਰਤੀ ਦਾ ਜਤਨ ਕੀਤਾ। ਇਕ ਬੰਨਿਉਂ ਸਿਖ ਅਤੇ ਦੂਜੇ ਬੰਨਿਉਂ ਹਿੰਦੂ ਇਕ ਦੂਜੇ ਦੇ ਨੇੜੇ ਆਏ। ਜ਼ੁਲਮ ਦਾ

Namdhari Elibrary NamdhariElibrary@gmail.com

ਟਾਕੱਰਾ ਦੱਸ ਕੇ ਮੁਸਲਮਾਨਾਂ, ਹਿੰਦੂਆਂ ਅਤੇ ਸਿਖਾਂ ਨੂੰ ਕੌਮੀਅਤ ਦੀ ਲੜੀ ਵਿਚ ਪਰੋਦਿਆਂ, ਇਸ ਵਾਰ ਦਾ ਮੰਤਵ ਇਹੋ ਸੀ ਜਿਸ ਵਿਚ ਆਪ ਸਫਲ ਰਹੇ ।

ਉੱਪਰ ਅਸੀਂ ਗੁਰੂ ਦੇਵ ਦੇ ਇਸ ਸਾਹਿਤ ਰਚਨਾ ਦੇ ਮੰਤਵ ਬਾਰੇ ਇਕ ਸੰਖੇਪ ਜਿਹਾ ਖਾਕਾ ਪੇਸ਼ ਕੀਤਾ ਹੈ, ਗੁਰੂ ਦੇਵ ਦਾ [1]ਮੰਤਵ ਹੋਰ ਵੀ ਹੋ ਸਕਦਾ ਹੈ, ਜਿਸ ਨੂੰ ਉਹ ਆਪ ਭਲੀ ਪ੍ਰਕਾਰ ਜਾਣਦੇ ਸਨ ।

— o —

1. ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਤੇ 'ਦੁਰਗਾ' ਅਤੇ ਦੈਂਤਾਂ ਦਾ ਦਿਖਾਇਆ ਹੈ ਅਤੇ ਇਨ੍ਹਾਂ ਯੁੱਧਾਂ ਵਿਚ ਦੁਰਗਾ ਨੂੰ ਮਹਾਂ ਬਲੀ ਅਤੇ ਮਹਾਂ ਪ੍ਰਾਕ੍ਰਮੀ ਦਿਖਾ ਕੇ ਇਸ ਸਚਾਈ ਉਪਰ ਬਲ ਦਿੱਤਾ :—

ਤੈਂਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸ ਕਰਾਇਆ ॥

ਭਾਵ ਗੁਰੂ ਦੇਵ ਦਸਦੇ ਹਨ ਕਿ ਹੇ ਅਕਾਲ ਪੁਰਖ ! ਦੁਰਗਾ ਭਾਵੇਂ ਮਹਾਂ ਬਲੀ ਹੈ, ਜਿਸ ਨੂੰ ਨਾ ਤੇ ਦੇਵਤੇ ਅਤੇ ਨਾ ਹੀ ਦਾਨਵ ਜਿਤ ਸਕਦੇ ਹਨ, ਪਰ ਇਸ ਦੁਰਗਾ ਦਾ ਸਾਜਨਹਾਰ ਤੂੰ ਹੈਂ, ਜਿਸ ਨੂੰ ਸਿਮਰਨਾ ਹਰ ਮਨੁੱਖ ਦਾ ਕਰਤੱਵ ਹੈ ।

Namdhari Elibrary NamdhariElibrary@gmail.com

੭

ਅਲੰਕਾਰਾਂ ਤੁਕਾਂ ਅਤੇ ਰਸਾਂ ਦੀ ਵਿਆਖਿਆ

(੧) ਵਿਦਵਾਨਾ ਦਾ ਵਿਚਾਰ ਹੈ ਕਿ ਕਾਵਿ ਇਕ ਦੁਲਹਨ ਹੈ। ਸ਼ਬਦ ਅਤੇ ਅਰਥ ਇਸ ਕਾਵਿ ਦੁਲਹਨ (ਸਜ-ਵਹੁਟੀ) ਦਾ ਸਰੀਰ ਤਿਆਰ ਕਰਦੇ ਹਨ। ਜਿਸ ਵਸਤੂ ਨਾਲ ਕਾਵਿ-ਸਰੀਰ ਦੀ ਸੁੰਦਰਤਾ ਅਤੇ ਸ਼ੋਭਾ ਵਿਚ ਵਾਧਾ ਹੋਵੇ. ਉਸ ਨੂੰ ਅਲੰਕਾਰ ਕਿਹਾ ਜਾਂਦਾ ਹੈ। ਅਲੰਕਾਰ ਸ਼ਬਦ ਦਾ ਅਰਥ ਦਾ ਅਰਥ ਹੀ ਇਹ ਹੈ "ਸ਼ੋਭਾ ਨੂੰ ਵਧਾਉਣ ਵਾਲਾ=ਜ਼ੇਵਰ ਗਹਿਣਾ"। ਲੋਕ ਵਿਹਾਰ ਵਿਚ ਵੀ ਸਰੀਰ ਦੀ ਸੁੰਦਰਤਾ ਨੂੰ ਵਧਾਉਣ ਵਾਲੇ ਕੰਗਣ, ਵਾਲੀਆਂ, ਹਾਰ, ਛਾਪਾਂ ਛੱਲੇ ਆਦਿ ਹਨ ਅਸੀਂ ਇਨ੍ਹਾਂ ਨੂੰ 'ਅਲੰਕਾਰ' ਹੀ ਕਹਿੰਦੇ ਹਾਂ ਇਸ ਲਈ ਇਸ ਦਾ ਭਾਵ ਇਹ ਨਿਕਲਿਆ :—

"ਸ਼ਬਦ ਅਤੇ ਅਰਥ ਦੀ ਸ਼ੋਭਾ ਵਧਾਉਣ ਵਾਲੇ ਧਰਮਾਂ ਨੂੰ ਅਲੰਕਾਰ ਕਿਹਾ ਜਾਂਦਾ ਹੈ।" ਇਸ ਤੱਥ ਨੂੰ ਵੀ ਅਸੀਂ ਅੱਛੀ ਤਰ੍ਹਾਂ ਜਾਣਦੇ ਹਾਂ ਕਿ ਜੇ ਸਰੀਰ ਉੱਪਰ ਉਸ ਦੀ ਨਿਸਬਤ ਨਾਲੋਂ ਅਧਿਕ ਗਹਿਣੇ ਅਤੇ ਭੂਸ਼ਣ ਪਾਏ ਜਾਣ, ਤਦ ਸਰੀਰ ਦੀ ਆਪਣੀ ਸ਼ੋਭਾ ਤੇ ਸੁੰਦਰਤਾ ਛੁਪ ਜਾਂਦੀ ਹੈ, ਠੀਕ ਇੰਜ ਹੀ ਜੇ ਕਾਵਿ ਦੇ ਅੰਤਰ ਗਤ ਜ਼ਿਆਦਾ ਅਲੰਕਾਰ ਵਰਤੇ ਜਾਣਗੇ ਤਦ ਕਾਵਿ ਦਾ ਵਿਸ਼ਾ (ਵਸਤੂ-ਪੱਖ) ਛੁਪ ਜਾਵੇਗਾ ਤੇ ਕਾਵਿ ਰੋਚਕ ਨਹੀਂ ਹੋ ਸਕੇਗਾ। ਜੇ ਕਾਵਿ ਸਰੀਰ ਤੇ ਬਦੇਸੀ ਅਲੰਕਾਰ ਪਾਏ ਜਾਣਗੇ, ਤਦ ਵੀ ਕਾਵਿ ਦੀ ਸ਼ੋਭਾ ਘਟ ਜਾਏਗੀ, ਇਸ ਲਈ ਅਲੰਕਾਰ ਘਰੇਲੂ ਅਤੇ ਸਾਦੇ ਵਰਤਣੇ ਚਾਹੀਦੇ ਹਨ ਜਿਨ੍ਹਾਂ ਨੂੰ ਲੋਕ-ਸਮੂਹ ਭਲੀ ਪ੍ਰਕਾਰ ਸਮਝ ਸਕਣ ਤਾਂਕਿ ਕਾਵਿ ਸੁੰਦਰਤਾ ਬਹੁਤ ਹੀ ਰੋਚਕ ਬਣ ਜਾਵੇ। "ਵਾਰ ਸ੍ਰੀ ਭਗਉਤੀ ਜੀ ਕੀ" ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਅਤੇ ਆਪਣੇ ਚੌਗਿਰਦੇ ਵਿਚੋਂ ਅਲੰਕਾਰ ਚੁਣੇ ਹਨ। ਇਹ ਚੋਣ ਬਹੁਤ ਹੀ ਸੂਝ ਬੂਝ ਦਾ ਪਤਾ ਦਿੰਦੀ ਹੈ।

Namdhari Elibrary NamdhariElibrary@gmail.com

ਇਹ ਅਲੰਕਾਰ ਭਾਵੇਂ ਅੱਜ ਦੇ ਆਲੋਚਕਾਂ ਦੀ ਕਸੌਟੀ ਉੱਪਰ ਪੂਰੇ ਨਾ ਉਤਰਨ, ਪਰ ਇਹ ਅਲੰਕਾਰ ਆਪਣੇ ਆਪ ਵਿਚ ਪਰਣ ਅਤੇ ਬੇਮਿਸਾਲ ਹਨ। ਗੁਰੂ ਜੀ ਨੇ ਇਸ ਚੰਡੀ-3 ਵਿਚ ਅਧਿਕਤਰ ਰੂਪਕ, ਉਪਮਾ ਅਤੇ ਅਤਿਸ਼ੁਕਤੀ ਅਲੰਕਾਰਾਂ ਨੂੰ ਵਰਤਿਆ ਹੈ ਜਿਨ੍ਹਾਂ ਦਾ ਵੇਰਵਾ ਅਸੀਂ ਹੇਠ ਦੇ ਰਹੇ ਹਾਂ।

1. **ਰੂਪਕ**—ਸਰੂਪ ਅਤੇ ਗੁਣ ਕਰਕੇ ਕਿਸੇ ਜੇਹਾ ਰੂਪ ਧਾਰਨ ਕਰਨ ਵਾਲਾ 'ਰੂਪਕ'' ਅਲੰਕਾਰ ਹੈ ਅਰਥਾਤ ਬਿਨ ਨਿਸ਼ੇਧ ਦੇ ਉਪਮਾਨ ਅਤੇ ਉਪਮੇਯ ਨੂੰ ਇਕ ਰੂਪ ਠਹਿਰਾਉਣਾ। ਇਸ ਅਲੰਕਾਰ ਦੇ ਮੁਖ ਦੋ ਭੇਦ ਹਨ ਇਕ ਤਦ ਰੂਪ, ਦੂਜਾ ਅਭੇਦ। ਤਦ ਰੂਪ ਦਾ ਅਰਥ ਹੈ ਉਹੋ ਜੇਹਾ ਰੂਪ ਜਿਵੇਂ—ਕਮਲ ਜੇਹੇ ਨੇਤਰ, ਚੰਦ੍ਰਮਾ ਜੇਹਾ ਮੁਖ, ਮੋਤੀ ਜੇਹੇ ਦੰਦ ਆਦਿ, ਅਭੇਦ ਦਾ ਅਰਥ ਹੈ ਅਭਿਨ ਅਰਥਾਤ ਉਪਮੇਯ ਅਤੇ ਉਪਮਾਨ ਵਿਚ ਭੇਦ ਨਹੀਂ ਜਿਵੇਂ—ਨੇਤਰ-ਕਮਲ, ਚੰਦ੍ਰ-ਮੁਖ, ਮੋਤੀ-ਦੰਦ ਆਦਿ। ਇਸ ਰੂਪਕ ਵਿਚ ਜੇਹਾ ਤੇਹਾ ਆਦਿ ਪਦ ਨਹੀਂ ਵਰਤੇ ਜਾਂਦੇ ਕਿਉਂਕਿ ਅਭੇਦ ਰੂਪਕ ਸਿਧ ਕਰਦਾ ਹੈ ਕਿ ਨੇਤਰ-ਕਮਲ, ਮੁਖ-ਚੰਦ੍ਰਮਾ, ਦੰਦ ਮੋਤੀ ਹਨ ਇਨ੍ਹਾਂ ਵਿਚ ਕੋਈ ਭਿੰਨਤਾ ਨਹੀਂ ਹੈ, ਜਿਵੇਂ ਕਿਸੇ ਪ੍ਰਾਕਰਮੀ ਮਨੁੱਖ ਨੂੰ ਸਿੱਧੇ ਤੌਰ ਤੇ 'ਸ਼ੇਰ' ਕਿਹਾ ਜਾਵੇ ਇਹ ਰੂਪਕ ਅਲੰਕਾਰ ਹੈ, ਸ਼ੇਰ ਅਤੇ ਮਨੁੱਖ ਨੂੰ ਅਭੇਦ ਕਰ ਦਿੱਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਾਰ ਵਿਚ ਕਈ ਸਥਲਾਂ ਉਪਰ 'ਰੂਪਕ' ਅਲੰਕਾਰ ਨੂੰ ਇਕ ਉਚ ਕੋਟੀ ਦੇ ਕਲਾਕਾਰ ਦੀ ਹੈਸੀਅਤ ਵਿਚ ਵਰਤ ਕੇ ਇਸ ਕਾਵਿ ਨੂੰ ਉੱਚਾ ਤੇ ਭਾਵ ਪੂਰਣ ਬਣਾਇਆ ਹੈ ਅਤੇ ਸੰਖੇਪਤਾ ਦਾ ਵੀ ਪੂਰਾ ਸਬੂਤ ਦਿੱਤਾ ਹੈ।

ਪਉੜੀ (੧) **ਭਗਉਤੀ** (ਭਗੌਤੀ) ਦੇ ਅਰਥ ਤਲਵਾਰ ਅਤੇ ਦੁਰਗਾ ਦੇ ਹਨ। ਪਰ ਗੁਰੂ ਸਾਹਿਬ ਨੇ ਰੂਪਕ ਅਲੰਕਾਰ ਦੇ ਅਧਾਰ ਉੱਪਰ ਭਗਉਤੀ ਤੋਂ ਪ੍ਰਮਾਤਮਾ, ਸਰਬ ਸ਼ਕਤੀਮਾਨ ਨੂੰ **'ਸ਼ਕਤੀ'** ਮੰਨਿਆ ਹੈ।

ਪਉੜੀ (੨) **ਖੰਡਾ** :— ਇਹ ਸ਼ਬਦ ਰੂਪਕ ਅਲੰਕਾਰ ਦੇ ਤੌਰ ਤੇ ਵਰਤਿਆ ਹੈ ਅਤੇ ਇਸ ਤੋਂ ਭਾਵ ਮਾਇਆ ਲਿਆ ਹੈ। 'ਸ਼ਕਤੀ-ਰੂਪ'

Namdhari Elibrary NamdhariElibrary@gmail.com

ਪ੍ਰਮਾਤਮਾ ਨੇ ਸਭ ਤੋਂ ਪਹਿਲੋਂ "ਮਾਇਆ" ਨੂੰ ਪੈਦਾ ਕੀਤਾ।

ਪਉੜੀ (੩) **ਸਾਧੂ ਸਤਜੁਗ** :—ਸੰਤ ਰੂਪ ਸਮਾਂ, ਸ਼ਾਂਤ ਰਸ ਭਰਪੂਰ ਸਮਾਂ। ਸਾਧੂ ਅਤੇ ਸਤਜੁਗ ਨੂੰ ਅਭੇਦ ਕੀਤਾ ਹੈ।

ਅਧਸੀਲੀ ਤਰੇਤਾ :—ਰਜੋਗੁਣ ਅਤੇ ਸਤੋਗੁਣ ਦਾ ਮਿਲਗੋਭਾ ਸਮਾਂ, ਇਸ ਨੂੰ ਅਧਸੀਲੀ ਤਰੇਤਾ ਦੇ ਰੂਪਕ ਨਾਲ ਪ੍ਰਗਟ ਕੀਤਾ ਹੈ।

ਕਲ :—ਕਲੇਸ਼, ਝਗੜਾ, ਫਸਾਦ ਨੂੰ ਕਲ ਪੁਕਾਰਿਆ ਹੈ।

ਨਾਰਦ :—ਝਗੜਾਲੂ, ਫ਼ਸਾਦੀ, ਚੁਗਲਖੋਰ ਦੇ ਤੌਰ ਤੇ ਵਰਤ ਕੇ ਅਲੰਕਾਰ ਦੀ ਵਰਤੋਂ ਕੀਤੀ ਹੈ।

ਠਕੁਰਾਈ :—ਤੋਂ ਭਾਵ ਪਾਤਸ਼ਾਹੀ ਹੈ।

ਪਉੜੀ (੧੦) **ਸੀਹਣ ਸਾਰਦੀ** :—ਤਲਵਾਰ ਨੂੰ ਲੋਹੇ ਦੀ ਸ਼ੇਰਨੀ ਕਿਹਾ ਹੈ।

ਪਉੜੀ (੧੯) **ਚੰਡੀ** :—ਦਾ ਭਾਵ ਤਲਵਾਰ ਹੈ ਦੇਵੀ ਨਹੀਂ।

ਪਉੜੀ (੨੦) **ਫੁਲ** :—ਉਨ ਦਾ ਮੋਟੇ ਕਪੜੇ ਵਿਚੋਂ ਟਪਕਾਇਆ ਅਫੀਮ ਦਾ ਰਸ ਜਿਸ ਨੂੰ ਇਥੇ ਫੁਲ ਨਾਲ ਜ਼ਾਹਰ ਕੀਤਾ। ਨਸ਼ੇ ਨੂੰ ਫੂਲ ਦੇ ਰੂਪ ਵਿਚ ਪ੍ਰਗਟ ਕੀਤਾ ਹੈ।

ਪਉੜੀ (੪੧) **ਸੀਂਹ** :—ਕਾਲੀ ਨੂੰ ਸੀਂਹ (ਸ਼ੇਰ) ਮੰਨ ਲਿਆ ਹੈ। ਅਭੇਦ-ਰੂਪਕ ਦੇ ਤੌਰ ਤੇ ਕਾਲੀ ਨੂੰ ਸ਼ੇਰ ਮੰਨਿਆ ਗਿਆ ਹੈ।

ਪਉੜੀ (੪੨) **ਹੂਰਾਂ** :—ਕ੍ਰਿਪਾਨਾਂ ਨੂੰ ਹੂਰਾਂ ਦਾ ਰੂਪ ਦਿੱਤਾ ਹੈ ਕਿਉਂਕਿ ਉਹ ਲਹੂ ਨਾਲ ਰੰਗੀਆਂ ਹੂਰਾਂ (ਪਰੀਆਂ) ਨਜ਼ਰ ਆਉਂਦੀਆਂ ਸਨ। ਅਭੇਦ ਰੂਪਕ।

ਲਾੜਾ :—ਮੂਣਦਤ ਬੀਜ ਨੂੰ ਲਾੜਾ ਕਿਹਾ ਹੈ।

ਲਾੜੀਆਂ :—ਤਲਵਾਰਾਂ ਲਾੜੀਆਂ ਹਨ=ਸਾਲੀਆਂ।

ਪਉੜੀ (੪੩) **ਗੋਸ਼ਤ ਗਿਧੀਆਂ** :—(ਰੂਪਕ) ਤਲਵਾਰਾਂ ਜੋ ਗੋਸ਼ਤ ਖਾਣ ਦੀਆਂ ਇਛਾਵਨ ਸਨ।

ਪਉੜੀ (੪੬) **ਜਟਾਲੇ** :—ਜਟਾਂ ਵਾਲੇ ਰਾਖਸ਼ਾਂ ਨੂੰ ਜਟਾਂ ਵਾਲੇ ਸਾਧੂਆਂ ਦਾ ਰੂਪ ਮੰਨਿਆ ਹੈ।

2. **ਉਪ .ਾ** :—ਇਕ ਅਰਥ ਅਲੰਕਾਰ, ਜਿਸ ਉਕਤੀ ਵਿਚ ਉਪਮਾਨ

Namdhari Elibrary NamdhariElibrary@gmail.com

ਉਪਮੇਯ ਦੇ ਭਿੰਨ ਹੋਣ ਉੱਪਰ ਵੀ ਉਨ੍ਹਾਂ ਦੇ ਸਾਧਾਰਣ ਧਰਮ ਦੀ ਸਮਤਾ ਕੀਤੀ ਜਾਵੇ ਉਹ ਉਪਮਾ ਅਲੰਕਾਰ ਹੈ। ਇਸ ਅਲੰਕਾਰ ਦੇ ਗਿਆਨ ਲਈ ਪਹਿਲਾਂ ਚਾਰ ਸ਼ਬਦਾਂ ਦਾ (ਜੋ ਉਪਮਾ ਦਾ ਅੰਗ ਰੂਪ ਹਨ) ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ, ਅਰਥਾਤ ਉਪਮੇਯ, ਧਰਮ ਅਤੇ ਵਾਚਯ।

ਉਪਮਾਨ ਉਹ ਹੈ ਜਿਸ ਦੀ ਤੁਲਨਾ ਕਿਸੇ ਨੂੰ ਦੇਈਏ ਜਿਵੇਂ ਚੰਦ੍ਰਮਾ ਦੀ ਸਮਤਾ ਮੁਖ ਨੂੰ ਦਿੱਤੀ ਜਾਵੇ।

ਉਪਮੇਯ ਉਹ ਹੈ ਜਿਸ ਦੀ ਤੁਲਨਾ ਦੇਈਏ, ਜਿਵੇਂ ਮੁਖ ਨੂੰ ਚੰਦ੍ਰਮਾ ਸਮਾਨ ਕਿਹਾ ਜਾਂਦਾ ਹੈ।

'ਧਰਮ' ਉਹ ਹੈ ਜੋ ਉਪਮਾਨ ਅਤੇ ਉਪਮੇਯ ਵਿਚ ਸਮਾਨ ਗੁਣ ਰਖਦਾ ਹੈ ਜਿਵੇਂ ਮੁਖ ਅਤੇ ਚੰਦ੍ਰਮਾ ਵਿਚ ਪ੍ਰਕਾਸ਼ ਅਤੇ ਸੁੰਦਰਤਾ।

'ਵਾਚਕ' ਉਹ ਹੈ ਜੋ ਉਪਮਾਨ ਉਪਮੇਯ ਦੇ ਸਾਧਾਰਣ ਧਰਮ ਨੂੰ ਤੁਲ ਬੋਧਨ ਕਰਦਾ ਹੈ—ਜੈਸਾ, ਤੈਸਾ, ਜਿਉਂ, ਤਿਉਂ ਸਮ, ਸੇ, ਸਾ, ਯਥਾ, ਤਥਾ ਆਦਿ ਸ਼ਬਦ ਵਾਚਕ ਸਦਾਉਂਦੇ ਹਨ। ਉੱਪਰ ਦਸੇ ਚਾਰੇ ਅੰਗ ਜਿਸ ਉਪਮਾ ਵਿਚ ਪਾਏ ਜਾਣ ਉਹ ਪੂਰਣ ਉਪਮਾ ਹੈ, ਨਹੀਂ ਤੇ ਲੁਪਤੋਪਮਾ ਹੈ।

ਚੰਡੀ—3 ਵਿਚ ਗੁਰੂ ਜੀ ਨੇ ਉਪਮਾ ਅਲੰਕਾਰ ਦੀ ਕਾਫੀ ਵਰਤੋਂ ਕੀਤੀ ਹੈ, ਜਿਸ ਦਾ ਸੰਖੇਪ ਵੇਰਵਾ ਹੇਠ ਦਿੱਤਾ ਜਾਂਦਾ ਹੈ :—

ਪਉੜੀ (੮) 1. **ਬੀਰ ਪਰੋਤੇ ਬਰਛੀਏਂ ਜਣੁ ਡਾਲਿ ਚਮੁਟੇ ਆਵਲੇ ॥**

ਪਹਾੜੀ ਇਲਾਕੇ ਵਿਚ ਆਵਲੇ ਦੇ ਬਹੁਤ ਦਰਖ਼ਤ ਹੁੰਦੇ ਹਨ। ਆਵਲੇ ਟਾਹਣੀ ਦੇ ਸਿਰ ਲਾਗੇ ਹੁੰਦੇ ਹਨ ਤੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਗੋਲ ਗੋਲ ਫਲ ਟਾਹਣੀ ਵਿਚ ਪਰੋਤੇ ਹੋਏ ਹਨ। ਬਰਛੀ ਵਿਚ ਵੀ ਦੇਵੀ ਨੇ ਸਿਰ ਪਰੋਏ ਹੋਏ ਸਨ, ਜੋ ਇੰਜ ਲਗਦੇ ਸਨ ਕਿ ਆਵਲੇ ਦੀ ਟਾਹਣੀ ਨਾਲ ਆਮਲੇ ਚਿਪਟੇ ਹੋਏ ਹਨ।

ਸਤਿਗੁਰੂ ਇਥੇ ਉਪਮਾ ਤੋਂ ਕੰਮ ਲੈਂਦੇ ਹੋਏ ਜ਼ੋਰ ਦੇਣਾ ਚਾਹੁੰਦੇ ਹਨ ਕਿ ਦੇਵੀ ਦੀ ਬਰਛੀ ਇਸ ਕਦਰ ਦੁਸ਼ਮਣਾਂ ਦੇ ਘਾਣ ਲਾਹ ਰਹੀ ਸੀ ਕਿ ਜਿਨ੍ਹਾਂ ਦਾ

Namdhari Elibrary NamdhariElibrary@gmail.com

ਬਿਆਨ ਨਹੀਂ ਕੀਤਾ ਜਾ ਸਕਦਾ। ਸਿਰਾਂ ਦੀ ਸੰਖਿਆ ਨੂੰ ਟਾਹਣੀ ਉਪਰ ਲਗੇ ਬੇਸ਼ੁਮਾਰ ਆਉਲਿਆਂ ਨਾਲ ਉਪਮਾ ਦਿੱਤੀ ਹੈ ਅਤੇ ਬੀਰ-ਰਸ ਦਾ ਨਜ਼ਾਰਾ, ਮੂੰਹ ਬੋਲਦੀ ਤਸਵੀਰ ਵਾਂਗ ਅਖਾਂ ਅਗੇ ਫਿਰਾ ਦਿੱਤਾ ਹੈ।

2. ਇਕ ਵਢੇ ਤੇਗੀਂ ਤੜਫੀਅਨ ਮਦ ਪੀਤੇ ਲੋਟਨਿ ਬਾਵਲੇ ॥

ਤਲਵਾਰ ਦੇ ਫੱਟ ਨਾਲ ਕੱਟੇ ਹੋਏ ਰਾਖਸ਼ ਧਰਤੀ ਉੱਪਰ ਲੋਟ ਪੋਟ ਹੋ ਰਹੇ ਹਨ ਅਤੇ ਇਨ੍ਹਾਂ ਦੀ ਇਹ ਤੜਫ ਠੀਕ ਉਸੇ ਤਰ੍ਹਾਂ ਦੀ ਜਾਪਦੀ ਸੀ ਜਿਵੇਂ ਸ਼ਰਾਬੀ ਸ਼ਰਾਬ ਦੇ ਨਸ਼ੇ ਵਿਚ ਚੂਰ ਹੋ ਕੇ ਧਰਤੀ ਉਪਰ ਲੜਖੜਾ ਕੇ ਡਿਗ ਪੈਂਦਾ ਹੈ, ਇੰਜ ਹੀ ਵੱਢੇ ਹੋਏ ਰਾਖਸ਼ ਧਰਤੀ ਉਪਰ ਡਿਗ ਰਹੇ ਸਨ। ਮਰਨ ਵੇਲੇ ਉਨ੍ਹਾਂ ਦੀਆਂ ਅਖਾਂ ਸ਼ਰਾਬੀ ਵਾਂਗ ਹੋ ਜਾਂਦੀਆਂ ਸਨ ਅਤੇ ਭੋਂ ਉਪਰ ਲੰਮੇ ਪੈ ਜਾਂਦੇ ਸਨ।

3. ਜਣ ਡਸੇ ਭੂਜੰਗਮ ਸਾਵਲੇ, ਮਰ ਜਾਵਣ ਬੀਰ ਰੋਹਾਵਲੇ ॥

ਤੀਰਾਂ ਨੂੰ ਕਾਲੇ ਨਾਗਾਂ ਨਾਲ ਉਪਮਾ ਦਿੱਤੀ ਹੈ। ਤੀਰ ਇਸ ਕਦਰ ਵਿਸ਼ੈਲੇ ਸਨ ਕਿ ਜਿਉਂ ਹੀ ਤੀਰ ਸੂਰਮੇ ਦੇ ਲਗਦਾ ਸੀ, ਉਹ ਉਸ ਵੇਲੇ ਧਰਤੀ ਪੁਰ ਡਿਗ ਜਾਂਦਾ ਸੀ ਮਾਨੋ ਉਸ ਨੂੰ ਖੜੱਪੇ ਸੱਪ ਨੇ ਡੰਗ ਮਾਰ ਦਿੱਤਾ ਹੈ। ਤੀਰ ਦੀ ਮਾਰ ਇਤਨੀ ਜ਼ਬਰਦਸਤ ਸੀ ਕਿ ਜੋ ਖੜੱਪੇ ਸੱਪ ਦੀ ਜ਼ਹਿਰ ਨੂੰ ਵੀ ਮਾਤ ਕਰਦੀ ਜਾਂਦੀ ਸੀ, ਸੂਰਮੇ ਮਰਦੇ ਹੋਏ ਪਾਣੀ ਵੀ ਨਹੀਂ ਮੰਗਦੇ ਸਨ।

ਪਉੜੀ (੯) ਮਾਰੇ ਜਾਪਨ ਬਿਜਲੀ ਸਿਰ ਭਾਰ ਮੁਨਾਰੇ ॥

ਕੱਦ-ਆਵਰ ਸੂਰਮੇ ਰਣ-ਭੂਮੀ ਵਿਚ ਲੇਟੇ ਹੋਏ ਇੰਜ ਜਾਪਦੇ ਸਨ, ਜਿਵੇਂ ਕਿਸੇ ਉੱਚੇ ਮੁਨਾਰੇ ਉਪਰ ਬਿਜਲੀ ਡਿੱਗੀ ਹੈ ਅਤੇ ਉਹ ਸਿਰ ਭਾਰ ਭੋਂ ਉਪਰ ਡਿਗ ਪਿਆ ਹੈ। ਚੰਡੀ ਦੀ ਸ਼ਕਤੀ ਨੂੰ ਬਿਜਲੀ ਵਾਂਗ ਤੇਜ਼ ਅਤੇ ਤਾਕਤਵਰ ਦਸਿਆ ਹੈ ਅਤੇ ਦੈਂਤਾਂ ਨੂੰ ਪਰਬੱਤ ਮੁਨਾਰਿਆਂ ਵਤ ਪ੍ਰਗਟ ਕੀਤਾ ਹੈ।

ਪਉੜੀ (੧੧) ਵਗੈ ਰੱਤੁ ਝੁਲਾਰੀ ਜਿਉ ਗੇਰੂ ਬਾਬੁਤ੍ਰਾ ॥

ਦੈਂਤਾਂ ਦੇ ਸਰੀਰ, ਪਹਾੜ ਵਾਂਗ ਨਜ਼ਰ ਆ ਰਹੇ ਸਨ। ਇਨ੍ਹਾਂ ਦੇ ਪਰਬਤ-ਵਤ ਸਰੀਰਾਂ ਵਿਚੋਂ ਲਹੂ ਝਲਾਰਾ (ਆਬਸ਼ਾਰਾ) ਦੀ ਸ਼ਕਲ ਵਿਚ ਵਹਿ ਰਿਹਾ ਸੀ ਤੇ ਇੰਜ ਜਾਪਦਾ ਸੀ ਜਿਵੇਂ ਕਿਸੇ ਪਹਾੜ ਉਪਰੋਂ ਗੇਰੂਏ ਰੰਗ ਦਾ ਪਾਣੀ ਉਤਰਿਆ

Namdhari Elibrary NamdhariElibrary@gmail.com

ਚਲਿਆ ਆ ਰਿਹਾ ਹੈ। ਜੰਗ ਦੀ ਕੱਟ-ਵੱਢ ਦਾ ਨਕਸ਼ਾ, ਥੋੜੇ ਜਿਹੇ ਸ਼ਬਦਾਂ ਵਿਚ ਪੂਰੀ ਤਰ੍ਹਾਂ ਪੇਸ਼ ਕਰ ਦਿੱਤਾ ਹੈ।

ਪਉੜੀ (੧੨) **ਸੀਹਾ ਵਾਂਗੂ ਗੱਜਨ ਸਭੇ ਸੂਰਮੇ ॥**

ਸੂਰਮੇ ਇੰਜ ਬੁਕ ਰਹੇ ਸਨ, ਮਾਨੋ ਸ਼ਿਕਾਰ ਨੂੰ ਦੇਖ ਸ਼ੇਰ ਚੰਘਾੜ ਰਿਹਾ ਹੋਵੇ। ਇਥੇ ਸੂਰਮਿਆਂ ਦੀ ਗੱੜਗਜ ਨੂੰ ਸ਼ੇਰ ਦੀ ਦਹਾੜ ਨਾਲ ਉਪਮਾ ਦਿੱਤੀ ਗਈ ਹੈ।

ਪਉੜੀ (੧੩) **1. ਉਖਲੀਆਂ ਨਾਸਾਂ ਜਿਨ੍ਹਾਂ ਮੂੰਹ ਜਾਪਣ ਆਲੇ ॥**

ਇਥੇ ਹਾਸ ਰਸ ਦਾ ਰੰਗ ਉਪਮਾ ਅਲੰਕਾਰ ਰਾਹੀਂ ਬੰਨ੍ਹਿਆ ਹੈ। ਰਾਖਸ਼ਾਂ ਦੇ ਡੀਲ ਡੌਲ ਨੂੰ ਡਰਾਵਣਾ, ਭਿਆਨਕ ਅਤੇ ਹਾਸੋਹੀਣਾ ਦਸਣ ਲਈ, ਨਾਸਾਂ ਨੂੰ ਉਖੱਲੀਆਂ ਅਤੇ ਮੂੰਹਾਂ ਨੂੰ ਆਲਿਆਂ ਨਾਲ ਉਪਮਾ (ਤਸ਼ਬੀਹ) ਦਿੱਤੀ ਹੈ।

2. ਗੱਜੇ ਦੁਰਗਾ ਘੇਰਿਕੈ ਜਣ ਘਣੀਅਰ ਕਾਲੇ ॥

ਇਥੇ ਸੂਰਮਿਆਂ ਦੇ ਸ਼ੋਰ ਨੂੰ ਬੱਦਲਾਂ ਦੀ ਕੜਕ ਨਾਲ ਉਪਮਾ ਦਿੱਤੀ ਗਈ ਹੈ। ਕਾਲੇ ਕਾਲੇ ਰਾਖਸ਼, ਜਿਨ੍ਹਾਂ ਦੇ ਸਿਰ ਉਪਰ ਕਾਲੇ ਖੁਲ੍ਹੇ ਵਾਲ ਸਨ, ਇਨ੍ਹਾਂ ਦੀ ਗਰਜ ਮਾਨੋ ਬੱਦਲਾਂ ਦੀ ਕੜਕ ਹੈ। ਇਹ ਰਾਖਸ਼ ਬੱਦਲਾਂ ਵਾਂਗ ਗਜਦੇ ਸਨ ਅਤੇ ਦੁਰਗਾ ਨੂੰ ਘੇਰ ਲਿਆ ਸੀ।

ਪਉੜੀ (੧੭) **1. ਤੀਰ ਫਿਰੈਂ ਰੈਬਾਰੇ ਆਮ੍ਹੋ ਸਾਮ੍ਹਣੇ ॥**

ਦੋਹਾਂ ਫ਼ੌਜਾਂ ਦੇ ਤੀਰ ਆਮੋ ਸਾਮ੍ਹਣੇ ਇੰਜ ਵਿਚਰਦੇ ਹਨ, ਜਿਵੇਂ ਕੋਈ ਰਹਿਬਰ ਅਗਵਾਈ ਕਰ ਰਿਹਾ ਹੋਵੇ। ਇਥੇ ਤੀਰਾਂ ਨੂੰ ਆਗੂ (ਰਹਿਨੁਮਾ) ਨਾਲ ਉਪਮਾ ਦਿੱਤੀ ਗਈ ਹੈ। ਇਕ ਤੀਰ ਦੂਜੇ ਤੀਰ ਦੀ ਅਗਵਾਈ ਕਰ ਰਿਹਾ ਹੈ।

2. ਡਿੱਗੇ ਜਾਣਿ ਮੁਨਾਰੇ ਮਾਰੇ ਬਿੱਜੁ ਦੇ ॥

ਇਸ ਸਥਲ ਤੇ ਮੁੜ ਸੂਰਮਿਆਂ ਦੀਆਂ ਲੋਥਾਂ ਨੂੰ ਬਿਜਲੀ ਦੇ ਡੇਗੇ ਹੋਏ ਮੁਨਾਰਿਆਂ ਨਾਲ ਉਪਮਾ ਦਿਤੀ ਹੈ।

3. ਸੁਤੇ ਜਾਣਿ ਜਟਾਲੇ ਭੰਗਾ ਖਾਇਕੈ ॥

ਰਣ-ਖੇਤ ਵਿਚ ਸੂਰਮੇ ਮਰੇ ਹੋਏ ਇੰਜ ਜਾਪਦੇ ਹਨ, ਜਿਵੇਂ ਜਟਾਂ ਵਾਲੇ

Namdhari Elibrary NamdhariElibrary@gmail.com

ਸਾਧੂ ਭੰਗ ਦੇ ਨਸ਼ੇ ਵਿਚ ਬੇਹੋਸ਼ ਪਏ ਹਨ। ਮੁਰਦਾ ਲੋਥਾਂ ਨੂੰ ਨਸ਼ੇ ਨਾਲ ਚੂਰ ਹੋਏ ਸਾਧੂਆਂ ਨਾਲ ਉਪਮਾ ਦਿਤੀ ਹੈ।

ਪਉੜੀ (੧੮) **ਜਾਪੇ ਚਲੇ ਰਤੁ ਦੇ ਸਲਲੇ ਜਟ ਧਾਰੀ ॥**

ਰਾਖਸ਼ਾਂ ਦੇ ਸਰੀਰ ਵਿਚ ਲਹੂ ਦਾ ਪਰਵਾਹ ਇੰਜ ਜਾਪਦਾ ਹੈ ਜਿਵੇਂ ਸ਼ਿਵਜੀ ਦੀਆਂ ਜਟਾਂ ਵਿਚੋਂ ਗੰਗਾ ਦੀ ਧਾਰ ਬਹਿ ਰਹੀ ਹੈ। ਭਾਵ ਲਹੂ ਦੀ ਨਦੀ ਵਗ ਤੁਰੀ ਹੈ। ਲਹੂ ਦੇ ਪਰਵਾਹ ਨੂੰ ਗੰਗਾ ਦੀ ਧਾਰ ਨਾਲ ਉਪਮਾ ਦਿਤੀ ਹੈ।

ਪਉੜੀ (੧੯) **ਵਢੇ ਗਨ ਤਿਖਾਣੀ ਮੂਏ ਖੇਤਿ ਵਿਚਿ ॥**

ਦੈਂਤਾਂ ਦੀਆਂ ਲੋਥਾਂ ਦੇ ਟੁਕੜੇ, ਮੌਢੇ ਅਤੇ ਡੱਕਰੇ ਰਣ ਭੂਮੀ ਵਿਚ ਏੱਧਰ ਉੱਧਰ ਖਿਲਰੇ ਪੁਲਰੇ ਇੰਜ ਪ੍ਰਤੀਤ ਹੁੰਦੇ ਸਨ ਜਿਵੇਂ ਤਰਖਾਣਾਂ ਨੇ ਵਡੀਆਂ-ਵਡੀਆਂ ਗੇਲੀਆਂ ਦੇ ਮੌਛੇ ਪਾ ਦਿਤੇ ਹੋਣ। ਭਾਵ ਦੈਂਤ ਗੇਲੀਆਂ ਵਰਗੇ ਜਵਾਨ ਸਨ, ਜਿਨ੍ਹਾਂ ਨੂੰ ਦੁਰਗਾ ਨੇ ਤਰਖਾਣਾਂ ਵਾਂਗ ਟੋਟੇ-ਟੋਟੇ ਕਰਕੇ ਏਧਰ ਉਧਰ ਸੁਟ ਦਿਤਾ ਸੀ। ਇਸ ਉਪਮਾ ਅਲੰਕਾਰ ਵਿਚੋਂ ਚੰਡੀ ਦੀ ਬਹਾਦਰੀ ਅਤੇ ਦੈਂਤਾਂ ਦੇ ਆਕਾਰਾਂ ਬਾਰੇ ਸਪਸ਼ਟ ਗਿਆਨ ਪ੍ਰਾਪਤ ਹੋ ਜਾਂਦਾ ਹੈ।

ਪਉੜੀ (੨੦) **ਜਣੁ ਕਰੀ ਸਮਾਹਿ ਪਠਾਣੀ ਸੁਣਿਕੇ ਰਾਗ ਨੂੰ ॥**

ਚੰਡੀ ਦੀ ਮਾਰ ਖਾ ਕੇ ਦੈਂਤ ਇੰਜ ਮਰ ਰਹੇ ਸਨ ਕਿ ਮਰਦੇ ਹੋਏ ਪਾਣੀ ਵੀ ਨਹੀਂ ਮੰਗਦੇ ਸਨ, ਪਰ ਦੁਰਗਾ ਦੇ ਰੂਬਰੂ ਮਸਤਾਂ ਦੀ ਸੂਰਤ ਵਿਚ ਮਰਨ ਲਈ ਇੰਜ ਪਾਗਲ ਦੀਵਾਨੇ ਅਤੇ ਮਦਹੋਸ਼ ਹੋਏ-ਹੋਏ ਸਨ, ਜਿਵੇਂ ਪਠਾਣ ਖ਼ੁਸ਼ੀ-ਰੰਗ ਨਾਲ ਪੂਰਣ ਕਵਾਲੀ (ਸੰਗੀਤ) ਸੁਣਾ ਕੇ ਮਸਤ ਅਤੇ ਹਾਲੋਂ ਬੇਹਾਲ ਹੋ ਜਾਂਦੇ ਹਨ। ਇਸ ਪਰਕਾਰ ਦਾ ਵਜਦ ਦੈਂਤਾਂ ਉਪਰ ਛਾਇਆ ਹੋਇਆ ਸੀ ਕਿ ਉਹ ਭੰਭਟਾਂ ਵਾਂਗ ਦੇਵੀ ਦੀ ਸ਼ਮ੍ਹਾਂ ਰੂਪੀ ਤਲਵਾਰ ਉਪਰ ਸੜ ਰਹੇ ਹਨ।

ਪਉੜੀ (੨੩) **ਘੁਰੇ ਦਮਾਮੇ ਦੋਹਰੇ ਰਥ ਬਾਹਣਿ ਜਿਉ ਅਰੜਾਏ ॥**

ਜੋੜੀ ਨਗਾਰਿਆਂ ਦੀ ਗੜਗੜ ਝੋਟੇ ਦੇ ਅੜਾਟ ਨਾਲ ਮਿਲਦੀ ਜੁਲਦੀ ਸੀ। ਜਦ ਜੋੜੀ ਨਗਾਰੇ ਵੱਜੇ ਤਦ ਇਸ ਪ੍ਰਕਾਰ ਦਾ ਸ਼ੋਰ ਗੁਲ ਹੋਇਆ ਜਿਵੇਂ ਕਈ ਝੋਟੇ ਅਰੜਾ (ਅੜਾਗ) ਰਹੇ ਹੋਣ।

Namdhari Elibrary NamdhariElibrary@gmail.com

ਪਉੜੀ (੨੪) ਫੂਲ ਖਿੜੇ ਜਣੁ ਬਾਗੀਂ ਬਾਣੇ ਜੋਧਿਆਂ ॥

ਯੋਧਿਆਂ ਨੇ ਰੰਗ-ਬਰੰਗੇ ਪੋਸ਼ਾਕੇ ਪਹਿਨੇ ਹੋਏ ਸਨ, ਰਣ ਭੂਮੀ ਵਿਚ ਇਹ ਪੋਸ਼ਾਕੇ ਇੰਜ ਜਾਪਦੇ ਸਨ ਜਿਵੇਂ ਬਾਗ ਵਿਚ ਭਾਂਤ ਭਾਂਤ ਦੇ ਫੂਲ ਖਿੜੇ ਹੋਣ। ਰਣ-ਖੇਤਰ ਨੂੰ ਬਾਗ ਨਾਲ ਅਤੇ ਰੰਗ-ਬਰੰਗੀ ਵਰਦੀਆਂ ਨੂੰ ਰੰਗ-ਬਰੰਗੇ ਫੂਲਾਂ ਨਾਲ ਤਸ਼ਬੀਹ (ਉਪਮਾ) ਦਿਤੀ ਹੈ।

ਪਉੜੀ (੨੭) ਜਣੂ ਲੈ ਕਟੇ ਆਰੇ ਦਰੱਖਤ ਬਾਢੀਏ ॥

ਦੇਵੀ ਨੇ ਦੈਂਤਾਂ ਨੂੰ ਰਣ-ਖੇਤ ਵਿਚ ਵਢ-ਵਢ ਕੇ ਇੰਜ ਸੁੱਟਿਆ ਸੀ ਜਿਵੇਂ ਤਰਖਾਣ ਨੇ ਜੰਗਲ ਵਿਚ ਦਰਖਤ ਕਟੇ ਹੋਏ ਹੋਣ। ਦੈਂਤਾਂ ਦੇ ਸਰੀਰਾਂ ਨੂੰ ਦਰਖਤਾਂ ਜਿਹੇ ਦਸਿਆ ਹੈ, ਮੈਦਾਨੇ ਜੰਗ ਨੂੰ ਇਕ ਜੰਗਲ ਅਤੇ ਦੇਵੀ ਨੂੰ ਇਕ ਸੁਚੱਜੇ ਤਰਖਾਣ ਨਾਲ ਉਪਮਾ ਦਿਤੀ ਹੈ।

ਪਉੜੀ (੨੮) ਜਾਪੇ ਦਿਤੀ ਸਾਈ ਮਾਰਨ ਸੁੰਭ ਦੀ ॥

ਲੋਚਨ ਧੂਮ ਦੀ ਮੌਤ ਨੂੰ ਪੇਸ਼ਗੀ (ਬਿਆਨੇ ਦੀ ਰਕਮ) ਨਾਲ ਉਪਮਾ ਦੇ ਕੇ ਇਹ ਦਸਿਆ ਕਿ ਲੋਚਨ ਧੂਮ ਦੀ ਮੌਤ ਇਸ ਤੱਥ ਦਾ ਇਸ਼ਾਰਾ ਸੀ ਕਿ ਹੁਣ ਇਸ ਤੋਂ ਪਿਛੋਂ ਸੁੰਭ ਅਵਸ਼ ਮਾਰਿਆ ਜਾਵੇਗਾ।

ਪਉੜੀ (੨੯) ਜਾਪਨ ਅੰਬਰਿ ਤਾਰੇ ਡਿਗਨ ਸੂਰਮੇ ॥

ਇਸ ਤੁਕ ਰਾਹੀਂ ਦੈਂਤਾਂ ਦੀਆਂ ਸੁੰਦਰ ਲੋਥਾਂ ਨੂੰ ਆਸਮਾਨੀ ਤਾਰਿਆਂ ਨਾਲ ਉਪਮਾ ਦਿਤੀ ਹੈ। ਸੂਰਮੇ ਆਪਣੀਆਂ ਮਾਵਾਂ ਦੀਆਂ ਅਖਾਂ ਦੇ ਤਾਰੇ ਸਨ। ਸੂਰਮਤਾ ਵਿਚ ਸੰਸਾਰ ਦੇ ਅਸਮਾਨ ਵਿਚ ਤਾਰਿਆਂ ਵਾਂਗ ਲਿਸ਼ਕ ਰਹੇ ਸਨ, ਪਰ ਦੇਵੀ ਨੇ ਇਨ੍ਹਾਂ ਨੂੰ ਜਦ ਮਾਰਿਆ ਇਨ੍ਹਾਂ ਦੇ ਲਿਸ਼ਕਦੇ ਹੋਏ ਸਰੀਰ ਭੁੰਜੇ ਡਿਗਦੇ ਇੰਜ ਪਰਤੀਤ ਹੁੰਦੇ ਸਨ ਮਾਨੋਂ ਅਸਮਾਨ ਵਿਚੋਂ ਤਾਰੇ (ਉਲਕਾ = ਸ਼ਹਾਬੇ ਸਾਕਬ) ਟੁਟ ਰਹੇ ਹਨ।

ਪਉੜੀ (੩੦) ਜਾਪੇ ਛੱਪਰ ਛਾਏ ਬਣੀਆਂ ਕੇਜਮਾਂ ॥

(ਕੇਜਮਾ) ਤਲਵਾਰਾਂ ਦੀ ਗਿਣਤੀ ਬਹੁਤ ਹੀ ਅਧਿਕ ਸੀ ਇਸ ਲਈ ਸੂਰਮਿਆਂ ਦੀਆਂ ਸੂਤੀਆਂ ਹੋਈਆਂ ਤਲਵਾਰਾਂ ਆਪਸ ਵਿਚ ਜੁੜ ਕੇ ਇੰਜ ਤਣ ਗਈਆਂ ਸਨ ਮਾਨ ਛੱਪਰ ਪੈ ਗਿਆ ਹੈ। ਧਰਤੀ ਉਪਰ ਧੁੱਪ ਨਹੀਂ ਪੈ ਰਹੀ।

Namdhari Elibrary NamdhariElibrary@gmail.com

ਤਲਵਾਰਾਂ ਦੇ ਜੋੜ ਨੂੰ ਛੱਪਰ ਨਾਲ ਉਪਮਾ ਦੇ ਫੌਜ ਦੀ ਗਿਣਤੀ ਅਤੇ ਹਥਿਆਰਾਂ ਦੀ ਅਧਿਕਤਾ ਨੂੰ ਪ੍ਰਗਟ ਕੀਤਾ ਗਿਆ ਹੈ ।

ਪਉੜੀ (੩੧) **ਤੀਰੀਂ ਛਹਬਰ ਲਾਈ ਬੁਠੀ ਦੇਵਤਾ ॥**

ਦੇਵੀ ਨੇ ਤੀਰਾਂ ਦੀ ਇਤਨੀ ਬਰਖਾ ਕੀਤੀ ਮਾਨੋ ਤੀਰ ਨਹੀਂ ਬਾਰਸ਼ ਹੋ ਰਹੀ ਹੈ । ਤੀਰਾਂ ਦੀ ਛਹਬਰ (ਝੜੀ ਲਾ ਦਿਤੀ ਹੈ) । ਚੰਡੀ ਦੀ ਸ਼ਸਤਰ ਵਿਦਿਆ ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਪ੍ਰਗਟ ਕੀਤਾ ਗਿਆ ਹੈ । ਤੀਰਾਂ ਦੀ ਗਿਣਤੀ ਨੂੰ ਬਾਰਸ਼ ਦੀਆਂ ਬੂੰਦਾਂ ਨਾਲ ਉਪਮਾ ਦਿਤੀ ਹੈ ।

ਪਉੜੀ (੩੪) 1. **ਜਾਣ ਮਦ ਖਾਇ ਮਦਾਰੀ ਘੂਮਨ ਸੂਰਮੇ ॥**

ਦੁਰਗਾ ਨੇ ਉਹ ਕਰਤੀ ਮਾਰ ਮਾਰੀ ਕਿ ਸ੍ਰਣਵਤ ਬੀਜ ਦੇ ਸਿਪਾਹੀ ਰਣ ਭੂਮੀ ਵਿਚ ਲੋਟ ਪੋਟ ਹੋ ਰਹੇ ਦਿਖਾਈ ਦੇ ਰਹੇ ਸਨ, ਉਨ੍ਹਾਂ ਦੀ ਇਹ ਕ੍ਰਿਆ ਇੰਜ ਜਾਪਦੀ ਸੀ ਜਿਵੇਂ ਸ਼ਰਾਬੀ ਸਰਾਬ ਦੇ ਨਸ਼ੇ ਵਿਚ ਬਦਮਸਤ ਹੋ ਕੇ ਲੜ-ਖੜਾ ਅਤੇ ਲੋਟ-ਪੋਟ ਹੋ ਰਹੇ ਸਨ । ਭਾਵ ਸੂਰਮੇ ਸੁਸਰੀ ਵਾਂਗ ਧਰਤੀ ਉਪਰ ਸੌਂਦੇ ਜਾ ਰਹੇ ਸਨ ।

2. **ਜਾਪੇ ਖੇਡਿ ਖਿਡਾਰੀ ਸੁਤੇ ਫਾਗ ਨੂੰ ॥**

ਰਣ ਭੂਮੀ ਵਿਚ ਰੁਲਦੀਆਂ ਲੋਥਾਂ ਇੰਜ ਜਾਪਦੀਆਂ ਸਨ ਮਾਨੋ ਹੋਲੀ ਖੇਡਣ ਵਾਲੇ ਥੱਕ ਟੁਟ ਕੇ (ਭੰਗਾਂ ਦੇ ਨਸ਼ੇ ਵਿਚ ਚੂਰ ਹੋ ਕੇ) ਸੁਤੇ ਪਏ ਹਨ । ਇਸ ਉਪਮਾ ਤੋਂ ਇਕ ਪਾਸੇ ਦੈਂਤਾਂ ਦੀਆਂ ਮੁਰਦਾ ਲੋਥਾਂ ਦਾ ਨਜ਼ਾਰਾ ਤੇ ਦੂਜੇ ਪਾਸੇ ਹੋਲੀ ਦੇ ਖਿਡਾਰੀਆਂ ਦਾ ਨਕਸ਼ਾ ਅਖਾਂ ਅਗੇ ਫਿਰ ਜਾਂਦਾ ਹੈ ।

ਪਉੜੀ (੩੫) 1. **ਜੋਧੇ ਜੇਡੁ ਮੁਨਾਰੇ ਦਿਸਣ ਖੇਤ ਵਿਚ ॥**

ਇਸ ਵਿਚ ਯੋਧਿਆਂ ਨੂੰ ਕੱਦਾਂ ਨੂੰ ਮੁਨਾਰਿਆਂ ਨਾਲ ਉਪਮਾ ਦਿਤੀ ਗਈ ਹੈ ।

2. **ਘਾੜ ਘੜਨ ਠਠਿਆਰੇ ਜਾਣਿ ਬਣਾਇਕੈ ॥**

ਸੂਰਮੇ ਹਥਿਆਰਾ ਨੂੰ ਟੰਕਾਰਦੇ ਹਨ, ਜਿਰਾਬਕਤਰਾਂ ਉਪਰ ਤਲਵਾਰਾਂ ਵਜਦੀਆਂ ਹਨ, ਟੰਕਾਰ ਪੈਦਾ ਹੁੰਦੀ ਹੈ ਜੋ ਬਿਲਕੁਲ ਠਠਿਆਰਾਂ ਦੇ ਭਾਂਡੇ ਘੜਨ ਦੀ ਆਵਾਜ਼ ਦੇ ਸਮਾਨ ਹੈ ।

Namdhari Elibrary NamdhariElibrary@gmail.com

ਪਉੜੀ (੩੬) **ਬਿਜੁਲ ਜਿਉ ਝਰਲਾਣੀ ਉਠੀ ਦੇਵਤਾ ॥**

ਦੁਰਗਾ ਦੀ ਗੁਸੇ ਭਰੀ ਆਵਾਜ਼ ਨੂੰ ਬਿਜਲੀ ਦੀ ਕੜਕ ਨਾਲ ਉਪਮਾ ਦਿਤੀ ਗਈ ਹੈ। ਸੂਰਮਿਆਂ ਨੂੰ ਦੇਖ ਰੋਹ ਵਿਚ ਆ ਕੇ ਦੁਰਗਾ ਬਿਜਲੀ ਵਾਂਗੂ ਕੜਕ ਉਠੀ।

ਪਉੜੀ (੩੮) **ਜੋਧੇ ਜੇਡ ਮੁਨਾਰੇ ਅੰਦਰਿ ਖੇਤ ਦੇ ॥**

ਜੋਧਿਆਂ ਦੇ ਸਰੀਰ ਮੁਨਾਰਿਆਂ ਸਮਾਨ ਉਚ ਲੰਮੇ ਸਨ।

ਪਉੜੀ (੩੯) 1. **ਜਣ ਨਟ ਲੱਥੇ ਛਾਲੀ** ਢੋਲ ਵਜਾਇ ਕੈ ॥

ਸੂਰਮਿਆਂ ਦੇ ਹਥਿਆਰਾਂ ਦੀ ਖੜਕਾਰ ਤੇ ਉਹ [illegible] ਉਪਰ ਹੱਲੇ ਇੰਜ ਜਾਪਦੇ ਸਨ ਮਾਨੋ ਇਹ ਸੂਰਮੇ ਬਾਜ਼ੀਗਰ ਹਨ ਜੋ ਢੋਲ ਵਜਾ ਕੇ ਛਾਲਾਂ (ਛਾਲੀਂ ਪਾ ਰਹੇ ਹਨ) ਮਾਰ ਰਹੇ ਹਨ।

2. ਲੋਹੂ ਫਾਥੀ ਜਾਲੀ ਲੋਥੀ ਜਮਧੜੀ ॥

ਕਟਾਰ (ਜਮਧੜੀ) ਸਰੀਰ ਵਿਚ ਖੁਭੀ ਹੋਈ, ਲਹੂ ਨਾਲ ਲਾਲ ਰੰਗ ਦੀ ਹੋਈ ਇੰਜ ਨਜ਼ਰ ਆਉਂਦੀ ਹੈ ਜਿਵੇਂ ਲੋਹੂ (ਰੋਹੂ ਮੱਛੀ=ਲਾਲ ਰੰਗ ਦੀ ਮੱਛੀ ਜਾਲ ਵਿਚ ਫਸੀ ਹੋਵੇ। ਕਟਾਰ ਨੂੰ ਮੱਛੀ ਅਤੇ ਸਰੀਰ ਨੂੰ ਜਾਲ ਨਾਲ ਉਪਮਾ ਦਿਤੀ ਹੈ।

3. ਘਣ ਵਿਚਿ ਜਿਉ ਛੰਛਾਲੀ ਤੇਗਾਂ ਹਸੀਆਂ ॥

ਤਲਵਾਰਾਂ ਦੀ ਚਮਕ ਨੂੰ ਹਸਣ ਨਾਲ ਤਸ਼ਬੀਹ ਦਿਤੀ ਹੈ, ਪਰ ਤਲਵਾਰਾਂ ਦੀ ਇਹ ਚਮਕ (ਹਾਸਾ) ਬੱਦਲ ਵਿਚ ਚਮਕਦੀ ਬਿਜਲੀ ਵਾਂਗ ਸੀ।

4. ਘੁਮਰਆਰਿ ਸਿਆਲੀ ਬਣੀਆਂ ਕੇਜਮਾਂ ॥

ਤਲਵਾਰਾਂ ਇੰਜ ਛਾਈਆਂ ਹੋਈਆਂ ਸਨ, ਜਿਵੇਂ ਸਿਆਲ ਵਿਚ ਧੁੰਧ ਛਾਈ ਹੁੰਦੀ ਹੈ। ਕੇਜਮਾਂ ਦੇ ਜੋੜ ਨੂੰ ਇਥੇ ਧੁੰਧ ਨਾਲ ਉਪਮਾ ਦਿਤੀ ਹੈ।

ਪਉੜੀ (੪੦) **ਸਾਰਸੁਤੀ ਜਣੁ ਨਾਈਆਂ ਮਿਲ ਕੈ ਦੇਵੀਆਂ ॥**

ਤਲਵਾਰਾਂ ਨੂੰ ਇਥੇ ਦੇਵੀਆਂ ਨਾਲ ਉਪਮਾ ਦਿਤੀ ਹੈ ਅਤੇ ਲਹੂ ਦੇ ਪਰਵਾਹ ਨੂੰ ਸਰਸਵਤੀ ਨਦੀ ਦੇ ਸਮਾਨ ਮੰਨ ਕੇ ਕਿਹਾ ਗਿਆ ਹੈ ਕਿ ਤਲਵਾਰਾਂ ਲਹੂ ਵਿਚ ਇਸ਼ਨਾਨ ਕਰ ਰਹੀਆਂ ਸਨ।

Namdhari Elibrary NamdhariElibrary@gmail.com

ਪਉੜੀ (੪੧) 1. ਦਲ ਵਿਚ ਘੇਰਾ ਘੱਤਿਆ ਜਣ ਸੀਹ ਤੁਰਿਆ ਗਣਣਾਇਕੈ ॥

ਕਾਲੀ ਨੂੰ ਇੱਕ ਬੁਕਦੇ ਸ਼ੇਰ ਨਾਲ ਉਪਮਾ ਦਿਤੀ ਹੈ। ਦੇਵੀ ਨੇ ਦੁਸ਼ਮਨ ਦੇ ਸਿਪਾਹੀਆਂ ਨੂੰ ਇੰਜ ਘੇਰ ਲਿਆ ਹੈ ਜਿਵੇਂ ਬੁਕਦਾ ਸ਼ੇਰ ਭੇਡਾਂ ਨੂੰ ਘੇਰ ਲੈਂਦਾ ਹੈ।

2. ਅਗੇ ਰਾਕਸ ਬੈਠੇ ਰੋਹਲੇ ਤੀਰੀ ਤੇਗੀਂ ਛਹਬਰ ਲਾਇਕੈ ॥

ਤੀਰਾਂ ਅਤੇ ਤਲਵਾਰਾਂ ਨੂੰ ਝੜੀ ਨਾਲ ਉਪਮਾ ਦਿਤੀ ਹੈ।

ਪਉੜੀ (੪੪) ਥਰਿ ਥਰਿ ਪ੍ਰਿਥਵੀ ਚਾਲੀ ਦਲਾਂ ਚੜੰਦਿਆਂ ॥
ਨਾਉ ਜਿਵੇਂ ਹੈ ਹਾਲੀ ਸਹੁ ਦਰੀਆਉ ਵਿਚ ॥

ਫੌਜਾਂ ਦੀ ਚੜ੍ਹਾਈ ਨਾਲ ਪ੍ਰਿਥਵੀ ਇੰਜ ਡੋਲ ਗਈ ਜਿਵੇਂ ਦਰਿਆ ਵਿਚ ਘੁਮਣ ਘੇਰੀ ਅੰਦਰ ਬੇੜੀ ਡੋਲਦੀ ਹੈ। ਪ੍ਰਿਥਵੀ ਦੇ ਡੋਲਣ ਨੂੰ ਬੇੜੀ ਦੇ ਡੋਲਣ ਨਾਲ ਉਪਮਾ ਦਿਤੀ ਹੈ।

ਪਉੜੀ (੪੫) 1. ਚੱਲ ਸਉਹੇਂ ਦੁਰਗਸਾਹ ਜਣ ਕਾਬੇ ਹਾਜੀ ॥

ਇਹ ਦੈਂਤਾਂ ਦੇ ਟੋਲੀਆਂ ਨੂੰ ਹਾਜੀਆਂ ਦੇ ਟੋਲੀਆਂ ਨਾਲ ਅਤੇ ਦੇਵੀ ਨੂੰ ਕਾਬੇ ਨਾਲ ਉਪਮਾ ਦਿਤੀ ਹੈ। ਇਕ ਬੰਨੇ ਦੇਵੀ ਦੀ ਉਪਮਾ ਉਚੀ ਕੀਤੀ ਹੈ ਤੇ ਦੂਜੇ ਬੰਨੇ ਦੈਂਤਾਂ ਦੀ ਫੌਜ ਦੀ ਤਰਤੀਬ ਤੇ ਗਿਣਤੀ ਅਤੇ ਯੁੱਧ ਦੇ ਜੋਸ਼ ਅਤੇ ਪਿਆਰ ਉਪਰ ਚਾਨਣਾ ਪਾਇਆ ਹੈ।

2. ਇਕ ਘਾਇਲ ਘੁਮਨ ਸੂਰਮੇ ਜਣ ਮਕਤਬ ਕਾਜੀ ॥

ਜ਼ਖਮੀ ਹੋਏ ਸੂਰਮਿਆਂ ਦੀ ਲੜਖੜਾਹਟ ਨੂੰ ਮਦਰੱਸੇ ਵਿਚ ਕਾਜ਼ੀ ਦੇ ਕੁਰਾਨ ਪੜ੍ਹਨ ਵੇਲੇ ਝੂਮਣ ਨਾਲ ਉਪਮਾ ਦਿਤੀ ਹੈ।

3. ਇਕ ਬੀਰ ਪਰੋਤੇ ਬਰਛੀਏਂ ਜਿਉ ਝੁਕ ਪਉਨ ਨਿਵਾਜੀ ॥

ਬਰਛੀ ਵਿਚ ਪਰੋਤੇ ਸੂਰਮਿਆ ਨੂੰ ਨਮਾਜੀਆ ਦੇ ਸਿਜਦੇ ਨਾਲ ਉਪਮਾ ਦਿਤੀ ਹੈ।

4. ਇਕ ਧਾਵਨ ਦੁਰਗਾ ਸਾਮਣੇ ਜਿਉ ਭੁਖਿਆਏ ਪਾਜੀ ॥

ਰਾਖਸ਼ਾਂ ਨੂੰ ਭੁੱਖੇ ਪਾਜੀਆਂ ਨਾਲ ਤੁਲਨਾ ਦਿਤੀ ਹੈ।

Namdhari Elibrary NamdhariElibrary@gmail.com

ਪਉੜੀ (੪੬) ਚਲੇ ਜਾਣ ਜਟਾਲੇ ਨਾਵਣ ਗੰਗ ਨੂੰ ॥

ਜਟਾਂ ਵਾਲੇ ਦੈਂਤਾਂ ਨੂੰ ਜਟਾਧਾਰੀ ਸਾਧੂਆਂ ਨਾਲ ਅਤੇ ਰਣ ਭੂਮੀ ਜਾਂ ਦੇਵੀ ਨੂੰ ਗੰਗਾ ਨਾਲ ਉਪਮਾ ਦਿਤੀ ਹੈ।

ਪਉੜੀ (੪੮) 1. ਸਿਰ ਧੜ ਬਾਹਾਂ ਗੰਨ ਲੇ ਫੁਲ ਜੇਹੇ ਬਾੜੀ ॥

ਸੂਰਮਿਆਂ ਦੇ ਸਿਰ, ਧੜ, ਬਾਹਾਂ, ਦੇ ਟੋਟੇ ਲਹੂ ਵਿਚ ਰੰਗੇ ਹੋਏ ਇੰਜ ਜਾਪਦੇ ਹਨ ਮਾਨੋ ਫੁਲਵਾੜੀ ਵਿਚ ਗੁਲਾਬ ਦੇ ਫੁਲ ਖਿੜੇ ਹੋਏ ਹੋਣ। ਰਣ ਭੂਮੀ ਨੂੰ ਬਾਗ, ਰੰਗ-ਬਰੰਗੇ ਸਰੀਰ ਦੇ ਟੋਟੀਆਂ ਨੂੰ ਫੁਲਾਂ ਨਾਲ ਉਪਮਾ ਦਿਤੀ ਹੈ।

2. ਜਾਪੇ ਕਟੇ ਬਾਢੀਆਂ ਚੰਦਨ ਆਰੀ ॥

ਪੈਂਦਿਆਂ ਦੇ ਸਰੀਰ ਨੂੰ ਚੰਦਨ ਦੀ ਗੇਲੀ ਨਾਲ, ਦੇਵੀ ਨੂੰ ਤਰਖਾਣ ਨਾਲ, ਤਲਵਾਰ ਨੂੰ ਆਰੀ ਨਾਲ ਤਸ਼ਬੀਹ ਦਿਤੀ ਹੈ।

ਪਉੜੀ (੪੯) ਸੋਹਨ ਸੰਜਾ ਬਾਗੜਾ ਜਣ ਲਗੇ ਫਲ ਅਨਾਰ ਕੈ ॥

ਤੀਰਾਂ ਦਾ ਬਾਗੜ: (ਪਿਛਲਾ ਦੋ ਮੂੰਹਾ ਹਿਸਾ) ਕਮਾਨ ਉਪਰ ਜੁੜਿਆ, ਅਨਾਰ ਦੇ ਫੁਲ ਵਾਂਗ ਨਜ਼ਰ ਆ ਰਿਹਾ ਹੈ। ਬਾਗੜ ਨੂੰ ਅਨਾਰ ਦੇ ਫੁਲ ਨਾਲ ਉਪਮਾ ਦਿਤੀ ਹੈ।

ਪਉੜੀ (੫੨) ਜਣੁ ਹਲਵਾਈ ਸੀਖ ਨਾਲ ਵਿੰਨ ਵੜੇ ਉਤਾਰੇ ॥

ਦੁਰਗਾ ਦੀ ਬਰਛੀ ਵਿਚ ਪਰੋਤੇ ਹੋਏ ਸਿਰ ਇੰਜ ਜਾਪਦੇ ਸਨ ਜਿਵੇਂ ਹਲ-ਵਾਈ ਨੇ ਸੀਖ ਨਾਲ ਵੜੇ ਵਿੰਨੇ ਹੋਣ। ਬਰਛੀ ਨੂੰ ਸੀਖ, ਮੁੰਡੀਆਂ ਨੂੰ ਵੜਿਆਂ ਨਾਲ ਉਪਮਾ ਦਿਤੀ ਗਈ ਹੈ।

ਪਉੜੀ (੫੩) ਜਣੁ ਰਜਾਦੀ ਉਤਰੀ ਪੈਨਿ ਸੂਹੀ ਸਾਰੀ ॥

ਦੋ ਧਾਰੀ ਬਰਛੀ ਨੂੰ ਸੂਹੀ ਸਾੜ੍ਹੀ ਪਹਿਨੇ ਹੋਈ ਰਾਜਕੁਮਾਰੀ ਨਾਲ ਉਪਮਾ ਦਿਤੀ ਹੈ। ਉਪਰੋਕਤ ਉਪਮਾ ਅਲੰਕਾਰਾਂ ਦੀ ਸੁਚੱਜੀ ਵਰਤੋਂ ਅਤੇ ਵਿਉਂਤ ਨੂੰ ਦੇਖ ਕੇ ਅਸੀਂ ਇਸ ਸਿਟੇ ਉਪਰ ਪੁਜਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗਿਆਨ ਬਹੁਤ ਹੀ ਵਿਸ਼ਾਲ ਹੈ। ਉਪਮਾ ਅਲੰਕਾਰਾਂ ਨਾਲ 'ਵਾਰ ਸ੍ਰੀ ਭਗਉਤੀ ਜੀ ਕੀ' ਨੂੰ ਇਕ ਗੁਲਦਸਤਾ ਬਣਾ ਦਿਤਾ ਹੈ, ਜਿਸ ਦੇ ਫੁਲਾਂ ਦੀ ਖੁਸ਼ਬੋ ਰਹਿੰਦੀ ਦੁਨੀਆਂ

Namdhari Elibrary NamdhariElibrary@gmail.com

ਤਕ ਲੋਕਾਂ ਦੇ ਦਿਲਾਂ ਨੂੰ ਤਾਜ਼ਾ ਤੇ ਲਹੂ ਨੂੰ ਗਰਮਾਉਂਦੀ ਰਹੇਗੀ। ਚੰਡੀ-3 ਮਾਨੋ ਇਕ ਫੁਲਵਾੜੀ ਹੈ ਅਤੇ ਉਪਮਾ ਅਲੰਕਾਰ ਇਸ ਫੁਲਵਾੜੀ ਦੇ ਰੰਗ-ਬਰੰਗੇ ਫੁਲ ਹਨ, ਜੋ ਆਪਣੇ ਮਾਲੀ ਦੀ ਸੁਚੱਜਤਾ, ਮਿਹਨਤ ਅਤੇ ਮੁਸ਼ਕਤ ਨੂੰ ਚਲਦੀਆਂ ਫਿਰਦੀਆਂ ਮੂੰਹ ਬੋਲਦੀਆਂ ਤਸਵੀਰਾਂ ਵਾਂਗ ਪੇਸ਼ ਕਰ ਰਹੇ ਹਨ।

3. **ਅਤਿਸ਼ਯੋਕਤਿ ਜਾਂ ਅਤਯੁਕਤਿ** (ਮੁਬਾਲਗਾ)— ਬਹੁਤ ਵਧ ਕੇ ਕਹਿਣ ਦੀ ਕਾਵਿ ਰੀਤੀ, ਇਕ ਅਰਥ ਅਲੰਕਾਰ hyperbole ਹੈ, ਜਿਸ ਵਿਚ ਕਿਸੇ ਗਲ ਨੂੰ ਬਹੁਤ ਵਧਾ ਚੜ੍ਹਾ ਕੇ ਵਰਣਨ ਕੀਤਾ ਜਾਂਦਾ ਹੈ। ਫ਼ਾਰਸੀ ਅਲੰਕਾਰਾਂ ਅਨੁਸਾਰ ਇਸ ਦੀਆਂ ਤਿੰਨ ਸੂਰਤਾਂ ਹਨ। ਇਕ ਉਹ ਮੁਬਾਲਗਾ, ਜਿਸ ਨੂੰ ਅਕਲ ਮੰਨ ਲਏ, ਪਰ ਕਰਨੀ ਵਿਚ ਨਾ ਆ ਸਕੇ ਦੂਜਾ ਉਹ ਮੁਬਾਲਗਾ ਜਿਸ ਨੂੰ ਅਕਲ ਨਾ ਮੰਨੇ, ਪਰ ਕਰਨੀ ਵਿਚ ਆ ਸਕੇ ਅਤੇ ਤੀਜਾ ਉਹ ਮੁਬਾਲਗਾ, ਜੋ ਕਥਨੀ ਅਤੇ ਕਰਨੀ ਦੋਹਾਂ ਤੋਂ ਬਾਹਰ ਹੋਵੇ। ਨਾ ਅਕਲ ਮੰਨ ਸਕੇ ਅਤੇ ਨਾ ਕਰਨੀ ਵਿਚ ਆ ਸਕੇ। ਸਾਡੇ ਵਿਚਾਰ ਅਨੁਸਾਰ ਇਸ ਵਾਰ ਵਿਚ ਦੋ ਸਥਲਾਂ ਉਪਰ ਤੀਜੀ ਕਿਸਮ ਦਾ ਮੁਬਾਲਗਾ ਵਰਤਿਆ ਗਿਆ ਹੈ। ਪਰ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਨ ਕਲਾਕਾਰ ਦੀ ਕਲਾ ਦਾ ਹੀ ਚਮਤਕਾਰ ਹੈ ਕਿ ਅਨੋਖੇ ਢੰਗ ਨਾਲ, ਇਤਿਹਾਸ ਦੀ ਰਵਾਇਤ ਨੂੰ ਲੈ ਕੇ ਆਪਣੇ ਆਸ਼ੇ ਨੂੰ ਉਜਾਗਰ ਕਰ ਦਿਤਾ ਹੈ ਅਤੇ ਇਸ ਤੋਂ ਵਧ ਬੀਰ-ਰਸ ਦੀ ਮਿਸਾਲ ਮਿਲਣੀ ਜ਼ਰਾ ਔਖੀ ਹੈ :—

ਪਉੜੀ (੧੯) **ਚੰਡੀ ਰਾਖਸ ਖਾਣੀ ਵਾਹੀ ਦੈਤ ਨੂੰ ॥**
ਕੋਪਰ ਚੂਰ ਚਵਾਣੀ ਲਥੀ ਕਰਗ ਲੈ ॥
ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ ॥
ਲੈਂਦੀ ਅਗਾ ਸਿਧਾਣੀ ਸਿੰਗਾਂ ਧਉਲ ਦਿਆਂ ॥
ਕੂਰਮ ਸਿਰ ਲਹਿਲਾਣੀ ਦੁਸਮਨ ਮਾਰਕੇ ॥

ਪੁਰਾਣਾਂ ਅਨੁਸਾਰ ਇਹ ਪ੍ਰਿਥਵੀ ਚਿਟੇ ਬਲਦ ਦੇ ਸਿੰਗਾਂ ਉਪਰ ਖੜੀ ਹੈ ਅਤੇ ਬਲਦ ਕਛੂ ਦੀ ਪਿੱਠ ਉਪਰ। ਗੁਰੂ ਜੀ ਦੇਵੀ ਦੇ ਬਲ ਅਤੇ ਤਲਵਾਰ ਦੀ ਮਾਰ ਦਾ ਜ਼ਿਕਰ ਕਰਦੇ ਹੋਏ ਦਸਦੇ ਹਨ ਕਿ ਜਦ ਦੁਰਗਾ ਨੇ ਤਲਵਾਰ ਦੁਸ਼ਮਨ ਉਪਰ ਚਲਾਈ, ਤਦ ਇਹ ਤਲਵਾਰ ਇਤਨੀ ਸ਼ਕਤੀ ਨਾਲ ਮਾਰੀ ਗਈ ਕਿ ਜਿਸ

Namdhari Elibrary NamdhariElibrary@gmail.com

ਨੇ ਪਹਿਲੋਂ ਸਵਾਰ ਦੀ ਖੋਪਰੀ ਨੂੰ ਚੂਰ ਕੀਤਾ ਅਤੇ ਫੇਰ ਉਸ ਦੇ ਸਰੀਰ (ਪਿੰਜਰ) ਨੂੰ ਚੀਰਦੀ ਹੋਈ ਘੋੜੇ ਦੀ ਪਿਠ ਉਪਰ ਜਾ ਵੱਜੀ ਤੇ ਕਾਠੀ, ਡਾਰੂ ਨੂੰ ਕਟਦੀ ਹੋਈ ਧਰਤੀ ਦੇ ਥਲੇ ਖੜੇ ਬਲਦ ਦੇ ਸਿੰਗਾਂ ਨਾਲ ਵੱਜਦੀ ਹੋਈ, ਹੇਠਲੇ ਕਛੂ ਦੀ ਪਿਠ ਉਪਰ ਜਾ ਲਗੀ, ਜਿਸ ਉਪਰ ਬਲਦ ਖੜਾ ਸੀ। ਇਹ ਕੇਵਲ ਮੁਬਾਲਗ਼ਾ ਹੈ। ਇਸ ਵਿਚ ਗੁਰੂ ਜੀ ਇਸ ਪੁਰਾਣਕ ਸਿਧਾਂਤ ਦੇ ਕਾਇਲ ਨਹੀਂ, ਹਾਂ ਆਪ ਜੀ ਨੇ ਇਸ ਰਵਾਇਤ ਤੋਂ ਲਾਭ ਉਠਾ ਕੇ ਬੀਰ-ਰਸ ਦੀ ਸੋਹਣੀ ਉਦਾਹਰਣ ਪੇਸ਼ ਕੀਤੀ ਹੈ।

... ...

ਇਸ ਪ੍ਰਕਾਰ ਦੀ ਦੂਜੀ ਉਦਾਹਰਣ :

ਅਗੈ ਤੇਗ ਵਗਾਈ ਦੁਰਗਸ਼ਾਹ ਬਢਿ ਸੁੰਭਨ ਬਹੀ ਪਲਾਣ ਕਉ ॥
ਰੜਕੀ ਜਾਇ ਕੈ ਧਰਤ ਕਉ ਬਢ ਪਾਖਰ ਬਢ ਕਿਕਾਣ ਕਉ ॥

ਭਾਵ ਦੁਰਗਾ ਨੇ ਸਾਹਮਣਿਉਂ ਇਤਨੀ ਜ਼ੋਰ ਦੀ ਤਲਵਾਰ ਮਾਰੀ, ਜਿਹੜੀ ਨਿਸੁੰਭ ਨੂੰ ਵਢ ਕੇ, ਘੋੜੇ ਦੇ ਪਲਾਣ ਨੂੰ ਚੀਰਦੀ ਅਗੇ ਵਧ ਗਈ ਅਤੇ ਅਗੇ ਘੋੜੇ ਨੂੰ ਵਢ ਕੇ ਧਰਤੀ ਨਾਲ ਜਾ ਰੜਕੀ।

4. **ਨਾਦ-ਚਿਤ੍ਰ** :—ਨਾਦ – ਧੁਨੀ, ਸ਼ਬਦ। ਵਿਦਵਾਨਾਂ ਨੇ ਨਾਦ ਦੇ ਮੁੱਖ ਦੋ ਭਾਗ ਕੀਤੇ ਹਨ। ਇਕ ਧੁਨੀ ਰੂਪ ਜਿਵੇਂ—ਘੰਟੇ ਨਗਾਰੇ ਆਦਿ ਦਾ ਸ਼ਬਦ ਰੂਪ, ਦੂਜਾ ਵਰਣ ਰੂਪ ਜਿਵੇਂ ਮਨੁੱਖਾਂ ਦੀ ਬੋਲੀ, ਕਈ ਵਿਦਵਾਨਾਂ ਨਾਦ ਦੇ ਤਿੰਨ ਭਦ ਵੀ ਥਾਪੇ ਹਨ—ਇਕ ਪ੍ਰਾਣੀ, ਭਾਵ ਉਹ ਨਾਦ ਜੋ ਜਾਨਵਰਾਂ ਅਤੇ ਜੀਵਾਂ ਤੋਂ ਉਤਪਨ ਹੋਵੇ। ਦੂਜਾ ਅਪ੍ਰਾਣੀ ਭਾਵ, ਉਹ ਨਾਦ ਜੋ ਬੇਜਾਨ ਵਸਤੂਆਂ ਤੋਂ ਉਪਜੇ, ਜਿਵੇਂ ਵੀਣਾ ਆਦਿ ਦੀ ਧੁਨੀ, ਤੀਜਾ ਉਭਯ ਸੰਭਵ, ਜਿਵੇਂ ਬਾਂਸਰੀ, ਨਫ਼ੀਰੀ ਆਦਿ।

ਚਿਤ੍ਰ=ਨਕਸ਼ਾ, ਖਾਕਾ, ਤਸਵੀਰ ਆਦਿ। ਫ਼ਾਰਸੀ ਕਾਵਿ ਸਿਧਾਂਤ ਅਨੁਸਾਰ, ਕਾਵਿ ਦੋ ਪ੍ਰਕਾਰ- ਤਖ਼ਯਲੀ (ਕਲਪਨਾਤਮਕ) ਤੇ ਮਹਾਕਾਤੀ (ਚਿਤ੍ਰਾਤਮਕ)—ਦਾ ਹੈ ਮਹਾਕਾਤ ਦਾ ਭਾਵ ਇਹ ਹੈ ਕਵੀ ਕਿਸੇ ਸਮੇਂ ਜਾਂ ਵਸਤੂ ਆਦਿ ਦਾ ਚਿਤ੍ਰ ਕਾਵਿ ਵਿਚ ਇਸ ਪ੍ਰਕਾਰ ਖਿਚਦਾ ਹੈ ਕਿ ਉਸ ਦੀ ਇਹ ਤਸਵੀਰ ਨਾਲੋਂ ਅਗੇ

Namdhari Elibrary NamdhariElibrary@gmail.com

ਵਧ ਜਾਂਦੀ ਹੈ। ਪਰ ਇਹ ਕਾਵਿ ਕਲਪਨਾ ਤੋਂ ਬਗੈਰ ਨਹੀਂ ਹੁੰਦਾ, ਪਰ ਇਸ ਵਿਚ ਪ੍ਰਧਾਨਤਾ ਚਿਤ੍ਰ-ਕਲਾ ਨੂੰ ਹੈ। ਸਾਡਾ ਇਥੋਂ ਭਾਵ ਨਾਦ-ਚਿਤ੍ਰ ਤੋਂ ਇਹ ਹੈ ਕਿ ਇਸ ਵਾਰ ਵਿਚ ਯੁੱਧਾਂ ਦੇ ਨਕਸ਼ੇ ਜਾਂ ਤਸਵੀਰਾਂ ਇਸ ਤਰ੍ਹਾਂ ਖਿਚੀਆਂ ਗਈਆਂ ਹਨ ਕਿ ਪਾਠਕ ਦੀਆਂ ਅਖਾਂ ਅਗੇ ਯੁੱਧ ਭੂਮੀ ਅਤੇ ਸੂਰਮਿਆਂ ਦਾ ਅਗੇ ਵਧ ਕੇ ਲੜਨਾ, ਤਲਵਾਰਾਂ ਦਾ ਚਲਣਾ, ਮੁਨਾਰੇ ਜਿਡੇ ਯੋਧਿਆਂ ਦਾ ਦਰਖਤ ਦੇ ਮੋਛਿਆਂ ਵਾਂਗ ਇਧਰ ਉਧਰ ਰੁਲਦੇ ਫਿਰਨਾ ਆਦਿ ਦਾ ਨਕਸ਼ਾ ਇਕ ਚਲ-ਚਿਤ੍ਰ ਵਾਂਗ ਫਿਰ ਜਾਂਦਾ ਹੈ। ਗੁਰੂ ਜੀ ਨੇ ਇਨ੍ਹਾਂ ਚਿਤ੍ਰਾਂ ਦੇ ਨਾਲ ਨਾਲ ਨਗਾਰਿਆਂ, ਘੰਟਿਆਂ, ਧੌਂਸਿਆਂ ਆਦਿ ਦੀ ਗੂੰਜ ਨੂੰ ਇਸ ਪ੍ਰਕਾਰ ਪੇਸ਼ ਕੀਤਾ ਹੈ ਕਿ ਇਨ੍ਹਾਂ ਦੀ ਆਵਾਜ਼ ਮਾਨੋ ਪਾਠਕ ਦੇ ਕੰਨਾਂ ਵਿਚ ਗੂੰਜ ਉਠਦੀ ਹੈ :—

ਪਉੜੀ (੩੪) **ਸਭਨੀ ਦਸਤ ਉਭਾਰੇ ਤੇਗਾਂ ਧੂਹ ਕੇ ॥**
ਮਾਰੋ ਮਾਰ ਪੁਕਾਰੇ ਆਏ ਸਾਮ੍ਹਣੇ ॥
ਸੰਜਾ ਤੇ ਠਣਕਾਰੇ ਤੇਗੀ ਉਭਰੇ ॥
ਘਾੜ ਘੜਨ ਠਠਿਆਰੇ ਜਾਣਿ ਬਣਾਇਕੈ ॥

... ...

ਪਉੜੀ (੩੩) **ਲੁਝਣ ਨੂੰ ਅਰੜਾਏ ਰਾਕਸ ਰੋਹਲੇ ॥**

... ...

ਪਉੜੀ (੮) **ਜੰਗ ਮੁਸਾਫਾ ਬਜਿਆ ਰਨ ਘੁਰੇ ਨਗਾਰੇ ਚਾਵਲੇ ॥**

(ਅ) **ਤੁਕਾਂ ਦੀ ਵਿਆਖਿਆ—**

ਪਉੜੀ (੧) **ਪ੍ਰਿਥਮ ਭਗੌਤੀ ਸਿਮਰਕੈ ਗੁਰ ਨਾਨਕ ਲਈ ਧਿਆਇ ॥**
ਜਾਂ **ਪ੍ਰਿਥਮ ਭਗੌਤੀ ਸਿਮਰਕੈ ਗੁਰ ਨਾਨਕ ਲਈਂ ਧਿਆਇ ॥**

ਇਸ ਤੁਕ ਬਾਰੇ ਦੋ ਪਾਠ ਦੇਖੇ ਗਏ ਹਨ। ਜੇ "ਲਈ" ਸ਼ਬਦ ਹੋਵੇ ਤਦ ਇਸ ਦੇ ਅਰਥ ਇਹ ਨਿਕਲਦੇ ਹਨ ਕਿ ਮੈਂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਉਸ ਮਹਾਂ ਸ਼ਕਤੀ (ਪ੍ਰਮਾਤਮਾ) ਨੂੰ ਸਿਮਰਦਾ ਹਾਂ ਜਿਸ ਨੂੰ ਗੁਰ-ਗੱਦੀ ਦੇ ਪਹਿਲ ਗੁਰੂ, ਨਾਨਕ ਦੇਵ ਜੀ ਨੇ ਸਿਮਰਿਆ ਹੈ। ਜੇ ਇਸੇ 'ਸ਼ਬਦ' ਨੂੰ ਠੀਕ ਮੰਨ ਲਿਆ ਜਾਵੇ, ਤਦ ਇਸ ਤਥ ਦੀ ਪਰੋੜ੍ਹਤਾ ਹੋ ਜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਕੇਵਲ

Namdhari Elibrary NamdhariElibrary@gmail.com

'ੴ' ਕਰਤਾ ਪੁਰਖ ਨੂੰ ਆਪਣਾ ਇਸ਼ਟ ਮੰਨਿਆ ਹੈ। ਜਿਥੇ ਕਿਤੇ ਨਾਨਕ ਬਾਣੀ ਵਿਚ ਰਾਮ ਅਤੇ ਕ੍ਰਿਸ਼ਨ ਦੀ ਵਰਤੋਂ ਕੀਤੀ ਗਈ ਹੈ ਉਥੇ ਅਵਤਾਰ ਵਾਦ ਤੋਂ ਕੰਮ ਨਹੀਂ ਲਿਆ ਗਿਆ, ਹਾਂ ਕਿਤੇ ਇਤਿਹਾਸਕ ਰਾਮ ਅਤੇ ਕ੍ਰਿਸ਼ਨ ਦਾ ਹਵਾਲਾ ਮਿਲਦਾ ਹੈ। ਇਸ ਲਈ ਜੇ 'ਭਗੌਤੀ' ਨੂੰ ਸ੍ਰੀ ਗੁਰੂ ਨਾਨਕ ਦੇਵ ਨੇ ਅਰਾਧਿਆ ਹੈ, ਤਾਂ 'ਭਗੌਤੀ' ਦੇ ਅਰਥ-ਮਹਾਂ ਕਾਲ, ਅਨੰਤ ਰੂਪ ਸ਼ਕਤੀ, ਪ੍ਰਮਾਤਮਾ ਰੂਪੀ ਸ਼ਕਤੀ ਦੇ ਹੀ ਹਨ।

ਜੇਕਰ ਅਸੀਂ 'ਲਈ' ਸ਼ਬਦ ਨੂੰ ਠੀਕ ਮੰਨੀਏ ਤਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲੋਂ ਆਪਣੇ ਇਸ਼ਟ ਦੇਵ 'ਮਹਾਂ-ਕਾਲ' ਨੂੰ 'ਭਗਉਤੀ' ਦੇ ਚਿਨ੍ਹ ਨਾਲ ਸੰਬੋਧਨ ਕੀਤਾ ਹੈ ਅਤੇ ਉਸ ਪਿਛੋਂ ਪਰੰਪਰਾ ਅਨੁਸਾਰ ਸਤਿਗੁਰੂ ਨਾਨਕ ਦੇਵ ਦੀ ਅਰਾਧਨਾ ਕੀਤੀ ਹੈ। ਦੋਹਾਂ ਹਾਲਤਾਂ ਵਿਚ 'ਭਗੌਤੀ' ਦੇ ਅਰਥ 'ਨਿਰੰਕਾਰ' ਦੇ ਹੀ ਹਨ। ਭਗੌਤੀ ਤੋਂ ਭਾਵ ਉਸ ਮਹਾ ਸ਼ਕਤੀ ਤੋਂ ਹੈ ਜੋ ਨਾ ਪੁਰਖ ਹੈ ਨਾ ਇਸਤ੍ਰੀ, ਪਰ ਇਕ ਮੂਲ-ਸ਼ਕਤੀ ਹੈ ਜਿਸ ਵਿਚੋਂ ਸੰਸਾਰ ਦੀਆਂ ਬਾਕੀ ਸ਼ਕਤੀਆਂ ਉਤਪਨ ਹੋਂਦੀਆਂ ਹਨ।

ਪਉੜੀ (੨) **ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰੁ ਉਪਾਇਆ ॥**

ਸ਼ਾਸਤਰਾਂ ਅਨੁਸਾਰ ਪ੍ਰਮਾਤਮਾ ਨੇ ਆਪਣੀ ਅਫੁਰ ਅਵਸਥਾ ਵਿਚ ਆ ਕੇ ਪਹਿਲੋਂ ਮਾਇਆ ਨੂੰ ਰਚਿਆ ਤੇ ਫਰ ਬ੍ਰਹਮਾ ਬਿਸ਼ਨ ਮਹੇਸ਼ ਰਚੇ, ਉਸ ਪਿਛੋਂ ਸਾਰੇ ਸੰਸਾਰ ਨੂੰ ਉਤਪਨ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸੇ ਸਿਧਾਂਤ ਉਪਰ ਬਲ ਦਿਤਾ ਹੈ, ਪਰ ਆਪ ਜੀ ਦਾ ਇਹ ਕਮਾਲ ਯਕੀਨ ਹੈ ਕਿ ਉਸ ਮਹਾਂ ਸ਼ਕਤੀ ਨੂੰ ਇਸ ਸੰਸਾਰ ਰਚਨਾ ਲਈ ਕਿਸੇ ਹੋਰ ਸ਼ਕਤੀ ਦੀ ਸਹਾਇਤਾ ਦੀ ਜ਼ਰੂਰਤ ਨਹੀਂ ਪਈ, ਬਲਕਿ ਉਸ ਨੇ ਖੁਦ ਹੀ ਉਤੱਪਤੀ ਕੀਤੀ, ਉਹ ਖੁਦ ਹੀ ਸੰਸਾਰ ਨੂੰ ਆਪਣੇ ਵਿਚ ਲੀਨ ਕਰ ਲੈਂਦੀ ਹੈ। ਆਪ ਹੀ ਇਸਤਰੀ ਲਿੰਗ ਨਾਲ ਯਾਦ ਕੀਤੀ ਜਾਂਦੀ ਹੈ, ਪਰ ਨਾ ਉਹ ਮਨੁੱਖ ਹੈ ਅਤੇ ਨਾ ਹੀ ਇਸਤਰੀ ਹੈ-ਸ਼ਿਵ ਵੀ ਉਹ ਆਪ ਹੈ ਸ਼ਕਤੀ ਵੀ ਉਹ ਆਪ ਹੈ। ਉਪਰੋਕਤ ਤੁਕ ਦਾ ਭਾਵ ਇਹ ਹੈ ਕਿ ਉਸ ਮਹਾਂ ਸ਼ਕਤੀ ਨੇ ਸਭ ਤੋਂ ਪਹਿਲੋਂ ਆਪਣੀ ਇਕ ਸ਼ਕਤੀ 'ਮਾਇਆ' ਪੈਦਾ ਕੀਤੀ। ਇਸ ਕਥਨ ਦੀ ਪੁਸ਼ਟੀ ਹੇਠਲੀ ਬਾਣੀ ਵਿਚ ਵੇਖੋ :—

Namdhari Elibrary NamdhariElibrary@gmail.com

**ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥** (ਆਸਾ ਦੀ ਵਾਰ)

... .

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ [1]ਸੰਸਾਰੀ ਇਕੁ [2]ਭੰਡਾਰੀ ਇਕੁ ਲਾਏ [3]ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**

ਪਉੜੀ (੪) **ਬੈਠੇ ਵਾਇ ਵਧਾਈ ਤੇ ਅਮਰਾਵਤੀ ॥**

'ਵਾਇ' ਦੇ ਅਰਥ ਹਨ ਵਜ ਉਣਾ, ਜਿਵੇਂ—**ਵਾਇਨਿ ਚੇਲੇ ਨਚਨਿ ਗੁਰ ।**
(ਆਸਾ ਦੀ ਵਾਰ)

ਵਧਾਈ ਤੋਂ ਭਾਵ ਹੈ ਮੁਬਾਰਕਬਾਦ (Congratulation) ਤੇ=ਉਪਰ ।

ਅਮਰ ਵਤੀ (ਨਵਰਗ) ਦੀ ਜਿਤ ਉਪਰ ਰਾਖਸ ਵਧਾਈਆਂ (ਮੁਬਾਰਕਬਾਦ) ਦੇ ਰਹੇ ਹਨ । ਬਹੁਤ ਹੀ ਖੁਸ਼ ਅਤੇ ਪ੍ਰਸੰਨ ਹਨ ਅਤੇ ਇਕ ਦੂਜੇ ਨੂੰ ਇਸ ਜਿਤ ਦੀ ਵਧਾਈ ਦੇ ਰਹੇ ਹਨ । ਕਿਸੇ ਵਿਦਵਾਨ ਨੇ ਇਸ ਤੁਕ ਦੇ ਅਰਥ ਕਰਦਿਆਂ ਹੋਇਆਂ ਵਾਇ ਤੋਂ ਭਾਵ ਵੈਰ ਅਤੇ ਵਧਾਈ ਤੋਂ ਭਾਵ ਵਧ ਉਣਾ ਲਿਆ ਹੈ – ਦੇਵਤਿਆਂ ਨਾਲ ਰਾਖਸ਼ ਵੈਰ ਵਧ ਈ ਬੈਠੇ ਹਨ । ਦੇਂਤਾਂ ਨਾਲ ਵੈਰ ਤੇ ਇਸ ਜਿਤ ਤੋਂ ਪਹਿਲੋਂ ਹੀ ਪੈਦਾ ਹੋ ਚੁਕਾ ਸੀ, ਜਿਸ ਦੇ ਫਲ ਸਰੂਪ ਉਹਨਾਂ ਅਮਰਾਵਤੀ ਉਪਰ ਜਿਤ ਪ੍ਰਾਪਤ ਕੀਤੀ ਸੀ ।

ਡਾਵਲ ਦਾ ਅਰਥ ਹੈ ਡੋਲਣ ਵਾਲਾ ਤ ਵ ਨਿਆਰੀਆਂ ।

ਜਿਹੜੇ ਰਾਖਸ਼ ਦੁਰਗਾ ਦੀ ਮਾਰ ਤੋਂ ਡਰਦੇ ਹੋਏ ਏਧਰ ਉਧਰ ਝਾੜੀਆਂ, ਬੂਝਿਆਂ ਅਤੇ ਦਰਖਤਾਂ ਪਿਛੇ ਜਾਨ ਬਚਾਉਣ ਦੀ ਖਾਤਰ ਛੁਪ ਗਏ ਸਨ, ਦੁਰਗਾ

1. ਬ੍ਰਹਮਾ, 2. ਵਿਸ਼ਨੂੰ, 3. ਸ਼ਿਵਜੀ ।

Namdhari Elibrary NamdhariElibrary@gmail.com

ਨੇ ਉਨ੍ਹਾਂ ਨੂੰ ਛਿਪਣ ਦੇ ਸਥਾਨਾਂ ਵਿਚੋਂ ਚੁਣ ਚੁਣ (ਮਾਰਨ ਲਈ) ਕਢ ਲਿਆ ਜਿਵੇਂ ਇਕ ਨਿਆਰੀਆ ਰੇਤ ਵਿਚੋਂ ਸੋਨੇ ਨੂੰ ਅਡੋਲ ਕਢ ਲੈਂਦਾ ਹੈ। ਕਿਸੇ ਵਿਦਵਾਨ ਨੇ ਡਾਵਲੇ ਦੇ ਅਰਥ ਡਲੀਆਂ ਵੀ ਕੀਤੇ ਹਨ। ਰੇਤ ਵਿਚੋਂ ਸੋਨੇ ਦੀਆਂ ਡਲੀਆਂ ਵਾਂਗ ਚੁਣ ਲਿਆ। ਰੇਤ ਵਿਚ ਸੋਨੇ ਦੀਆਂ ਡਲੀਆਂ ਨਹੀਂ ਹੁੰਦੀਆਂ, ਸਗੋਂ ਸੋਨਾ ਰੇਤ ਵਿਚ ਇਸ ਪ੍ਰਕਾਰ ਛੁਪਿਆ ਹੁੰਦਾ ਹੈ ਜਿਸ ਨੂੰ ਨਿਆਰੀਆ ਹੀ ਆਪਣੀ ਕਲਾ ਦੇ ਆਧਾਰ ਤੇ ਕਢ ਲੈਂਦਾ ਹੈ। ਇਥੇ ਦੇਵੀ ਨੂੰ ਨਿਆਰੀਏ ਨਾਲ ਉਪਮਾ ਦਿਤੀ ਹੈ ਜਿਸ ਨੇ ਝਾੜਾਂ ਬੂਟਿਆਂ ਵਿਚੋਂ ਛੁਪੇ ਦੁਸ਼ਮਨਾਂ ਨੂੰ ਬਾਹਰ ਕਢ ਕੇ ਮਾਰ ਦਿਤਾ।

ਪਉੜੀ (੧੦) 1. ਪੇਟ ਮਲੰਦੇ ਲਾਈ ਮਹਿਖੇ ਦੈਂਤ ਨੂੰ ॥

'ਮਲੰਦੇ' ਸ਼ਬਦ ਮਹਿਖੇ ਦਾ ਵਿਸ਼ੇਸ਼ਣ ਹੈ ਜਿਸ ਦੇ ਅਰਥ—ਬਕਬਾਦੀ, ਬਕਵਾਸੀ—ਹਨ। ਇਸ ਤੁਕ ਦੀ ਨਸਰ ਇਸ ਪ੍ਰਕਾਰ ਹੋਈ ਬਲੰਦੇ ਮਹਿਖੇ ਦੈਂਤ ਨੂੰ ਪੇਟ ਲਾਈ। ਭਾਵ ਦੇਵੀ ਨੇ ਫੌਲਾਦੀ ਤਲਵਾਰ ਆਪਣੇ ਹੱਥ ਲੈ ਕੇ ਸੂਤੀ ਅਤੇ ਬਕਵਾਸੀ ਮਹਿਖੇ ਦੈਂਤ ਦੇ ਪੇਟ (ਢਿੱਡ) ਵਿਚ ਮਾਰੀ ਅਤੇ ਇਸ ਤਲਵਾਰ ਨਾਲ ਉਸ ਦੀਆਂ ਆਂਦਰਾਂ, ਗੁਰਦੇ ਅਤੇ ਪਸਲੀਆਂ ਚੀਰ ਸੁਟੀਆਂ, ਤੋੜ ਸੁਟੀਆਂ। ਜਿਸ ਵੇਲੇ ਮਹਿਖਾ ਦੈਂਤ ਦੇਵੀ ਨੂੰ ਬਕਵਾਸ ਕਰ ਰਿਹਾ ਸੀ ਉਸ ਵੇਲੇ ਦੇਵੀ ਨੇ ਤਕ ਕੇ ਉਸ ਦੇ ਢਿੱਡ ਉਪਰ ਤਲਵਾਰ ਮਾਰੀ। ਕਿਸੇ ਹੋਰ ਵਿਦਵਾਨ ਨੇ ਇਸ ਦੇ ਅਰਥ ਇੰਜ ਕੀਤੇ ਹਨ—ਇਸ ਦੇ ਵਜਦਿਆਂ ਹੀ ਮਹਿਖਾ ਦੈਂਤ ਢਿਡ ਫੜ ਕੇ ਬਹਿ ਗਿਆ। ਸਾਡਾ ਵਿਚਾਰ ਇਹ ਹੈ ਕਿ ਸਾਇਦ ਇਥੇ 'ਮਲੰਦੇ' ਤੋਂ ਭਾਵ ਮਲਦੇ ਹੋਏ ਲਿਆ ਗਿਆ ਹੈ, ਜੋ ਠੀਕ ਨਹੀਂ ਕਿਉਂਕਿ 'ਮਲੰਦੇ' ਸ਼ਬਦ ਫ਼ਾਰਸੀ ਦਾ ਹੈ ਅਤੇ ਇਸ ਦੇ ਅਰਥ 'ਬਕਵਾਸੀ' ਦੇ ਹੀ ਹਨ।

2. ਸੋਹੀ ਦਿਲ ਵਿਚ ਆਈ ਕਹੀ ਸੁਣਾਇਕੈ ॥

ਸਤਿਗੁਰੂ ਦੁਰਗਾ ਦੀ ਤਲਵਾਰ ਬਾਰੇ ਕਹਿੰਦੇ ਹਨ ਕਿ ਇਸ ਦੀ ਮਾਰ ਨੂੰ ਵੇਖ ਕੇ ਮੈਂ ਇਸ ਤਲਵਾਰ ਦੀ ਇਕ ਉਪਮਾ ਸੋਚੀ ਹੈ ਅਤੇ ਉਹ ਇਹ ਹੈ ਕਿ ਤਲਵਾਰ ਮਾਨੋ ਧੂਮਕੇਤ ਸਿਤਾਰਾ ਹੈ ਜਿਸ ਨੇ ਰਣ ਭੂਮੀ ਵਿਚ ਮੁਸੀਬਤ ਹੀ ਮੁਸੀਬਤ ਪੈਦਾ ਕਰ ਦਿਤੀ ਹੈ। ਤਲਵਾਰ ਨੂੰ ਧੂਮਕੇਤ ਸਿਤਾਰੇ ਨਾਲ ਉਪਮਾ ਦਿਤੀ

Namdhari Elibrary NamdhariElibrary@gmail.com

ਹੈ। ਦੋਹਾਂ ਦਾ ਸਾਂਝਾ ਧਰਮ—ਦੁਖ, ਮੁਸੀਬਤ—ਹੈ। ਇਕ ਵਿਦਵਾਨ ਨੇ ਇਸ ਤੁਕ ਨੂੰ ਮਹਿਖੇ ਨਾਲ ਜੋੜ ਕੇ ਇਹ ਅਰਥ—ਜਿਹੜੀ ਉਸ ਦੇ ਦਿਲ ਵਿਚ ਆਈ ਉਸ ਆਖੀ—ਕੀਤੇ ਹਨ। ਪਰ ਸਾਡੀ ਸਮਝ ਵਿਚ ਉਪਰੋਕਤ ਅਰਥ ਠੀਕ ਜਚਦੇ ਹਨ।

ਪਉੜੀ (੧੧) ਵਗੈ ਰੱਤੂ ਝੁਲਾਂਹੀ ਜਿਉ ਗੇਰੂ ਬਾਬੁਤ੍ਰਾ ॥

'ਗੇਰੂ ਬਾਬੁਤ੍ਰਾ' ਇਸ ਸ਼ਬਦ ਦਾ ਵਿਸ਼ਲੇਸ਼ਨ ਇਸ ਪ੍ਰਕਾਰ ਹੈ—ਗੇਰੂਬਾ + ਆਬ × ਉਤਰਾ = ਗੇਰੂਆ × ਆਬ × ਉਤਰਾ ਆਬ ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ 'ਜਲ = ਪਾਣੀ' ਹੈ। ਉਤਰਾ, ਖੜੀ ਬੋਲੀ ਦੀ ਕ੍ਰਿਆ ਹੈ ਜਿਸ ਨੂੰ ਅਸੀਂ ਪੰਜਾਬੀ ਵਿਚ 'ਉਤਰਿਆ' ਬੋਲਾਂਗੇ। ਇਸ ਤੁਕ ਦੇ ਹੁਣ ਅਰਥ ਇੰਜ ਹੋਏ—ਦੈਂਤਾਂ ਦੇ ਸ਼ਰੀਰਾਂ ਵਿਚੋਂ ਲਹੂ ਝਲਾਰਾਂ ਵਾਂਗ ਇੰਜ ਵਹਿ ਰਿਹਾ ਸੀ ਮਾਨੋਂ ਗੇਰੂ ਰੰਗ ਦਾ ਪਾਣੀ ਉਤਰ (ਡਿਗ) ਰਿਹਾ ਹੈ ਜਾਂ ਉਤਰਿਆ ਹੈ। ਲਹੂ ਨੂੰ ਗੇਰੂਏ ਰੰਗ ਦੇ ਪਾਣੀ ਨਾਲ ਉਪਮਾ ਦਿਤੀ ਹੈ। ਸਾਡੇ ਇਕ ਵਿਦਵਾਨ ਨੇ ਇਸ ਤੁਕ ਦਾ ਪਾਠ—ਵਗੈ ਰਤੁ ਝਲਾਰੀ ਜਿਓ ਗੇਰੂ ਬਾਰਤ੍ਰ—ਲਿਖਿਆ ਹੈ, ਪਰ ਦਸਮ ਗ੍ਰੰਥ ਵਿਚ ਸਾਨੂੰ ਇਹ ਤੁਕ 'ਬਾਬੁਤ੍ਰਾ' ਸ਼ਬਦ ਨਾਲ ਹੀ ਮਿਲਦੀ ਹੈ।

ਪਉੜੀ (੨੧) ਈਸਰ ਦੀ ਬਰਦਾਨੀ ਹੋਈ ਜਿਤੁ ਦਿਨ ॥
ਸੁੰਭ ਨਿਸੁੰਭ ਗੁਮਾਨੀ ਜਨਮੇ ਸੂਰਮੇ ॥

ਈਸਰ = ਸ਼ਿਵਜੀ, ਮਹੇਸ਼। ਬਰਦਾਨੀ = ਵਰਦਾਤੀ ਘੜੀ, ਜਿਸ ਵੇਲੇ ਦਾ ਸ਼ਿਵਜੀ ਨੇ ਵਰ ਦਿਤਾ ਸੀ, ਜਿਤ = ਜਿਸ, ਦਿਨ ਤੋਂ ਭਾਵ ਘੜੀ ਤੇ ਵੇਲਾ ਹੈ। ਸਾਰੀ ਤੁਕ ਅਤੇ ਇਸ ਤੋਂ ਅਗਲੀ ਤੁਕ ਦਾ ਭਾਵ ਇਹ ਹੈ ਕਿ ਜਿਸ ਘੜੀ ਦਾ ਵਰਦਾਨ ਸ਼ਿਵਜੀ ਨੇ ਦਿਤਾ ਸੀ ਉਸ ਘੜੀ ਵਿਚ ਹਰ ਹੀ ਸੁੰਭ ਤੇ ਨਿਸੁੰਭ ਪੈਦਾ ਹੋਏ। ਕਿਸੇ ਥਾਂ ਇਸ ਦੇ ਅਰਥ—ਪਰਮਾਤਮਾ ਦੇ ਵਰ ਨਾਲ ਦੇਵੀ ਦੀ ਜਿਤ ਹੋਈ—ਵੀ ਕੀਤੇ ਗਏ ਹਨ। ਉਥੇ ਜਿਤ ਤੋਂ ਭਾਵ ਫਤਹ ਲਿਆ ਗਿਆ ਹੈ, ਅਸਾਂ ਇਥੇ ਜਿਤ ਦੇ ਅਰਥ 'ਜਿਸ' ਲਏ ਹਨ।

ਪਉੜੀ (੪੧) ਬਡੇ ਬਡੇ ਚੁਣਿ ਸੂਰਮੇ ਗਹਿ ਕੋਟੀ ਦਏ ਚਲਾਇਕੈ ॥

'ਕੋਟੀ' ਦੇ ਅਰਥ ਅਸਾਂ ਇਥੇ ਧਨੁਖ ਦੇ ਗੋਸ਼ ਤੋਂ ਲਏ ਹਨ। ਕੋਟੀ ਅਰਥ ਕਰੋੜ ਤੋਂ ਨਹੀਂ ਲਏ ਗਏ ਜਾਪਦੇ। ਇਸ ਤੁਕ ਦਾ ਇਹ ਅਰਥ ਨਿਕਲਿਆ ਕਿ

Namdhari Elibrary NamdhariElibrary@gmail.com

ਦੁਰਗਾ ਨੇ ਆਪਣੇ ਧਨੁਖ ਦੇ ਗੋਸ਼ੇ ਨਾਲ ਵਡੇ-ਵਡੇ ਸੂਰਮੇ ਚੁਣ ਕੇ ਅਤੇ ਫੜ ਕੇ ਉਡਾ ਦਿਤੇ। ਕਮਾਨ ਦੇ ਗੋਸ਼ੇ ਨਾਲ ਮਾਰ ਮਾਰ ਕੇ ਖਪਾ ਦਿਤੇ। ਧਨੁਸ਼ ਕੋਟੀ ਇਕ ਤੀਰਥ ਵੀ ਹੈ ਜਿਸ ਵਿਚ ਕੋਟੀ ਦੇ ਅਰਥ ਗੋਸ਼ਾ ਹੀ ਨਿਕਲਦੇ ਹਨ।

ਪਉੜੀ (੪੫) **ਆਹਰ ਮਿਲਿਆ ਆਹਰੀਆਂ ਸੈਣ ਸੂਰਿਆਂ ਸਾਜੀ ॥**

ਆਹਰ=ਕੰਮ, ਕਾਜ, ਉੱਦਮ। ਆਹਰੀਆਂ=ਉਦਮੀਆਂ, ਕਾਮਿਆਂ, ਮਿਹਨਤੀਆਂ। ਸੂਰਮਿਆਂ ਦਾ ਕੰਮ ਹੈ ਲੜਨਾ, ਸੋ ਲੜਾਈ ਇਨ੍ਹਾਂ ਦਾ ਆਹਰ ਹੈ, ਜਿਸ ਕੰਮ ਲਈ ਉਹ ਸਦਾ ਤਿਆਰ ਰਹਿੰਦੇ ਹਨ। ਯੁਧ ਕਰਨਾ ਤੇ ਫੌਜੀਆਂ ਦਾ ਧਰਮ ਹੈ ਅਤੇ ਇਸ ਲਈ ਉਹ ਖੁਸ਼ੀ-ਖੁਸ਼ੀ ਯੁੱਧ ਲਈ ਤਿਆਰ ਹੋ ਜਾਂਦੇ ਹਨ। ਉਪਰੋਕਤ ਤੁਕ ਦਾ ਭਾਵ ਹੈ ਕਿ ਯੋਧਿਆਂ ਨੂੰ ਹੁਣ ਯੁੱਧ ਕਰਨ ਦਾ ਆਹਰ (ਕੰਮ) ਮਿਲ ਗਿਆ ਹੈ, ਇਸ ਲਈ ਉਨ੍ਹਾਂ ਯੁੱਧ ਕਰਨ ਲਈ ਸੈਨਾਂ ਨੂੰ ਸਜਾ ਲਿਆ। ਅਸਾਂ ਇਥੇ ਆਹਰ ਦਾ ਭਾਵ ਅਹਾਰ (ਖਾਣਾ) ਨਹੀਂ ਲਿਆ ਹੈ।

ਪਉੜੀ (੪੭) **ਦੁਰਗਾ ਅਤੇ ਦਾਨਵੀ ਸੂਲ ਹੋਈਆਂ ਕੰਗਾਂ ॥**

ਸੂਲ = ਢਿਡ ਪੀੜ ਦੁਖ, ਦਰਦ, ਕੰਗ = ਸੰਜੋਅ, ਜਿਰਾਬਕਤਰ, ਕੰਗਾਂ = ਹਥਿਆਰਬੰਦ ਫੌਜਾਂ ਦੁਰਗਾ ਅਤੇ ਦੈਂਤਾਂ ਦਾ ਟਾਕਰਾ ਹੁੰਦਿਆਂ ਹੀ (ਯੁੱਧ ਕਰਨ ਲਈ ਆਮੋ ਸਾਹਮਣੇ ਹੁੰਦਿਆ ਹੀ) ਹਥਿਆਰਬੰਦ ਫੌਜਾਂ ਨੂੰ ਫਿਕਰ ਪੈ ਗਿਆ। ਢਿਡਾਂ ਵਿਚ ਸੂਲ ਮਨੋ ਪੈ ਗਿਆ। ਫੌਜਾਂ ਡਰ ਗਈਆਂ। ਦੇਵੀ ਦੀ ਸ਼ਕਤੀ ਤੋਂ ਸੰਜੋਆਂ ਵਾਲੇ ਸਿਪਾਹੀ ਡਰ ਗਏ।

ਪਉੜੀ (੫੦) **ਸ਼ਾਬਸ ਸਲੋਣੇ ਖਾਨ ਵਉ ॥**

ਖਾਨ = ਸੈਨਾਪਤੀ, ਬਹਾਦਰ, ਯੋਧਾ ॥

ਗੁਰੂ ਸਾਹਿਬ ਆਪਣੀ ਵਲੋਂ ਜੰਗ ਵਿਚ ਦੈਂਤ ਦੀ ਸੁਟਮਤਾ ਦਾ ਹਵਾਲਾ ਦਿੰਦੇ ਹੋਏ ਇਕ ਯੋਧੇ ਦੀ ਹੈਸੀਅਤ ਵਿਚ ਕਹਿੰਦੇ ਹਨ ਬੱਲੇ ਓਏ ਸੂਰਮਿਆਂ, ਆਫਰੀਨ ਹੈ ਤੈਨੂੰ। ਇਥੇ ਸਲੋਣੇ ਤੋਂ ਭਾਵ ਸਲੂਣਾ ਨਹੀਂ ਸੁੰਦਰ ਹੈ। ਜੇ ਸਲੂਣੇ ਖਾਣ ਤੋਂ ਭਾਵ ਲਿਆ ਜਾਏ ਤਦ ਇਹ ਅਰਥ ਹੋਏ—ਤੇਰੇ ਸਲੂਣੇ ਖਾਣ ਨੂੰ ਸ਼ਾਬਸ਼। ਭਾਵ ਖੁਰਾਕਾਂ ਖਾਧੀਆਂ ਨੂੰ ਸ਼ਾਬਸ਼ ਕਿਉਂਕਿ ਲੜਾਈ ਵਿਚ ਮੂਲ ਮੋੜ ਦਿਤਾ ਹੈ।

Namdhari Elibrary NamdhariElibrary@gmail.com

ਪਉੜੀ (੫੩) **ਸ਼ਸਤ੍ਰ ਪਜੂਤੇ ਦੁਰਗਸਾਹ ਗਹ ਸਭਨੀ ਬਾਹੀਂ ॥**

ਪਜੂਤੇ = ਫੜੇ, ਪਜੂਤੇ ਦੇ ਅਰਥ ਪੂੰਝਣਾ ਜਾਂ ਸਾਫ ਕਰਨਾ ਨਹੀਂ ਹਨ।

ਤੁਕ ਦੇ ਅਰਥ :—ਦੁਰਗਾ ਨੇ ਆਪਣੀਆਂ ਸਾਰੀਆਂ ਬਾਹਾਂ ਵਿਚ ਅਗੇ ਵਧ ਹਥਿਆਰ ਫੜ ਲਏ।

ਪਉੜੀ ੪੧ ਵਿਚ—ਰੋਸ ਸਿਧਾਈਆ ਚਕ੍ਰਪਾਣ ਕਰ ਨਿੰਦਾ ਖੜਗ ਉਠਾਇਕੈ-ਪਾਠ ਆਇਆ ਹੈ। ਇਸ ਵਿਚ 'ਨਿੰਦਾ' ਸ਼ਬਦ ਦੀ ਥਾਂ **"ਨੰਦਾ"** ਕਰ ਲੈਣਾ ਚਾਹੀਦਾ ਹੈ ਜੋ ਸ਼ੁਧ ਪਾਠ ਹੈ।

(ੲ) **ਰਸ** :—ਭਾਰਤੀ ਕਾਵਿ ਦਾ ਉਘਾ ਅੰਗ ਰਸ ਹਨ। ਜੇ ਕਿਸੇ ਕਾਵਿ ਵਿਚ ਰਸਾਂ ਦਾ ਸੰਜੋਗ ਠੀਕ ਤਰ੍ਹਾਂ ਨਾ ਹੋਇਆ ਹੋਵੇ, ਉਹ ਕਵਿਤਾ ਨਾ ਤੇ ਅਲੌਕਿਕ ਹੋ ਸਕਦੀ ਹੈ ਅਤੇ ਨਾ ਹੀ ਆਨੰਦ ਦਾਇਕ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਮੇਂ ਦੇ ਜ਼ੁਲਮ-ਪੀੜੇ ਲੋਕਾਂ ਨੂੰ ਜ਼ੁਲਮ ਦੇ ਟਾਕਰੇ ਲਈ ਖੜਾ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਦੇ ਦਿਲਾਂ ਵਿਚ ਸੁਤੀ ਹੋਈ ਅਣਖ ਨੂੰ ਆਪਣੇ ਸਾਹਿਤ ਰਾਹੀਂ ਟੁੰਬਣਾ ਚਾਹੁੰਦੇ ਸਨ। ਇਸ ਉੱਤਮ ਮਕਸਦ (ਮੰਤਵ) ਨੂੰ ਪੂਰਾ ਕਰਨ ਲਈ ਆਪ ਜੀ ਨੇ (ਚੰਡੀ-1, ਚੰਡੀ-2, ਚੰਡੀ-3) ਸਾਹਿਤ ਰਚਨਾ ਕੀਤੀ, ਜਿਸ ਵਿਚੋਂ ਇਕ 'ਵਾਰ ਸ੍ਰੀ ਭਗਉਤੀ ਜੀ ਕੀ' ਹੈ। ਇਸ ਰਚਨਾ ਵਿਚ ਬੀਰ-ਰਸ ਦੀ ਪ੍ਰਧਾਨਤਾ ਹੈ, ਪਰ ਕਿਤੇ-ਕਿਤੇ ਦੂਜੇ ਰਸ ਵੀ ਬੀਰ-ਰਸੀ ਪ੍ਰਸੰਗ ਵਿਚ ਆ ਗਏ ਹਨ। ਜੋ ਅੰਗ ਰੂਪ ਵਿਚ ਧੁੰਦਲਿਆਂ ਪਰਛਾਵਿਆਂ ਵਾਂਗ ਹਨ।

ਸ਼ਾਂਤ ਰਸ :—ਇਸ ਰਚਨਾ ਵਿਚ ਸ਼ਾਂਤ ਰਸ ਬਹੁਤ ਹੀ ਘਟ ਮਾਤਰਾ ਵਿਚ ਪ੍ਰਯੋਗ ਕੀਤਾ ਗਿਆ ਹੈ, ਪਰ ਫੇਰ ਵੀ ਇਸ ਰਸ ਦੀ ਝਲਕ ਮਿਲ ਹੀ ਜਾਂਦੀ ਹੈ :—

ਪ੍ਰਿਥਮ ਭਗੌਤੀ ਸਿਮਰਿਕੈ ਗੁਰ ਨਾਨਕ ਲਈਂ ਧਿਆਇ ॥

... ...

ਸਭ ਥਾਈਂ ਹੋਇ ਸਹਾਇ ॥

... ...

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥
ਫੇਰ ਨ ਜੂਨੀ ਆਇਆ ਜਿਨੀ ਇਹ ਗਾਇਆ ॥

Namdhari Elibrary NamdhariElibrary@gmail.com

2. ਸ਼ਿੰਗਾਰ ਰਸ :—ਆਲੰਬਨ ਵਿਭਾਵ : ਨਾਇਕ ਅਤੇ ਨਾਇਕਾ।

ਉਦੀਪਨ ਵਿਭਾਵ : ਚੰਦ, ਚਾਨਣੀ, ਮਿਠੀ ਮਿਠੀ ਪਉਣ, ਬਾਗ਼, ਫੁਲਵਾੜੀ, ਇਕਾਂਤ ਨਿਵਾਸ ਆਦਿ।

ਅਨੁਭਾਵ : ਕੰਨ, ਅਖੀਆਂ ਨਾਲ ਦੇਖਣਾ, ਇਕ ਦੂਜੇ ਦੀ ਤਾਰੀਫ਼ ਸੁਣਨੀ, ਕੰਬਨੀ, ਰੋਮਾਂਚ ਆਦਿ।

ਵਿਭਚਾਰੀ ਭਾਵ :—ਯਾਦ, ਚਿੰਤਾ, ਲਜਿਆ ਆਦਿ।

ਸ਼ਿੰਗਾਰ ਰਸ ਦੇ ਦੋ ਭੇਦ ਹਨ–ਇਕ ਸੰਜੋਗ ਅਤੇ ਦੂਜਾ ਵਿਜੋਗ। ਨਾਇਕ ਨਾਇਕਾ ਦੀ ਸੰਜੋਗ ਅਵਸਥਾ ਦੇ ਪਰੇਮ (ਰਤਿ) ਨੂੰ ਸੰਜੋਗ ਸ਼ਿੰਗਾਰ ਅਤੇ ਵਿਜੋਗ ਅਵਸਥਾ ਦੇ ਪਰੇਮ ਨੂੰ ਵਿਪ੍ਰਲੰਭ ਕਹਿੰਦੇ ਹਨ।

"ਵਾਰ ਸ੍ਰੀ ਭਗਉਤੀ ਜੀ ਕੀ" ਵਾਸਤਵ ਵਿਚ ਬੀਰ-ਰਸੀ ਕਾਵਿ ਹੈ ਅਤੇ ਇਸ ਵਿਚ ਪ੍ਰਧਾਨਤਾ ਬੀਰ-ਰਸ ਦੀ ਹੈ, ਇਸ ਲਈ ਸ਼ਿੰਗਾਰ ਰਸ ਦੀ ਹੋਂਦ ਬਹੁਤ ਹੀ ਘਟ ਹੈ ਅਤੇ ਉਪਰੋਕਤ ਕਿਸਮ ਦਾ ਨਮੂਨਾ ਇਸ ਸਾਹਿਤ ਵਿਚ ਨਹੀਂ ਹੈ, ਪਰ ਕਿਤੇ-ਕਿਤੇ ਉਪਮਾ ਅਲੰਕਾਰ ਦੀ ਸੂਰਤ ਵਿਚ ਇਸ ਰਸ ਦੀ ਝਲਕ ਆ ਗਈ ਹੈ ਜਿਵੇਂ—

ਪਉੜੀ (੪੨) **ਹੂਰਾਂ ਸ੍ਰਣਵਤ ਬੀਜ ਨੂੰ ਅਤਿ ਘੇਰ ਖਲੋਈਆਂ ॥**
ਪਉੜੀ (੫੩) **ਜਾਣੁ *ਰਜਾਦੀ ਉਤਰੀ ਪੈਨ੍ਹਿ ਸੂਹੀ ਸਾਰੀ ॥**

ਉਪਰੋਕਤ ਉਦਾਹਰਣ ਵਿਚ, ਹੂਰਾਂ ਦੀ ਸੁੰਦਰਤਾ ਅਤੇ ਰਜਾਦੀ ਦੇ ਨਖਸ਼ਿਖ ਦੀ ਸੁੰਦਰਤਾ ਦੀ ਝਲਕ ਅਖਾਂ ਅਗੇ ਫਿਰ ਜਾਂਦੀ ਹੈ।

3. ਕਰੁਣ :—ਆਲੰਬਨ ਵਿਭਾਵ : ਮਰਿਆ ਹੋਇਆ ਪੁੱਤਰ ਜਾਂ ਕੋਈ ਹੋਰ ਰਿਸ਼ਤੇਦਾਰ ਆਦਿ।

ਉਦੀਪਨ ਵਿਭਾਵ : ਰੋਂਦੇ ਹੋਏ ਰਿਸ਼ਤੇਦਾਰਾਂ ਦਾ ਦਰਸ਼ਨ ਆਦਿ।

ਅਨੁਭਵ : ਕੀਰਨੇ, ਵਡਿਆਂ ਦੀ ਨਿੰਦਾ ਪ੍ਰਲਾਪ ਆਦਿ।

---

* ਰਜਾਦੀ ਸ਼ਬਦ ਅਸਲ ਵਿਚ ਰਾਏਜ਼ਾਦੀ ਹੈ ਜਿਸ ਦੇ ਅਰਥ ਰਾਜਕੁਮਾਰੀ ਦੇ ਹਨ।

Namdhari Elibrary NamdhariElibrary@gmail.com

ਵਿਭਚਾਰੀ ਭਾਵ : ਮੋਹ, ਗਲਾਨੀ, ਚਿੰਤਾ ਆਦਿ ।

ਉਪਰੋਕਤ ਕਿਸਮ ਦੇ ਕਰੁਣ ਰਸ ਦੀ ਮਿਸਾਲ ਇਸ ਵਾਰ ਵਿਚੋਂ ਲਭਣੀ ਜ਼ਰਾ ਮੁਸ਼ਕਲ ਹੈ, ਕਿਉਂਕਿ ਸੂਰਮੇ ਅਤੇ ਜੰਗਜੂ ਲੜਾਈ ਦੇ ਮੈਦਾਨ ਵਿਚ ਇਸ ਪ੍ਰਕਾਰ ਦਾ ਰੁਦਨ ਜਾਂ ਜਾਨ ਦਾ ਮੋਹ ਨਹੀਂ ਰਖਦੇ, ਹਾਂ ਇਸ ਪਰਕਾਰ ਦੀ ਅਵਸਥਾ ਦੀ ਝਲਕ ਮਾਤਰ ਨਜ਼ਰ ਜ਼ਰੂਰ ਮੌਜੂਦ ਹੈ :—

ਪਉੜੀ (੨੯) ਭੰਨੇ ਦੈਂਤ ਪੁਕਾਰੇ ਰਾਜੇ ਸੁੰਭ ਥੈ ॥
ਲੋਚਨ ਧੂਮ ਸੰਘਾਰੇ ਸਣੇ ਸਿਪਾਹੀਆਂ ॥
ਚੁਣਿ ਚੁਣਿ ਜੋਧੇ ਮਾਰੇ ਅੰਦਰਿ ਖੇਤ ਦੇ ॥
ਜਾਪਨ ਅੰਬਰਿ ਤਾਰੇ ਡਿਗਨ ਸੂਰਮੇ ॥
ਗਿਰੇ ਪਰਬਤ ਭਾਰੇ ਮਾਰੇ ਬਿਜ ਦੇ ॥
ਦੈਂਤਾਂ ਦੇ ਦਲ ਹਾਰੇ ਦਹਸਤ ਖਾਇਕੈ ॥
ਬਚੇ ਸੋ ਮਾਰੇ ਮਾਰੇ ਰਹਦੇ ਰਾਇ ਥੈ ॥

... ...

ਪਉੜੀ (੪) ਇੰਦ੍ਰ ਬਿਥਾ ਸੁਣਾਈ ਆਪਣੇ ਹਾਲ ਦੀ ॥
ਛੀਨ ਲਈ ਠਕੁਰਾਈ ਸਾਤੇ ਦਾਨਵੀ ॥

... ...

ਪਉੜੀ (੧੯) ਬਿਧਣ ਖੇਤ ਵਿਹਾਣੀ ਮਹਖੇ ਦੈਂਤ ਨੂੰ ॥

... ...

ਪਉੜੀ (੫੦) ਬੀਰ ਪਲਾਣੋਂ ਡਿਗਿਆ ਕਰਿ ਸਿਜਦਾ ਸੁੰਭ ਸੁਜਾਣ ਕਉ ॥

4. ਹਾਸ-ਰਸ—ਆਲੰਬਨ : ਜਿਸ ਦੀ ਟੇਢੀ-ਮੇਢੀ ਸ਼ਕਲ, ਬਾਣੀ, ਪੁਸ਼ਾਕ ਆਦਿ ਨੂੰ ਦੇਖ ਕੇ ਹਾਸਾ ਆ ਜਾਵੇ ।

ਉਦੀਪਨ : ਉਸ ਦੀ ਚੇਸ਼ਟਾ ਆਦਿ, ਢੰਗ ਆਦਿ ।

ਅਨੁਭਾਵ : ਅਖਾਂ ਦਾ ਮਕਲਿਤ ਹੋਣਾ ਅਤੇ ਮੂੰਹ ਦਾ ਚੌੜਾ ਹੋਣਾ ।

ਸੰਚਾਰੀ ਭਾਵ : ਚੰਚਲਤਾ, ਚਪਲਤਾ, ਆਲਸ ਆਦਿ ।

Namdhari Elibrary NamdhariElibrary@gmail.com

ਪਉੜੀ (੧੩) ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ ॥
ਉਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ ॥
ਧਾਏ ਦੇਵੀ ਸਾਮਣੇ ਬੀਰ ਮੁਛਲੀਆਲੇ ॥

5. ਰੌਦ੍ਰ-ਰਸ—ਆਲੰਬਨ : ਅਪਰਾਧੀ ਪੁਰਖ, ਸ਼ਤਰੂ ਆਦਿ।

ਉਦੀਪਨ : ਉਸ ਦਾ ਅਪਰਾਧ ਆਦਿ।

ਅਨੁਭਾਵ : ਅਖਾਂ ਦੀ ਲਾਲੀ, ਬੁਲ੍ਹਾਂ ਨੂੰ ਗੁੱਸੇ ਨਾਲ ਟੁੱਕਣਾ, ਦੰਦ ਪੀਹਣਾ, ਤਿਊੜੀ ਚੜ੍ਹਾਉਣਾ, ਕਠੋਰ ਭਾਸ਼ਣ, ਸ਼ਸਤ੍ਰ ਗ੍ਰਹਣ ਆਦਿ।

ਉਦੀਪਨ : ਅਭਿਮਾਨ, ਆਵੇਗ, ਉਗ੍ਰਤਾ ਚਪਲਤਾ ਆਦਿ।

ਪਉੜੀ (੪੧) ਰੋਸ ਸਿਧਾਈਆਂ ਚਕ੍ਰਪਾਣ ਕਰ ਨੰਦਾ ਖੜਗ ਉਠਾਇਕੈ ॥
ਅਗੇ ਰਾਕਸ ਬੈਠੇ ਰੋਹਲੇ ਤੀਰੀਂ ਤੇਗੀ ਛਹਬਰ ਲਾਇਕੈ ॥
ਪਕੜ ਪਛਾੜੇ ਰਾਕਸਾਂ ਦਲ ਦੈਂਤਾਂ ਅੰਦਰਿ ਜਾਇਕੈ ॥
ਬਹ ਕੇਸੀਂ ਪਕੜ ਪਛਾੜਿਅਨ ਤਿਨ ਅੰਦਰਿ ਧੂਮ ਰਚਾਇਕੈ ॥
ਬਡੇ ਬਡੇ ਚੁਣਿ ਸੂਰਮੇ ਗਹਿ ਕੋਟੀ ਦਏ ਚਲਾਇਕੈ ॥
ਰਣ ਕਾਲੀ ਗੁਸਾ ਖਾਇਕੈ ॥

6. ਬੀਰ-ਰਸ—ਆਲੰਬਨ, ਸ਼ਤਰੂ ਆਦਿ, ਜਿਸ ਤੋਂ ਉਤਸ਼ਾਹ ਦੀ ਉਤਪੱਤੀ ਹੋਵੇ।

ਉਦੀਪਨ : ਸ਼ਤਰੂ ਦੀ ਚੇਸ਼ਟਾ, ਸੈਨਾ ਦਾ ਸਿੰਘ ਨਾਦ, ਲੜਾਈ ਦਾ ਵਾਜਾ ਆਦਿ।

ਅਨੁਭਾਵ : ਅੰਗਾਂ ਦਾ ਫੜਕਣਾ, ਯੁੱਧ ਦੇ ਸਹਾਇਕ (ਧਨੁਖ ਬਾਣ ਆਦਿ) ਦਾ ਢੂੰਡਣਾ, ਸ਼ਤਰੂ ਨੂੰ ਤੁੱਛ ਸਮਝਣਾ।

ਸੰਚਾਰੀ : ਅਭਿਮਾਨ, ਧੀਰਜ, ਰੋਮਾਂਚ, ਉਗ੍ਰਤਾ ਆਦਿ।

ਪਉੜੀ (੪੩) ਚੋਬੀ ਧਉਸਾਂ ਪਾਈਆਂ ਦਲਾਂ ਮੁਕਾਬਲਾ ॥
ਦਸਤੀ ਧੂਹ ਨਚਾਈਆਂ ਤੇਗਾਂ ਨੰਗੀਆਂ ॥
ਸੂਰਿਆਂ ਦੇ ਤਨ ਲਾਈਆ ਗੋਸ਼ਤ ਗਿਧੀਆਂ ॥
ਬਿਧਣ ਰਾਤੀ ਆਈਆਂ ਮਰਦਾ ਘੋੜਿਆਂ ॥

... ...

Namdhari Elibrary NamdhariElibrary@gmail.com

ਪਉੜੀ (੩੯) ਧਗਾਂ ਸੰਗਲੀਆਲੀ ਸੰਘਰ ਵਾਇਆ ॥
ਬਰਛੀ ਬੰਬਲੀਆਲੀ ਸੂਰੇ ਸੰਘਰੇ ॥
ਭੇੜ ਮਚਿਆ ਬੀਰਾਲੀ ਦੁਰਗਾ ਦਾਨਵੀ ॥
ਮਾਰ ਮਚੀ ਮੁਹਰਾਲੀ ਅੰਦਰ ਖੇਤ ਦੇ ॥

.. ..

ਪਉੜੀ (੩੪) ਸਿੰਘ ਕਰੀ ਅਸਵਾਰੀ ਦੁਰਗਾ ਸੋਰ ਸੁਣ ॥
ਖਬੇ ਦਸਤ ਉਭਾਰੀ ਗਦਾ ਫਿਰਾਇਕੈ ॥
ਸੈਨਾ ਸਭ ਸੰਘਾਰੀ ਸ੍ਰਣਵਤ ਬੀਜ ਦੀ ॥

7. **ਭਯ-ਰਸ**—ਆਲੰਬਨ : ਜਿਸ ਨਾਲ ਡਰ ਉਤਪਨ ਹੋਵੇ ।

ਉਦੀਪਨ : ਚੇਸਟਾਵਾਂ ।

ਅਨੁਭਵ ਚਿਹਰੇ ਉਪਰ ਹਵਾਈਆਂ ਉਡਣਾ, ਮੂਰਛਾ, ਪਸੀਨਾ ਆਉਣਾ, ਕੰਬਣਾ, ਰੋਂਗਟੇ ਖੜੇ ਹੋ ਜਾਣਾ ਆਦਿ ।

ਪਉੜੀ (੨੯) ਗਿਰੇ ਪਰਬਤ ਭਾਰੇ ਮਾਰੇ ਬਿਜੁ ਦੇ ॥
ਦੈਂਤਾਂ ਡੇ ਦਲ ਹਾਰੇ ਦਹਸਤ ਖਾਇਕੈ ॥
ਬਚੇ ਸੁ ਮਾਰੇ ਮਾਰੇ ਰਹਦੇ ਰਾਇ ਕੈ ॥

.. ..

ਪਉੜੀ (੪੭) ਦੁਰਗਾ ਅਤੇ ਦਾਨਵੀਂ ਸੂਲ ਹੋਈਆਂ ਕੰਗਾ ॥

8. **ਬੀਭਤਸ-ਰਸ**—ਆਲੰਬਨ : ਦੁਰਗੰਧ ਯੁਕਤ ਮਾਸ, ਰੁਦਰ ਚਰਬੀ ਆਦਿ ।

ਉਦੀਪਨ : ਥੁਕਣਾ, ਮੂੰਹ ਫੇਰ ਲੈਣਾ, ਅਖਾਂ ਮੀਟਣੀਆਂ ਆਦਿ ।

ਸੰਚਾਰੀ : ਅਪਸਮਾਰ, ਆਵੇਗ, ਵਿਆਧ ਆਦਿ ।

ਪਉੜੀ (੨੪) ਭੂਤਾਂ ਇਲਾਂ ਕਾਗੀ ਗੋਸ਼ਤ ਭਖਿਆ ॥

... .

ਪਉੜੀ (੧੦) ਪੇਟ ਮਲੰਦੇ ਲਾਈ ਮਹਿਖੇ ਦੈਂਤ ਨੂੰ ॥
ਗੁਰਦੇ ਆਂਦਾ ਖਾਈ ਨਾਲੇ ਰੁਕੜੇ ॥
ਚਟੀ ਜਾਣ ਦੁਖਾਈ ਤਾਰੇ ਧੂਮ ਕੇਤ ॥

Namdhari Elibrary NamdhariElibrary@gmail.com

ਪਉੜੀ (੧੯) ਰਣ ਵਿਚ ਘਤੀ ਘਾਣੀ ਲਹੂ ਮਿਝ ਦੀ ॥
ਬਿਧਣ ਖੇਤ ਵਿਹਾਣੀ ਮਹਿਖੇ ਦੈਤ ਨੂੰ ॥

9. ਅਦਭੁਤ-ਰਸ—ਆਲੰਬਨ : ਅਦਭੁਤ ਵਸਤੂ ।

ਉਦੀਪਨ : ਉਸ ਦੇ ਗੁਣਾਂ ਦਾ ਵਰਣਨ ਆਦਿ ।

ਅਨੁਭਾਵ : ਗਦਗਦ ਸੁਰ, ਰੋਮਾਂਚ, ਨੇਤਰ-ਵਿਕਾਸ ਆਦਿ ।

ਸੰਚਾਰੀ : ਤ੍ਰਾਸ, ਆਵੇਗ, ਖੁਸ਼ੀ ਆਦਿ ।

ਪਉੜੀ (੫੧) ਦੁਰਗਾ ਅਤੇ ਦਾਨਵੀ ਗਹ ਸੰਘਣੇ ਕਥੇ ॥
ਓਰੜ ਉਠੇ ਸੂਰਮੇ ਆ ਡਾਹੇ ਮਥੇ ॥
ਕਟ ਤੁਫੰਗੀ ਕੈਬਰੀ ਦਲੁ ਗਾਹਿ ਨਿਕਥੇ ॥
ਦੇਖਣ ਜੰਗ ਫਰੇਸਤੇ ਅਸਮਾਨੋਂ ਲਥੇ ॥

ਉਪਰੋਕਤ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਭਾਵੇਂ ਇਸ ਵਾਰ ਵਿਚ ਲਗ-ਪਗ ਸਾਰਿਆਂ ਰਸਾਂ ਦਾ ਪ੍ਰਯੋਗ ਮਿਲ ਜਾਂਦਾ ਹੈ ਪਰ ਅਸਲ ਵਿਚ ਇਹ ਵਾਰ ਸ਼ੁਰੂ ਤੋਂ ਲੈ ਕੇ ਅਖੀਰ ਤਕ ਬੀਰ-ਰਸ ਦੀ ਹੀ ਪ੍ਰਤੀਨਿਧ ਹੈ। ਇਸ ਸਾਹਿਤ ਦਾ ਇਕ-ਇਕ ਸ਼ਬਦ ਮਾਨੋ ਜੋਧੇ ਦੇ ਰੂਪ ਵਿਚ [1]ਯੁੱਧ ਕਰ ਰਿਹਾ ਜਾਪਦਾ ਹੈ।

— o —

---

1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਮਹਾਨ ਯੁੱਧਾਂ ਵਿਚ ਧਰਮ ਦੀ ਰਖਿਆ ਲਈ, ਸੰਤਾਂ ਦੇ ਉਧਾਰਨ ਲਈ, ਦੁਰਗਾ ਦੇ ਪਾਤਰ ਵਿਚ, ਰਾਖਸ਼ਾਂ (ਸਮੇਂ ਦੀ ਜਾਬਰ ਹਕੂਮਤ) ਦੇ ਆਹੂ ਲਾ ਰਹੇ ਹਨ।

Namdhari Elibrary NamdhariElibrary@gmail.com

੮

ਬਣਤਰ

ਕਿਸੇ ਕਾਵਿ ਦੀ ਬਣਤਰ ਵੇਖਣ ਅਤੇ ਪਰਖਣ ਲਈ ਦੋ ਗੱਲਾਂ ਬਹੁਤੀਆਂ ਧਿਆਨ ਦੇਣ ਯੋਗ ਹਨ। ਇਕ ਤੇ ਇਹ ਕਿ ਕਵਿਤਾ ਦਾ ਰੂਪ ਪੱਖ ਕੀ ਹੈ ਤੇ ਦੂਜਾ ਪੱਖ ਵਿਸ਼ਾ ਵਸਤੂ ਕੀ ਹੈ। ਮਹਾਨ ਕਵੀ ਸਦਾ ਆਪਣੀ ਕਲਾ ਦੇ ਅਧਾਰ ਤੇ ਦੋਹਾਂ ਪੱਖਾਂ ਵਿਚ ਸਫਲ ਹੋ ਜਾਂਦੇ ਹਨ। ਜਿਸ ਪ੍ਰਕਾਰ ਦਾ ਵਿਸ਼ਾ ਹੋਵੇ, ਉਤਕ੍ਰਿਸ਼ਟ ਕਵੀ ਉਸ ਲਈ ਉਹੋ ਛੰਦ ਵਰਤਦਾ ਹੈ ਜਿਸ ਵਿਚ ਉਸ ਦਾ ਨਿਰਬਾਹ ਠੀਕ ਤਰ੍ਹਾਂ ਹੋ ਸਕੇ। ਚੰਡੀ ਦੀ ਵਾਰ ਲਿਖਣ ਤੋਂ ਪਹਿਲਾਂ ਪੰਜਾਬ ਵਿਚ ਵਾਰਾਂ ਪ੍ਰਚਲਤ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੂਰਵ ਕੁਝ ਵਾਰਾਂ ਪ੍ਰਚਲਤ ਸਨ, ਜੋ ਕੇਵਲ ਸੂਰਬੀਰਾਂ ਦੇ ਯੁੱਧਾਂ ਨੂੰ ਸੁਚੱਜੇ ਢੰਗ ਨਾਲ ਪੇਸ਼ ਕਰਦੀਆਂ ਸਨ ਅਤੇ ਆਮ ਤੌਰ ਤੇ ਨਿਸ੍ਰਣੀ ਛੰਦ ਵਿਚ (ਪਉੜੀ) ਲਿਖੀਆਂ ਗਈਆਂ ਸਨ। ਪਰ ਇਹ ਵਾਰਾਂ ਬਹੁਤ ਹੀ ਛੋਟੀਆਂ ਸਨ ਦੋ ਚਾਰ ਪਉੜੀਆਂ ਵਿਚ ਖਤਮ ਹੋ ਜਾਂਦੀਆਂ ਸਨ। ਚਾਰਣ, ਭੱਟ, ਮਿਰਾਸੀ ਅਤੇ ਭਰਾਈਜਾਤ (ਸ਼ੇਖ) ਇਹਨਾਂ ਵਾਰਾਂ ਨੂੰ ਪਿੰਡਾਂ ਦੀਆਂ ਮਹਿਫਲਾਂ ਅਤੇ ਸਭਾਵਾਂ ਵਿਚ ਸੁਣਾਇਆ ਕਰਦੇ ਸਨ। ਲੋਕ ਖੁਸ਼ ਹੋ ਕੇ ਉਨ੍ਹਾਂ ਨੂੰ ਮਾਲੀ ਸਹਾਇਤਾ ਵੀ ਦਿੰਦੇ ਸਨ। ਹੋ ਸਕਦਾ ਹੈ ਕਿ ਇਹ ਬਹੁਤ ਸਾਰੀਆਂ ਵਾਰਾਂ ਹੋਣ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਨੌਂ ਵਾਰਾਂ ਦਾ ਹਵਾਲਾ ਮਿਲਦਾ ਹੈ ਜਿਨ੍ਹਾਂ ਦੀ ਧੁਨੀ ਉਪਰ ਗ੍ਰੰਥ ਸਾਹਿਬ ਦੀਆਂ ਵਾਰਾਂ ਗਾਉਣ ਦੀ ਆਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਪਰਿਪਾਟੀ ਨੂੰ ਛਡ ਕੇ ਵਿਸ਼ੇ ਵਸਤੂ ਵਿਚ ਤਬਦੀਲੀ ਕੀਤੀ। ਸੰਸਾਰਕ ਸੂਰਬੀਰਤਾ ਨੂੰ ਛਡ ਕੇ ਅਧਿਆਤਮਕ ਵਿਸ਼ੇ ਨੂੰ ਚੁਣਿਆ ਅਤੇ ਆਪ ਜੀ ਪਿਛੋਂ ਗੁਰੂ ਸਾਹਿਬਾਨ ਅਤੇ ਭਾਈ ਗੁਰਦਾਸ ਨੇ ਇਨ੍ਹਾਂ ਲੀਹਾਂ ਤੇ ਵਾਰ ਸਾਹਿਤ ਰਚਨਾ ਕੀਤੀ। ਸਤੇ ਬਲਵੰਡ ਨੇ ਗੁਰੂ ਸਾਹਿਬਾਨ ਦੀ ਪ੍ਰਸ਼ੰਸਾ ਵਿਚ ਆਪਣੀ ਵਾਰ

Namdhari Elibrary NamdhariElibrary@gmail.com

ਲਿਖੀ। ਭਾਈ ਗੁਰਦਾਸ ਨੇ ਪੰਜਾਬੀ ਮੁਹਾਵਰੇ ਨੂੰ ਪਉੜੀ ਛੰਦ ਵਿਚ ਵਰਤ ਕੇ ਇਸ ਦੀ ਚਾਲ ਨੂੰ ਹੋਰ ਜ਼ੋਰਦਾਰ ਬਣਾ ਦਿਤਾ। ਸੋ "ਵਾਰ ਸ੍ਰੀ ਭਗਉਤੀ ਜੀ ਕੀ" ਤੋਂ ਪਹਿਲੋਂ ਕਾਫ਼ੀ ਵਾਰਾਂ ਲਿਖੀਆਂ ਜਾ ਚੁਕੀਆਂ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਾਰ ਨੂੰ ਲਿਖ ਕੇ ਬੀਰ-ਰਸੀ ਪ੍ਰਬੰਧ ਕਾਵਿ ਦੀ ਨੀਂਹ ਰਖੀ ਅਤੇ ਇਸ ਨੂੰ ਮਹਾ ਕਾਵਿ ਦਾ ਰੂਪ ਦਿਤਾ।

ਵਿਸ਼ਾ ਵਸਤੂ—ਇਸ ਵਾਰ ਦੀ ਕਥਾ ਮਾਰਕੰਡੇ ਪੁਰਾਣ ਵਿਚੋਂ ਲਈ ਗਈ ਹੈ, ਜੋ ਹਿੰਦੂ ਸਮਾਜ ਵਿਚ ਸਤਿਕਾਰ ਯੋਗ ਗ੍ਰੰਥ ਹੈ। ਸਤਿਗੁਰੂ ਨੇ ਇਸ ਵਾਰ ਦੇ ਵਿਸ਼ੇ ਨੂੰ ਬਹੁਤ ਹੀ ਮੌਲਿਕ ਢੰਗ ਨਾਲ ਪੇਸ਼ ਕੀਤਾ ਹੈ, ਅਸਲੀ ਕਥਾ ਨਾਲੋਂ ਸੰਖੇਪ ਰੂਪ ਵਿਚ ਲਿਖਿਆ ਹੈ, ਸੋ ਅਸੀਂ ਇਸ ਦੇ ਵਿਸ਼ੇ ਨੂੰ ਮੁਖ ਰਖ ਕੇ ਹੇਠਲੇ ਭਾਗਾਂ ਵਿਚ ਇਸ ਦੀ ਵੰਡ ਕਰ ਸਕਦੇ ਹਾਂ :—

1. **ਅਰਦਾਸ** (ਮੰਗਲਾ ਚਰਨ)—ਪਹਿਲੀਆਂ ਦੋ ਪਉੜੀਆਂ—ਪ੍ਰਿਥਮ ਭਗੌਤੀ......ਕਿਨੀ ਤੇਰਾ ਅੰਤ ਨ ਪਾਇਆ।

2. **ਭੂਮਿਕਾ** (ੳ) ਸਤਜੁਗ ਦਾ ਬੀਤਣਾ, ਤ੍ਰੇਤੇ ਜੁਗ ਵਿਚ ਦੈਂਤਾਂ ਦਾ ਜ਼ੋਰ, ਅਮਰਾਵਤੀ ਤੇ ਉਨ੍ਹਾਂ ਦੀ ਜਿਤ, ਇੰਦਰ ਦਾ ਕੈਲਾਸ਼ ਪਰਬਤ ਵਿਚ ਲੁਕਣਾ ਅਤੇ ਦੁਰਗਾ ਦੀ ਸ਼ਰਨ ਜਾਣਾ। ਤੀਜੀ ਅਤੇ ਚੌਥੀ ਪਉੜੀ।

(ਅ) ਮਹਿਖਾਸੁਰ ਉਪਰ ਚੰਡੀ ਦੀ ਚੜ੍ਹਾਈ। ਮਹਿਖਾਸੁਰ ਅਤੇ ਦੁਰਗਾ ਦਾ ਯੁੱਧ। ਦੁਰਗਾ ਨੇ ਮਹਿਖਾਸੁਰ ਨੂੰ ਹਰਾਇਆ ਅਤੇ ਮਾਰਿਆ। ਅੰਤ ਵਿਚ ਇੰਦਰ ਨੂੰ ਰਾਜ ਦੇ ਕੇ ਅੰਤਰ ਧਿਆਨ ਹੋ ਗਈ। ਪੰਜਵੀਂ ਪਉੜੀ ਤੋਂ ਲੈ ਕੇ 21 ਪਉੜੀ ਤਕ।

3. ਸੁੰਭ ਨਿਸੁੰਭ ਦਾ ਪੈਦਾ ਹੋਣਾ। ਸੁੰਭ ਅਤੇ ਨਿਸੁੰਭ ਦੀ ਰਹਿਨੁਮਾਈ ਵਿਚ ਦੈਂਤਾਂ ਦਾ ਸੁਰਗ ਉਪਰ ਹੱਲਾਂ ਬੋਲਣਾ। ਇੰਦਰ ਦੀ ਹਾਰ ਅਤੇ ਦੁਰਗਾ ਦੀ ਸ਼ਰਣ ਜਾਣਾ ਤੇ ਉਸ ਨੂੰ ਰਾਖਸ਼ਾਂ ਉਪਰ ਚੜ੍ਹਾ ਕੇ ਲਿਆਉਣ। 22 ਪਉੜੀ ਤੋਂ ਲੈ ਕੇ 25 ਪਉੜੀ ਤਕ।

"ਆਂਦੀ ਚੰਡ ਚੜ੍ਹਾਈ ਉਤੇ ਰਾਕਸ਼ਾਂ"

Namdhari Elibrary NamdhariElibrary@gmail.com

(4) ਦੁਰਗਾ ਅਤੇ ਸੁੰਭ ਤੇ ਨਿਸੁੰਭ ਦੇ ਸਰਦਾਰਾਂ ਦੀ ਲੜਾਈ :–

(ੳ) ਧੂਮਰ ਲੋਚਨ .....26 ਤੋਂ 28 ਪਉੜੀ ਤਕ।

"ਜਮ ਪੁਰ ਦੀਆਂ ਪਠਾਈ ਲੋਚਨ ਧੂਮ ਨੋ ॥
ਜਾਪੇ ਦਿਤੀ ਸਾਈ ਮਾਰਨ ਸੁੰਭ ਦੀ ॥"

(ਅ) ਚੰਡ-ਮੁੰਡ, ਸੈਨਾਪਤੀ......ਪਉੜੀ 29 ਤੋਂ 32 ਪਉੜੀ ਤਕ।

"ਚੰਡ ਅਰੁ ਮੁੰਡ ਖਪਾਏ ਦੋਨੋ ਦੇਵਤਾ ॥"

(ੲ) ਸ੍ਰਣਵਤ ਬੀਜ (ਰਕਤ ਬੀਜ)......ਪਉੜੀ 33 ਤੋਂ ਲੈ ਕੇ ਪਉੜੀ 43 ਤਕ।

ਕਾਲੀ ਖੇਤਿ ਖਪਾਈਆਂ ਸਭੇ ਸੂਰਤਾਂ ॥

... ...

ਜਾਣ ਨ ਜਾਏ ਮਾਈਆਂ ਜੂਝੇ ਸੂਰਮੇ ॥

(ਸ) ਸੁੰਭ ਅਤੇ ਨਿਸੁੰਭ ਨਾਲ ਦੁਰਗਾ ਦਾ ਯੁੱਧ......44 ਪਉੜੀ ਤੋਂ ਲੈਕੇ 54 ਪਉੜੀ ਤਕ।

ਸੁੰਭ ਨਿਸੁੰਭ ਸੰਘਾਰਿਆ ਵਥ ਜੇਹੇ ਸਾਹੀਂ ॥

.. ..

ਭਜਦੇ ਹੋਏ ਮਾਰੀਅਨਿ ਮੁੜ ਝਾਕਨ ਨਾਹੀਂ ॥

5. ਮਹਤਮ . ...55ਵੀਂ ਪਉੜੀ, ਦੁਰਗਾ ਪਾਠ ਦੇ ਮਹਾਤਮ ਦਾ ਅਨੁਵਾਦ।

ਕਥਾਵਸਤੂ ਪੱਖ ਤੋਂ ਅਸੀਂ ਉਪਰ ਦੇਖਿਆ ਹੈ ਕਿ ਇੰਦਰ ਦੈਂਤਾਂ ਪਾਸੋਂ ਬਾਰ ਬਾਰ ਭਾਂਜ ਖਾ ਕੇ ਦੁਰਗਾ ਦੀ ਸ਼ਰਣ ਜਾਂਦਾ ਹੈ, ਦੁਰਗਾ ਉਸ ਦੀ ਸਹਾਇਤਾ ਕਰਦੀ ਹੈ ਅਤੇ ਰਾਖਸ਼ਾਂ ਉਪਰ ਜਿੱਤ ਪ੍ਰਾਪਤ ਕਰਕੇ ਇੰਦਰ ਨੂੰ ਰਾਜ ਸਿੰਘਾਸਨ ਉਪਰ ਸਥਾਪਤ ਕਰਦੀ ਹੈ। ਗੁਰੂ ਜੀ ਨੇ ਇਕ ਉਚ ਕੋਟੀ ਦੇ ਸਾਹਿਤਕਾਰ, ਰਾਜਨੀਤਕ, ਧਾਰਮਿਕ ਆਗੂ ਅਤੇ ਸਿਖ ਧਰਮ ਦੇ ਦਸਵੇਂ ਪਾਤਸ਼ਾਹ ਹੋਣ ਦੇ ਨਾਤੇ ਇਸ ਸਮਾਜ ਦਾ ਮਾਣ ਤੇ ਸਤਿਕਾਰ ਵਧਾਇਆ ਹੈ ਅਤੇ ਇਸਤਰੀ ਜਾਤੀ ਨੂੰ ਕੇਵਲ ਮਾਤਾ ਦੀਆਂ ਹਦਾਂ ਤਕ ਹੀ ਸੀਮਤ ਨਹੀਂ ਰਹਿਣ ਦਿਤਾ ਸਗੋਂ ਉਸ ਨੂੰ ਬਦੀ

Namdhari Elibrary NamdhariElibrary@gmail.com

ਦੀਆਂ ਬਲਵਾਨ ਸ਼ਕਤੀਆਂ ਨਾਲ ਲੜਦਿਆਂ ਅਤੇ ਜਿਤ ਪ੍ਰਾਪਤ ਕਰਦਿਆਂ ਦਿਖਾ ਕੇ ਭਾਰਤੀ ਸਭਿਅਤਾਂ ਨੂੰ ਬਹੁਤ ਹੀ ਉੱਚਾ ਕਰ ਦਿਤਾ ਹੈ। ਇਸਤਰੀ, ਨੂੰ ਮਨੁੱਖਾਂ ਦੀ ਵਿਲਾਸਤਾ ਤੋਂ ਕਢ ਕੇ ਮਾਨਵਤਾ ਦੀ ਰਖਿਅਕ ਦਜ਼ਿਆ ਅਤੇ ਜਗਤ ਮਾਤ ਦਾ ਦਰਜਾ ਸਥਾਪਤ ਕੀਤਾ, ਜੋ ਉਸ ਦਾ ਹਕ ਹੈ।

ਰੂਪ ਪੱਖ—ਹੁਣ ਅਸੀਂ ਇਸ ਵਾਰ ਦੇ ਰੂਪ ਪੱਖ ਨੂੰ ਦੇਖਦੇ ਹਾਂ। ਇਹ ਤੇ ਅਸੀਂ ਦੇਖ ਚੁਕੇ ਹਾਂ ਕਿ ਇਸ ਵਾਰ ਨੂੰ 55 ਪਉੜੀਆਂ ਵਿਚ ਵੰਡਿਆ ਗਿਆ ਹੈ ਜਿਨ੍ਹਾਂ ਵਿਚੋਂ ਅਸਲ 54 ਪਉੜੀਆਂ ਹਨ ਅਤੇ ਇਕ ਦੋਹਰਾ ਹੈ।

ਦੋਹਰਾ : **ਰਾਕਸ ਆਏ ਰੋਹਲੇ ਖੇਤ ਭਿੜਨ ਕੇ ਚਾਏ ॥**
ਲਿਸਕਣ ਤੇਗਾਂ ਬਰਛੀਆਂ ਸੂਰਜੁ ਨਦਰਿ ਨ ਆਏ ॥

ਦੋਹਰੇ ਦੀਆਂ ਦੋ ਤੁਕਾਂ ਹਨ, 24 ਮਾਤਰਾ, 13 ਅਤੇ 11 ਉਪਰ ਬਿਸਰਾਮ ਹੈ, ਪਰ ਪਉੜੀਆਂ ਦੀਆਂ ਮਾਤਰਾ-ਗਿਣਤੀ ਵਖ-ਵਖ ਪ੍ਰਕਾਰ ਨਾਲ, ਮਜ਼ਮੂਨ ਦੇ ਅਨੁਸਾਰ ਨਾਲ ਵਧ ਘਟ ਗਈ ਹੈ। ਪਉੜੀਆਂ ਵਿਚ ਤੁਕਾਂ ਦੀ ਗਿਣਤੀ 4 ਤੁਕਾਂ ਤੋਂ ਸ਼ੁਰੂ ਹੋ ਕੇ 12 ਤੁਕਾਂ ਤਕ ਚਲਦੀ ਹੈ। ਇਕ ਸਾਰਤਾ ਹਰ ਥਾਂ ਨਹੀਂ ਸਗੋਂ ਕਿਤੇ ਘਟ ਗਿਣਤੀ ਹੈ ਤੇ ਕਿਤੇ ਵਧ ਗਿਣਤੀ ਹੈ, ਕੋਈ ਖਾਸ ਤਰਤੀਬ ਨਾਲ ਤੁਕਾਂ ਵਿਚ ਘਟਾ ਵਧਾ ਨਹੀਂ ਕੀਤਾ ਗਿਆ। ਕਈਆਂ ਪਉੜੀਆਂ ਵਿਚ ਅੰਤਲੀ ਤੁਕ, ਜ਼ੋਰ ਦੇਣ ਲਈ ਅਧੀ ਹੀ ਦੇ ਦਿਤੀ ਗਈ ਹੈ। ਐਸਾ ਕਰਨ ਨਾਲ ਵਿਸ਼ੇ ਵਰਣਨ ਵਿਚ ਜ਼ੋਰ ਅਤੇ ਚੁਸਤੀ ਅਤੇ ਸਰਲਤਾ ਆ ਗਈ ਹੈ। ਕਈ ਵਾਰੀ ਇਹ ਅਧੀ ਤੁਕ ਇਕ ਹੀ ਪਉੜੀ ਵਿਚ ਇਕ ਦਫਾ ਤੋਂ ਵਧ ਵੀ ਆ ਗਈ ਹੈ—ਜਿਵੇਂ ਪਉੜੀ 50—

ਸ਼ਾਬਾਸ ਸਲੋਣੇ ਖਾਨ ਕਉ ॥
ਸਦ ਸ਼ਾਬਾਸ ਤੇਰੇ ਤਾਨ ਕਉ ॥
ਤਾਰੀਫਾਂ ਪਾਨ ਚਬਾਨ ਕਉ ॥
ਸਦ ਰਹਿਮਤ ਕੈਫਾਂ ਖਾਨ ਕਉ ॥
ਸਦ ਰਹਮਤ ਤੁਰੇ ਨਚਾਣ ਕਉ ॥

Namdhari Elibrary NamdhariElibrary@gmail.com

ਪੰਜਾਬੀ ਕਾਵਿ ਰਚਨਾ ਵਿਚ (ਖਾਸ ਕਰਕੇ ਪਉੜੀ ਛੰਦ ਵਿਚ), ਉਰਦੂ ਬਹਿਰਾਂ ਜਾਂ ਹਿੰਦੀ ਦੇ ਛੰਦਾਂ ਵਾਂਗ ਮਾਤ੍ਰਿਕ ਗਿਣਤੀ ਦੀ ਪ੍ਰਵਾਹ ਨਹੀਂ ਕੀਤੀ ਗਈ, ਜਿਵੇਂ ਪਉੜੀ 50—

ਗੁਰੂ ਦੇਵ ਦਾ ਇਹ ਢੰਗ, ਪਹਿਲੇ ਵਾਰ ਲੇਖਕ ਗੁਰੂ ਸਾਹਿਬਾਨ ਅਤੇ ਭਾਈ ਗੁਰਦਾਸ ਜੀ ਵਾਂਗ ਹੈ। ਗੁਰੂ ਦੇਵ ਨੇ ਪਹਿਲੀ ਹੀ ਵਾਰ ਪਰੰਪਰਾ ਤੇ ਰਵਾਇਤ ਨੂੰ ਕਾਇਮ ਰਖਿਆ ਅਤੇ ਰੂਪ ਪੱਖ ਤੋਂ ਪੂਰੀ ਤਰ੍ਹਾਂ ਨਿਭਾਇਆ। ਅਧੀ ਤੁਕ ਪਉੜੀ ਵਿਚ ਵਿਸ਼ੇਸ਼ ਰੂਪ ਨਾਲ ਇਕ ਰਸ ਬੰਨ੍ਹਦੀ ਹੈ ਅਤੇ ਜਜ਼ਬੇ ਨੂੰ ਬੀਰ-ਰਸੀ ਢੰਗ ਨਾਲ ਚਿੱਤਰਦੀ ਹੈ, ਸੋਹਜ-ਸਵਾਦ ਨੂੰ ਉਤਪੰਨ ਕਰਦੀ ਹੈ ਜਿਵੇਂ ਅਸੀਂ ਉਪਰ ਵਾਲੀ ਉਦਾਹਰਣ ਵਿਚ ਪੇਸ਼ ਕਰ ਚੁਕੇ ਹਾਂ। ਇਥੇ ਹੋਰ ਉਦਾਹਰਣਾਂ ਦੇਖੋ :—

(ੳ) ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖ ਜਾਇ ॥
ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥
ਸਭ ਥਾਈ ਹੋਇ ਸਹਾਇ ॥

(ਅ) ਤੈ ਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰ ਘਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨ ਤਾਇਆ ॥
ਕਿਨੀ ਤੇਰਾ ਅੰਤੁ ਨ ਪਾਇਆ ॥

(ੲ) ਕਿਨੇ ਨ ਜਿਤਾ ਜਾਈ ਮਹਿਖੇ ਦੈਂਤ ਨੂੰ ॥
ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ ॥

ਉਪਰੋਕਤ ਉਦਾਹਰਣਾਂ ਦੀ ਅਧੀ ਤੁਕ ਬੜੇ ਜ਼ੋਰ ਨਾਲ ਕਵੀ ਦੇ ਜਜ਼ਬੇ ਦਾ ਪ੍ਰਗਟਾਵਾ ਕਰਦੀ ਹੈ—ਕਿਨੀ ਤੇਰਾ ਅੰਤੁ ਨ ਪਾਇਆ—ਇੰਨਾਂ ਸੁਣਨ ਨਾਲ ਪ੍ਰਮਾਤਮਾ ਦੀ ਅਪਾਰ ਸ਼ਕਤੀ, ਉਸ ਦੀ ਉੱਚਤਾ, ਉਸ ਦੀ ਵਿਸ਼ਾਲਤਾ ਆਦਿ ਦਾ ਨਕਸ਼ਾ ਅਖਾਂ ਅਗੇ ਫਿਰ ਜਾਂਦਾ ਹੈ। ਵਰਣਨ ਵਿਚ ਤੀਬਰਤਾ ਤੇ ਤੀਖਣਤਾ ਆ ਜਾਂਦੀ ਹੈ। ਇਕ ਪ੍ਰਕਾਰ ਦੀ ਚਾਲ ਅਤੇ ਘੁਕਰ ਬੱਝ ਜਾਂਦੀ ਹੈ। 'ਵਾਰ ਸ੍ਰੀ ਭਗਉਤੀ ਜੀ ਕੀ' ਦੇ ਵਿਸ਼ਲੇਸ਼ਣ ਤੋਂ ਇਹ ਸਿਟਾ ਨਿਕਲਦਾ ਹੈ ਕਿ ਹੇਠਲੀਆਂ (31) ਪਉੜੀਆਂ—4, 5, 10, 11, 12, 14, 15, 17, 19, 21, 24, 25, 26, 27, 28, 29, 30, 31, 32, 33, 34, 35, 36, 37, 38, 39, 40—ਸਿਰ-

Namdhari Elibrary NamdhariElibrary@gmail.com

ਖੰਡੀ ਛੰਦ ਵਿਚ ਹਨ। ਬਾਕੀ ਪਉੜੀਆਂ 19, 21, 24, 26, 28 ਮਾਤਰਾਂ ਵਾਲੀਆਂ ਹਨ।

ਸਿਰਖੰਡੀ ਛੰਦ ਦੀ ਪਰਿਭਾਸ਼ਾ ਵਿਦਵਾਨ ਇਸ ਪ੍ਰਕਾਰ ਕਰਦੇ ਹਨ—

ਇਸ ਵਿਚ ਛੰਦਾਂ ਵਿਚਕਾਰਲਾ ਤੁਕਾਂਤ ਮਿਲਦਾ ਹੈ ਤੇ ਅਖੀਰਲਾ ਨਹੀਂ ਮਿਲਦਾ, ਇਹ ਤਿੰਨ ਪ੍ਰਕਾਰ ਦਾ ਹੁੰਦਾ ਹੈ—(1) 21 ਮਾਤਰਾ, 12 ਤੇ 9 ਬਿਸਰਾਮ ਅੰਤ ਗੁਰੂ। (2) 22 ਮਾਤਰਾ, 12 ਤੇ 10 ਉਪਰ ਬਿਸਰਾਮ, ਪਹਿਲੇ ਤੁਕਾਂਤ ਦੇ ਅੰਤ ਲਘੂ ਦੂਜੇ ਦੇ ਅੰਤ ਗੁਰੂ। (3) 23 ਮਾਤਰਾ, 14 ਤੇ 9 ਤੇ ਬਿਸਰਾਮ। ਇਸ ਵਾਰ ਵਿਚ ਬਹੁਤ ਕਰਕੇ ਪਹਿਲਾ ਰੂਪ ਵਰਤਿਆ ਗਿਆ ਹੈ। ਉਦਾਹਰਣ ਲਈ ਹੇਠਲੀਆਂ ਤੁਕਾਂ ਨੂੰ ਦੇਖੋ :—

3 2 6 2 2 4
(1) ਘੱਦਲ ਜਿਉ ਮਹਿਖਾਸੁਰ, ਰਣ ਵਿਚ ਗਜਿਆ = 11 + 8 = 19
(ਪਉੜੀ 16)

3 5 2 2 2 3 4
(2) ਦੁਹਾਂ ਕੰਧਾਰਾਂ ਮੁਹ ਜੁੜੇ, ਦਲ ਘੁਰੇ ਨਗਾਰੇ = 12 + 9 = 21
(ਪਉੜੀ 52)

3 5 3 2 3 4 4
(3) ਦੁਹਾ ਕੰਧਾਰਾ ਮੁਹ ਜੁੜੇ, ਨਾਲਿ ਧਉਂਸਾ ਭਾਰੀ = 13 + 11 = 24
(ਪਉੜੀ 18)

4 4 5 4 3 2 6
(4) ਤੈਹੀ ਦੁਰਗਾ ਸਾਜਿਕੈ, ਦੈਂਤਾਂ ਦਾ ਨਾਸ ਕਰਾਇਆ
= 13 + 15 = 28 (ਪਉੜੀ 2)

ਇੰਜ ਜੇ ਅਸੀਂ ਹੋਰ ਪਉੜੀਆਂ ਦੀਆਂ ਮਾਤਰਾਂ ਦੇਖਾਂਗੇ ਤਦ ਪਤਾ ਚਲੇਗਾ ਕਿ ਕਿਤੇ ਮਾਤਰਾਂ ਵਧ ਗਈਆਂ ਹਨ ਤੇ ਕਿਤੇ ਘਟ ਗਈਆਂ ਹਨ। ਸਾਰੀਆਂ ਤੁਕਾਂ ਦਾ ਵਿਸ਼ਲੇਸ਼ਣ ਕਰਕੇ ਜੇ ਦੇਖਿਆ ਜਾਵੇ ਤਦ ਮਾਤ੍ਰਕ ਗਿਣਤੀ ਦੀ ਸਖਤੀ ਨਾਲ

Namdhari Elibrary NamdhariElibrary@gmail.com

ਪੈਰਵੀ ਨਹੀਂ ਕੀਤੀ ਗਈ, ਇਕ ਹੀ ਪਉੜੀ ਵਿਚ ਮਾਤਰਾਂ ਘਟ ਵਧ ਹੋ ਜਾਂਦੀਆਂ ਹਨ। ਪਰ ਲੈ ਤੇ ਚਾਲ ਵਿਚ ਕੋਈ ਫ਼ਰਕ ਨਹੀਂ ਆਉਂਦਾ। ਪੰਜਾਬੀ ਕਾਵਿ ਰਚਨਾ ਵਿਚ 'ਖਾਸ ਕਰਕੇ ਪਉੜੀ ਛੰਦ ਵਿਚ, ਉਰਦੂ ਬਹਿਰਾਂ ਜਾਂ ਹਿੰਦੀ ਦੇ ਛੰਦਾਂ ਵਾਂਗ ਮਾਤ੍ਰਿਕ ਗਿਣਤੀ ਦੀ ਪ੍ਰਵਾਹ ਨਹੀਂ ਕੀਤੀ ਗਈ, ਸਗੋਂ ਖੁਲ੍ਹ ਡੁਲ੍ਹ ਤੋਂ ਕੰਮ ਲਿਆ ਗਿਆ ਹੈ, ਪਰ ਸੰਗੀਤ ਹਥੋਂ ਨਹੀਂ ਜਾਣ ਦਿਤਾ ਕਿਉਂਕਿ ਜੇ ਮਾਤ੍ਰਿਕ ਗਿਣਤੀ ਦੀ ਪੈਰਵੀ ਸਖਤੀ ਨਾਲ ਕੀਤੀ ਜਾਂਦੀ ਤਦ ਲੈ, ਸੁਰ ਅਤੇ ਸੰਗੀਤ ਦਾ ਗਲ ਜ਼ਰੂਰ ਘੁਟਣਾ ਪੈਂਦਾ। ਸ੍ਰੀ ਗੁਰੂ ਨਾਨਕ ਦੇਵ ਤੋਂ ਹੀ ਖੁਲ੍ਹ ਡੁਲ੍ਹ ਦੀ ਰੀਤੀ ਚਲੀ ਆ ਰਹੀ ਸੀ, ਪਰ ਸੰਗੀਤ (ਰਾਗ) ਨੂੰ ਪ੍ਰਾਥਮਿਕਤਾ ਦਿਤੀ ਜਾਂਦੀ ਰਹੀ, ਸੋ ਇਨ੍ਹਾਂ ਤਥਾਂ ਨੂੰ ਦ੍ਰਿਸ਼ਟੀ ਕੋਣ ਵਿਚ ਰਖਦਿਆਂ ਕਲਗੀਧਰ ਨੇ ਉਨ੍ਹਾਂ ਲੀਹਾਂ ਤੇ ਹੀ ਚਲਣਾ ਮੁਨਾਸਬ ਖਿਆਲ ਕੀਤਾ ਅਤੇ ਇਸ ਕਾਵ ਨੂੰ ਸੰਗੀਤਮਈ ਬਣਾਈ ਰਖਿਆ।

ਜਿਥੇ-ਜਿਥੇ ਗੁਰੂ ਜੀ ਨੇ ਯੁੱਧ ਸਮਾਂ ਬੰਨ੍ਹਿਆ ਹੈ ਉਥੇ ਸੰਖਾਂ, ਭੇਰੀਆਂ, ਧਉਂਸਿਆਂ ਅਤੇ ਧਗਾਂ ਦੀ ਗੁੰਜਾਰ ਨੂੰ ਜ਼ਰੂਰ ਦਿਖਾਇਆ ਹੈ ਇਹ ਸ਼ੋਰ ਇਹ ਧੁਨਾਂ ਪਾਠਕਾਂ ਦੇ ਮਨ ਅੰਦਰ ਜੋਸ਼, ਵਲਵਲਾ ਅਤੇ ਸੂਰਬੀਰਤਾ ਦਾ ਤੂਫ਼ਾਨ ਪੈਦਾ ਕਰ ਦਿੰਦੀਆਂ ਹਨ ਜਿਵੇਂ—

ਪਉੜੀ (7) **ਦੁਹਾਂ ਕੰਧਾਰਾਂ ਮਹਿ ਜੁੜੇ ਢੋਲ ਸੰਖ ਨਗਾਰੇ ਬੱਜੇ ॥**
ਪਉੜੀ (8) **ਜੰਗ ਮੁਸਾਫਾ ਬਜਿਆ ਰਣ ਘੁਰੇ ਨਗਾਰੇ ਚਾਵਲੇ ॥**
ਪਉੜੀ (9) **ਦੇਖਨ ਚੰਡ ਪ੍ਰਚੰਡ ਨੂੰ ਰਣ ਘੁਰੇ ਨਗਾਰੇ ॥**
ਪਉੜੀ (10) **ਚੋਟ ਪਈ ਦਮਾਮੇ ਦਲਾਂ ਮੁਕਾਬਲਾ ॥**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਾਨੀ ਜਾਦੂ-ਅਸਰ ਸੀ। ਜਿਹੜਾ ਸ਼ਬਦ ਵੀ ਇਸ ਕਾਨੀ ਵਿਚੋਂ ਨਿਕਲ ਗਿਆ ਉਹ ਇਕ ਸੂਰਮੇ ਦੀ ਸੂਰਤ ਵਿਚ ਲੜਾਈ ਕਰਨ ਲਈ ਤਿਆਰ ਬਰ ਤਿਆਰ ਦਿਖਾਈ ਦਿੰਦਾ ਹੈ। ਯੁੱਧਾਂ ਅਤੇ ਭਿਆਨਕ ਨਾਦਾਂ ਦਾ ਇਕ ਅਨੋਖੀ ਪ੍ਰਕਾਰ ਦਾ, ਸਤਿਗੁਰੂ ਨੇ ਸੁਮੇਲ ਕੀਤਾ ਹੈ ਅਤੇ ਉਨ੍ਹਾਂ ਦੇ ਆਪਣੇ ਬੀਰ-ਰਸੀ ਤਜਰਬੇ ਸ਼ਾਮਲ ਹੋ ਕੇ ਕਵਿਤਾ ਦਾ ਰੰਗ ਬਹੁਤ ਹੀ ਚਮਕ ਉਠਿਆ ਹੈ।

Namdhari Elibrary NamdhariElibrary@gmail.com

ਕਵਿਤਾ ਦਾ ਬੀਰ-ਰਸੀ ਰੰਗ ਬੰਨ੍ਹਣ ਲਈ ਆਪ ਜੀ ਨੂੰ ਸੂਖਮ (ਕੋਮਲ) ਤੇ ਖੱਰਵੇ ਸੁਰਾਂ ਦੀ ਵਰਤੋਂ ਵੀ ਕਰਨੀ ਪਈ ਹੈ, ਜਿਸ ਵਿਚ ਤਾਲ, ਲੈ ਪਰਵੇਸ਼ ਕਰ ਗਏ ਹਨ। ਵਾਰ ਦੀਆਂ ਤੁਕਾਂ ਪੜ੍ਹਨ ਵਿਚ ਚੁਸਤੀ ਅਤੇ ਜ਼ੋਰ ਪੂਰੇ ਜੋਬਨ ਵਿਚ ਆ ਜਾਂਦੇ ਹਨ।

ਅਸੀਂ ਇਹ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਕਵੀ ਸਨ, ਉਚ ਕੋਟੀ ਦੇ ਕਲਾਕਾਰ, ਜ਼ਮਾਨੇ ਦੀ ਚਾਲ ਤੋਂ ਜਾਣੂ, ਵਿਦਵਤਾ ਦੇ ਸਾਗਰ, ਗਿਆਨ ਦੇ ਭੰਡਾਰ ਸਨ ਇਸ ਲਈ ਆਪ ਜੀ ਨੇ ਇਸ ਮਿਥਿਹਾਸਕ ਕਥਾ ਨੂੰ ਆਪਣੇ ਬੀਰ-ਰਸੀ ਤਜਰਬੇ ਵਿਚ ਰੰਗ ਕੇ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਇਹ ਵਾਰ ਪੰਜਾਬੀ-ਵਾਰ ਸਾਹਿਤ ਵਿਚ ਅਦੁਤੀ ਬਣ ਗਈ ਹੈ।

ਕੁਝ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਮੌਲਾਨਾ ਰੂਮ ਦੀ ਫ਼ਾਰਸੀ ਕ੍ਰਿਤ ਮਸਨਵੀ ਨੇ ਕੁਰਾਨ ਸ਼ਰੀਫ਼ ਨਾਲੋਂ ਵਧ, ਫ਼ਾਰਸੀਦਾਨ ਦੁਨੀਆਂ ਵਿਚ ਅਸਰ ਪੈਦਾ ਕੀਤਾ। ਸਾਡਾ ਵਿਚਾਰ ਹੈ ਕਿ ਗੁਰੂ ਨਾਨਕ ਬਾਣੀ (ਗੁਰਬਾਣੀ) ਨੇ ਪੰਜਾਬੀ ਦਾਨ ਦੁਨੀਆਂ ਵਿਚ, ਵੇਦਾਂ, ਉਪਨਿਸ਼ਦਾਂ ਦੇ ਗਿਆਨ ਨਾਲੋਂ ਅਧਿਕ ਪ੍ਰਭਾਵ ਪਾਇਆ ਹੈ।

ਜਦ ਅਰਜਨ ਮਹਾਂ ਭਾਰਤ ਦੇ ਯੁੱਧ ਵਿਚ ਪਹੁੰਚਿਆ, ਤਦ ਉਸ ਨੇ ਆਪਣੇ ਸਾਹਮਣੇ ਆਪਣੇ ਰਿਸ਼ਤੇਦਾਰਾਂ ਨੂੰ ਦੇਖਿਆ ਜਿਨ੍ਹਾਂ ਨੂੰ ਉਸ ਨੇ ਮਾਰ ਕੇ ਭਾਰਤ ਦੀ ਰਾਜ ਗੱਦੀ ਆਪਣੇ ਭਰਾ ਯੁਧਿਸ਼ਟਰ ਲਈ ਪ੍ਰਾਪਤ ਕਰਨੀ ਸੀ। ਉਸ ਵੇਲੇ ਦੇਹ-ਪ੍ਰੇਮ ਨੇ ਉਸ ਉਪਰ ਗਲਬਾ ਪਾ ਲਿਆ ਅਤੇ ਉਸ ਉਪਰ ਮੋਹ ਛਾ ਗਿਆ। ਸ੍ਰੀ ਕ੍ਰਿਸ਼ਨ ਜੀ ਨੇ ਉਸ ਵੇਲੇ ਗੀਤਾ ਦਾ ਗਿਆਨ ਦੇ ਕੇ ਅਰਜਨ ਨੂੰ ਕਰਤੱਵ ਪਾਲਣ ਲਈ ਉਤਸ਼ਾਹ ਦਿਤਾ। ਉਸ ਸਮੇਂ ਤੋਂ ਲੈ ਕੇ ਗੀਤਾ ਨੇ ਅਨੇਕ ਕਾਇਰਾਂ ਨੂੰ ਅਸਲੀ ਗਿਆਨ ਦੇ ਕੇ ਆਪਣੇ ਕਰਤੱਵ ਲਈ ਖੜਾ ਕੀਤਾ ਅਤੇ ਰਹਿੰਦੀ ਦੁਨੀਆਂ ਤਕ ਇਹ ਸਿਲਸਿਲਾ ਜਾਰੀ ਰਹੇਗਾ। ਸਾਡਾ ਵਿਚਾਰ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬਚਿਤ੍ਰ ਨਾਟਕ ਵਿਚ ਆਪਣੇ ਜੀਵਨ ਬਾਰੇ ਦਸਦਿਆਂ ਹੋਇਆਂ ਜ਼ੋਰ ਦਿਤਾ ਹੈ ਕਿ ਮੈਂ ਇਥੇ ਦੁਸ਼ਟਾਂ ਨੂੰ ਮਾਰਨ ਅਤੇ ਸੰਤਾਂ ਨੂੰ ਉਬਾਰਨ ਵਾਸਤੇ ਆਇਆ ਹਾਂ। ਇਸ ਵਾਰ ਰਚਨਾ ਰਾਹੀਂ ਗੁਰੂ ਜੀ ਨੇ ਮਿਥਿਹਾਸਕ ਕਥਾ ਰਾਹੀਂ ਲੋਕਾਂ ਦੀ ਸੁੱਤੀ

Namdhari Elibrary NamdhariElibrary@gmail.com

ਹੋਈ ਅਣਖ ਨੂੰ ਟੁੰਬਿਆ ਹੈ ਅਤੇ ਆਉਣ ਵਾਲੇ ਸਮਿਆਂ ਵਿਚ ਗੀਤਾ ਵਾਂਗ ਇਹ ਵਾਰ ਲੋਕਾਂ ਵਿਚ ਸੂਰਬੀਰਤਾ ਅਤੇ ਉਤਸਾਹ ਭਰਦੀ ਰਹੇਗੀ। ਇਸ ਵਾਰ ਦਾ ਅਸਰ ਇਹ ਹੋਇਆ ਕਿ ਉਸ ਪੰਜਾਬ ਦੀ ਜ਼ੁਲਮ-ਮਿਧੀ ਜਨਤਾ, ਅਰਜਨ ਵਾਂਗ ਉਠ ਖੜੀ ਹੋਈ ਅਤੇ ਜ਼ੁਲਮ ਦਾ ਟਾਕਰਾ ਡਟ ਕੇ ਕੀਤਾ। ਇਸ ਦਾ ਅਸਰ ਹਮੇਸ਼ਾ ਲਈ ਅਗੇ ਵਧਦੇ ਰਹੇਗਾ। ਇਸ ਵੇਲੇ ਪੰਜਾਬੀ ਵਿਦਵਾਨਾਂ ਦਾ ਕਰਤਵ ਹੈ ਕਿ ਉਹ ਇਸ ਵਾਰ ਨੂੰ ਦੂਜੀਆਂ ਜ਼ਬਾਨਾਂ ਵਿਚ ਅਨੁਵਾਦਣ ਅਤੇ ਬਾਕੀ ਦੁਨੀਆਂ ਨੂੰ ਇਸ ਤੋਂ ਜਾਣੂ ਕਰਵਾਉਣ।

— o —

Namdhari Elibrary NamdhariElibrary@gmail.com

੯

ਪੰਜਾਬੀ ਵਾਰ

(ਬੀਰ-ਰਸ ਭਰਪੂਰ, ਪੰਜਾਬੀ ਸਾਹਿਤ)

ਵਾਰ, ਪਦ ਦੇ ਅਰਥ—ਮੁਹਾਸਰਾ, ਹਮਲਾ, ਜੰਗ, ਯੁੱਧ, ਤਲਵਾਰ ਦਾ ਵਾਰ ਆਦਿ-ਹਨ। ਇਹ ਸ਼ਬਦ, ਸੰਸਕ੍ਰਿਤ ਵ੍ਰਿਤ ਧਾਤੂ ਤੋਂ ਨਿਕਲਿਆ ਮੰਨਿਆ ਜਾਂਦਾ ਹੈ। ਇਹਨਾਂ ਅਰਥਾਂ ਵਿਚ ਇਹ ਪਦ (ਮੰਡਲ 1, ਸੂਕਤ 32, ਮੰਤਰ 12), ਰਿਗ ਵੇਦ ਵਿਚ ਵੀ ਵਰਤਿਆ ਹੋਇਆ ਹੈ। ਇਸ ਲਈ ਵਾਰ ਦੇ ਅਰਥ ਰੋਕਣਾ, ਹਮਲਾ ਕਰਨਾ, ਹਮਲਾ ਰੋਕਣਾ ਆਦਿ ਦੇ ਹੋ ਗਏ ਹਨ। ਐਸਾ ਪ੍ਰਤੀਤ ਹੁੰਦਾ ਹੈ ਕਿ ਸਮੇਂ ਦੇ ਗੇੜ ਅਤੇ ਚੱਕਰ ਵਿਚ ਇਹ ਪਦ ਆਪਣੇ ਅਰਥ ਤਬਦੀਲ ਕਰਦਾ ਹੋਇਆ, ਬੀਰ-ਰਸ ਭਰਪੂਰ ਗੀਤ ਦੇ ਅਰਥ ਵਿਚ ਪ੍ਰਚਲਤ ਹੋ ਗਿਆ। ਇਹ ਵੀ ਹੋ ਸਕਦਾ ਹੈ ਕਿ ਵਾਰ "ਜਸ-ਭਰਪੂਰ ਗੀਤ" ਦੇ ਅਰਥਾਂ ਵਿਚ 'ਵਾਰਤਾ ਪਦ" ਤੋਂ ਸੰਖੇਪ ਹੋ ਕੇ ਬਣਿਆ ਹੋਵੇ। "ਵਾਰਤਾ" ਪਦ 'ਵ੍ਰਿਤ' ਧਾਤੂ ਤੋਂ ਨਿਕਲਿਆ ਹੈ, ਜਿਸ ਦੇ ਅਰਥ ਬੋਲਣਾ ਜਾਂ ਵਰਣਨ ਕਰਨਾ ਹੈ। ਸੰਸਕ੍ਰਿਤ ਵਿਚ 'ਵਾਰਵਾਣਿ' ਪਦ ਉੱਤਮ ਗਵਯੇ ਦੇ ਅਰਥਾਂ ਵਿਚ ਮਿਲਦਾ ਹੈ। ਹੋ ਸਕਦਾ ਹੈ ਕਿ 'ਵਾਰਵਾਣਿ' ਦਾ ਸੰਖੇਪ "ਵਾਰ" ਸ਼ਬਦ ਬਣ ਗਿਆ ਹੋਵੇ। ਅੰਗਰੇਜ਼ੀ ਵਿਚ "ਵਾਰ = WAR" ਸ਼ਬਦ ਦੇ ਅਰਥ ਯੁੱਧ ਹੀ ਹਨ। ਪ੍ਰਾਚੀਨ ਆਰੀਆਂ ਦੇ ਬਜ਼ੁਰਗਾਂ ਨੂੰ ਜਿਨ੍ਹਾਂ ਦਾ ਨਿਵਾਸ ਸਥਾਨ ਯੋਰੇਸ਼ੀਆ (Europe+Asia) ਦੇ ਮੈਦਾਨ ਦਸੇ ਜਾਂਦੇ ਹਨ, ਉਨ੍ਹਾਂ ਨੂੰ ਵਿਰੋਸ (Wiros) ਕਿਹਾ ਜਾਂਦਾ ਸੀ। ਭਾਸ਼ਾ ਵਿਗਿਆਨੀਆਂ ਦਾ ਵਿਚਾਰ ਹੈ ਕਿ ਇਸੇ ਵਿਰੋਸ ਸ਼ਬਦ ਤੋਂ ਅੰਗਰੇਜ਼ੀ ਦਾ 'war' ਵਾਰ ਅਤੇ 'warrior = ਯੋਧਾ' ਨਿਕਲੇ ਹਨ। ਹੋ ਸਕਦਾ ਹੈ ਕਿ ਪੰਜਾਬੀ ਦੇ ਸ਼ਬਦ—ਵੀਰ (ਭਰਾ) ਅਤੇ ਬੀਰ—ਵੀ ਇਸੇ ਪ੍ਰਾਚੀਨ ਆਰਿਆਈ ਸ਼ਬਦ ਦੀ ਉਪਜ ਹੋਣ।

Namdhari Elibrary NamdhariElibrary@gmail.com

ਅਜ ਕਲ ਪੰਜਾਬੀ ਸਾਹਿਤ ਵਿਚ ਇਸ ਦੇ ਅਰਥ, ਯੁੱਧ ਸੰਬੰਧੀ ਕਾਵਿ ਦੇ ਹਨ ਅਤੇ ਉਹ ਬੀਰ-ਰਸੀ ਰਚਨਾ ਹੁੰਦੀ ਹੈ, ਜਿਸ ਵਿਚ ਸੂਰਬੀਰਤਾ, ਦਲੇਰੀ, ਬਹਾਦਰੀ ਆਦਿ ਦਾ ਵਰਣਨ ਹੋਵੇ। ਵਾਰ ਸ਼ਬਦ ਦਾ ਅਰਥ 'ਪੌੜੀ' (ਨਿ: ਸ੍ਰੇਣੀ) ਛੰਦ ਵੀ ਹੋ ਗਿਆ ਹੈ ਕਿਉਂਕਿ ਯੋਧਿਆਂ ਦੀ ਸੂਰਬੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਕਾਨੀ-ਬਧ (ਲਿਖਿਆ) ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਰਤਾਰ ਦੀ ਮਹਿਮਾ ਭਰੀ ਬਾਣੀ ਜੋ ਪਉੜੀ ਛੰਦਾਂ ਨਾਲ ਸ਼ਲੋਕ ਮਿਲਾ ਕੇ ਲਿਖੀ ਗਈ ਹੈ ਵਾਰ ਨਾਂ ਨਾਲ ਹੀ ਪ੍ਰਸਿਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਹਿਲੋਂ ਨੌਂ *ਬੀਰ-ਰਸ ਭਰਪੂਰ, ਰਾਜਦੂਤ ਰਾਜਿਆਂ ਦੇ ਜਸ ਨਾਲ ਪੂਰਣ, ਬਹੁਤ ਹੀ ਪ੍ਰਸਿਧ-ਰਾਏ ਕਮਾਲ ਦੀ ਮਉਜ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ ਸਿਕੰਦਰ ਇਬਰਾਹੀਮ ਦੀ ਵਾਰ, ਲਲਾ ਬਹਿਲੀਮਾਂ ਦੀ ਵਾਰ, ਹਸਨੇ ਮਹਮੇ ਦੀ ਵਾਰ, ਮੂਸੇ ਦੀ ਵਾਰ, ਮਲਕ ਮੁਰੀਦ ਦੀ ਵਾਰ, ਚੰਦਰਹੜੇ ਸੋਹੀਏ ਦੀ ਵਾਰ, ਜੋਧੇ ਤੇ ਰਾਣੇ ਕੈਲਾਸ਼ ਦੀ ਵਾਰ—ਸਨ, ਜਿਨ੍ਹਾਂ ਦੀ ਧੁਨੀਆਂ ਉਪਰ ਗ੍ਰੰਥ ਸਾਹਿਬ ਵਾਲੀਆਂ ਵਾਰਾਂ ਨੂੰ ਗਾਉਣ ਦਾ ਹੁਕਮ ਹੈ ਅਤੇ ਉਹਨਾਂ ਵਾਰਾਂ ਦੀ ਸੰਖਿਆ 22 ਹੈ, ਜੋ ਵੇਰਵਾ ਇਸ ਪ੍ਰਕਾਰ ਹੈ—ਸ੍ਰੀ ਰਾਗ ਦੀ (ਵਾਰ), ਮਾਝ ਦੀ, ਗਉੜੀ ਦੀਆਂ ਦੋ, ਆਸਾ ਦੀ, ਗੂਜਰੀ ਦੀਆਂ ਦੋ, ਬਿਹਾਗੜੇ ਦੀ, ਵਡਹੰਸ ਦੀ, ਸੋਰਠ ਦੀ, ਜੈਤਸ੍ਰੀ ਦੀ, ਸੂਹੀ ਦੀ, ਬਿਲਾਵਲ ਦੀ, ਰਾਮ ਕਲੀ ਦੀਆਂ ਤਿੰਨ, ਮਾਰੂ ਦੀਆਂ ਦੋ, ਬਸੰਤ ਦੀ, ਮਲਾਰ ਦੀ ਅਤੇ ਕਾਨੜੇ ਦੀ (ਵਾਰ)।

ਪੰਜਾਬੀ-ਵਾਰ-ਸਾਹਿਤ—ਸੰਸਾਰ ਵਿਚ ਸਾਨੂੰ ਦੋ ਪ੍ਰਕਾਰ ਦੇ ਸੂਰਮੇ ਮਿਲਦੇ ਹਨ—ਇਕ ਉਹ ਜਿਨ੍ਹਾਂ ਨੇ ਅਧਿਆਤਮਕ ਖੇਤਰ ਵਿਚ ਗਿਆਨ ਇੰਦ੍ਰੀਆਂ ਤੇ ਕਾਬੂ ਪਾ ਕੇ ਮਾਨਵਤਾ ਭਗਤੀ, ਪਰੇਮ ਆਦਿ ਦਾ ਗੁਣਾਂ ਦਾ ਪ੍ਰਚਾਰ ਕੀਤਾ ਅਤੇ ਬਦੀਆਂ ਉਪਰ ਜਿਤ ਪ੍ਰਾਪਤ ਕੀਤੀ। ਜਿਵੇਂ ਧਰੂ, ਪ੍ਰਹਲਾਦ, ਹਜ਼ਰਤ ਈਸਾ, ਮੂਸਾ, ਇਬਰਾਹੀਮ, ਮਹਾਤਮਾ ਬੁਧ, ਸ੍ਰੀ ਗੁਰੂ ਨਾਨਕ, ਅਰਜਨ ਗੁਰੂ, ਚਿਕਰੀਆਂ,

---

* ਇਨ੍ਹਾਂ ਵਾਰਾਂ ਵਿਚੋਂ ਕੁਝ ਇਕ ਗੁਰੂ ਨਾਨਕ ਦੇਵ ਤੋਂ ਪਹਿਲੋਂ ਦੀਆਂ ਹਨ, ਤੇ ਕੁਝ ਜਹਾਂਗੀਰ ਦੇ ਵੇਲੇ ਤੇ ਅਕਬਰ ਮਹਾਨ ਦੇ ਵੇਲੇ ਰਚੀਆਂ ਗਈਆਂ ਸਨ।

Namdhari Elibrary NamdhariElibrary@gmail.com

ਮਨਸੂਰ, ਸਰਮਦ, ਸ਼ਮਸਤਬ੍ਰੇਜ਼ ਆਦਿ ਹੋਏ ਹਨ, ਪਰ ਇਹ ਸਭ ਮਹਾਤਮਾ ਇਸ਼ਕ ਹਕੀਕੀ (ਪ੍ਰਭੂ-ਪ੍ਰੇਮ) ਦੇ ਪੁਜਾਰੀ ਸਨ। ਇਸ਼ਕ ਹਕੀਕੀ ਤੋਂ ਬਾਦ ਇਸ਼ਕ ਮਜਾਜ਼ੀ ਦੇ ਖੇਤਰ ਵਿਚ—ਰਾਂਝਾ ਹੀਰ, ਲੈਲਾ ਮਜਨੂੰ, ਸ਼ੀਰੀ ਫਰਹਾਦ, ਸੋਹਣੀ ਮਹੀਂਵਾਲ, ਸਸੀ ਪੁੰਨੂ, ਮਿਰਜ਼ਾ ਸਾਹਿਬਾਂ ਆਦਿ—ਦੇ ਨਾਂ ਮਿਲਦੇ ਹਨ। ਦੂਜੀ ਪ੍ਰਕਾਰ ਦੇ ਉਹ ਸੂਰਬੀਰ ਹਨ ਜਿਨ੍ਹਾਂ ਨੇ ਸ਼ਕਤੀ ਦੇ ਮਾਧਿਅਮ ਨਾਲ ਮਨੁੱਖ ਜਾਤੀ ਅਤੇ ਮਾਨਵਤਾ ਦੀ ਰਖਿਆ ਲਈ ਸ਼ਰੀਰਕ ਯੁੱਧ ਲੜੇ ਅਤੇ ਆਪਣੇ ਮਕਸਦ ਵਿਚ ਸਫਲ ਹੋਏ। ਜਿਵੇਂ—ਰਾਮ-ਕ੍ਰਿਸ਼ਨ, ਅਰਜਨ-ਭੀਮ, ਪੋਰਸ-ਸਿਕੰਦਰ, ਜੈਮਲ-ਫਤਾ, ਰਾਣਾ ਪ੍ਰਤਾਪ-ਸ਼ਿਵਾ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਦਿ ਹੋਏ ਹਨ।

ਪੰਜਾਬ ਮੁਢ ਕਦੀਮਾਂ ਤੋਂ ਹੀ ਵਿਦੇਸ਼ੀ ਹਮਲਾਆਵਰਾਂ ਦੀ ਰਣ ਭੂਮੀ ਬਣਿਆ ਚਲਿਆ ਆ ਰਿਹਾ ਹੈ। ਦਰਾਵੜ, ਆਰੀਏ, ਯੂਨਾਨੀ, ਸ਼ਕੰਨ, ਹੂਨ, ਪਾਰਥੀਅਨ, ਅਰਬ, ਤੁਰਕ ਅਤੇ ਅਫਗਾਨ ਸਭ ਪੰਜਾਬ ਅਤੇ ਸਿੰਧ ਵਲੋਂ ਹੁੰਦੇ ਹੋਏ ਅਗੇ ਵਧਦੇ ਰਹੇ। ਇਸ ਲਈ ਪੰਜਾਬ ਨਿਵਾਸੀਆਂ ਨੂੰ ਆਏ ਦਿਨ ਦੁਸ਼ਮਣਾਂ ਦਾ ਮੁਕਾਬਲਾ ਕਰਨਾ ਪੈਂਦਾ ਰਿਹਾ। ਇਸ ਲਈ ਕੁਦਰਤੀ ਤੌਰ ਤੇ ਇਥੇ ਬੀਰ-ਰਸੀ ਕਾਵਿ ਦਾ ਪੈਦਾ ਹੋਣਾ ਜ਼ਰੂਰੀ ਸੀ। ਪੰਜਾਬ ਯੋਧਿਆਂ ਸੂਰਮਿਆਂ ਅਤੇ ਬਹਾਦਰਾਂ ਦਾ ਦੇਸ਼ ਹੈ। ਪੁਰਾਣੇ ਭਾਰਤ ਬੀਰ-ਰਸੀ ਸਾਹਿਤ ਵਜੋਂ ਮਹਾਂ ਭਾਰਤ ਅਤੇ ਰਾਮਾਇਣ ਮੌਜੂਦ ਸਨ। ਵਾਰ ਸਾਹਿਤ ਮੁਸਲਮਾਨੀ ਰਾਜ ਦੇ ਸਮੇਂ ਦੀ ਉਪਜ ਹੈ, ਕਿਉਂਕਿ ਇਸ ਵੇਲੇ ਪੰਜਾਬੀਆਂ ਨੂੰ ਆਪਣੀ ਸੁਤੰਤਰਤਾ ਲਈ ਸੰਘਰਸ਼ ਕਰਨਾ ਪੈ ਰਿਹਾ ਸੀ। ਬੀਰਾਂ ਵਿਚ ਉਤਸ਼ਾਹ ਭਰਨ ਲਈ, ਬੀਰ-ਰਸੀ ਕਾਵਿ ਨੂੰ ਮਾਧਿਅਮ ਬਣਾਇਆ ਗਿਆ। ਮਿਰਾਸੀ, ਢਾਡੀ ਅਤੇ ਭਟਾਂ ਆਦਿ ਨੇ ਇਸ ਕਿਸਮ ਦੇ ਸਾਹਿਤ ਦੀ ਰਚਨਾ ਕਰਨੀ ਸ਼ੁਰੂ ਕੀਤੀ ਇਸੇ ਸਮੇਂ ਹਿੰਦੀ ਸਾਹਿਤ ਵਿਚ ਬੀਰ-ਗਾਥਾ ਕਾਲ ਦੇ ਸਾਹਿਤ ਦੀਆਂ ਰਚਨਾਵਾਂ ਪਾਈਆਂ ਜਾਂਦੀਆਂ ਹਨ ਜਿਨ੍ਹਾਂ ਦਾ ਨਾਂ ਰਾਸੋ ਜਾਂ ਰਸਕ ਹੈ। ਇਸ *ਰਾਸੋ ਨਾਮੀ ਸਾਹਿਤ ਵਿਚ ਬੀਰ-ਰਸ ਜ਼ਰੂਰ ਸੀ ਪਰ ਇਸ ਦੇ ਨਾਲ-ਨਾਲ ਗੌਣ ਰੂਪ ਵਿਚ ਸ਼ਿੰਗਾਰ ਰਸ ਨੂੰ ਹੀ ਪ੍ਰਧਾਨਤਾ ਹੈ।

* ਰਾਸੋ ਨਾਂ ਨਾਲ ਮਿਲਦੀਆਂ ਰਚਨਾਵਾਂ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਵਿਚ

Namdhari Elibrary NamdhariElibrary@gmail.com

ਨਹੀਂ ਮਿਲਦੀਆਂ, ਉਹ ਪਹਿਲੋਂ ਪਹਿਲ ਅਪਭ੍ਰੰਸ਼ ਵਿਚ ਅਤੇ ਇਸ ਤੋਂ ਮਗਰੋਂ ਹਿੰਦੀ ਅਤੇ ਗੁਜਰਾਤੀ ਵਿਚ ਮਿਲਦੀਆਂ ਹਨ। ਇਹ ਰਚਨਾਵਾਂ ਦੋ ਪ੍ਰਕਾਰ ਦੀਆਂ ਹਨ—ਇਕ ਤੇ ਗੀਤ ਨ੍ਰਿਤਪੂਰਕ ਹਨ ਤੇ ਦੂਜੀ ਛੰਦ ਵੈਵਿਧ ਪੂਰਕ। ਗੀਤ ਨ੍ਰਿਤ-ਪਾਰਕ ਧਾਰਾ ਪਛਮੀ ਰਾਜਸਥਾਨ ਤੇ ਗੁਜਰਾਤ ਵਿਚ ਵਿਸ਼ੇਸ਼ ਰੂਪ ਨਾਲ ਵਿਕਾਸ ਸ਼ੀਲ ਹੋਇਆ ਅਤੇ ਦੂਜੀ ਪ੍ਰਕਾਰ ਦੀਆਂ ਰਚਨਾਵਾਂ ਪੂਰਬੀ ਰਾਜਸਥਾਨ ਤੇ ਬਾਕੀ ਹਿੰਦੀ ਪ੍ਰਦੇਸ਼ ਵਿਚ ਅਧਿਕ ਵਿਕਸਤ ਹੋਈਆਂ।

ਰਾਸ ਸ਼ਬਦ ਦੇ ਸੋਮੇ ਬਾਰੇ ਅਨੇਕ ਖਿਆਲ ਦਿਤੇ ਗਏ ਹਨ—ਰਾਜਸਯ੍ਹ, ਰਹਸਿਯ, ਰਸਾਇਣ ਆਦਿ—ਅਨੇਕ ਸ਼ਬਦਾਂ ਨਾਲ ਰਾਸੋ ਦਾ ਵਿਕਾਸ ਕਿਹਾ ਗਿਆ ਹੈ ਪਰ ਇਸ ਦਾ ਅੰਤਮ ਸਿੱਟਾ ਕਢਿਆ ਗਿਆ ਹੈ ਕਿ 'ਰਾਸੋ' ਨਾਮ ਦਾ ਵਿਕਾਸ 'ਰਾਸ' ਅਤੇ ਰਾਸਕ' ਤੋਂ ਹੋਇਆ ਹੈ। 'ਰਾਸਕ' ਨਾਮੀ ਗ੍ਰੰਥ ਨਾਲ ਸੰਬੰਧ ਰਖਦੇ ਹਨ। ਇਨ੍ਹਾਂ ਗ੍ਰੰਥਾਂ ਵਿਚ ਸ਼ਿੰਗਾਰ ਰਸ ਵੀ ਇਨ੍ਹਾਂ ਵਿਚ ਕਾਫੀ ਮਾਤਰਾ ਵਿਚ ਪਾਇਆ ਜਾਂਦਾ ਹੈ, ਇਨ੍ਹਾਂ ਦੇ ਕੁਝ ਨਾਂ ਇਹ ਹਨ :—

1. ਭੁਜਰਾਸ, 2. ਸੰਦੇਸ ਰਾਸਕ (ਅਬਦੁਲ ਰਹਿਮਾਨ ਮੁਲਤਾਨੀ), 3. ਪ੍ਰਿਥਵੀ ਰਾਜ-ਰਾਸੋ (ਚੰਦ ਬ੍ਰਦਾਈ), 4. ਹਮੀਰ ਰਾਸੋ, 5. ਬੁਧੀ ਰਾਸੋ (ਜਲਹ), 6. ਪ੍ਰਮਾਲ ਰਾਸੋ, 7. ਰਾਉ ਜੇਤ ਸੀਰੋ ਰਾਸੋ, 8. ਵਿਜੈਪਾਲ ਰਾਸੋ, 9. ਰਾਮ ਰਾਸੋ (ਮਾਧਵ ਦਾਸ), 10. ਰਾਣਾ ਰਾਸੋ (ਦਿਆਲ ਕਵਿ), 11. ਰਤਨ ਰਾਸੋ (ਕੁੰਭਕਰਨ), 12. ਕਾਇਮ ਰਾਸੋ (ਨਿਅਮਤ ਖਾਂ ਜਾਨ), 13. ਸਤ੍ਰਸਾਲ ਰਾਸੋ (ਕੀਰਤੀ ਸੁੰਦਰ), 14. ਮਾਕਣ ਰਾਸੋ (ਕੀਰਤੀ ਸੁੰਦਰ) 15. ਜਗਤ ਸਿੰਘ ਰਾਸੋ (ਗਿਰਧਰ ਚਾਰਣ), 16. ਹਮੀਰ ਰਾਸੋ (ਜੋਧ ਰਾਜ), 17. ਖੁਮਾਣ ਰਾਸੋ (ਦਲਪਤੀ ਵਿਜੇ)। ਇਸ ਸਾਹਿਤ ਵਿਚ ਬੀਰ-ਰਸ ਜ਼ਰੂਰ ਪ੍ਰਧਾਨ ਹੈ, ਪਰ 'ਵਾਰ ਸ੍ਰੀ ਭਗਉਤੀ ਜੀ ਕੀ' ਵਿਚ ਜਿਸ ਪਵਿਤਰ ਬੀਰ-ਰਸ ਤੋਂ ਕੰਮ ਲਿਆ ਗਿਆ ਹੈ, ਉਸ ਦਾ ਦਿਗ ਦਰਸ਼ਨ ਇਹਨਾਂ ਰਚਨਾਂਵਾਂ ਵਿਚ ਨਹੀਂ ਹੁੰਦਾ ਕਿਉਂਕਿ ਆਮ ਤੌਰ ਤੇ ਇਹਨਾਂ ਗ੍ਰੰਥਾਂ ਦੇ ਨਾਇਕ ਮਨੁੱਖੀ ਰਾਜੇ ਜਾਂ ਸਰਦਾਰ ਹਨ, ਜਿਨ੍ਹਾਂ ਦੀ ਸੂਰਬੀਰਤਾ ਦਾ ਵਰਣਨ ਹੈ, ਤੇ ਨਾਲ-ਨਾਲ ਉਹਨਾਂ ਦੇ ਦੁਨੀਆਵੀ ਪਿਆਰ ਦਾ ਨਕਸ਼ਾ ਵੀ ਖਿਚਿਆ ਗਿਆ ਹੈ।

Namdhari Elibrary NamdhariElibrary@gmail.com

ਪੰਜਾਬੀ ਸਾਹਿਤ ਵਿਚ ਵਾਰ ਉਹ ਕਾਵਿ ਸ਼ੈਲੀ ਹੈ ਜਿਸ ਰਾਹੀਂ ਯੁੱਧ ਵਰਣਨ ਪਉੜੀਆਂ ਦੀ ਬਣਤਰ ਅਧੀਨ ਦਸੀ ਜਾਂਦੀ ਹੈ। ਪਉੜੀ, ਵਾਰ ਦਾ ਜ਼ਰੂਰੀ ਅੰਗ ਹੈ, ਜੇ ਇਸ ਛੰਦ ਵਿਚ ਯੁੱਧ ਦਾ ਵਰਣਨ ਨਾ ਕੀਤਾ ਜਾਏ ਅਤੇ ਕਿਸੇ ਹੋਰ ਛੰਦ ਵਿਚ ਯੁੱਧ ਨੂੰ ਭਾਵੇਂ ਬੰਨ੍ਹਿਆ ਜਾਵੇ, ਉਹ ਰਚਨਾ ਵਾਰ ਨਹੀਂ ਸਮਝੀ ਜਾਏਗੀ। ਸੋ ਪੰਜਾਬੀ ਸਾਹਿਤ ਵਿਚ ਪਉੜੀ ਛੰਦ ਦਾ ਸਰੀਰ ਹੈ ਅਤੇ ਕਥਾ ਵਸਤੂ ਇਸ ਦੀ ਰੂਹ ਹੈ। ਹਰ ਜੰਗੀ ਰਚਨਾ ਵਾਰ ਨਹੀਂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤੱਥ ਨੂੰ ਇਹਨਾਂ ਸ਼ਬਦਾਂ ਵਿਚ ਸਪਸ਼ਟ ਕੀਤਾ ਹੈ।

"ਦੁਰਗਾ ਪਾਠ ਬਣਾਇਆ ਸਭੇ ਪਉੜੀਆ"

ਜਿਸ ਦਾ ਭਾਵ ਇਹ ਹੈ ਕਿ ਗੁਰੂ ਜੀ ਪਉੜੀ ਬਧ ਰਚਨਾ ਨੂੰ ਵਾਰ ਖਿਆਲ ਕਰਦੇ ਸਨ। ਇਸ ਸਾਰੀ ਬਹਿਸ ਦਾ ਇਹ ਸਿੱਟਾ ਨਿਕਲਿਆ ਕਿ ਵਾਰ ਸਾਹਿਤ ਪਉੜੀ ਛੰਦ ਵਿਚ ਰਚਿਆ ਜਾਂਦਾ ਹੈ ਅਤੇ ਇਹ ਸ਼ੈਲੀ ਕੇਵਲ ਪੰਜਾਬੀ ਵਾਰ ਨਾਲ ਸੰਬੰਧ ਰਖਦੀ ਹੈ ਤੇ ਸਦਾ ਇਸ ਰਚਨਾ ਦਾ ਵਿਸ਼ਾ ਕੋਈ ਯੁੱਧ-ਵਾਰਤਾ ਹੁੰਦੀ ਹੈ।

ਵਾਸਤਵ ਵਿਚ ਪਉੜੀ ਛੰਦ ਹੀ ਜਿਤਨੀ ਤੇਜ਼ੀ ਸਰਲਤਾ, ਬਲਾਗਤ ਅਤੇ ਫਸਾਹਤ ਨਾਲ ਯੁੱਧ-ਕਥਾ ਨੂੰ ਬਿਆਨ ਸਕਦਾ ਹੈ। ਇਸ ਪਉੜੀ ਰਾਹੀਂ, ਰਣ ਭੂਮੀ ਅੰਦਰ ਸੂਰਬੀਰਾਂ ਦੀ ਹੁਕਾਰ, ਬਿਜਲੀ ਵਤ ਚਮਕਦੀਆਂ ਤੇ ਚਲਦੀਆਂ ਤਲਵਾਰਾਂ, ਤੀਰਾਂ ਦੀ ਫੁਰਤੀ, ਕਾੜ-ਕਾੜ ਹਥਿਆਰਾਂ ਦੇ ਫੱਟ, ਨਗਾਰੇ ਤੇ ਦਮਾਮਿਆਂ ਦੀ ਗੜਕੱਜ, ਮੁਨਾਰਿਆਂ ਵਾਂਗ ਡਿਗਦੇ ਸੂਰਮੇ, ਲਤਾਂ ਬਾਹ ਅਤੇ ਸਰੀਰ ਦੇ ਮੱਛੇ, ਤੁਰਿਆਂ ਦਾ ਨਚਾਉਣਾ, ਬੰਦੂਕਾਂ ਦੀ ਤਰੜ-ਤਰੜ, ਇਹ ਸਭ ਨਜ਼ਾਰੇ ਠੀਕ ਰਹੂੰ ਪੇਸ਼ ਕੀਤੇ ਜਾ ਸਕਦੇ ਹਨ। ਪਉੜੀ ਛੰਦ ਦੀ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਇਹ ਬਹੁਤ ਪ੍ਰਕਾਰ ਦਾ ਹੈ। ਛੋਟੀਆਂ ਤੇ ਲੰਮੀਆਂ ਤੁਕਾਂ ਇਸ ਵਿਚ ਘੜੀਆਂ ਜਾ ਸਕਦੀਆਂ ਹਨ। ਪੁਰਾਣੇ ਵਾਰ ਸਾਹਿਤ ਨੂੰ ਦੇਖਿਆਂ ਪਤਾ ਚਲਦਾ ਹੈ ਕਿ 30 ਜਾਂ 35 ਕਿਸਮ ਦੀਆਂ ਪਉੜੀਆਂ ਮਿਲ ਜਾਂਦੀਆਂ ਹਨ। 21 ਮਾਤਰਾ ਤੋਂ ਲੈ ਕੇ 42 ਮਾਤਰਾ ਤਕ ਦੀਆਂ ਪਉੜੀਆਂ ਉਪਲਬਧ ਹਨ।

ਪੰਜਾਬੀ ਵਾਰ ਕਾਵਿ-ਸ਼ੈਲੀ ਵਿਚ ਕਵੀ ਦੇ ਭਾਵ, ਜਜ਼ਬਾਤ, ਵਲਵਲੇ ਅਤੇ ਜੋਸ਼ ਦਗਦਗ ਕਰਦੇ ਨਜ਼ਰੀਂ ਆਉਂਦੇ ਹਨ, ਜਿਨ੍ਹਾਂ ਨੂੰ ਦੇਖਦਿਆਂ ਹੀ ਮੁਰਦਾ

Namdhari Elibrary NamdhariElibrary@gmail.com

ਦਿਲਾਂ ਵਿਚ ਨਵੀਂ ਜਾਨ ਸੰਚਾਰ ਕਰ ਉਠਦੀ ਹੈ। ਪੰਜਾਬੀ ਵਾਰਾਂ ਵਿਚ ਇਕ ਹੋਰ ਰਵਾਇਤ ਪ੍ਰਚਲਤ ਹੈ ਕਿ ਮੁਢ ਵਿਚ ਨਾਰਦ ਅਤੇ ਕਲਾ ਦੇ ਝਗੜੇ ਤੋਂ ਕਿਸੇ ਯੁੱਧ ਦਾ ਮੁਢ ਬਝਦਾ ਹੈ। ਪਉੜੀ-3 ਵਿਚ ਗੁਰੂ ਜੀ ਨੇ ਇਸ ਰਵਾਇਤ ਨੂੰ ਕਾਇਮ ਰਖਿਆ ਹੈ—

ਨਥੀ ਚਲਨ ਸਭੇ ਸਰੀ, ਕਲ ਨਾਰਦ ਡਉਰੂ ਵਾਇਆ ॥

ਪੰਜਾਬੀ ਵਾਰ ਸਾਹਿਤ-ਭੰਡਾਰ—ਪਿਛੇ ਅਸੀਂ ਜੋ ਵਾਰਾਂ ਜਿਨ੍ਹਾਂ ਦੀ ਧੁਨੀਆਂ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਦਾ ਜ਼ਿਕਰ ਕਰ ਚੁਕੇ ਹਾਂ। ਹੁਣ ਅਸੀਂ ਹੋਰ ਵਿਦਵਾਨਾਂ ਦੀ ਖੋਜ ਅਨੁਸਾਰ ਕੁਝ ਹੋਰ ਵਾਰਾਂ ਦੇ ਨਾਂ ਪੇਸ਼ ਕਰ ਰਹੇ ਹਾਂ :—

(1) *ਭਾਈ ਗੁਰਦਾਸ ਦੀਆਂ ਅਧਿਆਤਮਕ ਵਾਰਾਂ। (2) ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਯੁੱਧਾਂ ਦੀਆਂ ਚਾਰ ਵਾਰਾਂ, ਜਿਨ੍ਹਾਂ ਦੇ ਰਚਿਤਾ ਅਬਦੁਲ ਤੇ ਨਥਾ ਢਾਡੀ ਦਸੇ ਜਾਂਦੇ ਹਨ। (3) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੰਗਾਂ ਦੀਆਂ ਚਾਰ ਵਾਰਾਂ, ਜਿਨ੍ਹਾਂ ਨੂੰ ਮੁਸ਼ਕੀ ਤੇ ਛਬੀਲੇ ਢਾਡੀ ਨੇ ਰਚਿਆ ਸੀ। (4) ਵਾਰ ਬਾਬਾ ਰਤਨ ਨਾਥ। (5) ਵਾਰ ਖੁਸਰੋ ਤਬਾ ਤੁਗਲਕ ਕੀ। (6) ਵਾਰ ਪੀਰਾਂ ਕੀ। (7) ਵਾਰ ਗੁਰੂ ਹਰਿ ਗੋਬਿੰਦ ਜੀ ਕੀ (ਸੁਥਰਾ)। (8) ਵਾਰ ਗੁਰੂ ਗੋਬਿੰਦ ਸਿੰਘ ਜੀ। (9) ਵਾਰ ਸ੍ਰੀ ਭਗਉਤੀ ਜੀ ਕੀ (ਗੁਰੂ ਗੋਬਿੰਦ ਸਿੰਘ ਜੀ)। (10) ਵਾਰ ਪੀਰਾਂ ਕੀ। (11) ਸ਼ੇਖ ਪੰਖਰ ਦੀ ਵਾਰ। (12) ਲਵ ਕੁਸ਼ ਦੀ ਵਾਰ (ਜਸੰਧਾਂ ਨੰਦਨ)। (13) ਲਊ ਕੁਸ ਦੀ ਵਾਰ (ਦੇਵੀ ਦਾਸ)। (14) ਕਾਨ ਕੰਸ ਦੀ ਵਾਰ (ਤੇਜ ਭਾਨ)। (15) ਸਰਬ ਲੋਹ ਦੀ ਵਾਰ। (16) ਖਾਲਸੇ ਦੀ ਵਾਰ (ਗੁਰਦਾਸ)। (17) ਬੰਦੇ ਦੀ ਵਾਰ। (18) ਜਟਾਂ ਦੀ ਵਾਰ (ਸਿਧ ਜੋਨ, ਮਰਾਸੀ)। (19) ਬਹਾਦਰ ਸ਼ਾਹ ਦੀ ਵਾਰ। (20) ਨਾਦਰ ਸ਼ਾਹ ਦੀ ਵਾਰ (ਨਜਾਬਤ)। (21) ਹਕੀਕਤ ਰਾਇ ਦੀ ਵਾਰ (ਆਗਰਾ)। (22) ਚੱਠਿਆਂ ਦੀ ਵਾਰ (ਪੀਰ ਮੁਹੰਮਦ)। (23) ਸੋਢੀਆਂ ਦੀ ਵਾਰ (ਰਾਮ ਸਿੰਘ)।

---

* ਉਪਰੋਕਤ ਵਾਰਾਂ ਦੇ ਨਾਂ ਅਸਾਂ, ਪ੍ਰੋ: ਪਿਆਰਾ ਸਿੰਘ ਪਦਮ ਜੀ ਦੀ ਪੁਸਤਕ "ਪੰਜਾਬੀ ਵਾਰਾਂ" ਵਿਚੋਂ ਲਏ ਹਨ।

Namdhari Elibrary NamdhariElibrary@gmail.com

(24) ਅੰਮ੍ਰਿਤਸਰ ਦੀ ਵਾਰ (ਦਰਸ਼ਨ)। (25) ਸ: ਮਹਾਂ ਸਿੰਘ ਦੀ ਵਾਰ (ਹਾਸ਼ਮ)। (26) ਮਹਾਰਾਜਾ ਰਣਜੀਤ ਸਿੰਘ ਦੀ ਵਾਰ। (27) ਬੈਰਾੜਾਂ ਦੀ ਵਾਰ। (28) ਸਿਧੂਆਂ ਦੀ ਵਾਰ। (29) ਭਟੀਆਂ ਦੀ ਵਾਰ। (30) ਸੰਧਾ-ਵਾਲੀਆਂ ਦੀ ਵਾਰ। (31) ਰਾਜਾ ਅਜੀਤ ਸਿੰਘ ਲਾਡੂਏ ਵਾਲੇ ਦੀ ਵਾਰ। (32) ਬਚਿਤਰ ਸਿੰਘ ਦੀ ਵਾਰ। (33) ਰਾਜਾ ਸਿੰਘ ਦੀ ਵਾਰ। (34) ਚਮਕੌਰ ਦੀ ਵਾਰ। (35) ਭੰਗਾਣੀ ਦੀ ਵਾਰ। (36) ਜੈਮਲ ਫਤੇ ਦੀ ਵਾਰ। (37) ਦਾਊਦ ਦੀ ਵਾਰ (ਕਿਰਪਾ ਰਾਮ)। (38) ਮੁਲਤਾਨ ਦੀ ਵਾਰ (ਕਵੀ ਸੋਭਾ)। (39) ਗਦਰ ਦੀ ਵਾਰ।

ਇਸ ਸਮੇਂ ਦੀ ਵਾਰ—ਲਿਖਾਰੀ ਕਵੀ-ਪ੍ਰੋ: ਮੋਹਣ ਸਿੰਘ ਸ਼ਰਫ, ਹਜ਼ਾਰਾ ਸਿੰਘ ਗੁਰਦਾਸ ਪੁਰੀ, ਅਜ਼ਾਦ, ਮਾਨ ਆਦਿ-ਮੌਜੂਦ ਹਨ। ਇਸ ਦਾ ਭਾਵ ਹੈ ਕਿ ਪੁਰਾਣਿਆਂ ਸਮਿਆਂ ਤੋਂ ਹੀ ਵਾਰ ਸਾਹਿਤ ਦਾ ਸਿਲਸਿਲਾ ਚਲਿਆ ਆ ਰਿਹਾ ਹੈ ਤੇ ਅਗੇ ਵੀ ਤੁਰਿਆ ਰਹੇਗਾ ਅਤੇ ਪੰਜਾਬੀ ਸਾਹਿਤ ਦਾ ਇਹ ਅਤੁੱਟ ਭੰਡਾਰ ਹੈ, ਪੰਜਾਬੀ ਇਸ ਉਪਰ ਜਿੰਨਾ ਵੀ ਮਾਣ ਕਰਨ ਉਹ ਥੋੜਾ ਹੈ।

ਉਪਰੋਕਤ ਵਾਰਾਂ ਵਿਚ 'ਵਾਰ ਸ੍ਰੀ ਭਗਉਤੀ ਜੀ ਕੀ' ਸਭ ਤੋਂ ਲੰਮੇਰੀ ਅਤੇ ਆਪਣੇ ਆਪ ਵਿਚ ਪੂਰਣ ਹੈ ਇਸ ਵਿਚ ਜੋ ਵੀ ਬੀਰ-ਰਸੀ ਕਾਵਿ ਦੇ ਗੁਣ ਹੋਣੇ ਚਾਹੀਦ ਨੇ ਉਹ ਸਭ ਮੌਜੂਦ ਹਨ। ਇਹ ਇਕ ਬਿਆਨੀਆ ਕਵਿਤਾ ਹੈ, ਜਿਸ ਰਾਹੀਂ ਮਨੁੱਖਾਂ ਦੀ ਸੁੱਤੀ ਹੋਈ ਅਣਖ ਨੂੰ ਟੁੰਬਿਆ ਗਿਆ ਹੈ। ਯੁੱਧਾਂ ਦਾ ਨਕਸ਼ਾ ਇੰਜ ਪੇਸ਼ ਕੀਤਾ ਗਿਆ ਹੈ ਕਿ ਯੁੱਧ ਦੀ ਤਸਵੀਰ ਅਖਾਂ ਅਗੇ ਫਿਰ ਜਾਂਦੀ ਹੈ। ਇਸ ਨੇ ਆਪਣਾ ਯੋਗ ਸਥਾਨ ਪੰਜਾਬੀ ਸਾਹਿਤ ਵਿਚ ਬਣਾ ਲਿਆ ਹੈ।

ਵਾਰ ਤੋਂ ਇਲਾਵਾ ਪੰਜਾਬੀ ਵਿਚ ਕੁਝ ਜੰਗ ਨਾਮੇ ਵੀ ਲਿਖੇ ਗਏ ਸਨ ਜਿਨ੍ਹਾਂ ਵਿਚ ਬੀਰ-ਰਸ ਹੀ ਪ੍ਰਧਾਨ ਹੈ ਤੇ ਦੂਜੇ ਰਸ ਅੰਗ ਮਾਤਰ ਹੀ ਹਨ, ਪਰ ਇਹ ਪਉੜੀ ਛੰਦ ਵਿਚ ਨਹੀਂ ਲਿਖੇ ਗਏ ਇਸ ਵਾਸਤੇ ਇਨ੍ਹਾਂ ਨੂੰ ਵਾਰਾਂ ਦੇ ਛੋਟੇ ਅਣਖੀਲੇ ਭਰਾ ਕਿਹਾ ਜਾ ਸਕਦਾ ਹੈ, ਜਿਨ੍ਹਾਂ ਦੇ ਕੁਝ ਨਾਂ ਇਹ ਹਨ :—

1. ਜੰਗ ਹਾਮਦ—ਹਾਮਦ ਸ਼ਾਹ
2. ਜੰਗ ਨਾਮਾ ਮੁਕਬਲ

Namdhari Elibrary NamdhariElibrary@gmail.com

3. ਜੰਗ ਨਾਮਾ ਅਮਾਮ ਹਕ–ਗੁਲਾਮ ਮੁਸਤਫਾ
4. ਜੰਗ ਅਹਦ—ਅਹਿਮਦ ਯਾਰ
5. ਜੰਗ ਬਦਰ—ਅਹਿਮਦ ਯਾਰ
6. ਜੰਗ ਨਾਮਾ ਲਾਹੌਰ–ਕਾਨ੍ਹ ਸਿੰਘ
7. ਜੰਗ ਨਾਮਾ ਹਰੀ ਸਿੰਘ (ਰਾਮ ਦਿਆਲ)
8. ਜੰਗ ਨਾਮਾ—ਨਿਹਾਲ ਸਿੰਘ
9. ਜੰਗ ਨਾਮਾ ਦਿਲੀ-ਖਜ਼ਾਨ ਸਿੰਘ
10. ਜੰਗ ਨਾਮਾ ਚਤਰਾਲ–ਗੋਪਾਲ ਸਿੰਘ
11. ਜੰਗ ਨਾਮਾ ਮਲਾ ਕੰਦ–ਗੋਪਾਲ ਸਿੰਘ
12. ਜੰਗ ਨਾਮਾ ਚਤਰਾਲ—ਵਧਾਵਾ ਸਿੰਘ
13. ਜੰਗ ਚਿਤ੍ਰਾਲ—ਕੇਹਰ ਸਿੰਘ
14. ਜੰਗ ਚੀਨ—ਰੂੜ ਸਿੰਘ
15. ਜੰਗ ਮੁਲਖ—ਤੀਰਾਹ—ਲਾਭ ਸਿੰਘ
16. ਜੰਗ ਰੋੜ੍ਹਨ
17. ਜੰਗ ਨਾਮਾ ਕਾਬਲ ਕੰਧਾਰ—ਸ਼ਿਆਮ ਸਿੰਘ
18. ਜੰਗ ਨਾਮਾ ਕਾਬਲ–ਕਰਮ ਸਿੰਘ
19. ਜੰਗ ਨਾਮਾ ਖੈਬਰ—ਅਬਦੁਲ—ਅਬਦੁਲ ਹਮੀਦ
20. ਜੰਗ ਯੌਰਪ—ਹੌਲਦਾਰ ਨੰਦ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਵਾਰ ਸਾਹਿਤ ਦੇ ਗਗਨਾਂ ਵਿਚ ਚੰਦ੍ਰਮਾ ਵਤ ਪ੍ਰਕਾਸ਼ ਮਾਨ ਹੈ ਜਦ ਕਿ ਬਾਕੀ ਸਾਹਿਤ ਤਾਰਿਆ ਵਤ ਇਸ ਚੰਦ੍ਰਮਾ ਰੂਪੀ ਰਚਨਾ ਦੇ ਉਦਾਲੇ ਟਿਮ ਟਿਮਾ ਰਿਹਾ ਹੈ। ਅਜ ਕਲ ਦੇ ਆਲੋਚਕ ਕਈ ਪ੍ਰਕਾਰ ਦੀ ਆਲੋਚਨਾਂ ਕਰਦੇ ਹਨ, ਪਰ ਸਾਡੀ ਉਨ੍ਹਾਂ ਅਗੇ ਬੇਨਤੀ ਹੈ ਕਿ ਜੇ ਚੰਡੀ-3 ਨੂੰ ਧਿਆਨ ਨਾਲ ਪੜ੍ਹਿਆ ਜਾਏ ਤਦ ਪਤਾ ਚਲੇਗਾ ਕਿ ਇਸ ਦਾ ਇਕ-ਇਕ ਸ਼ਬਦ ਇਕ ਅਮੋਲ ਰਤਨ ਹੈ ਜਿਸ ਦੀ ਅਸੀਂ ਕੋਈ ਕੀਮਤ ਨਹੀਂ ਪਾ ਸਕਦੇ। ਇਸ ਦਾ ਇਕ-ਇਕ ਅਲੰਕਾਰ, ਅੰਗੂਠੀ ਵਿਚ ਨਗੀਨੇ ਵਾਂਗ ਜੜਿਆ ਹੈ ਤੇ ਬੀਰ-ਰਸ ਲਈ ਉਹ ਢੁਕਵਾਂ ਤੇ ਫਬਵਾਂ ਹੈ ਅਤੇ ਆਮ ਲੋਕਾਂ ਦੀ ਸੂਝ ਦੀ

Namdhari Elibrary NamdhariElibrary@gmail.com

ਪਕੜ ਵਿਚ ਆ ਸਕਦਾ ਹੈ। ਇਸ ਦੀ ਇਕ-ਇਕ ਤੁਕ ਵਿਚ ਘੁਕਰ, ਲੈ ਛੋਰ ਪਰਵਾਹ ਇੰਜ ਪ੍ਰਤੀਤ ਹੁੰਦੇ ਹਨ ਜਿਵੇਂ ਸੌਣ ਭਾਦੋਂ ਦੀਆਂ ਨਦੀਆਂ ਵਿਚ ਹੜ੍ਹਾਂ ਦਾ ਵੇਗ ਹੁੰਦਾ ਹੈ। ਆਕਾਰ ਭਾਵੇਂ ਹਿੰਦੀ ਪ੍ਰਬੰਧ ਤੇ ਮਹਾਂ ਕਾਵਿ ਗ੍ਰੰਥਾਂ ਦੀ ਨਿਸਬਤ ਬਹੁਤ ਵਡਾ ਨਹੀਂ ਪਰ ਇਸ ਵਿਚ ਗੁਰੂ ਜੀ ਨੇ ਆਪਣੇ ਜਜ਼ਬਿਆਂ ਦੇ ਸਾਗਰ ਨੂੰ ਇਸ ਵਾਰ ਦੀ ਗਾਗਰ ਵਿਚ ਭਰ ਦਿਤਾ ਹੈ।

—o—

Namdhari Elibrary NamdhariElibrary@gmail.com

ਸਹਾਇਕ ਪੁਸਤਕ-ਸੂਚੀ

ਨੰ: ਪੁਸਤਕ ਦਾ ਨਾਂ	ਲੇਖਕ	ਪ੍ਰੈਸ ਅਤੇ ਸੰਨ
1. ਸ੍ਰੀ ਦੁਰਗਾ ਸਪਤ ਸ਼ਤੀ	ਮਾਰਕੰਡਾ ਰਿਸ਼ੀ ਅਨੁਵਾਦਕ ਰਾਮ ਨਾਰਾਇਣ ਦੱਤ 'ਰਾਮ'	ਗੀਤਾ ਪ੍ਰੈਸ (ਗੋਰਖਪੁਰ) ਸੰਨ 1960 ਈ:
2. ਮਹਾਨ ਕੋਸ਼	ਭਾਈ ਕਾਨ੍ਹ ਸਿੰਘ ਨਾਭਾ	ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
3. ਦੀ ਸਿਖ ਰੈਲੇਜਨ	ਮਕਾਲਫ	ਦੀ ਕਲੇਰਡਿੰਨ ਪ੍ਰੈਸ 1960 ਈ:
4. ਸਿਖ ਇਤਿਹਾਸ ਅਨੁਵਾਦ	ਜੋਜ਼ਫ ਡੇਵਡ ਕਨਿੰਘਮ ਅਨੁਵਾਦਕ 'ਗੁਰਮੁਖ'	ਲਾਹੌਰ ਬੁਕ ਸ਼ਾਪ 1951 ਈ: ਲੁਧਿਆਣਾ
5. ਚੰਡੀ ਦੀ ਵਾਰ	ਸੰਪਾਦਕ ਪ੍ਰੋ: ਪਰਮਿੰਦਰ ਸਿੰਘ ਪ੍ਰੋ: ਕਿਰਪਾਲ ਸਿੰਘ ਕਸੇਲ	ਲਾਹੌਰ ਬੁਕ ਸ਼ਾਪ 1951 ਈ: ਲੁਧਿਆਣਾ
6. ਪੰਜਾਬ ਪ੍ਰਾਂਤੀਯ ਹਿੰਦੀ ਸਾਹਿਤ ਕਾ ਇਤਿਹਾਸ	ਪੰਡਤ ਚੰਦ ਕਾਂਤ ਬਾਲੀ	ਨੈਸ਼ਨਲ ਪਬਲਿਸ਼ਿੰਗ ਹਾਊਸ ਜਵਾਹਰ ਨਗਰ ਦਿੱਲੀ
7. ਹਿੰਦੀ ਸਾਹਿਤ ਕੋਸ਼ ਭਾਗ 1, 2	ਸੰਪਾਦਕ ਧੀਰੇਂਦਰ ਵਰਮਾ	ਵਾਰਾਣਸੀ ਗਿਆਨ ਮੰਡਲ ਲਿਮਿਟਿਡ 2020 ਬਿਕ੍ਰਮੀ
8. ਹਿਸਟਰੀ ਆਫ ਦੀ ਪੰਜਾਬ	ਕੇ. ਐਸ. ਨਾਰੰਗ ਡਾ: ਐਚ. ਆਰ. ਗੁਪਤਾ	ਅੱਤਰ ਚੰਦ ਕਪੂਰ ਐਂਡ ਸਨਜ਼ ਤੀਜਾ ਐਡੀਸ਼ਨ
9. ਬਚਿਤਰ ਨਾਟਕ	ਸ੍ਰੀ ਗੁਰੂ ਗੋਬਿੰਦ ਸਿੰਘ	

Namdhari Elibrary NamdhariElibrary@gmail.com

10. ਤੁਲਸੀ ਦਾਸ ਕੀ ਭਾਸ਼ਾ	ਡਾ: ਦੇਵਕੀ ਨੰਦਨ ਸ੍ਰੀ ਵਾਸਤਵ	ਲਖਨਊ ਵਿਸ਼ਵ-ਵਿਦਿਆਲਾ
11. ਅਲੰਕਾਰ ਕੌਮ ਦੀ	ਪੰਡਤ ਪ੍ਰੇਮੇਸਵਰਾ ਨੰਦ ਸ਼ਾਸਤ੍ਰੀ	ਮਿਹਰ ਚੰਦ ਲਕਸ਼ਮੀ ਦਾਸ,
12. ਜਪੁਜੀ	ਸ੍ਰੀ ਗੁਰੂ ਨਾਨਕ	
13. ਆਸਾ ਦੀ ਵਾਰ	ਸ੍ਰੀ ਗੁਰੂ ਨਾਨਕ	
14. ਦੀ ਕਲਚਰਲ ਹੇਰੀਟੇਜ ਆਫ ਇੰਡੀਆ		
15. ਕਾਵਿ ਦੇ ਰੂਪ	ਕੁਲਾਲ ਰਾਇ ਐਮ. ਏ.	ਆਤਮਾ ਰਾਮ ਐਂਡ ਸਨਜ਼, ਦਿੱਲੀ
16. ਪੰਜਾਬੀ ਵਾਰਾਂ	ਸੰਪਾਦਕ ਪਿਆਰਾ ਸਿੰਘ ਪਦਮ	ਲਾਹੌਰ ਬੁਕ ਸ਼ਾਪ, ਲੁਧਿਆਣਾ ਸੰਨ 1951 ਦੀ
17. ਗੁਰੂ ਨਾਨਕ ਦਰਸ਼ਨ	ਡਾ: ਕਾਲਾ ਸਿੰਘ ਬੇਦੀ	1965
18. ਗੁਰਮਤਿ ਅੰਕ	ਸੰਪਾਦਕੀ ਬੋਰਡ	ਪਟਿਆਲਾ 1965
19. ਪੰਜ ਗ੍ਰੰਥੀ	ਸੰਪਾਦਕ ਭਾਈ ਵੀਰ ਸਿੰਘ	
20. ਪ੍ਰਾਚੀਨ ਭਾਰਤ	ਡਾ: ਤ੍ਰਿਪਾਠੀ	
21. ਦਸਮ ਗ੍ਰੰਥ		ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
22. ਦਸ ਗ੍ਰੰਥੀ		

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਡਾ: ਕਾਲਾ ਸਿੰਘ ਬੇਦੀ ਲਿਖਤ

ਗੁਰੂ ਨਾਨਕ ਨਿਰੰਕਾਰੀ (ਹਿੰਦੀ)-(ਪੰਜਾਬੀ)	੬-੦੦
ਆਸਾ ਦੀ ਵਾਰ ਸਟੀਕ	੧-੫੦
ਚੰਡੀ ਦੀ ਵਾਰ ਸਟੀਕ (ਹਿੰਦੀ)	੧-੫੦
ਚੰਡੀ ਦੀ ਵਾਰ ਸਟੀਕ (ਪੰਜਾਬੀ)	੨-੦੦
ਵਾਰਾਂ ਗੁਰੂ ਨਾਨਕ ਸਟੀਕ (ਕਪੜਾ)	੧੧-੦੦
ਫ਼ਰੀਦ ਤੇ ਫ਼ਰੀਦ ਬਾਣੀ (ਕਪੜਾ)	੧੫-੦੦
ਵਾਰ ਸ੍ਰੀ ਭਗਉਤੀ ਜੀ ਕੀ	੮-੫੦
ਵਾਰ ਸ੍ਰੀ ਭਗਉਤੀ ਜੀ ਕੀ (ਕਪੜਾ)	੧੧-੦੦
ਵਾਰਕਾਰ ਗੁਰੂ ਨਾਨਕ	੨੫-੦੦
ਗੁਰੂ ਗੋਬਿੰਦ ਸਿੰਘ (ਹਿੰਦੀ)	੩-੦੦
ਗੁਰੂ ਨਾਨਕ ਕਾਵਿ ਚਿਤ੍ਰਣ	੧੫-੦੦
ਗੁਰੂ ਨਾਨਕ ਕਾਵਿ ਚਿਤ੍ਰਣ (ਕਪੜਾ)	੧੭-੫੦
ਗੁਰੂ ਨਾਨਕ ਕਾਵਿ-ਕਲਾ (ਕਪੜਾ)	੨੫-੦੦
ਭਾਸ਼ਾ ਵਿਗਿਆਨ	੬-੦੦
ਗੁਰੂ ਨਾਨਕ ਸ਼ਬਦ ਰਤਨਕਾਰ	੫-੦੦
ਹਯਾਤੇ ਗੁਰੂ ਨਾਨਕ (ਉਰਦੂ)	੪-੭੫
ਗੁਲਾਮ ਫ਼ਰੀਦ	੨੪-੦੦
ਸ਼ਾਹ ਹੁਸੈਨ ਲਾਹੌਰੀ	੩੦-੦੦

ਮਿਲਨ ਦਾ ਪਤਾ

ਪੰਜਾਬੀ ਬੁਕ ਸਟੋਰ

1194, ਮੇਨ ਬਾਜ਼ਾਰ, ਪਹਾੜ ਗੰਜ,
ਨਵੀਂ ਦਿੱਲੀ-110055

Namdhari Elibrary NamdhariElibrary@gmail.com